ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ

SADE LOK

sadelok.com

20-26 ਦਸੰਬਰ 2023


ਸਾਲ 14ਵਾਂ - ਅੰਕ 52

email : info@sadelok.com

Ph. : 510-706-1300

Fax : 925-373-1300

## ਛੋਟੇ ਸ਼ਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਨੂੰ ਕੋਟਿ-ਕੋਟਿ ਪ੍ਰਣਾਮ



(ਦੇਖੋ ਸਫ਼ਾ 31-35 'ਤੇ)

## ਗੁਰਦੁਆਰਾ ਸਾਹਿਬ ਸੈਨਹੋਜੇ ਵਿਖੇ ਸਲਾਨਾ ਸ਼ਹੀਦੀ ਸਮਾਗਮ ਸਫ਼ਰ-ਏ-ਸ਼ਹਾਦਤ 22-23-24 ਦਸੰਬਰ ਨੂੰ

ਡਾ. ਗੁਰਨਾਮ ਸਿੰਘ ਵਲੋਂ ਸਫਰ-ਏ-ਸ਼ਹਾਦਤ 'ਤੇ ਸਪੈਸ਼ਲ ਡਾਕੂਮੈਂਟਰੀ ਸ਼ਨੀਵਾਰ ਸ਼ਾਮ 730:PM ਤੇ ਦਿਖਾਈ ਜਾਵੇਗੀ



28

## ਕੈਲੀਫੋਰਨੀਆ ਦੇ ਉਘੇ ਸਿੱਖ ਆਗੂਆਂ ਨੂੰ ਮਿਲ ਰਹੀਆਂ ਧਮਕੀਆਂ 'ਤੇ ਭਾਈਚਾਰੇ 'ਚ ਚਿੰਤਾ, ਅਮਰੀਕਾ ਸਰਕਾਰ ਦੇ ਵੱਖ-ਵੱਖ ਵਿਭਾਗਾਂ ਵਲੋਂ ਸਿੱਖ ਆਗੂਆਂ ਨਾਲ ਮੁਲਾਕਾਤ



29

## ਦੇਸ਼ ਵਿਦੇਸ਼ ਦੇ ਵੱਖ-ਵੱਖ ਹਿੱਸਿਆਂ 'ਚ ਹੋ ਰਹੀਆਂ ਸਿੱਖਾਂ ਦੀਆਂ ਮੌਤਾਂ ਦਾ ਮੁੱਦਾ ਭਾਰਤੀ ਪਾਰਲੀਮੈਂਟ 'ਚ ਚੁੱਕਿਆ

ਮੌਜੂਦਾ ਹੁਕਮਰਾਨ ਨਵੇਂ ਕਾਨੂੰਨਾਂ ਰਾਹੀਂ ਮੁਲਕ ਨੂੰ ਤਾਨਾਸ਼ਾਹੀ ਤੇ ਜ਼ਬਰ ਵੱਲ ਧੱਕ ਰਿਹਾ : ਸ੍ਰ. ਸਿਮਰਨਜੀਤ ਸਿੰਘ ਮਾਨ



15

# ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਪੁਰਬ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਜਾਇਆ ਨਗਰ ਕੀਰਤਨ



(ਦੇਖੋ ਸਫ਼ਾ 13 'ਤੇ)

# ਮੋਦੀ ਸਰਕਾਰ ਵਲੋਂ ਲੋਕ ਸਭਾ 'ਚੋਂ ਵਿਰੋਧੀ ਧਿਰ ਦੇ 141 ਮੈਂਬਰ ਮੁਅੱਤਲ

## ਭਾਜਪਾ ਇਸ ਦੇਸ਼ 'ਚ ਲੋਕਤੰਤਰ ਨੂੰ ਖਤਮ ਕਰਨਾ ਚਾਹੁੰਦੀ ਹੈ : ਮਲਿਕਾਰਜੁਨ ਖੜਗੇ

## ਇਹ ਲੋਕ ਤਖਤੀਆਂ ਲਿਆ ਕੇ ਸਦਨ ਦੇ ਮੁਖੀ ਤੇ ਭਾਰਤ ਦੇ ਲੋਕਾਂ ਦੀ ਬੇਇੱਜ਼ਤੀ ਕਰ ਰਹੇ ਹਨ : ਬੀਜੇਪੀ




ਨਵੀਂ ਦਿੱਲੀ : ਲੋਕ ਸਭਾ ਤੇ ਰਾਜ ਸਭਾ 'ਚੋਂ ਬੀਤੇ ਦਿਨ ਵਿਰੋਧੀ ਧਿਰ ਦੇ 78 ਸੰਸਦ ਮੈਂਬਰਾਂ ਨੂੰ ਮੁਅੱਤਲ ਕੀਤੇ ਜਾਣ ਤੋਂ ਇੱਕ ਦਿਨ ਬਾਅਦ ਅੱਜ ਲੋਕ ਸਭਾ ਦੇ 49 ਦੇ ਕਰੀਬ ਹੋਰ ਮੈਂਬਰਾਂ ਨੂੰ ਸੰਸਦ 'ਚੋਂ ਮੁਅੱਤਲ ਕਰ ਦਿੱਤਾ ਗਿਆ ਹੈ ਜਿਸ ਨਾਲ ਸੰਸਦ 'ਚੋਂ ਮੁਅੱਤਲ ਕੀਤੇ ਵਿਰੋਧੀ ਧਿਰ ਦੇ ਮੈਂਬਰਾਂ ਦੀ ਗਿਣਤੀ ਵਧ ਕੇ 141 ਹੋ ਗਈ ਹੈ। ਦੂਜੇ ਪਾਸੇ ਕਾਂਗਰਸ ਨੇ ਦੋਸ਼ ਲਾਇਆ ਕਿ ਉਹ ਆਪਣੇ ਲੋਕ ਵਿਰੋਧੀ ਬਿੱਲਾਂ ਨੂੰ ਬਿਨਾਂ ਚਰਚਾ ਦੇ ਪਾਸ ਕਰਾਉਣ ਲਈ ਸਦਨ 'ਚੋਂ ਵਿਰੋਧੀ ਧਿਰ ਦਾ ਸਫਾਇਆ ਕਰ ਰਹੀ ਹੈ। ਸੰਸਦੀ ਮਾਮਲਿਆਂ ਬਾਰੇ ਮੰਤਰੀ ਪ੍ਰਹਿਲਾਦ ਜੋਸ਼ੀ ਨੇ ਸੰਸਦ ਮੈਂਬਰਾਂ ਨੂੰ ਮੁਅੱਤਲ ਕੀਤੇ ਜਾਣ ਦਾ ਮਤਾ ਪੇਸ਼ ਕਰਦਿਆਂ ਦੋਸ਼ ਲਾਇਆ ਕਿ ਲੰਘੀਆਂ

(ਦੇਖੋ ਸਫ਼ਾ 14 'ਤੇ)

Khalsa Affairs

ਖਾਲਸਾ ਅਫੇਅਰਜ਼ ਚੈਨਲ 'ਤੇ ਇਸ਼ਤਿਹਾਰ ਦੇਣ ਜਾਂ ਲਾਈਵ ਕਵਰੇਜ਼ ਲਈ ਸੰਪਰਕ ਕਰੋ

www.khalsaaffairs.com

510-706-1300

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases

44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

Bhatia & Co, Inc
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara • Pleasanton • Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
Green Card : Employment based/PERM/NIW
Green Card : Family based
Green Card through refugee or asylee
Green Card : Investor & other categories
PERM
Nonimmigrant Visas
Fiancee visas
H1/L1/H4/L2/NAFTA TN/E2/E3
Student Visa
B-1/B-2 Visitor Visas and
Other Categories of nonimmigrant visas
Other Immigrantion Services
Citizenship
e-Verify, 1-9 and
Other Compliance
Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
• ਪੋਲੀਟੀਕਲ ਅਸਾਈਲਮ • ਡਿਪ੍ਰੋਟੇਸ਼ਨ ਡਿਫੈਂਸ
• BIA ਅਪੀਲ • 9 Circuit ਅਪੀਲ
• ਸਿਟੀਜਨਸ਼ਿਪ • ਗਰੀਨਕਾਰਡ
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ
ਸ. ਹਰਮਿੰਦਰ ਸਿੰਘ ਸਮਾਣਾ
ਆਫਿਸ ਮੈਨੇਜਰ 209-481-7750

Law office of Anthony Nwosu
239 West Yosemite Ave Manteca CA 95336 ਸਾਡਾ ਆਫ਼ਿਸ Oakland ਅਤੇ Sacramento ਵਿਚ ਵੀ ਹੈ
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
PH: 209-624-3919
Anthony Nwosu Attorney at Law 510-788-4558

# ਸ.ਫ਼ਰ-ਏ-ਸ਼ਹਾਦਤ

## ਚਾਰ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ

Safar-e-Shahadat

## ਗੁਰਦੁਆਰਾ ਸਾਹਿਬ, ਸੈਨਹੋਜੇ ਕੈਲੀਫੋਰਨੀਆ ਵਿਖੇ

ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਹਿ ਸਿੰਘ ਜੀ ਸੇਵਾ ਸੁਸਾਇਟੀ ਕੈਲੀਫੋਰਨੀਆ ਅਤੇ ਸ੍ਰੀ ਫਤਹਿਗੜ੍ਹ ਸਾਹਿਬ ਇਲਾਕੇ ਦੀਆਂ ਸਮੂਹ ਸੰਗਤਾਂ ਵਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ੍ਰੀ ਗੁਰਦੁਆਰਾ ਸਾਹਿਬ ਸੈਨਹੋਜੇ ਕੈਲੀਫੋਰਨੀਆ ਵਿਖੇ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਹਿ ਸਿੰਘ ਜੀ ਅਤੇ ਮਾਤਾ ਗੁਜਰ ਕੌਰ ਜੀ ਦਾ



# ਸ਼ਹੀਦੀ ਦਿਵਸ

## 22 ਤੋਂ 24 ਦਸੰਬਰ ਤੱਕ ਮਨਾਇਆ ਜਾ ਰਿਹਾ ਹੈ।



**ਅਰੰਭ ਸ੍ਰੀ ਅਖੰਡ ਪਾਠ ਸਾਹਿਬ**

22 ਦਸੰਬਰ 2023 ਦਿਨ ਸ਼ੁੱਕਰਵਾਰ ਸਵੇਰੇ 11.00 ਵਜੇ
24 ਦਸੰਬਰ 2023 ਦਿਨ ਐਤਵਾਰ
ਭੋਗ ਸ੍ਰੀ ਅਖੰਡ ਪਾਠ ਸਾਹਿਬ 10.00 ਵਜੇ ਸਵੇਰੇ
11.00 ਵਜੇ ਸਵੇਰੇ ਤੋਂ 1.00 ਵਜੇ ਦੁਪਹਿਰ ਤੱਕ
ਕੀਰਤਨ, ਕਥਾ, ਢਾਡੀ, ਜਥੇ ਅਤੇ ਬੱਚਿਆਂ ਵਲੋਂ ਕੀਰਤਨ ਹੋਵੇਗਾ।

24 ਦਸੰਬਰ ਨੂੰ
ਗੁਰੂ ਘਰ ਦੀ ਹਦੂਦ ਅੰਦਰ
ਸ਼ਹੀਦਾਂ ਦੀ ਯਾਦ ਵਿਚ
1.00 ਵਜੇ ਨਗਰ ਕੀਰਤਨ ਹੋਵੇਗਾ

**ਡਾ. ਗੁਰਨਾਮ ਸਿੰਘ ਵਲੋਂ 23 ਦਸੰਬਰ ਦਿਨ ਸ਼ਨੀਵਾਰ ਨੂੰ ਸਫ਼ਰ-ਏ-ਸ਼ਹਾਦਤ ਉਪਰ ਸਪੈਸ਼ਲ ਡਾਕੂਮੈਂਟਰੀ ਸ਼ਾਮ 7.30 PM ਤੋਂ 8.30 PM ਤੱਕ ਦਿਖਾਈ ਜਾਵੇਗੀ**

ਸਮੂਹ ਸੰਗਤਾਂ ਨੂੰ ਬੇਨਤੀ ਹੈ ਜੀ ਵੱਧ ਤੋਂ ਵੱਧ ਪਹੁੰਚ ਕੇ ਗੁਰੂ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ

ਬੇਨਤੀ ਕਰਤਾ :

**ਬਾਬਾ ਜ਼ੋਰਾਵਰ ਸਿੰਘ ਬਾਬਾ ਫਤਹਿ ਸਿੰਘ ਸੇਵਾ ਸੁਸਾਇਟੀ ਕੈਲੀਫੋਰਨੀਆ ਅਤੇ ਸਮੂਹ ਸੰਗਤ ਇਲਾਕਾ ਸ੍ਰੀ ਫਤਹਿਗੜ੍ਹ ਸਾਹਿਬ**

ਸੰਪਰਕ ਨੰ. : (408) 891 3515, (408) 466 3133
(408) 648 6774, (209) 456 0387, (650)-771-6671
(209) 968 6118 (408) 206 0095, (408) 903 5713

ਟਰੰਪ ਨੂੰ ਝਟਕਾ

# ਅਮਰੀਕੀ ਅਦਾਲਤ ਨੇ ਰਾਸ਼ਟਰਪਤੀ ਚੋਣ ਲੜਨ ਲਈ ਐਲਾਨਿਆ ਅਯੋਗ



ਵਾਸ਼ਿੰਗਟਨ : ਅਮਰੀਕਾ ਦੇ ਕੋਲੋਰਾਡੋ ਦੀ ਸੁਪਰੀਮ ਕੋਰਟ ਨੇ ਦੇਸ਼ ਦੇ ਸਾਬਕਾ ਰਾਸ਼ਟਰਪਤੀ ਟਰੰਪ ਨੂੰ ਝਟਕਾ ਦਿੱਤਾ ਹੈ। ਕੋਲੋਰਾਡੋ ਨੇ ਟਰੰਪ ਨੂੰ ਮਾਰਚ ਦੇ ਰਾਸ਼ਟਰਪਤੀ ਚੋਣ ਪ੍ਰਾਇਮਰੀ ਬੈਲਟ 'ਤੇ ਚੋਣ ਲੜਨ ਤੋਂ ਅਯੋਗ ਕਰਾਰ ਦੇ ਦਿੱਤਾ ਹੈ। ਦੱਸਣਯੋਗ ਹੈ ਕਿ 2021 'ਚ ਟਰੰਪ ਸਮਰਥਕਾਂ ਨੇ ਵਾਸ਼ਿੰਗਟਨ ਕੈਪੀਟਲ ਦੀ ਇਮਾਰਤ 'ਤੇ ਹਮਲਾ ਕੀਤਾ ਸੀ। ਇਸ ਲਈ ਅਦਾਲਤ ਨੇ ਟਰੰਪ ਨੂੰ ਅਯੋਗ ਠਹਿਰਾਉਂਦੇ ਹੋਏ ਇਹ ਫ਼ੈਸਲਾ ਦਿੱਤਾ। ਸਿਟੀਜ਼ਨਜ਼ ਫਾਰ ਰਿਸਪਾਂਸੀਬਿਲਟੀ ਐਂਡ ਐਥਿਕਸ ਗਰੁੱਪ ਨੇ ਟਰੰਪ ਨੂੰ ਅਯੋਗ ਠਹਿਰਾਉਣ ਲਈ ਪਟੀਸ਼ਨ ਵੀ ਦਾਇਰ ਕੀਤੀ ਹੈ। ਕੋਲੋਰਾਡੋ ਰਾਜ ਦੀ ਇੱਕ ਅਦਾਲਤ ਨੇ ਘੋਸ਼ਣਾ ਕੀਤੀ ਹੈ ਕਿ ਇਹ ਅਸਥਾਈ ਤੌਰ 'ਤੇ ਫ਼ੈਸਲੇ ਨੂੰ ਮੁਅੱਤਲ ਕਰ ਰਹੀ ਹੈ। ਜਿਸ ਨਾਲ ਟਰੰਪ ਨੂੰ ਅਪੀਲ ਕਰਨ ਦੀ ਇਜਾਜ਼ਤ ਦਿੱਤੀ ਜਾ ਰਹੀ ਹੈ। ਅਯੋਗਤਾ ਦਾ ਫ਼ੈਸਲਾ ਸਿਰਫ 5 ਮਾਰਚ ਨੂੰ ਹੋਣ ਵਾਲੀ ਪ੍ਰਾਇਮਰੀ ਬੈਲਟ 'ਤੇ ਲਾਗੂ ਹੋਵੇਗਾ। ਟਰੰਪ ਦੇ ਦਫਤਰ ਨੇ ਕਿਹਾ ਕਿ ਉਹ ਅਯੋਗਤਾ ਦੇ ਫ਼ੈਸਲੇ 'ਤੇ ਅਦਾਲਤ ਵਿੱਚ ਅਪੀਲ ਕਰੇਗਾ ਅਤੇ ਅਦਾਲਤ ਨੇ 4 ਜਨਵਰੀ ਤੱਕ ਅਪੀਲ ਕਰਨ ਦੀ ਮਨਜ਼ੂਰੀ ਦੇ ਦਿੱਤੀ। ਅਮਰੀਕੀ ਸੰਵਿਧਾਨ ਵਿੱਚ ਇੱਕ ਵਿਵਸਥਾ ਹੈ ਕਿ ਦੇਸ਼ ਵਿੱਚ ਦੇਸ਼ ਧ੍ਰੋਹ ਦੀਆਂ ਕਾਰਵਾਈਆਂ ਕਰਨ ਵਾਲੇ ਸੰਵਿਧਾਨਕ ਅਹੁਦੇ 'ਤੇ ਨਹੀਂ ਰਹਿ ਸਕਦੇ ਹਨ।

ਕੋਲੋਰਾਡੋ ਦੀ ਅਦਾਲਤ ਨੇ ਇਸ ਵਿਵਸਥਾ ਦੇ ਆਧਾਰ 'ਤੇ ਟਰੰਪ ਨੂੰ ਅਯੋਗ ਕਰਾਰ ਦਿੱਤਾ ਸੀ। ਟਰੰਪ ਕੋਲੋਰਾਡੋ ਅਦਾਲਤ ਦੇ ਫ਼ੈਸਲੇ ਖ਼ਿਲਾਫ਼ ਅਮਰੀਕੀ ਸੁਪਰੀਮ ਕੋਰਟ 'ਚ ਵੀ ਅਪੀਲ ਕਰਨਗੇ। ਟਰੰਪ ਦੇ ਹੋਣ 'ਤੇ ਹੀ ਵਿਵੇਕ ਰਾਮਾਸਵਾਮੀ ਦੌੜ 'ਚ ਹੋਣਗੇ। ਰਿਪਬਲਿਕਨ ਪਾਰਟੀ ਵੱਲੋਂ ਅਮਰੀਕੀ ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰੀ ਦੀ ਉਮੀਦ ਕਰ ਰਹੇ ਭਾਰਤੀ ਮੂਲ ਦੇ ਵਿਵੇਕ ਰਾਮਾਸਵਾਮੀ ਨੇ ਕਿਹਾ ਕਿ ਉਹ ਤਾਂ ਹੀ ਚੋਣ ਲੜਨਗੇ, ਜੇਕਰ ਸਾਬਕਾ ਰਾਸ਼ਟਰਪਤੀ ਟਰੰਪ ਕੋਲੋਰਾਡੋ ਪ੍ਰਾਇਮਰੀ ਬੈਲਟ ਵਿੱਚ ਹੋਣਗੇ। ਵਿਵੇਕ ਰਾਮਾਸਵਾਮੀ ਭਾਰਤੀ ਮੂਲ ਦੇ ਇੱਕ ਉੱਘੇ ਅਮਰੀਕੀ ਕਾਰੋਬਾਰੀ ਹਨ। ਉਹ ਅਮਰੀਕਾ ਵਿੱਚ ਦਵਾਈਆਂ ਦੇ ਕਾਰੋਬਾਰੀ ਹਨ।

# ਅਮਰੀਕਾ 'ਚ ਹੋਵੇਗੀ ਲੱਖਾਂ ਨੌਕਰੀਆਂ 'ਚ ਕਟੌਤੀ! ਭਾਰਤੀ ਹੋਣਗੇ ਪ੍ਰਭਾਵਿਤ

ਨਿਊਯਾਰਕ : ਅਮਰੀਕਾ ਤੋਂ ਇਕ ਸਨਸਨੀਖੇਜ਼ ਰਿਪੋਰਟ ਸਾਹਮਣੇ ਆਈ ਹੈ। ਇੱਥੇ ਕਾਂਗਰਸ ਦੇ ਬਜਟ ਦਫਤਰ ਨੇ ਭਵਿੱਖਬਾਣੀ ਕੀਤੀ ਹੈ ਕਿ ਅਗਲੇ ਸਾਲ ਅਮਰੀਕਾ ਵਿੱਚ ਬੇਰੁਜ਼ਗਾਰੀ ਦੀ ਦਰ ਵਧੇਗੀ। CBO ਨੇ ਇਸ ਸਬੰਧੀ ਰਿਪੋਰਟ ਜਾਰੀ ਕੀਤੀ। ਸੰਯੁਕਤ ਰਾਜ ਅਮਰੀਕਾ ਵਿੱਚ 2024 ਵਿੱਚ ਕਿੰਨੀ ਪ੍ਰਤੀਸ਼ਤ ਨੌਕਰੀਆਂ ਦੇ ਖ਼ਤਮ ਹੋਣ ਦੀ ਸੰਭਾਵਨਾ ਹੈ। ਕਾਂਗਰਸ ਦੇ ਬਜਟ ਦਫਤਰ (ਸੀ.ਬੀ.ਓ) ਦੁਆਰਾ ਦਸੰਬਰ ਨੂੰ ਜਾਰੀ ਕੀਤੀ ਗਈ ਇੱਕ ਰਿਪੋਰਟ ਅਨੁਸਾਰ ਮੌਜੂਦਾ 3.9 ਪ੍ਰਤੀਸ਼ਤ ਦੀ ਬੇਰੁਜ਼ਗਾਰੀ ਦਰ 2024 ਵਿੱਚ ਵੱਧ ਕੇ 4.4 ਪ੍ਰਤੀਸ਼ਤ ਹੋਣ ਦੀ ਸੰਭਾਵਨਾ ਹੈ। ਇਸਦਾ ਮਤਲਬ ਹੈ ਕਿ ਅਗਲੇ ਸਾਲ ਲੱਖਾਂ ਅਮਰੀਕੀਆਂ ਦੇ ਨੌਕਰੀਆਂ ਗੁਆਉਣ ਦੀ ਸੰਭਾਵਨਾ ਹੈ। ਜਾਪਦਾ ਹੈ ਕਿ ਸੀ.ਬੀ.ਓ ਦੀ ਰਿਪੋਰਟ ਨੇ ਖੁਲਾਸਾ ਕੀਤਾ ਹੈ ਕਿ ਅਗਲੇ ਸਾਲ ਅਮਰੀਕੀ ਅਰਥਚਾਰੇ ਨੂੰ ਨਕਾਰਾਤਮਕ ਨਤੀਜੇ ਭੁਗਤਣੇ ਪੈਣਗੇ। ਇਸ ਤੋਂ ਇਲਾਵਾ ਸੀ.ਬੀ.ਓ ਨੇ ਭਵਿੱਖਬਾਣੀ ਕੀਤੀ ਹੈ ਕਿ ਬਰਾਮਦ ਘਟਣ ਦੀ ਸੰਭਾਵਨਾ ਹੈ, ਨਿਵੇਸ਼ ਵੀ ਘੱਟ ਹੋਵੇਗਾ ਅਤੇ ਪ੍ਰਵਾਸੀ ਭਾਰਤੀਆਂ ਦੁਆਰਾ ਨਿਵੇਸ਼ ਘਟੇਗਾ। ਦੱਸਿਆ ਜਾ ਰਿਹਾ ਹੈ ਕਿ ਇਨ੍ਹਾਂ ਕਾਰਨਾਂ ਕਰਕੇ ਨੌਕਰੀਆਂ ਜਾਣ ਦੀ ਸੰਭਾਵਨਾ ਹੈ। ਦੱਸਿਆ ਜਾ ਰਿਹਾ ਹੈ ਕਿ ਅਮਰੀਕਾ ਵਿੱਚ ਹੁਣ ਤੱਕ ਲਗਭਗ 18.70 ਲੱਖ ਲੋਕ ਬੇਰੁਜ਼ਗਾਰੀ ਲਾਭ ਪ੍ਰਾਪਤ ਕਰ ਰਹੇ ਹਨ ਅਤੇ ਆਉਣ ਵਾਲੇ ਦਿਨਾਂ ਵਿੱਚ 2.02 ਲੱਖ ਹੋਰ ਲੋਕ ਅਜਿਹੇ ਲਾਭਾਂ ਲਈ ਅਰਜ਼ੀ ਦੇਣ ਦੀ ਸੰਭਾਵਨਾ ਹੈ। ਅਮਰੀਕੀ ਕਾਂਗਰਸ ਦੇ ਬਜਟ ਦਫਤਰ ਨੇ ਭਵਿੱਖਬਾਣੀ ਕੀਤੀ ਹੈ ਕਿ 2024 ਵਿੱਚ ਅਮਰੀਕਾ ਵਿੱਚ ਮਹਿੰਗਾਈ ਦਰ ਘਟ ਕੇ ਲਗਭਗ 2.1 ਪ੍ਰਤੀਸ਼ਤ ਰਹਿ ਜਾਵੇਗੀ। ਫੇਡ ਦਾ ਟੀਚਾ ਵੀ 2 ਫੀਸਦੀ ਦੇ ਨੇੜੇ ਜਾਪਦਾ ਹੈ। ਕੁਝ ਆਰਥਿਕ ਮਾਹਿਰਾਂ ਦਾ ਕਹਿਣਾ ਹੈ ਕਿ ਜੇਕਰ ਉਮੀਦ ਮੁਤਾਬਕ 2024 'ਚ ਅਮਰੀਕਾ 'ਚ ਆਰਥਿਕ ਮੰਦੀ ਆਉਂਦੀ ਹੈ ਤਾਂ ਅਰਥਵਿਵਸਥਾ ਦੇ ਬੁਰੀ ਤਰ੍ਹਾਂ ਪ੍ਰਭਾਵਿਤ ਹੋਣ ਦੀ ਕੋਈ ਸੰਭਾਵਨਾ ਨਹੀਂ ਹੈ। ਆਉਣ ਵਾਲੇ ਦਿਨਾਂ ਵਿੱਚ ਸੱਚ ਸਾਹਮਣੇ ਆ ਜਾਵੇਗਾ।






# ਸਿਨਸਿਨੈਟੀ ਵਿਖੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ’ਤੇ ਤੰਤੀ ਸਾਜ਼ਾਂ ਨਾਲ ਸਜਾਏ ਗਏ ਕੀਰਤਨ ਦਰਬਾਰ, ਕੱਢਿਆ ਗਿਆ ਨਗਰ ਕੀਰਤਨ





ਸੈਕਰਾਮੈਂਟੋ ( ਹੁਸਨ ਲੜੋਆ ਬੰਗਾ) ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ 554ਵਾਂ ਪ੍ਰਕਾਸ਼ ਪੁਰਬ ਅਮਰੀਕਾ ਦੇ ਸੂਬੇ ਓਹਾਇਓ ਦੇ ਸ਼ਹਿਰ ਸਿਨਸਿਨੈਟੀ ਵਿਖੇ ਗੁਰਦੁਆਰਾ ਗੁਰੂ ਨਾਨਕ ਸੋਸਾਇਟੀ ਆਫ ਗ੍ਰੇਟਰ ਸਿਨਸਿਨੈਟੀ ਦੀ ਸਮੂਹ ਸਾਧ ਸੰਗਤ ਵਲੋਂ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਗੁਰਪੁਰਬ ਦੇ ਸੰਬੰਧ ਵਿੱਚ ਤਿੰਨ ਦਿਨਾਂ ਵਿਸ਼ੇਸ਼ ਕੀਰਤਨ ਦਰਬਾਰ ਸਜਾਏ ਗਏ ਜਿਸ ਵਿੱਚ ਕੈਲੀਫੋਰਨੀਆਂ ਤੋਂ ਆਏ ਭਾਈ ਮਨਬੀਰ ਸਿੰਘ, ਭਾਈ ਗੁਰਵਿੰਦਰ ਸਿੰਘ ਅਤੇ ਭਾਈ ਗੁਰਚਰਨ ਸਿੰਘ ਜੀ ਦੇ ਜੱਥੇ ਨੇ ਗੁਰੂ ਸਾਹਿਬ ਦੇ ਵੇਲੇ ਦੇ ਤੰਤੀ ਸਾਜ਼ ਰਬਾਬ ਅਤੇ ਦਿਲਰੁਬਾ ਨਾਲ ਸ਼ਬਦ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਅਖੀਰਲੇ ਦਿਨ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸੰਗਤਾਂ ਰੱਸ ਭਿੰਨੇ ਕੀਰਤਨ ਵਿੱਚ ਇੰਨੀਆਂ ਲੀਨ ਹੋ ਗਈਆਂ ਕਿ ਭਾਈ ਮਨਬੀਰ ਸਿੰਘ ਜੀ ਇਹਨਾਂ ਸਾਜ਼ਾਂ ਨਾਲ 2 ਘੰਟੇ ਤੋਂ ਵੀ ਵੱਧ ਸਮੇਂ ਲਈ ਕੀਰਤਨ ਕਰਦੇ ਰਹੇ। ਇਹਨਾਂ ਸਮਾਗਮਾਂ ਦੌਰਾਨ ਇਹਨਾਂ ਸਾਜ਼ਾਂ ਦੀ ਸੰਗਤ, ਖਾਸਕਰ ਬੱਚਿਆਂ ਨੂੰ ਸਿੱਖਿਆ ਦੇਣ ਲਈ ਵਰਕਸ਼ਾਪ ਦਾ ਵੀ ਪ੍ਰਬੰਧ ਕੀਤਾ ਗਿਆ। ਇਸ ਵਿੱਚ ਜੱਥੇ ਨੇ ਇਹਨਾਂ ਸਾਜ਼ਾਂ ਦੀ ਮਹੱਤਤਾ, ਇਹਨਾਂ ਨੂੰ ਕਿਵੇਂ ਵਜਾਉਣਾ ਹੈ ਬਾਰੇ ਜਾਣਕਾਰੀ ਦਿੱਤੀ। ਸਮਾਗਮਾਂ ਦੇ ਦੂਜੇ ਦਿਨ ਨਿਸ਼ਾਨ ਸਾਹਿਬ ਦੀ ਸੇਵਾ ਉਪਰੰਤ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਅਤੇ ਪੰਜ ਪਿਆਰਿਆ ਦੀ ਅਗਵਾਈ ਹੇਠ ਨਗਰ ਕੀਰਤਨ ਵੀ ਸਜਾਏ ਗਏ। ਨਗਰ ਕੀਰਤਨ ਗੁਰਦੁਆਰਾ ਸਾਹਿਬ ਦੇ ਨਾਲ ਲਗਦੀਆਂ ਕਈ ਰਿਹਾਸ਼ੀ ਅਬਾਦੀਆਂ ਵਿੱਚੋਂ ਦੀ ਲੰਘਿਆ। ਰਸਤੇ ਵਿੱਚ ਇਹਨਾਂ ਅਬਾਦੀਆਂ ਵਿੱਚ ਰਹਿੰਦੀਆਂ ਸਿੱਖ ਸੰਗਤਾਂ ਵਲੋਂ ਗਰਮ ਦੁੱਧ, ਪਾਣੀ, ਫਲਾਂ ਆਦਿ ਦੇ ਲੰਗਰ ਵੀ ਸੰਗਤਾਂ ਨੂੰ ਵਰਤਾਏ ਗਏ। ਅਮਰੀਕਨਾਂ ਨੇ ਵੀ ਆਪਣੇ ਘਰਾਂ ਦੇ ਬਾਹਰ ਆ ਕੇ ਸਿੱਖ ਸੰਗਤ ਨੂੰ ਗੁਰਪੁਰਬ ਦੀ ਵਧਾਈ ਦਿੱਤੀ। ਇਸ ਨਾਲ ਉਹਨਾਂ ਨੂੰ ਵੀ ਸਿੱਖਾਂ ਬਾਰੇ ਜਾਣਕਾਰੀ ਮਿਲੀ। ਸਰਦੀ ਹੋਣ ਦੇ ਬਾਵਜੂਦ ਵੱਡੀ ਗਿਣਤੀ ਵਿੱਚ ਸਿਨਸਿਨੈਟੀ ਦੇ ਨਾਲ ਲੱਗਦੇ ਸ਼ਹਿਰ ਡੇਟਨ, ਅਤੇ ਕੈਨਟੱਕੀ ਸੂਬੇ ਤੋਂ ਵੀ ਸੰਗਤਾਂ ਇਸ ਵਿੱਚ ਸ਼ਾਮਲ ਹੋਈਆਂ। ਇਸ ਦੌਰਾਨ ਤਿੰਨੋ ਦਿਨ ਗੁਰੂ ਕਾ ਲੰਗਰ ਵੀ ਅਤੁੱਟ ਵਰਤਾਇਆ ਗਿਆ।

## ਅਮਰੀਕਾ ਵਿਚ ਮਾਂ ਵੱਲੋਂ ਫਲਸਤੀਨ ਪੱਖੀ ਪੋਸਟ ਪਾਉਣ ’ਤੇ ਉਸ ਦੇ ਪੁੱਤਰ ਨੂੰ ਸਕੂਲੋਂ ਕੱਢਿਆ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੇ ਇਕ ਹਾਈ ਸਕੂਲ ਵੱਲੋਂ ਮਾਂ ਵੱਲੋਂ ਸੋਸ਼ਲ ਮੀਡੀਆ ਉਪਰ ਫਲਸਤੀਨ ਪੱਖੀ ਪੋਸਟ ਪਾਉਣ ’ਤੇ ਉਸ ਦੇ ਪੁੱਤਰ ਫਲਸਤੀਨੀ ਅਮਰੀਕੀ ਵਿਦਿਆਰਥੀ ਨੂੰ ਪਿਛਲੇ ਮਹੀਨੇ ਸਕੂਲ ਵਿਚੋਂ ਕਢ ਦੇਣ ਦੇ ਮਾਮਲੇ ਵਿਚ ਕੌਂਸਲ ਆਫ ਅਮੈਰੀਕਨ-ਇਸਲਾਮਿਕ ਰਿਲੇਸ਼ਨਜ ਨੇ ਯੂ ਐਸ ਸਿੱਖਿਆ ਵਿਭਾਗ ਨੂੰ ਬੇਨਤੀ ਕੀਤੀ ਹੈ ਕਿ ਉਹ ਇਸ ਮਾਮਲੇ ਵਿਚ ਦਖਲ ਦੇਵੇ ਤੇ ਮਾਮਲੇ ਦੀ ਜਾਂਚ ਕਰਵਾਈ ਜਾਵੇ। ਵਿਦਿਆਰਥੀ ਦੀ ਮਾਂ ਡਾ ਮਾਹਾ ਅਲਮਾਸਰੀ ਨੇ ਪਾਈ ਪੋਸਟ ਵਿਚ ਲਿਖਿਆ ਸੀ ਕਿ ਗਾਜ਼ਾ ਵਿਚ ਇਸਰਾਈਲ ਆਮ ਫਲਸਤੀਨੀਆਂ ਤੇ ਬੱਚਿਆਂ ਦਾ ਘਾਣ ਕਰ ਰਿਹਾ ਹੈ। ਇਸ ਉਪਰੰਤ ਪਾਈਨ ਕਰੈਸਟ ਸਕੂਲ ਫੋਰਟ ਲਾਊਡਰਡੇਲ, ਫਲੋਰਿਡਾ ਨੇ ਉਸ ਦੇ 15 ਸਾਲਾ ਪੁੱਤਰ ਜਬ ਅਬੂਹਮਦਾ ਨੂੰ ਸਕੂਲ ਵਿਚੋਂ ਕੱਢ ਦਿੱਤਾ ਸੀ। ਡਾ ਮਾਹਾ ਅਲਮਾਸਰੀ ਨੂੰ ਵੀ ਨੌਕਰੀ ਤੋਂ ਜਵਾਬ ਦੇ ਦਿੱਤਾ ਸੀ ਜੋ ਇਸੇ ਸਕੂਲ ਵਿਚ ਗਣਿਤ ਦੀ ਅਧਿਆਪਕਾ ਸੀ। ਇਸ ਨਿੱਜੀ ਸਕੂਲ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਅਲਮਾਸਰੀ ਦੀ ਪੋਸਟ ਨਫਰਤ ਭਰੀ ਤੇ ਭੜਕਾਹਟ ਪੈਦਾ ਕਰਨ ਵਾਲੀ ਹੈ ਜਿਸ ਤੋਂ ਡਾ ਅਲਮਾਸਰੀ ਨੇ ਇਨਕਾਰ ਕੀਤਾ ਹੈ। ਬੀਤੇ ਦਿਨ ਜਬ ਅਬੂਹਮਦਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਪਣੇ ਆਪ ਨੂੰ ਨਿਰਦੋਸ਼ ਦੱਸਿਆ।




ਜਬ ਅਬੂਹਮਦਾ ਪੱਤਰਕਾਰਾਂ ਨਾਲ ਗੱਲਬਾਤ ਕਰਦਾ ਹੋਇਆ

## ਕੈਲੀਫੋਰਨੀਆ ਦੇ ਲਾਅ ਕਲਰਕ ਨੇ ਸਭ ਤੋਂ ਛੋਟੀ ਉਮਰ ’ਚ ਮੁਸ਼ਕਿਲ ਬਾਰ ਇਮਤਿਹਾਨ ਪਾਸ ਕਰਕੇ ਰਚਿਆ ਇਤਿਹਾਸ

### ਵਕੀਲ ਵਜੋਂ ਚੁੱਕੀ ਸਹੁੰ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੇ ਕੈਲੀਫੋਰਨੀਆ ਰਾਜ ਦੇ ਇਕ 17 ਸਾਲਾ ਲਾਅ ਕਲਰਕ ਨੇ ਰਾਜ ਦਾ ਬਹੁਤ ਹੀ ਮੁਸ਼ਕਿਲ ਬਾਰ ਇਮਤਿਹਾਨ ਪਾਸ ਕਰਕੇ ਇਤਿਹਾਸ ਰਚ ਦਿੱਤਾ ਹੈ। ਉਹ ਇਸ ਸਾਲ ਅਗਸਤ ਵਿਚ ਟੂਲੇਰ ਕਾਊਂਟੀ ਡਿਸਟ੍ਰਿਕਟ ਅਟਾਰਨੀ ਨਾਲ ਲਾਅ ਕਲਰਕ ਬਣਿਆ ਸੀ। ਬੀਤੇ ਦਿਨ ਪੀਟਰ ਪਾਰਕ ਨੂੰ ਵਕੀਲ ਵਜੋਂ ਸੇਵਾਵਾਂ ਨਿਭਾਉਣ ਦੀ ਸਹੁੰ ਚੁਕਾਈ ਗਈ ਜਿਸ ਨੇ ਪਹਿਲੀ ਕੋਸ਼ਿਸ਼ ਵਿਚ ਹੀ ਬਾਰ ਇਮਤਿਹਾਨ ਪਾਸ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਉਸ ਨੇ 13 ਸਾਲ ਦੀ ਉਮਰ ਵਿਚ ਆਪਣਾ ਲੀਗਲ ਕਰੀਅਰ ਸ਼ੁਰੂ ਕੀਤਾ ਸੀ। ਪਾਰਕ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਮੈਂ ਨੈਤਿਕ ਜਿੰਮੇਵਾਰੀਆਂ ਨਿਭਾਉਣ ਲਈ ਵਕੀਲ ਬਣਨਾ ਚਹੁੰਦਾ ਸੀ ਤਾਂ ਜੋ ਸਮਾਜ ਵਿਚ ਆਜ਼ਾਦੀ, ਬਰਾਬਰਤਾ ਤੇ ਨਿਆਂ ਨੂੰ ਕਾਇਮ ਰਖ ਸਕਾਂ।





ਪੀਟਰ ਪਾਰਕ ਵਕੀਲ ਵਜੋਂ ਸਹੁੰ ਚੁੱਕਦਾ ਹੋਇਆ

## ਗੈਰ ਕਾਨੂੰਨੀ ਢੰਗ ਨਾਲ ਪ੍ਰਵਾਸੀਆਂ ਦੀ ਆਮਦ ਰੋਕਣ ਲਈ ਅਮਰੀਕਾ ਨੇ ਚੁੱਕਿਆ ਸਖ਼ਤ ਕਦਮ

ਵਾਸ਼ਿੰਗਟਨ : ਹਜ਼ਾਰਾਂ ਪ੍ਰਵਾਸੀਆਂ ਦੇ ਪਹਿਲਾਂ ਹੀ ਅਮਰੀਕਾ ਵਿੱਚ ਦਾਖਲ ਹੋਣ ਤੋਂ ਬਾਅਦ ਹੁਣ ਸ਼ਰਣ ਮੰਗਣ ਵਾਲੇ ਇੱਕ ਰੇਲਗੱਡੀ ਵਿੱਚ ਸਵਾਰ ਹੋ ਕੇ ਅਮਰੀਕਾ ਜਾ ਰਹੇ ਹਨ। ਇਸ ਨੂੰ ਦੇਖਦੇ ਹੋਏ ਯੂ.ਐਸ.ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ (ਸੀ.ਬੀ.ਪੀ) ਨੇ ਮੈਕਸੀਕੋ ਰਾਹੀਂ ਪ੍ਰਵਾਸੀਆਂ ਨੂੰ ਅਮਰੀਕਾ ਦੀ ਸਰਹੱਦ ਤੱਕ ਲਿਜਾਣ ਲਈ ਮਾਲ ਗੱਡੀਆਂ ਦੀ ਵਰਤੋਂ ਕਰਨ ਵਾਲੇ ਤਸਕਰੀ ਸੰਗਠਨਾਂ ਦੇ ਤਾਜ਼ਾ ਸ਼ਿਕੰਜਾ ਕੱਸਦੇ ਹੋਏ ਦੱਖਣੀ ਸਰਹੱਦ ਨਾਲ ਟੈਕਸਾਸ ਦੇ ਦੋ ਸ਼ਹਿਰਾਂ ਵਿੱਚ ਅੰਤਰਰਾਸ਼ਟਰੀ ਰੇਲਵੇ ਕਰਾਸਿੰਗ ਪੁਲਾਂ ’ਤੇ ਆਵਾਜਾਈ ਮੁਅੱਤਲ ਕਰ ਦਿੱਤੀ ਹੈ।

ਸੀ.ਬੀ.ਪੀ ਦੇ ਅਧਿਕਾਰੀਆਂ ਨੇ ਕਿਹਾ ਕਿ ਬੀਤੇ ਦਿਨ 18 ਦਸੰਬਰ ਨੂੰ ਸਵੇਰੇ 8:00 ਵਜੇ ਤੋਂ ਸ਼ੁਰੂ ਹੋ ਕੇ ਏਜੰਸੀ ਦਾ ਫੀਲਡ ਓਪਰੇਸ਼ਨ ਦਾ ਦਫ਼ਤਰ ਈਗਲ ਪਾਸ ਅਤੇ ਐਲਪਾਸੋ, ਟੈਕਸਾਸ ਵਿੱਚ ਅੰਤਰਰਾਸ਼ਟਰੀ ਰੇਲਵੇ ਕਰਾਸਿੰਗ ਪੁਲਾਂ ’ਤੇ ਕੰਮਕਾਜ ਨੂੰ ਮੁਅੱਤਲ ਕਰ ਦਿੱਤਾ ਹੈ। ਤਾਂ ਜੋ ਕਰਮਚਾਰੀਆਂ ਨੂੰ ਅਮਰੀਕਾ ਦੀ ਸਹਾਇਤਾ ਲਈ ਰੀਡਾਇਰੈਕਟ ਕੀਤਾ ਜਾ ਸਕੇ। ਗੈਰਕਾਨੂੰਨੀ ਪ੍ਰਵਾਸੀਆਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ ਅਤੇ ਗਸ਼ਤ ਵਿੱਚ ਹੋਰ ਤੇਜ਼ੀ ਲਿਆਂਦੀ ਗਈ ਹੈ। ਇਹ ਕਦਮ ਸੀ.ਬੀ.ਪੀ ਨੇ ਦੱਖਣ-ਪੱਛਮੀ ਸਰਹੱਦ ’ਤੇ ਪ੍ਰਵਾਸੀਆਂ ਦੇ ਅਮਰੀਕਾ ਵਿੱਚ ਨਾਜਾਇਜ਼ ਢੰਗ ਨਾਲ ਦਾਖਲੇ ਦੇ ਵਧੇ ਮੁਕਾਬਲਿਆਂ ਦੇ ਪੱਧਰ ਦੇ ਜਵਾਬ ਵਿੱਚ ਕੀਤਾ ਗਿਆ ਹੈ। ਜੋ ਕਿ ਤਸਕਰਾਂ ਦੁਆਰਾ ਕਮਜ਼ੋਰ ਵਿਅਕਤੀਆਂ ਦਾ ਸ਼ਿਕਾਰ ਕਰਨ ਲਈ ਗ਼ਲਤ ਜਾਣਕਾਰੀ ਫੈਲਾ ਰਹੇ ਹਨ।’ ਮੈਕਸੀਕੋ ਵਿੱਚ ਮਾਲ ਗੱਡੀਆਂ ਰਾਹੀਂ ਪ੍ਰਵਾਸੀਆਂ ਨੂੰ ਲਿਜਾਣ ਵਾਲੇ ਤਸਕਰੀ ਸੰਗਠਨਾਂ ਦੇ ਇੱਕ ਤਾਜ਼ਾ ਪੁਨਰ-ਉਭਾਰ ਨੂੰ ਦੇਖਣ ਤੋਂ ਬਾਅਦ ਸੀ.ਬੀ.ਪੀ ਕਰਮਚਾਰੀਆਂ ਵਿੱਚ ਹੋਰ ਵਾਧਾ ਕਰਨ ਅਤੇ ਮੈਕਸੀਕਨ ਅਥਾਰਟੀਆਂ ਦੇ ਨਾਲ ਸਾਂਝੇਦਾਰੀ ਸਮੇਤ ਵਿਕਾਸ ਦੇ ਸਬੰਧ ਵਿੱਚ ਇਸ ਨੂੰ ਹੱਲ ਕਰਨ ਲਈ ਕਾਰਵਾਈ ਕੀਤੀ ਗਈ ਹੈ।ਇਸ ਕਦਮ ਤੋਂ ਪਹਿਲਾਂ ਕੁਝ ਦਿਨ ਬਾਅਦ ਦੇਖਣ ਵਿੱਚ ਆਇਆ ਹੈ ਜਦੋਂ ਹਜ਼ਾਰਾਂ ਪ੍ਰਵਾਸੀਆਂ ਨੂੰ ਵੀਡੀਓ ’ਤੇ ਦੇਖਿਆ ਗਿਆ ਸੀ, ਜੋ ਕਿ ਰੇਲਮਾਰਗ ਦੀਆਂ ਪਟੜੀਆਂ ਦੇ ਨਾਲ ਲਾਈਨ ਵਿਚ ਖੜ੍ਹੇ ਸਨ ਕਿਉਂਕਿ ਇਕ ਮਾਲ ਰੇਲਗੱਡੀ ਈਗਲ ਪਾਸ, ਟੈਕਸਾਸ ਦੇ ਦੱਖਣ ਵਿਚ ਲਗਭਗ ਤਿੰਨ ਘੰਟੇ ਲਗਾਉਂਦੀ ਹੈ। ਬਾਰਡਰ ਗਸ਼ਤ ਹੁਣ ਤੇਜ਼ ਹੋ ਗਈ ਹੈ। ਕਿਉਂਕਿ ਉਹ ਬੇਮਿਸਾਲ ਗਿਣਤੀ ਵਿੱਚ ਪ੍ਰਵਾਸੀਆਂ ਨਾਲ ਨਜਿੱਠਦੇ ਹਨ, ਜੋ ਕਿ ਪਿਛਲੇ ਹਫਤੇ ਇੱਕ ਦਿਨ ਵਿੱਚ 10,000 ਤੋਂ ਉੱਪਰ ਦੀ ਗਿਣਤੀ ਸੀ।



## ਅਮਰੀਕਾ ਗਏ ਸਹਿਜੋ ਮਾਜਰਾ ਦੇ ਕੇਹਰ ਸਿੰਘ ਦੀ ਅਚਾਨਕ ਮੌਤ

ਮਾਛੀਵਾੜਾ ਸਾਹਿਬ : ਮਾਛੀਵਾੜਾ ਦੇ ਨੇੜਲੇ ਪਿੰਡ ਸਹਿਜੋ ਮਾਜਰਾ ਦੇ ਨਿਵਾਸੀ ਕੇਹਰ ਸਿੰਘ (43) ਦੀ ਅਮਰੀਕਾ ਵਿਚ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਕੇਹਰ ਸਿੰਘ ਕਰੀਬ 6 ਸਾਲ ਪਹਿਲਾਂ ਕਰਜ਼ਾ ਚੁੱਕ ਕੇ ਅਮਰੀਕਾ ਵਿਖੇ ਆਪਣੇ ਅਤੇ ਪਰਿਵਾਰ ਦੇ ਭਵਿੱਖ ਲਈ ਵਿਦੇਸ਼ ਗਿਆ ਸੀ ਪਰ ਉੱਥੇ ਸ਼ਨੀਵਾਰ ਦੀ ਰਾਤ ਨੂੰ ਉਸ ਦੀ ਘਰ ਵਿਚ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਪ੍ਰਾਪਤ ਜਾਣਕਾਰੀ ਅਨੁਸਾਰ ਕੇਹਰ ਸਿੰਘ ਅਮਰੀਕਾ ਦੇ ਕੈਲੀਫੋਰਨੀਆ, ਸਾਊਥ ਲੇਕ ਤਾਹੋਏ ਵਿਖੇ ਰਹਿੰਦਾ ਸੀ ਅਤੇ ਉੱਥੇ ਇਕ ਰੈਸਟੋਰੈਂਟ ਵਿਚ ਨੌਕਰੀ ਕਰਦਾ ਸੀ।



ਬੀਤੇ ਸ਼ਨੀਵਾਰ ਜਦੋਂ ਉਹ ਕੰਮ ’ਤੇ ਨਾ ਆਇਆ ਤਾਂ ਉਸਦੇ ਸਾਥੀਆਂ ਨੇ ਘਰ ਆ ਕੇ ਦੇਖਿਆ ਤਾਂ ਉਹ ਮ੍ਰਿਤਕ ਹਾਲਤ ਵਿਚ ਪਿਆ ਸੀ ਅਤੇ ਮੁੱਢਲੀ ਜਾਂਚ ਦੌਰਾਨ ਸਾਹਮਣੇ ਆਇਆ ਕਿ ਉਸਦੀ ਮੌਤ ਦਿਲ ਦਾ ਦੌਰਾ ਪੈਣ ਕਾਰਨ ਹੋਈ। ਮ੍ਰਿਤਕ ਕੇਹਰ ਸਿੰਘ ਦੀ ਪਤਨੀ ਤੇ ਉਸਦੇ 2 ਛੋਟੇ-ਛੋਟੇ ਬੱਚੇ ਪਿੰਡ ਸਹਿਜੋ ਮਾਜਰਾ ਵਿਖੇ ਹੀ ਰਹਿੰਦੇ ਹਨ ਅਤੇ ਉਸਦਾ ਪਿਤਾ ਸੁੱਚਾ ਸਿੰਘ ਇਕ ਕਿਸਾਨ ਹੈ। ਉਸਦੀ ਮੌਤ ਦੀ ਖ਼ਬਰ ਜਿਉਂ ਹੀ ਪਰਿਵਾਰਕ ਮੈਂਬਰਾਂ ਨੂੰ ਪਤਾ ਲੱਗੀ ਤਾਂ ਉਨ੍ਹਾਂ ਉੱਪਰ ਦੁੱਖਾਂ ਦਾ ਪਹਾੜ ਟੁੱਟ ਗਿਆ ਅਤੇ ਪਿੰਡ ਵਿਚ ਸੋਗ ਦੀ ਲਹਿਰ ਛਾ ਗਈ। ਅਮਰੀਕਾ ਵਿਖੇ ਮ੍ਰਿਤਕ ਕੇਹਰ ਸਿੰਘ ਦੇ ਦੋਸਤਾਂ ਵਲੋਂ ਉਸਦੀ ਲਾਸ਼ ਪਿੰਡ ਪਹੁੰਚਾਉਣ ਲਈ ਯਤਨ ਕੀਤੇ ਜਾ ਰਹੇ ਹਨ।

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

For agriculture and almond Farm, office building, Farm House and for Truck Yard in Tracy, Manteca, Lathrop and Stockton

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)

68 E 11TH STREET STE 109, TRACY, CA 95376

OFFICE : 209-956-1000 CELL : 408-355-5700, GBSINGH84@GMAIL.COM

# ਅਮਰੀਕਾ 'ਚ ਗਵਾਂਢੀਆਂ 'ਤੇ ਨਸਲੀ ਟਿੱਪਣੀਆਂ ਕਰਨ ਦੇ ਮਾਮਲੇ ਵਿਚ 8 ਸਾਲ ਕੈਦ ਦੀ ਸਜ਼ਾ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਨਿਊਜਰਸੀ ਰਾਜ ਦੇ ਇਕ ਵਿਅਕਤੀ ਨੂੰ ਗਵਾਂਢੀਆਂ ਉਪਰ ਨਸਲੀ ਟਿੱਪਣੀਆਂ ਕਰਨ ਦੇ ਮਾਮਲੇ ਵਿਚ ਐਡਵਰਡ ਸੀ ਮੈਥੀਊਜ ਨਾਮੀ ਵਿਅਕਤੀ ਨੂੰ 8 ਸਾਲ ਜੇਲ ਦੀ ਸਜ਼ਾ ਸੁਣਾਈ ਗਈ ਹੈ। ਇਹ ਜਾਣਕਾਰੀ ਬਰਲਿੰਗਟਨ ਕਾਊਂਟੀ ਪ੍ਰਾਸੀਕਿਊਟਰ ਦਫਤਰ ਨੇ ਜਾਰੀ ਇਕ ਬਿਆਨ ਵਿਚ ਦਿੱਤੀ ਹੈ। ਦਫਤਰ ਨੇ ਜਾਰੀ ਬਿਆਨ ਵਿਚ ਕਿਹਾ ਹੈ ਕਿ 47 ਸਾਲਾ ਮੈਥੀਊਜ ਵੱਲੋਂ ਗਵਾਂਢੀਆਂ ਨੂੰ ਮੰਦਾ ਚੰਗਾ ਬੋਲਣ ਦੀ ਘਟਨਾ ਵੀਡੀਓ ਕੈਮਰੇ ਵਿਚ ਰਿਕਾਰਡ ਹੋ ਗਈ ਸੀ। ਉਸ ਨੇ ਆਪਣੇ ਗਵਾਂਢੀਆਂ ਵਿਰੁੱਧ ਨਸਲੀ ਭਾਸ਼ਾ ਵਰਤਣ ਤੋਂ ਇਲਾਵਾ ਉਨਾਂ ਦੇ



ਵਾਹਨ ਉਪਰ ਧਮਕੀ ਭਰੇ ਨੋਟ ਵੀ ਛੱਡੇ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਵਿਚ ਮੈਥੀਊਜ ਨੂੰ ਦੋਸ਼ੀ ਕਰਾਰ ਦਿੱਤਾ ਗਿਆ ਜਿਸ ਉਪਰੰਤ ਉਸ ਨੂੰ ਸਜ਼ਾ ਸੁਣਾਉਣ ਦਾ ਐਲਾਨ ਕੀਤਾ ਗਿਆ ਹੈ।

# ਅਮਰੀਕੀ ਪ੍ਰਤੀਨਿਧ ਸਦਨ ਵੱਲੋਂ ਰਾਸ਼ਟਰਪਤੀ ਵਿਰੁੱਧ ਮਹਾਦੋਸ਼ ਜਾਂਚ ਲਈ ਮਤਾ ਪਾਸ

## ਬਾਈਡਨ ਨੇ ਕਿਹਾ ਇਹ ਵਿਰੋਧੀਆਂ ਦਾ ਨਿਰਆਧਾਰ ਤਮਾਸ਼ਾ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਰਿਪਬਲੀਕਨ ਪਾਰਟੀ ਦੇ ਬਹੁਮਤ ਵਾਲੇ ਪ੍ਰਤੀਨਿੱਧ ਸਦਨ ਨੇ ਰਾਸ਼ਟਰਪਤੀ ਜੋ ਬਾਈਡਨ ਵਿਰੁੱਧ ਭ੍ਰਿਸ਼ਟਾਚਾਰ ਨੂੰ ਲੈ ਕੇ ਰਸਮੀ ਮਹਾਦੋਸ਼ ਜਾਂਚ ਕਰਨ ਦੇ ਹੱਕ ਵਿਚ ਮਤਾ ਪਾਸ ਕੀਤਾ ਹੈ। ਮਤੇ ਦੇ ਹੱਕ ਵਿਚ 221 ਤੇ ਵਿਰੁੱਧ 212 ਵੋਟਾਂ ਪਈਆਂ। ਹਰ ਇਕ ਰਿਪਬਲੀਕਨ ਮੈਂਬਰ ਨੇ ਮਤੇ ਦੇ ਹੱਕ ਵਿਚ ਹਰ ਇਕ ਸੱਤਾਧਾਰੀ ਡੈਮੋਕਰੈਟਿਕ ਪਾਰਟੀ ਦੇ ਮੈਂਬਰ ਨੇ ਵਿਰੋਧ ਵਿਚ ਵੋਟ ਪਾਈ। ਇਹ ਜਾਂਚ ਰਾਸ਼ਟਰਪਤੀ ਦੇ ਪੁੱਤਰ ਹੰਟਰ ਬਾਇਡਨ ਦੇ ਵਿਵਾਦਤ ਕੌਮਾਂਤਰੀ ਲੈਣ ਦੇਣ ਨਾਲ ਸਬੰਧਤ ਹੈ ਜਿਸ ਦਾ ਫਾਇਦਾ ਕਥਿੱਤ ਤੌਰ 'ਤੇ ਖੁਦ ਬਾਈਡਨ ਨੂੰ ਵੀ ਹੋਇਆ ਹੈ। ਰਾਸ਼ਟਰਪਤੀ ਨੇ ਇਸ ਉਪਰ ਟਿੱਪਣੀ ਕਰਦਿਆਂ ਕਿਹਾ ਹੈ ਕਿ ਇਹ ਵਿਰੋਧੀਆਂ ਦਾ ਨਿਰਆਧਾਰ "ਸਟੰਟ" ਹੈ। ਹਾਲਾਂ ਕਿ ਰਿਪਬਲੀਕਨਾਂ ਨੇ ਅਜੇ ਰਾਸ਼ਟਰਪਤੀ ਵਿਰੁੱਧ ਭ੍ਰਿਸ਼ਟਾਚਾਰ ਦੇ ਕੋਈ ਸਬੂਤ ਪੇਸ਼ ਨਹੀਂ ਕੀਤੇ ਤੇ ਨਾ ਹੀ ਉਹ ਇਹ ਸਾਬਤ ਕਰ ਸਕੇ ਹਨ



ਕਿ ਰਾਸ਼ਟਰਪਤੀ ਦਾ ਆਪਣੇ ਪੁੱਤਰ ਦੇ ਕਾਰੋਬਾਰ ਜਾਂ ਲੈਣ ਦੇਣ ਨਾਲ ਕੋਈ ਸਬੰਧ ਹੈ ਪਰੰਤੂ ਫਿਰ ਵੀ ਰਿਪਬਲੀਕਨ ਅਗਲੇ ਸਾਲ ਹੋ ਰਹੀਆਂ ਚੋਣਾਂ ਵਿੱਚ ਇਸ ਮਾਮਲੇ ਨੂੰ ਵੱਡਾ ਮੁੱਦਾ ਬਣਾਉਣ ਦੀ ਫਿਰਾਕ ਵਿਚ ਹਨ। ਰਿਪਬਲੀਕਨਾਂ ਦੀ ਇਹ ਵੀ ਕੋਸ਼ਿਸ਼ ਹੈ ਕਿ ਸੰਘੀ ਅਪਰਾਧਕ ਮੁਕੱਦਮੇ ਤੋਂ ਧਿਆਨ ਹਟਾਇਆ ਜਾਵੇ ਜਿਸ ਦਾ ਸਾਹਮਣਾ ਤਕਰੀਬਨ ਯਕੀਨਨ ਵਿਰੋਧੀ ਉਮੀਦਵਾਰ ਡੋਨਲਡ ਟਰੰਪ ਕਰ ਰਹੇ ਹਨ। ਉਂਝ ਵੀ ਜੇਕਰ ਜਾਂਚ ਮਹਾਦੋਸ਼ ਚਲਾਉਣ ਤੱਕ ਪੁੱਜ ਵੀ ਜਾਂਦੀ ਹੈ ਤਾਂ ਡੈਮੋਕਰੈਟਿਕ ਦੀ ਬਹੁਮਤ ਵਾਲੇ ਸਦਨ ਸੈਨਟ ਵੱਲੋਂ ਰਾਸ਼ਟਰਪਤੀ ਵਿਰੁੱਧ ਕਾਰਵਾਈ ਕੀਤੇ ਜਾਣ ਦੀ ਕੋਈ ਸੰਭਾਵਨਾ ਨਹੀਂ ਹੈ। ਮਤਾ ਪਾਸ ਹੋਣ ਤੋਂ ਬਾਅਦ ਬਾਈਡਨ ਨੇ ਕਿਹਾ ਕਿ ਵਿਰੋਧੀ ਅਗਲੇ ਸਾਲ ਚੋਣਾਂ ਵਿਚ ਨਿਰਆਧਾਰ ਮੁੱਦਿਆਂ ਨੂੰ ਉਠਾਉਣ ਦੇ ਯਤਨ ਵਿਚ ਹਨ ।ਉਨਾਂ ਕਿਹਾ ਕਿ ਅਮਰੀਕੀ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਕੁਝ ਕਰਨ ਦੀ ਬਜਾਏ ਉਹ ਝੂਠ ਦਾ ਸਹਾਰਾ ਲੈ ਕੇ ਮੇਰੇ ਉਪਰ ਹਮਲੇ ਕਰ ਰਹੇ ਹਨ। ਬਾਈਡਨ ਨੇ ਕਿਹਾ ਕਿ ਉਹ ਲੋੜੀਂਦੇ ਜਰੂਰੀ ਕੰਮ ਕਰਨ ਦੀ ਬਜਾਏ ਨਿਰਆਧਾਰ ਰਾਜਸੀ ਤਮਾਸ਼ਾ ਕਰਕੇ ਆਪਣਾ ਸਮਾਂ ਵਿਅਰਥ ਗਵਾ ਰਹੇ ਹਨ।

# ਅਮਰੀਕਾ ਦੇ ਇਕ ਸਕੂਲ ਦੇ 5 ਵਿਦਿਆਰਥੀ ਮਿੱਠੀਆਂ ਗੋਲੀਆਂ ਖਾਣ ਨਾਲ ਹੋਏ ਬਿਮਾਰ

## ਗੋਲੀਆਂ ਵਿਚ ਪਾਇਆ ਗਿਆ ਖਤਰਨਾਕ ਫੈਂਟਾਨਾਇਲ ਡਰੱਗ



ਕਲੀਫੋਰਡ ਡੂਗਨ ਤੇ ਸੱਜੇ ਨਿਕੋਲ ਸੈਂਡਰਜ


ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਵਿਰਜੀਨੀਆ ਰਾਜ ਦੇ ਇਕ ਐਲਮੈਂਟਰੀ ਸਕੂਲ ਦੇ 5 ਵਿਦਿਆਰਥੀ ਮਿੱਠੀਆਂ ਗੋਲੀਆਂ ਖਾਣ ਨਾਲ ਬਿਮਾਰ ਹੋਣ ਦੀ ਖਬਰ ਹੈ। ਐਮਹਰਸਟ ਕਾਊਂਟੀ ਪਬਲਿਕ ਸਕੂਲ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਪਹਿਲਾਂ ਲੱਗਦਾ ਸੀ ਕਿ ਵਿਦਿਆਰਥੀਆਂ ਨੂੰ ਕਿਸੇ ਚੀਜ਼ ਤੋਂ ਅਲਰਜੀ ਹੋਈ ਹੈ ਪਰੰਤੂ ਸ਼ੈਰਿਫ ਦਫਤਰ ਵੱਲੋਂ ਪਲਾਸਟਿਕ ਲਿਫਾਫਾ ਜਿਸ ਵਿਚ ਗੋਲੀਆਂ ਸਨ, ਦੀ ਜਾਂਚ ਕੀਤੀ ਗਈ ਤਾਂ ਉਸ ਵਿਚ ਖਤਰਨਾਕ ਫੈਂਟਾਨਾਇਲ ਡਰੱਗ ਪਾਇਆ ਗਿਆ। ਸ਼ੈਰਿਫ ਦੇ ਬੁਲਾਰੇ ਲੈਫਟੀਨੈਂਟ ਡਲਾਸ ਹਿਲ ਨੇ ਕਿਹਾ ਹੈ ਕਿ ਵਿਦਿਆਰਥੀਆਂ ਨੇ ਇਕ ਪਲਾਸਟਿਕ ਲਿਫਾਫੇ ਵਿਚੋਂ ਮਿੱਠੀਆਂ ਗੋਲੀਆਂ ਖਾਧੀਆਂ ਸਨ ਜਿਸ ਲਿਫਾਫੇ ਵਿਚਲੀ ਰਹਿੰਦ ਖੂੰਹਦ ਦਾ ਟੈਸਟ ਕੀਤਾ ਗਿਆ ਤਾਂ ਉਸ ਵਿਚ ਫੈਂਟਾਨਾਇਲ ਪਦਾਰਥ ਪਾਇਆ ਗਿਆ। ਇਸ ਮਾਮਲੇ ਵਿਚ ਦੋ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਜਿਨਾਂ ਦੀ ਪਛਾਣ ਕਲੀਫੋਰਡ ਡੂਗਨ ਤੇ ਨਿਕੋਲ ਸੈਂਡਰਜ ਵਜੋਂ ਹੋਈ ਹੈ।

# ਅਮਰੀਕਾ ਦੇ ਇਕ ਹਾਈ ਸਕੂਲ ਨੂੰ ਇਕ ਹਿਜੜੇ ਨੂੰ ਲੜਕੀਆਂ ਦੀ ਵਾਲੀਬਾਲ ਟੀਮ ਵਿੱਚ ਖਿਡਾਉਣ 'ਤੇ ਜੁਰਮਾਨਾ ਤੇ ਲਾਈ ਪਾਬੰਦੀ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੇ ਫਲੋਰਿਡਾ ਰਾਜ ਦੇ ਇਕ ਹਾਈ ਸਕੂਲ ਨੂੰ ਲੜਕੀਆਂ ਦੀ ਵਾਲੀਬਾਲ ਟੀਮ ਵਿਚ ਇਕ ਹਿਜੜੇ ਨੂੰ ਖੇਡਣ ਦੀ ਆਗਿਆ ਦੇਣ ਕਾਰਨ 16500 ਡਾਲਰ ਦਾ ਜੁਰਮਾਨਾ ਲਾਇਆ ਗਿਆ ਹੈ ਤੇ ਸਕੂਲ ਉਪਰ ਇਕ ਸਾਲ ਲਈ ਪਾਬੰਦੀ ਲਾ ਦੇਣ ਦੀ ਖਬਰ ਹੈ। ਰਾਜ ਦੇ ਅਥਲੈਟਿਕਸ ਅਧਿਕਾਰੀਆਂ ਨੇ ਇਹ ਐਲਾਨ ਕਰਦਿਆਂ ਕਿਹਾ ਹੈ ਕਿ ਸਕੂਲ ਨੂੰ ਜੁਰਮਾਨਾ ਲਾਉਣ ਤੋਂ ਇਲਾਵਾ ਇਕ ਸਾਲ ਲਈ ਨਿਗਰਾਨੀ ਸਮੇ ਵਿਚ ਰਖਿਆ ਗਿਆ ਹੈ। ਮੋਨਾਰਕ ਹਾਈ ਸਕੂਲ ਦੇ ਅੰਤ੍ਰਿਮ ਪ੍ਰਿੰਸੀਪਲ ਨੂੰ ਫਲੋਰਿਡਾ ਹਾਈ ਸਕੂਲ ਅਥਲੈਟਿਕਸ ਐਸੋਸੀਏਸ਼ਨ ਵੱਲੋਂ ਭੇਜੇ 3 ਸਫਿਆਂ ਦੇ ਪੱਤਰ ਵਿਚ ਰਾਜ ਦੇ 'ਫੇਅਰਨੈਸ ਇਨ ਵੋਮੈਨ'ਜ ਸਪੋਰਟਸ ਐਕਟ' ਅਤੇ ਐਸੋਸੀਏਸ਼ਨ ਦੇ ਉਪ ਨਿਯਮਾਂ ਦੀ ਉਲੰਘਣਾ ਕਰਨ ਦਾ ਦੋਸ਼ ਲਾਇਆ ਹੈ ਜੋ ਹਿਜੜਿਆਂ ਨੂੰ ਪਬਲਿਕ ਸਕੂਲਾਂ ਦੀਆਂ ਲੜਕੀਆਂ ਦੀਆਂ ਟੀਮਾਂ ਵਿਚ ਖੇਡਣ ਦੀ ਇਜਾਜਤ ਨਹੀਂ ਦਿੰਦੇ। ਪੱਤਰ ਵਿਚ ਕਿਹਾ ਗਿਆ ਹੈ ਕਿ ਸਕੂਲ ਦੀ ਟੀਮ ਵਿਚ ਸ਼ਾਮਿਲ ਹਿਜੜਾ ਔਰਤ ਨੇ 2022-23 ਤੇ 2023-24 ਦੇ ਵਾਲੀਬਾਲ ਸੀਜ਼ਨ ਦੌਰਾਨ 33 ਮੈਚ ਖੇਡੇ ਹਨ। ਪੱਤਰ ਅਨੁਸਾਰ ਸਕੂਲ ਦੇ ਕਿਸੇ ਵੀ ਮੈਂਬਰ ਨੂੰ ਨਵੰਬਰ 2024 ਤੱਕ ਕਿਸੇ ਖੇਡ ਵਿਚ ਪ੍ਰਤੀਨਿੱਧਤਾ ਕਰਨ ਤੋਂ ਰੋਕ ਦਿੱਤਾ ਗਿਆ ਹੈ। ਫਲੋਰਿਡਾ ਦੇ ਸਿੱਖਿਆ ਕਮਿਸ਼ਨਰ ਮੈਨੀ ਡਿਆਜ਼ ਜੂਨੀਅਰ ਨੇ ਸੋਸ਼ਲ ਮੀਡੀਆ ਉਪਰ ਪਾਈ ਇਕ ਪੋਸਟ ਵਿਚ ਫਲੋਰਿਡਾ ਹਾਈ ਸਕੂਲ ਅਥਲੈਟਿਕਸ ਐਸੋਸੀਏਸ਼ਨ ਵੱਲੋਂ ਕੀਤੀ ਕਾਰਵਾਈ ਦੀ ਪ੍ਰਸੰਸਾ ਕੀਤੀ ਹੈ ਤੇ ਕਿਹਾ ਹੈ ਕਿ ਇਸ ਨਾਲ ਗੈਰ ਕਾਨੂੰਨੀ ਵਿਵਹਾਰ ਕਰਨ ਵਾਲਿਆਂ ਨੂੰ ਸਬਕ ਮਿਲੇਗਾ। ਇਥੇ ਜ਼ਿਕਰਯੋਗ ਹੈ ਕਿ ਪਿਛਲੇ ਮਹੀਨੇ ਬਰੋਵਰਡ ਕਾਊਂਟੀ ਸਕੂਲ ਡਿਸਟ੍ਰਿਕਟ ਨੇ ਆਰਜੀ ਤੌਰ 'ਤੇ ਮੋਨਾਰਕ ਹਾਈ ਸਕੂਲ ਦੇ ਪ੍ਰਿੰਸੀਪਲ ਤੇ ਕੁਝ ਹੋਰ ਮੈਂਬਰਾਂ ਨੂੰ ਮਾਮਲੇ ਦੀ ਜਾਂਚ ਤੱਕ ਅਹੁੱਦਿਆਂ ਤੋਂ ਹਟਾ ਦਿੱਤਾ ਗਿਆ ਸੀ।

# ਅਮਰੀਕਾ ਦੇ ਇਕ ਸਕੂਲ 'ਚ ਪਹਿਲੀ ਸ਼੍ਰੇਣੀ ਦੇ ਬੱਚੇ ਵੱਲੋਂ ਆਪਣੀ ਅਧਿਆਪਕਾ ਨੂੰ ਗੋਲੀ ਮਾਰਨ ਦੇ ਮਾਮਲੇ 'ਚ ਮਾਂ ਨੂੰ ਹੋਈ 2 ਸਾਲ ਦੀ ਸਜ਼ਾ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਵਰਜੀਨੀਆ ਰਾਜ ਵਿਚ ਨਿਊਜ਼ ਪੋਰਟ ਵਿਖੇ ਇਕ ਸਕੂਲ ਵਿਚ ਇਸ ਸਾਲ ਜਨਵਰੀ ਵਿੱਚ ਪਹਿਲੀ ਸ਼ੇਣੀ ਦੇ



ਵਿਦਿਆਰਥੀ ਵੱਲੋਂ ਆਪਣੀ ਅਧਿਆਪਕਾ ਨੂੰ ਗੋਲੀ ਮਾਰ ਕੇ ਗੰਭੀਰ ਜ਼ਖਮੀ ਕਰ ਦੇਣ ਦੇ ਮਾਮਲੇ ਵਿਚ ਬੱਚੇ ਦੀ ਮਾਂ ਨੂੰ ਲਾਪ੍ਰਵਾਹੀ ਵਰਤਣ ਦੇ ਦੋਸ਼ ਤਹਿਤ 2 ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ। ਅਧਿਆਪਕਾ ਦੇ ਹੱਥ ਤੇ ਛਾਤੀ ਵਿਚ ਗੋਲੀ ਵੱਜੀ ਸੀ। ਦਾਇਰ ਦੋਸ਼ਾਂ ਅਨੁਸਾਰ ਡੇਜਾ ਟੇਲਰ ਨਾਮੀ ਔਰਤ ਦਾ 6 ਸਾਲਾ ਪੁੱਤਰ 6 ਜਨਵਰੀ ਨੂੰ ਘਰੋਂ ਗੰਨ ਸਕੂਲ ਲੈ ਗਿਆ ਸੀ ਜਿਸ ਨਾਲ ਉਸ ਨੇ ਐਬੀ ਵਰਨਰ ਨਾਮੀ ਅਧਿਆਪਕਾ ਉਪਰ ਗੋਲੀ ਚਲਾ ਦਿੱਤੀ ਸੀ। ਇਸ ਸਾਲ ਅਗਸਤ ਵਿਚ ਰਾਜ ਦੇ ਵਕੀਲਾਂ ਨਾਲ ਹੋਏ ਸਮਝੌਤੇ ਤਹਿਤ ਟੇਲਰ ਨੇ ਆਪਣਾ ਗੁਨਾਹ ਮੰਨ ਲਿਆ ਸੀ ਜਿਸ ਸਮਝੌਤੇ ਤਹਿਤ ਘਰ ਵਿਚ ਭਰੀ ਹੋਈ ਗੰਨ ਖੁਲੇਆਮ ਛੱਡ ਕੇ ਆਪਣੇ ਬੱਚੇ ਦੀ ਜਾਨ ਜ਼ੋਖਮ ਵਿਚ ਪਾਉਣ ਦੇ ਦੋਸ਼ ਹਟਾ ਲਏ ਗਏ ਸਨ। ਵਕੀਲਾਂ ਨੇ ਸਮਝੌਤੇ ਤਹਿਤ 6 ਮਹੀਨੇ ਦੀ ਸਜ਼ਾ ਦੇਣ ਦੀ ਸਿਫਾਰਿਸ਼ ਕੀਤੀ ਸੀ ਪਰਤੂੰ ਜੱਜ ਨੇ ਇਸ ਸਿਫਾਰਿਸ਼ ਵੱਲ ਕੋਈ ਧਿਆਨ ਨਹੀਂ ਦਿੱਤਾ। ਫੈਸਲੇ ਉਪਰੰਤ ਬਚਾਅ ਪੱਖ ਦੇ ਵਕੀਲ ਜੇਮਜ ਐਲਨਸਨ ਨੇ ਕਿਹਾ ਕਿ ਟੇਲਰ ਦੀ ਮਾਨਸਿਕ ਸਿਹਤ ਦੇ ਮੱਦੇਨਜਰ 2 ਸਾਲ ਦੀ ਸਜ਼ਾ ਬਹੁਤ ਜਿਆਦਾ ਹੈ। ਇਥੇ ਜਿਕਰਯੋਗ ਹੈ ਕਿ ਇਸੇ ਮਾਮਲੇ ਵਿਚ ਟੇਲਰ ਨੂੰ ਵੱਖਰੇ ਸੰਘੀ ਦੋਸ਼ਾਂ ਤਹਿਤ 21 ਮਹੀਨੇ ਦੀ ਸਜ਼ਾ ਪਹਿਲਾਂ ਹੀ ਸੁਣਾਈ ਜਾ ਚੁੱਕੀ ਹੈ। ਅਧਿਆਪਕਾ ਨੇ ਨਿਊਪੋਰਟ ਨਿਊਜ਼ ਸਕੂਲ ਡਿਸਟ੍ਰਿਕਟ ਵਿਰੁੱਧ ਵੀ 4 ਕਰੋੜ ਡਾਲਰ ਦੇ ਮੁਆਵਜ਼ੇ ਦਾ ਦਾਅਵਾ ਕੀਤਾ ਹੋਇਆ ਹੈ ਜਿਸ ਵਿਚ ਕਿਹਾ ਹੈ ਕਿ ਸਕੂਲ ਦੇ ਅਧਿਕਾਰੀਆਂ ਦੀ ਲਾਪਰਵਾਹੀ ਕਾਰਨ ਬੱਚਾ ਸਕੂਲ ਵਿਚ ਗੰਨ ਲਿਆਉਣ ਵਿੱਚ ਸਫਲ ਹੋਇਆ ਹੈ।

# ਅਮਰੀਕਾ ਦੇ ਚੋਟੀ ਦੇ ਐਫ ਬੀ ਆਈ ਅਧਿਕਾਰੀ ਨੂੰ ਪੂਤਿਨ ਦੇ ਕਰੀਬੀ ਲਈ ਜਸੂਸੀ ਕਰਨ ਦੇ ਦੋਸ਼ਾਂ ਤਹਿਤ 4 ਸਾਲ 2 ਮਹੀਨੇ ਕੈਦ ਦੀ ਸਜ਼ਾ

ਸੈਕਰਾਮੈਂਟੋ, ਕੈਲਫੋਰਨੀਆ (ਹੁਸਨ ਲੜੋਆ ਬੰਗਾਅਮਰੀਕਾ ਦੀ ਪ੍ਰਮੁੱਖ ਖੁਫੀਆ ਏਜੰਸੀ ਐਫ ਬੀ ਆਈ ਦੇ ਚੋਟੀ ਦੇ ਇਕ ਸਾਬਕਾ ਕਾਊਂਟਰਇੰਟੈਲੀਜੈਂਸ ਅਧਿਕਾਰੀ ਚਾਰਲਸ ਮੈਕਗੋਨੀਗਲ ਨੂੰ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਦੇ ਕਰੀਬੀ ਇਕ ਰੂਸੀ ਅਰਬਪਤੀ ਲਈ ਜਸੂਸ ਵਜੋਂ ਕੰਮ ਕਰਨ ਦੇ ਦੋਸ਼ਾਂ ਤਹਿਤ 4 ਸਾਲ ਤੋਂ ਵਧ ਕੈਦ ਦੀ ਸਜ਼ਾ ਸੁਣਾਈ ਗਈ ਹੈ। ਯੂ ਐਸ ਡਿਸਟ੍ਰਿਕਟ ਜੱਜ ਜੈਨੀਫਰ ਰੀਅਰਡਨ ਨੇ ਮੈਕਗੋਨੀਗਲ ਨੂੰ 4 ਸਾਲ 2 ਮਹੀਨੇ ਜੇਲ ਦੀ ਸਜ਼ਾ ਸੁਣਾਉਣ ਤੋਂ ਇਲਾਵਾ 40000 ਡਾਲਰ ਜੁਰਮਾਨਾ ਵੀ ਲਾਇਆ। ਐਫ ਬੀ ਆਈ ਦੀ ਕਾਊਂਟਰਇੰਟੈਲੀਜੈਂਸ ਡਵੀਜਨ ਨਿਊਯਾਰਕ ਦੇ ਸਾਬਕਾ ਮੁਖੀ ਮੈਕਗੋਨੀਗਲ ਨੇ ਇਸ ਸਾਲ



ਅਗਸਤ ਵਿਚ ਰੂਸ ਉਪਰ ਪਾਬੰਦੀਆਂ ਦੀ ਉਲੰਘਣਾ ਕਰਨ ਦੀ ਸਾਜਿਸ਼ ਰਚਣ ਤੇ ਰੂਸੀ ਅਰਬਪਤੀ ਓਲੇਗ ਡੈਰੀਪਾਸਕਾ ਨਾਲ ਸਬੰਧਾਂ ਤਹਿਤ ਕਾਲਾ ਧੰਨ ਚਿੱਟਾ ਕਰਨ ਦੇ ਦੋਸ਼ਾਂ ਨੂੰ ਮੰਨ ਲਿਆ ਸੀ। 55 ਸਾਲਾ ਮੈਕਗੋਨੀਗਲ ਨੇ ਅਦਾਲਤ ਵਿਚ ਦੱਬੀ ਆਵਾਜ ਵਿਚ ਕਿਹਾ ਕਿ ਮੈਨੂੰ ਪਛਤਾਵੇ ਦਾ ਡੂੰਘਾ ਅਹਿਸਾਸ ਹੈ ਤੇ ਮੈਨੂੰ ਆਪਣੇ ਕੀਤੇ ਉਪਰ ਅਫਸੋਸ ਹੈ। ਉਸ ਨੇ ਕਿਹਾ " ਮੈ ਇਕ ਤੋਂ ਵਧ ਵਾਰ ਮੰਨਦਾ ਹਾਂ ਕਿ ਮੈ ਆਪਣੇ ਨਜਦੀਕੀਆਂ ਦਾ ਭਰੋਸਾ ਤੇ ਵਿਸ਼ਵਾਸ਼ ਤੋੜਿਆ ਹੈ ਤੇ ਮੈ ਬਾਕੀ ਦੀ ਬਚੀ ਸਮੁੱਚੀ ਜਿੰਦਗੀ ਦੌਰਾਨ ਇਹ ਭਰੋਸਾ ਮੁੜ ਪ੍ਰਾਪਤ ਕਰਨ ਲਈ ਲੜਦਾ ਰਹਾਂਗਾ।" ਮੈਕਗੋਨੀਗਲ ਜਿਸ ਨੇ ਐਫ ਬੀ ਆਈ ਦੇ ਨਿਊਯਾਰਕ ਕਾਊਂਟਰਇੰਟੈਲੀਜੈਂਸ ਦਫਤਰ ਦੀ 2016 ਤੋਂ 2018 ਵਿਚ ਸੇਵਾ ਮੁਕਤ ਹੋਣ ਤੱਕ ਅਗਵਾਈ ਕੀਤੀ, ਨੂੰ ਅਗਲੇ ਸਾਲ ਫਰਵਰੀ ਵਿਚ ਅਲਬਾਨੀਆ ਤੋਂ ਇਕ ਵਿਦੇਸ਼ੀ ਖੁਫੀਆ ਸੂਤਰ ਤੋਂ 225000 ਡਾਲਰ ਮਿਲਣ ਬਾਰੇ ਸੂਚਿਤ ਨਾ ਕਰਨ ਦੇ ਮਾਮਲੇ ਵਿਚ ਵੀ ਸਜ਼ਾ ਸੁਣਾਈ ਜਾਣੀ ਹੈ।

# ਜਾਰਜੀਆ ਦੇ ਇਕ ਮਿਡਲ ਸਕੂਲ ਦਾ ਅਧਿਆਪਕ ਮੁਸਲਮਾਨ ਵਿਦਿਆਰਥੀ ਨੂੰ ਸਿਰ ਕਲਮ ਕਰ ਦੇਣ ਦੀ ਧਮਕੀ ਦੇਣ ਦੇ ਦੋਸ਼ ਵਿਚ ਗ੍ਰਿਫਤਾਰ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਜਾਰਜੀਆ ਰਾਜ ਦੇ ਇਕ ਮਿਡਲ ਸਕੂਲ ਦੇ ਅਧਿਆਪਕ ਨੂੰ ਇਕ 13 ਸਾਲਾ ਮੁਸਲਮਾਨ ਵਿਦਿਆਰਥਣ ਨੂੰ ਸਿਰ ਕਲਮ ਕਰ ਦੇਣ ਦੀ ਧਮਕੀ ਦੇਣ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਕਰ ਲੈਣ ਦੀ ਖਬਰ ਹੈ। ਮੌਕੇ ਦਾ ਗਵਾਹਾਂ ਅਨੁਸਾਰ ਵਿਦਿਆਰਥਣ ਨੇ ਅਧਿਆਪਕ ਨੂੰ ਕਿਹਾ ਕਿ ਕਲਾਸ ਰੂਮ ਵਿਚ ਲੱਗਾ ਇਜਰਾਈਲ ਦਾ ਝੰਡਾ ਉਸ ਨੂੰ ਅਪਮਾਨਤ ਕਰ ਰਿਹਾ ਹੈ ਜਿਸ 'ਤੇ ਅਧਿਆਪਕ ਦਾ ਪਾਰਾ ਚੜ ਗਿਆ ਤੇ ਉਸ ਨੇ ਵਿਦਿਆਰਥਣ ਨੂੰ ਮਾਰ ਦੇਣ ਦੀ ਧਮਕੀ ਦਿੱਤੀ। ਹੌਸਟਨ ਕਾਊਂਟੀ ਸ਼ੈਰਿਫ ਦਫਤਰ ਦੀ ਰਿਪੋਰਟ ਅਨੁਸਾਰ ਵਾਰਨਰ ਰੋਬਿਨਜ ਮਿਡਲ ਸਕੂਲ ਦੀ 7 ਵੀਂ ਕਲਾਸ ਦੇ 51



ਸਾਲਾ ਅਧਿਆਪਕ ਬੈਨਜਾਮਿਨ ਰੀਸ ਨੂੰ ਅਤਿਵਾਦੀ ਢੰਗ ਤਰੀਕੇ ਨਾਲ ਧਮਕੀਆਂ ਦੇਣ ਤੇ ਬੱਚਿਆਂ ਪ੍ਰਤੀ ਨਿਰਦਈਪੁਣਾ ਵਰਤਣ ਦੇ ਤੀਸਰਾ ਦਰਜਾ ਦੋਸ਼ਾਂ ਤਹਿਤ ਗ੍ਰਿਫਤਾਰ ਕੀਤਾ ਗਿਆ ਹੈ। ਰਿਪੋਰਟ ਅਨੁਸਾਰ ਇਸ ਮਾਮਲੇ ਵਿਚ 20 ਤੋਂ ਵਧ ਗਵਾਹਾਂ ਦੀ ਸੂਚੀ ਹੈ।

# ਗਾਲਟ ਸਿਟੀ ਦੇ ਮਰਹੂਮ ਪੁਲਿਸ ਅਫਸਰ ਹਰਮਿੰਦਰ ਸਿੰਘ ਦੇ ਪਰਵਾਰ ਨੂੰ ਆਰਥਿਕ ਸਹਾਇਤਾ

ਸੈਕਰਾਮੈਂਟੋ : ਸੈਕਰਾਮੈਂਟੋ ਸਿੱਖ ਸੋਸਾਇਟੀ ਬਰੈਡਸ਼ਾਅ ਰੋਡ ਗੁਰਦਵਾਰਾ ਸਾਹਿਬ ਦੀ ਕਮੇਟੀ ਵੱਲੋਂ ਗਾਲਟ ਸਿਟੀ ਦੇ ਪਹਿਲੇ ਸਿੱਖ ਪੁਲਿਸ ਅਫਸਰ ਹਰਮਿੰਦਰ ਸਿੰਘ ਗਰੇਵਾਲ ਦੇ ਪਰਵਾਰ ਦੀ ਸਹਾਇਤਾ ਲਈ 25 ਹਜ਼ਾਰ ਡਾਲਰ ਦਿਤੇ ਗਏ ਹਨ। ਗੁਰਦਵਾਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਇਹ ਚੈਕ ਗਾਲਟ ਸਿਟੀ ਦੇ ਮੇਅਰ ਪਰਗਟ ਸਿੰਘ ਨੂੰ ਸੌਂਪਿਆ ਗਿਆ। ਮੇਅਰ ਅਤੇ ਸਿਟੀ ਕੌਂਸਲ ਨੇ ਗੁਰਦਵਾਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦਾ ਤਹਿ ਦਿਲੋਂ ਧੰਨਵਾਦ ਕੀਤਾ। ਗਾਲਟ ਸਿਟੀ ਪੁਲਿਸ ਦਾ ਪਹਿਲਾ ਸਿੱਖ ਅਫਸਰ ਹੋਣ ਦਾ ਮਾਣ ਹਾਸਲ ਕਰਨ ਵਾਲਾ ਹਰਮਿੰਦਰ ਸਿੰਘ ਗਰੇਵਾਲ ਇਕ ਮਿਹਨਤਕਸ਼ ਇਨਸਾਨ ਸੀ ਅਤੇ ਉਨ੍ਹਾਂ ਦੇ



ਇਸ ਦੁਨੀਆਂ ਨੂੰ ਅਲਵਿਦਾ ਕਹਿਣ ਮਗਰੋਂ ਪੁਲਿਸ ਵੱਲੋਂ ਮਰਨ ਉਪ੍ਰੰਤ ਉਨ੍ਹਾਂ ਦਾ ਸਨਮਾਨ ਕੀਤਾ ਗਿਆ। ਹੁਣ ਪਰਵਾਰ ਦੀ ਆਰਥਿਕ ਮਦਦ ਦਾ ਉਪਰਾਲਾ ਗੁਰਦਵਾਰਾ ਬਰੈਡਸ਼ਾਅ ਰੋਡ ਦੀ ਪ੍ਰਬੰਧਕ ਕਮੇਟੀ ਵੱਲੋਂ ਕੀਤਾ ਗਿਆ ਹੈ। ਚੈਕ ਭੇਟ ਕਰਨ ਮੌਕੇ ਲਖਵੀਰ ਸਿੰਘ ਔਜਲਾ, ਰਣਧੀਰ ਸਿੰਘ ਧੀਰਾ ਨਿੱਜਰ, ਬੱਬੂ ਕਲੋਟੀਆ, ਦਵਿੰਦਰ ਸਿੰਘ ਝਾਵਰ, ਅਮਰੀਕ ਸਿੰਘ, ਗੋਲਡੀ ਲਾਲੀ ਅਤੇ ਹੈਰੀ ਸੰਘਾ ਵੀ ਹਾਜ਼ਰ ਸਨ।

# ਰਾਸ਼ਟਰਪਤੀ ਅਹੁਦੇ ਦੀ ਦੌੜ 'ਚ ਟਰੰਪ ਅੱਗੇ, ਹਾਸਲ ਕੀਤੇ 61 ਫੀਸਦੀ ਵੋਟ

ਵਾਸ਼ਿੰਗਟਨ : ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅਮਰੀਕਾ ਦੇ ਰਾਸ਼ਟਰਪਤੀ ਦੇ ਅਹੁਦੇ ਲਈ ਨਾਮਜ਼ਦਗੀ ਲਈ ਪਾਰਟੀ ਦੀ ਅੰਦਰੂਨੀ ਚੋਣ ਵਿਚ 61 ਫੀਸਦੀ ਵੋਟਾਂ ਹਾਸਲ ਕੀਤੀਆਂ ਹਨ। ਜਦੋਂ ਕਿ ਉਨ੍ਹਾਂ ਦੀ ਪਾਰਟੀ ਦੇ ਅੰਦਰੂਨੀ ਵਿਰੋਧੀ ਫਲੋਰੀਡਾ ਦੇ ਗਵਰਨਰ ਰੌਨ ਡੀਸੈਂਟਿਸ ਅਤੇ ਦੱਖਣੀ ਕੈਰੋਲੀਨਾ ਦੀ ਸਾਬਕਾ ਭਾਰਤੀ ਮੂਲ ਦੀ ਪੰਜਾਬੀ ਗਵਰਨਰ ਨਿੱਕੀ ਹੇਲੀ, ਦੋਵਾਂ ਨੂੰ ਸਿਰਫ਼ 11 ਫੀਸਦੀ ਵੋਟਾਂ ਮਿਲੀਆਂ। ਭਾਰਤੀ ਮੂਲ ਦੇ ਵਿਵੇਕ ਰਾਮਾਸਵਾਮੀ ਨੂੰ ਸਿਰਫ 5 ਫੀਸਦੀ ਅਤੇ ਨਿਊਜਰਸੀ ਦੇ ਗਵਰਨਰ ਕ੍ਰਿਸ ਕੀਸਟੀ ਨੂੰ ਸਿਰਫ 2 ਫੀਸਦੀ ਹੀ ਵੋਟ ਮਿਲੇ ਹਨ।

ਇਸ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਟਰੰਪ ਖ਼ਿਲਾਫ਼ ਕਈ ਅਪਰਾਧਿਕ ਮਾਮਲਿਆਂ ਦੇ ਬਾਵਜੂਦ ਵੀ ਜ਼ਿਆਦਾਤਰ ਅਮਰੀਕੀ ਅਜੇ ਵੀ ਇਸ 77 ਸਾਲਾ ਦੇ ਨੇਤਾ ਨੂੰ ਪਸੰਦ ਕਰਦੇ ਹਨ। ਇੱਕ ਰਾਇਟਰਜ਼/ਇਪਸੋਸ ਨੈਸ਼ਨਲ



ਓਪੀਨੀਅਨ ਪੋਲ ਜੋ ਬੀਤੇ ਦਿਨ ਹੋਈ, ਇਸੇ ਤਰ੍ਹਾਂ ਦੇ ਨਤੀਜੇ ਮਿਲੇ ਹਨ। ਡੀ.ਸੀ ਵਿੱਖੇ 5 ਦਸੰਬਰ ਤੋਂ 11 ਦਸੰਬਰ ਦੇ ਵਿਚਕਾਰ ਸੰਗਠਨਾਂ ਨੇ 1,689 ਰਿਪਬਲਿਕਨ ਵੋਟਰਾਂ ਨੂੰ ਪੋਲ ਕੀਤਾ। ਇਸ ਵਿੱਚ ਅਜਿਹੇ ਸਿੱਟੇ ਸਾਹਮਣੇ ਨਿਕਲੇ।

ਇੱਥੇ ਜ਼ਿਕਰਯੋਗ ਹੈ ਕਿ ਅਮਰੀਕਾ 'ਚ ਵੋਟਰ ਸੂਚੀ 'ਚ ਨਾਂ ਦਰਜ ਕਰਵਾਉਣ ਸਮੇਂ ਇਹ ਦੱਸਣਾ ਲਾਜ਼ਮੀ ਹੁੰਦਾ ਹੈ ਕਿ ਵੋਟਰ ਕਿਸ ਪਾਰਟੀ ਦੇ ਹੱਕ 'ਚ ਹੈ। ਉਸ ਨੂੰ ਇਹ ਐਲਾਨ ਕਰਨਾ ਪੈਂਦਾ ਹੈ ਕਿ ਉਹ ਕਿਸੇ ਨਾ ਕਿਸੇ ਪਾਰਟੀ ਦਾ ਹੀ ਵੋਟਰ ਹੈ। ਜੇਕਰ 'ਆਜ਼ਾਦ' ਹੈ ਤਾਂ ਇਸ ਨੂੰ ਇਸ ਤਰ੍ਹਾਂ ਦਰਸਾਇਆ ਜਾਣਾ ਚਾਹੀਦਾ ਹੈ ਅਤੇ ਉਸ ਅਨੁਸਾਰ ਵੋਟਰ ਕਾਰਡ ਤਿਆਰ ਕੀਤਾ ਜਾਂਦਾ ਹੈ। ਇਸ ਅਨੁਸਾਰ 52 ਪ੍ਰਤੀਸ਼ਤ ਵੋਟਰਾਂ ਨੇ ਟਰੰਪ ਲਈ ਆਪਣੀ ਵੋਟ ਦਿਖਾਈ ਜਦੋਂ ਉਕਤ ਸੰਸਥਾਵਾਂ ਨੇ ਮੁੱਖ ਸਵਾਲ ਦਾ ਜਵਾਬ ਦਿੱਤਾ ਕਿ ਤੁਸੀਂ ਰਾਸ਼ਟਰਪਤੀ ਲਈ ਕਿਸ ਨੂੰ ਤਰਜੀਹ ਦਿੰਦੇ ਹੋ। ਜਦਕਿ 48 ਫੀਸਦੀ ਲੋਕਾਂ ਨੇ ਮੌਜੂਦਾ ਰਾਸ਼ਟਰਪਤੀ ਜੋਅ ਬਾਈਡੇਨ ਦੇ ਪੱਖ 'ਚ ਸਨ। ਆਬਜ਼ਰਵਰਾਂ ਦਾ ਕਹਿਣਾ ਹੈ ਕਿ ਸਾਲ 2024 ਦੁਨੀਆ ਲਈ ਮਹੱਤਵਪੂਰਨ ਹੋਵੇਗਾ। ਉਹਨਾਂ ਨੂੰ ਯਕੀਨ ਹੈ ਕਿ ਜੇਕਰ ਟਰੰਪ ਜਿੱਤਦਾ ਹੈ ਤਾਂ 2024 ਦੁਨੀਆ ਲਈ ਫੈਸਲਾਕੁੰਨ ਹੋਵੇਗਾ।

# ਅਮਰੀਕਾ ਨੂੰ ਵਿੱਤੀ ਸਾਲ 2024 ਲਈ ਲੋੜੀਂਦੀਆਂ ਐੱਚ-1ਬੀ ਵੀਜ਼ਾ ਅਰਜ਼ੀਆਂ ਪ੍ਰਾਪਤ

ਵਾਸ਼ਿੰਗਟਨ : ਅਮਰੀਕਾ ਹਰ ਸਾਲ ਐੱਚ-1ਬੀ ਵੀਜ਼ੇ ਜਾਰੀ ਕਰਦਾ ਹੈ। ਤਾਜ਼ਾ ਜਾਣਕਾਰੀ ਮੁਤਾਬਕ ਅਮਰੀਕਾ ਨੂੰ ਵਿੱਤੀ ਸਾਲ 2024 ਲਈ ਬਹੁਤ ਜ਼ਿਆਦਾ ਮੰਗ ਵਾਲੇ ਐੱਚ-1ਬੀ ਵਿਦੇਸ਼ੀ ਵਰਕ ਵੀਜ਼ਿਆਂ ਦੀ ਸੀਮਾ ਤੱਕ ਪਹੁੰਚਣ ਲਈ ਲੋੜੀਂਦੀਆਂ ਪਟੀਸ਼ਨਾਂ ਪ੍ਰਾਪਤ ਹੋਈਆਂ ਹਨ। ਇੱਕ ਸੰਘੀ ਏਜੰਸੀ ਨੇ ਇਸ ਸਬੰਧੀ ਜਾਣਕਾਰੀ ਦਿੱਤੀ। ਇੱਥੇ ਦੱਸ ਦਈਏ ਕਿ ਐੱਚ-1ਬੀ ਵੀਜ਼ਾ ਇੱਕ ਗੈਰ-ਪ੍ਰਵਾਸੀ ਵੀਜ਼ਾ ਹੈ ਜੋ ਅਮਰੀਕੀ ਕੰਪਨੀਆਂ ਨੂੰ ਵਿਸ਼ੇਸ਼ ਕਿੱਤਿਆਂ ਵਿੱਚ ਵਿਦੇਸ਼ੀ ਕਰਮਚਾਰੀਆਂ ਨੂੰ ਨਿਯੁਕਤ ਕਰਨ ਦੀ ਇਜਾਜ਼ਤ ਦਿੰਦਾ ਹੈ ਜਿਨ੍ਹਾਂ ਲਈ ਸਿਧਾਂਤਕ ਜਾਂ ਤਕਨੀਕੀ ਮੁਹਾਰਤ ਦੀ ਲੋੜ ਹੁੰਦੀ ਹੈ। ਤਕਨਾਲੋਜੀ ਕੰਪਨੀਆਂ ਭਾਰਤ ਅਤੇ ਚੀਨ ਵਰਗੇ ਦੇਸ਼ਾਂ ਤੋਂ ਹਰ ਸਾਲ ਹਜ਼ਾਰਾਂ ਕਰਮਚਾਰੀਆਂ ਨੂੰ ਨਿਯੁਕਤ ਕਰਨ ਲਈ ਇਸ 'ਤੇ ਨਿਰਭਰ ਕਰਦੀਆਂ ਹਨ।

ਯੂ.ਐੱਸ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ (ਯੂ.ਐਸ.ਸੀ. ਆਈ. ਐਸ) ਨੇ ਵੀਰਵਾਰ ਨੂੰ ਇੱਕ ਬਿਆਨ ਵਿੱਚ ਕਿਹਾ ਕਿ ਵਿੱਤੀ ਸਾਲ 2024 ਲਈ ਉਸਨੂੰ ਕਾਂਗਰਸ ਦੁਆਰਾ ਲਾਜ਼ਮੀ 65,000 ਐਚ-1ਬੀ ਵੀਜ਼ਾ ਰੈਗੂਲਰ ਕੈਪ ਅਤੇ 20,000 ਐਚ-1ਬੀ ਵੀਜ਼ਾ ਅਮਰੀਕੀ ਐਡਵਾਂਸ ਡਿਗਰੀ ਛੋਟ ਲਈ ਲੋੜੀਂਦੀਆਂ




ਪਟੀਸ਼ਨਾਂ ਪ੍ਰਾਪਤ ਹੋਈਆਂ ਹਨ। ਇਸ ਨੂੰ ਮਾਸਟਰ ਕੈਪ ਵਜੋਂ ਵੀ ਜਾਣਿਆ ਜਾਂਦਾ ਹੈ। ਅਮਰੀਕੀ ਸੰਘੀ ਸਰਕਾਰ ਦਾ ਵਿੱਤੀ ਸਾਲ 1 ਅਕਤੂਬਰ ਤੋਂ 30 ਸਤੰਬਰ ਤੱਕ ਚੱਲਦਾ ਹੈ। ਯੂ.ਐੱਸ.ਸੀ.ਆਈ.ਐੱਸ. ਨੇ ਕਿਹਾ, "ਅਸੀਂ ਅਗਲੇ ਕੁਝ ਦਿਨਾਂ ਵਿੱਚ ਰਜਿਸਟਰ ਕਰਨ ਵਾਲਿਆਂ ਨੂੰ ਉਨ੍ਹਾਂ ਦੇ ਆਨਲਾਈਨ ਖਾਤਿਆਂ ਰਾਹੀਂ ਗੈਰ-ਚੋਣ ਨੋਟਿਸ ਭੇਜਾਂਗੇ।" USCIS ਨੇ ਕਿਹਾ ਕਿ ਉਹ ਉਨ੍ਹਾਂ ਪਟੀਸ਼ਨਾਂ ਨੂੰ ਸਵੀਕਾਰ ਕਰਨਾ ਅਤੇ ਪ੍ਰਕਿਰਿਆ ਕਰਨਾ ਜਾਰੀ ਰੱਖੇਗਾ, ਜਿਨ੍ਹਾਂ ਨੂੰ ਕਿ ਕੈਪ ਤੋਂ ਛੋਟ ਪ੍ਰਾਪਤ ਹੈ। ਮੌਜੂਦਾ 8-12 ਵਰਕਰਾਂ ਲਈ ਦਾਇਰ ਪਟੀਸ਼ਨਾਂ, ਜੋ ਅਜੇ ਵੀ ਆਪਣਾ ਕੈਪ ਨੰਬਰ ਬਰਕਰਾਰ ਰੱਖਦੇ ਹਨ, ਉਹਨਾਂ ਨੂੰ FY 2024 ਐੱਚ-1ਬੀ ਕੈਪ ਤੋਂ ਛੋਟ ਦਿੱਤੀ ਗਈ ਹੈ। ਫੈਡਰਲ ਏਜੰਸੀ ਮੌਜੂਦਾ 8-12 ਵਰਕਰ ਦੇ ਅਮਰੀਕਾ ਵਿੱਚ ਰਹਿਣ ਦੇ ਸਮੇਂ ਨੂੰ ਵਧਾਉਣ ਲਈ ਦਾਇਰ ਪਟੀਸ਼ਨਾਂ ਨੂੰ ਸਵੀਕਾਰ ਕਰਨਾ ਅਤੇ ਪ੍ਰਕਿਰਿਆ ਕਰਨਾ ਜਾਰੀ ਰੱਖੇਗੀ। ਇਸ ਦੇ ਨਾਲ ਹੀ ਮੌਜੂਦਾ ਐੱਚ-1ਬੀ ਕਾਮਿਆਂ ਲਈ ਰੁਜ਼ਗਾਰ ਦੀਆਂ ਸ਼ਰਤਾਂ 'ਚ ਬਦਲਾਅ; ਮੌਜੂਦਾ ਐੱਚ-1ਬੀ ਕਰਮਚਾਰੀਆਂ ਨੂੰ ਰੁਜ਼ਗਾਰਦਾਤਾ ਬਦਲਣ ਦੀ ਇਜਾਜ਼ਤ ਅਤੇ ਮੌਜੂਦਾ ਐੱਚ-1ਬੀ ਕਰਮਚਾਰੀਆਂ ਨੂੰ ਵਾਧੂ 8-12 ਅਹੁਦਿਆਂ 'ਤੇ ਨਾਲ-ਨਾਲ ਕੰਮ ਕਰਨ ਦੀ ਇਜਾਜ਼ਤ ਦੇਵੇਗੀ।




# ਤੇਜ਼ੀ ਫੜਦੀ ਜਾ ਰਹੀ ਹੈ ਆਨਲਾਈਨ ਖ਼ਰੀਦਦਾਰੀ

ਇਸ ਸਮੇਂ ਭਾਰਤ ਦਾ ਈ-ਕਾਮਰਸ ਬਾਜ਼ਾਰ ਸਭ ਤੋਂ ਤੇਜ਼ ਗਤੀ ਨਾਲ ਵਧ-ਫੁੱਲ ਰਿਹਾ ਹੈ। ਕੋਈ ਦੋ-ਢਾਈ ਦਹਾਕੇ ਪਹਿਲਾਂ ਜੋ ਈ-ਕਾਮਰਸ ਉੱਚ ਵਰਗ ਤੱਕ ਸੀਮਤ ਸੀ, ਅੱਜ ਉਸ ਤੋਂ ਆਮ ਆਦਮੀ ਵੀ ਲਾਹਾ ਚੁੱਕ ਰਿਹਾ ਹੈ। ਆਨਲਾਈਨ ਉਤਪਾਦਾਂ ਦੇ ਕੈਟਲਾਗ ਚੈੱਕ ਕਰ ਕੇ ਮਨਪਸੰਦ ਵਸਤਾਂ ਦੀ ਇਕ ਕਲਿੱਕ 'ਤੇ ਵਾਪਸੀ ਦੀ ਸਹੂਲਤ ਦੇ ਨਾਲ ਘਰ ਦੇ ਦਰਵਾਜ਼ੇ 'ਤੇ ਡਲਿਵਰੀ ਦਾ ਚਮਕੀਲਾ ਲਾਹੇਵੰਦ ਬਾਜ਼ਾਰ ਈ-ਕਾਮਰਸ ਦੀ ਦੇਣ ਹੈ। ਭਾਰਤ ਵਿਚ ਈ-ਕਾਮਰਸ ਬਾਜ਼ਾਰ ਦਾ ਜੋ ਆਕਾਰ ਸੰਨ 2010 ਵਿਚ ਇਕ ਅਰਬ ਡਾਲਰ ਤੋਂ ਘੱਟ ਸੀ, ਉਹ ਸੰਨ 2022 ਵਿਚ ਲਗਪਗ 74.8 ਅਰਬ ਡਾਲਰ ਦੇ ਪੱਧਰ 'ਤੇ ਪੁੱਜ ਗਿਆ। ਕੇਂਦਰੀ ਵਿੱਤ ਮੰਤਰਾਲੇ ਮੁਤਾਬਕ ਸਾਲ 2026 ਤੱਕ ਇਸ ਦਾ ਆਕਾਰ 163 ਅਰਬ ਡਾਲਰ ਤੱਕ ਪੁੱਜ ਸਕਦਾ ਹੈ। ਇਸ ਕਾਰਨ ਦੁਨੀਆ ਦੀਆਂ ਦਿੱਗਜ ਈ-ਕਾਮਰਸ ਕੰਪਨੀਆਂ ਦੇ ਕਦਮ ਭਾਰਤ ਵੱਲ ਵਧ ਰਹੇ ਹਨ।

ਇਸ ਵਿਚ ਕੋਈ ਦੋ ਰਾਇ ਨਹੀਂ ਹੈ ਕਿ ਕੋਰੋਨਾ ਕਾਲ ਵਿਚ ਲਾਕਡਾਊਨ ਦੌਰਾਨ ਜ਼ੋਰ ਫੜਨ ਵਾਲੀ ਆਨਲਾਈਨ ਖ਼ਰੀਦਦਾਰੀ ਹੁਣ ਦੇਸ਼ ਦੇ ਕੋਨੇ-ਕੋਨੇ ਵਿਚ ਕਰੋੜਾਂ ਉਪਭੋਗਤਾਵਾਂ ਦੀ ਆਦਤ ਤੇ ਵਿਵਹਾਰ ਦਾ ਅਨਿੱਖੜਵਾਂ ਹਿੱਸਾ ਬਣ ਗਈ ਹੈ। ਦੇਸ਼ ਵਿਚ ਸਮਾਰਟਫੋਨ ਦੀ ਵਧਦੀ ਪਹੁੰਚ, ਡਾਟਾ ਦੀਆਂ ਘੱਟ ਕੀਮਤਾਂ, ਆਨਲਾਈਨ ਬੁਨਿਆਦੀ ਢਾਂਚੇ ਵਿਚ ਤੇਜ਼ ਵਾਧਾ, ਲੋਕਾਂ ਦੀ ਵਧਦੀ ਖ਼ਰੀਦ ਸ਼ਕਤੀ, ਡਿਜੀਟਲ ਭੁਗਤਾਨ ਦੀ ਵਧਦੀ ਸਹੂਲਤ, ਡਿਜੀਟਲ ਇੰਡੀਆ, ਸਟਾਰਟਅੱਪ ਇੰਡੀਆ ਅਤੇ ਇਨੋਵੇਸ਼ਨ ਫੰਡ ਵਰਗੇ ਪ੍ਰੋਗਰਾਮਾਂ ਸਦਕਾ ਈ-ਕਾਮਰਸ ਤੇਜ਼ੀ ਨਾਲ ਵਧ ਰਿਹਾ ਹੈ। ਇੰਟਰਨੈੱਟ ਐਂਡ ਮੋਬਾਈਲ ਐਸੋਸੀਏਸ਼ਨ ਆਫ ਇੰਡੀਆ ਦੀ ਰਿਪੋਰਟ ਮੁਤਾਬਕ ਭਾਰਤ ਵਿਚ ਐਕਟਿਵ ਇੰਟਰਨੈੱਟ ਉਪਭੋਗਤਾਵਾਂ ਦੀ ਗਿਣਤੀ ਸੰਨ 2022 ਵਿਚ ਲਗਪਗ 75.9 ਕਰੋੜ ਸੀ।



ਇਹ ਗਿਣਤੀ ਸੰਨ 2025 ਤੱਕ ਕਰੀਬ 90 ਕਰੋੜ ਹੋਣ ਦਾ ਅਨੁਮਾਨ ਹੈ। ਇੰਟਰਨੈੱਟ ਦਾ ਇਸਤੇਮਾਲ ਸ਼ਹਿਰਾਂ ਨਾਲੋਂ ਜ਼ਿਆਦਾ ਪਿੰਡਾਂ ਵਿਚ ਹੋਣ ਲੱਗਾ ਹੈ। ਸਾਲ 2022 ਵਿਚ ਭਾਰਤ ਵਿਚ 20 ਕਰੋੜ ਤੋਂ ਵੱਧ ਲੋਕਾਂ ਨੇ ਆਨਲਾਈਨ ਕੁਝ ਨਾ ਕੁਝ ਖ਼ਰੀਦਿਆ। ਆਮ ਤੌਰ 'ਤੇ ਈ-ਕਾਮਰਸ ਨੇ ਭਾਰਤ ਵਿਚ ਵਪਾਰ ਅਤੇ ਖਪਤ ਦਾ ਮਿਜ਼ਾਜ ਬਦਲ ਦਿੱਤਾ ਹੈ। ਦਰਮਿਆਨੇ ਤੇ ਛੋਟੇ ਸ਼ਹਿਰਾਂ ਦੇ ਖਪਤਕਾਰਾਂ ਵਿਚ ਵੀ ਗੁਣਵੱਤਾਪੂਰਨ ਜ਼ਿੰਦਗੀ ਜਿਊਣ ਦੀ ਖ਼ਾਹਿਸ਼ ਪੈਦਾ ਹੋਈ ਹੈ। ਇਸ ਕਾਰਨ ਵੱਡੇ ਸ਼ਹਿਰਾਂ ਦੀ ਤੁਲਨਾ ਵਿਚ ਉਨ੍ਹਾਂ ਸ਼ਹਿਰਾਂ ਵਿਚ ਈ-ਕਾਮਰਸ ਦਾ ਆਕਾਰ ਜ਼ਿਆਦਾ ਵਧਿਆ ਹੈ। ਈ-ਕਾਮਰਸ ਰਾਹੀਂ ਹੋਣ ਵਾਲੇ ਕੁੱਲ ਕਾਰੋਬਾਰ ਵਿਚ ਵੱਡੇ ਸ਼ਹਿਰਾਂ ਦੀ ਹਿੱਸੇਦਾਰੀ ਵਿੱਤੀ ਸਾਲ 2022-23 ਵਿਚ 44.3 ਪ੍ਰਤੀਸ਼ਤ ਰਹੀ। ਦਰਮਿਆਨੇ ਆਕਾਰ ਦੇ ਸ਼ਹਿਰਾਂ ਵਿਚ ਇਹ ਹਿੱਸੇਦਾਰੀ 37.1 ਪ੍ਰਤੀਸ਼ਤ ਤੇ ਛੋਟੇ ਸ਼ਹਿਰਾਂ ਵਿਚ 18.6% ਦੀ ਰਹੀ। ਕਰਿਆਨਾ ਬਾਜ਼ਾਰ ਨੂੰ ਛੱਡ ਦਿੱਤਾ ਜਾਵੇ ਤਾਂ ਹੋਰ ਪ੍ਰਕਾਰ ਦੀਆਂ ਵਸਤਾਂ ਦੀ ਲਗਪਗ 25 ਫ਼ੀਸਦੀ ਵਿਕਰੀ ਹੁਣ ਈ-ਕਾਮਰਸ ਪਲੇਟਫਾਰਮ 'ਤੇ ਹੋਣ ਲੱਗੀ ਹੈ। ਜਿਸ ਤਰ੍ਹਾਂ ਦੇਸ਼ ਵਿਚ ਘਰੇਲੂ ਪੱਧਰ 'ਤੇ ਈ-ਕਾਮਰਸ ਤੇਜ਼ੀ ਨਾਲ ਵਧ ਰਿਹਾ ਹੈ, ਉਸੇ ਤਰ੍ਹਾਂ ਭਾਰਤ ਦੀ ਈ-ਕਾਮਰਸ ਬਰਾਮਦ ਵੀ ਤੇਜ਼ੀ ਨਾਲ ਵਧ ਰਹੀ ਹੈ। ਵਿਦੇਸ਼ ਵਪਾਰ ਮਹਾ-ਨਿਰਦੇਸ਼ਾਲਾ (ਡੀਜੀਐੱਫਟੀ) ਮੁਤਾਬਕ ਅਗਲੇ ਛੇ-ਸੱਤ ਸਾਲਾਂ ਵਿਚ ਭਾਰਤ ਦੀ ਈ-ਕਾਮਰਸ ਬਰਾਮਦ ਵਧ ਕੇ 200 ਅਰਬ ਡਾਲਰ ਤੱਕ ਪੁੱਜ ਸਕਦੀ ਹੈ ਜੋ ਹਾਲੇ ਲਗਪਗ ਮਹਿਜ਼ 1.2 ਅਰਬ ਡਾਲਰ ਹੈ। ਡੀਜੀਐੱਫਟੀ ਛੋਟੇ ਉੱਦਮੀਆਂ ਤੇ ਸਵੈ-ਰੁਜ਼ਗਾਰ ਕਰਨ ਵਾਲੇ ਨੌਜਵਾਨਾਂ ਨੂੰ ਈ-ਕਾਮਰਸ ਬਰਾਮਦ ਵਿਚ ਮਦਦ ਕਰਦਾ ਹੈ। ਡਾਕਘਰਾਂ ਵਿਚ ਈ-ਕਾਮਰਸ ਬਰਾਮਦ ਲਈ ਪਾਰਸਲ ਵਿੰਡੋਜ਼ ਅਲੱਗ ਤੋਂ ਬਣਾਈਆਂ ਗਈਆਂ ਹਨ।

ਡਾਕਘਰ ਵਿਚ ਹੀ ਉਨ੍ਹਾਂ ਨੂੰ ਕਸਟਮ ਕਲੀਅਰੈਂਸ ਮਿਲ ਜਾਂਦੀ ਹੈ। ਭਾਰਤ ਵਿਚ ਈ-ਕਾਮਰਸ ਸੈਕਟਰ ਵਿਚ ਪ੍ਰਤੱਖ ਵਿਦੇਸ਼ੀ ਨਿਵੇਸ਼ ਵੀ ਤੇਜ਼ੀ ਨਾਲ ਵਧ ਰਿਹਾ ਹੈ। ਬੀਤੇ ਪੰਜ ਸਾਲਾਂ ਵਿਚ ਆਨਲਾਈਨ ਪ੍ਰਚੂਨ ਖੇਤਰ ਵਿਚ ਈ-ਕਾਮਰਸ ਵਿਚ ਲਗਪਗ 23 ਅਰਬ ਡਾਲਰ ਦਾ ਨਿਵੇਸ਼ ਹੋਇਆ ਹੈ। ਈ-ਕਾਮਰਸ ਵਿਚ ਵਿਦੇਸ਼ੀ ਨਿਵੇਸ਼ਕਾਂ ਦੀ ਭਾਗੀਦਾਰੀ ਵਧਾਉਣ ਲਈ ਭਾਰਤ ਸਰਕਾਰ ਨੇ ਈ-ਕਾਮਰਸ ਵਿਚ ਵਿਦੇਸ਼ੀ ਨਿਵੇਸ਼ ਦੀ ਹੱਦ ਨੂੰ 100 ਪ੍ਰਤੀਸ਼ਤ ਦੀ ਆਗਿਆ ਦੇ ਦਿੱਤੀ ਹੈ। ਈ-ਕਾਮਰਸ ਵਿੱਤ ਪੋਸ਼ਣ, ਤਕਨੀਕ ਅਤੇ ਸਿਖਲਾਈ ਦੇ ਸਾਧਨ ਪ੍ਰਦਾਨ ਕਰ ਕੇ ਭਾਰਤ ਵਿਚ ਸੂਖਮ, ਲਘੂ ਅਤੇ ਦਰਮਿਆਨੇ ਉੱਦਮਾਂ (ਐੱਮਐੱਸਐੱਮਈ) ਨੂੰ ਸਿੱਧੇ ਤੌਰ 'ਤੇ ਲਾਭ ਪਹੁੰਚਾ ਰਿਹਾ ਹੈ। ਹੋਰ ਸਨਅਤਾਂ 'ਤੇ ਵੀ ਇਸ ਦਾ ਅਨੁਕੂਲ ਪ੍ਰਭਾਵ ਪੈ ਰਿਹਾ ਹੈ। ਹਾਲਾਂਕਿ ਦੇਸ਼ ਵਿਚ ਈ-ਕਾਮਰਸ ਦੇ ਸਾਹਮਣੇ ਕਈ ਚੁਣੌਤੀਆਂ ਵੀ ਦਿਖਾਈ ਦੇ ਰਹੀਆਂ ਹਨ। ਅਜਿਹੇ ਵਿਚ ਹੁਣ ਇਹ ਜ਼ਰੂਰੀ ਹੈ ਕਿ ਸਰਕਾਰ ਕਰੋੜਾਂ ਈ-ਕਾਮਰਸ ਉਪਭੋਗਤਾਵਾਂ ਅਤੇ ਈ-ਕਾਮਰਸ ਕੰਪਨੀਆਂ ਅਤੇ ਦੇਸ਼ ਦੇ ਉਦਯੋਗ-ਕਾਰੋਬਾਰ ਵਿਚਾਲੇ ਤਾਲਮੇਲ ਸਥਾਪਤ ਕਰਨ ਦੇ ਮੱਦੇਨਜ਼ਰ ਨਵੀਂ ਈ-ਕਾਮਰਸ ਨੀਤੀ ਤਿਆਰ ਕਰਨ ਲਈ ਬਹੁਤ ਤੇਜ਼ੀ ਨਾਲ ਅੱਗੇ ਵਧੇ। ਨਵੀਂ ਈ-ਕਾਮਰਸ ਨੀਤੀ ਤਿਆਰ ਕਰਦੇ ਸਮੇਂ ਸਰਕਾਰ ਨੂੰ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਈ-ਕਾਮਰਸ ਨਾਲ ਦੇਸ਼ ਦੀਆਂ ਵਿਕਾਸ ਖ਼ਾਹਿਸ਼ਾਂ ਪੂਰੀਆਂ ਹੋਣ ਅਤੇ ਬਾਜ਼ਾਰ ਵੀ ਨਾਕਾਮੀ ਅਤੇ ਤਰੁੱਟੀਆਂ ਤੋਂ ਬਚਿਆ ਰਹੇ। ਇਸ ਤਹਿਤ ਈ-ਕਾਮਰਸ ਬਾਜ਼ਾਰ ਵਿਚ ਖਪਤਕਾਰਾਂ ਦੇ ਹਿੱਤਾਂ ਅਤੇ ਉਤਪਾਦਾਂ ਦੀ ਗੁਣਵੱਤਾ ਸਬੰਧੀ ਸ਼ਿਕਾਇਤਾਂ ਦੇ ਤਸੱਲੀਬਖ਼ਸ਼ ਹੱਲ ਲਈ ਵੀ ਅਸਰਦਾਰ ਪਹਿਲ ਯਕੀਨੀ ਕੀਤੀ ਜਾਣੀ ਚਾਹੀਦੀ ਹੈ। ਮਜ਼ਬੂਤ ਕਾਨੂੰਨੀ ਢਾਂਚੇ ਅਤੇ ਖਪਤਕਾਰ ਦੇ ਹਿੱਤਾਂ ਦੀ ਸੁਰੱਖਿਆ ਬਾਬਤ ਉਪਾਵਾਂ ਨੂੰ ਧਿਆਨ ਵਿਚ ਰੱਖਿਆ ਜਾਣਾ ਚਾਹੀਦਾ ਹੈ।

ਨਵੀਂ ਈ-ਕਾਮਰਸ ਨੀਤੀ ਤਹਿਤ ਅਜਿਹੀਆਂ ਬਹੁ-ਕੌਮੀ ਈ-ਕਾਮਰਸ ਕੰਪਨੀਆਂ 'ਤੇ ਢੁੱਕਵਾਂ ਕੰਟਰੋਲ ਕਰਨਾ ਚਾਹੀਦਾ ਹੈ ਜਿਨ੍ਹਾਂ ਨੇ ਭਾਰਤ ਨੂੰ ਆਪਣੇ ਉਤਪਾਦਾਂ ਦਾ ਡੰਪਿੰਗ ਗਰਾਊਂਡ ਬਣਾ ਦਿੱਤਾ ਹੈ। ਇਸ ਵਿਚ ਆਨਲਾਈਨ ਸ਼ਾਪਿੰਗ ਨਾਲ ਜੁੜੀਆਂ ਕੰਪਨੀਆਂ ਦੇ ਬਾਜ਼ਾਰ ਅਤੇ ਕਾਰੋਬਾਰ ਸਬੰਧੀ ਰਣਨੀਤੀ ਵੀ ਸ਼ਾਮਲ ਕੀਤੀ ਜਾਣੀ ਚਾਹੀਦੀ ਹੈ। ਦੇਸ਼ ਦੇ ਛੋਟੇ ਉਦਯੋਗਾਂ-ਕਾਰੋਬਾਰਾਂ ਨੂੰ ਈ-ਕਾਮਰਸ ਨਾਲ ਜੋੜਨ ਲਈ ਵਿਸ਼ੇਸ਼ ਸਹੂਲਤਾਂ ਵੀ ਯਕੀਨੀ ਬਣਾਉਣੀਆਂ ਚਾਹੀਦੀਆਂ ਹਨ। ਈ-ਕਾਮਰਸ ਦੀਆਂ ਪੂਰੀਆਂ ਸਮਰੱਥਾਵਾਂ ਦਾ ਲਾਹਾ ਲੈਣ ਲਈ ਪ੍ਰਤੱਖ ਵਿਦੇਸ਼ੀ ਨਿਵੇਸ਼ ਨਾਲ ਸਬੰਧਤ ਕਾਨੂੰਨ ਅਤੇ ਵੈਂਚਰ ਫੰਡਿੰਗ ਨਾਲ ਸਬੰਧਤ ਟੈਕਸੇਸ਼ਨ ਕਾਨੂੰਨ ਵਿਚ ਸੁਧਾਰ 'ਤੇ ਧਿਆਨ ਦੇਣਾ ਚਾਹੀਦਾ ਹੈ। ਉਮੀਦ ਕਰੀਏ ਕਿ ਸਰਕਾਰ ਛੇਤੀ ਤੋਂ ਛੇਤੀ ਅਜਿਹੀ ਨਵੀਂ ਈ-ਕਾਮਰਸ ਨੀਤੀ ਨੂੰ ਅਮਲੀਜਾਮਾ ਪੁਆ ਦੇਵੇਗੀ ਜਿਸ ਨਾਲ ਈ-ਕਾਮਰਸ ਦੇ ਖਪਤਕਾਰਾਂ, ਸਬੰਧਤ ਉਦਯੋਗ-ਕਾਰੋਬਾਰ ਸੈਕਟਰ ਅਤੇ ਕੰਪਨੀਆਂ ਦੇ ਹਿੱਤਾਂ ਦਾ ਢੁੱਕਵਾਂ ਤਾਲਮੇਲ ਹੋ ਸਕੇਗਾ। ਅਜਿਹੇ ਵਿਚ ਜਿੱਥੇ ਟੀਚੇ ਮੁਤਾਬਕ ਦੇਸ਼ ਦਾ ਈ-ਕਾਮਰਸ ਬਾਜ਼ਾਰ ਸੰਨ 2030 ਤੱਕ 350 ਅਰਬ ਡਾਲਰ ਦੀ ਉੱਚਾਈ ਨੂੰ ਛੂਹ ਰਿਹਾ ਦਿਖਾਈ ਦੇ ਸਕੇਗਾ। ਓਥੇ ਹੀ 2034 ਤੱਕ ਭਾਰਤ ਅਮਰੀਕਾ ਨੂੰ ਪਿੱਛੇ ਛੱਡ ਕੇ ਦੁਨੀਆ ਦਾ ਦੂਜਾ ਸਭ ਤੋਂ ਵੱਡਾ ਈ-ਕਾਮਰਸ ਬਾਜ਼ਾਰ ਬਣ ਸਕਦਾ ਹੈ। ਇਨ੍ਹਾਂ ਸਭ ਦੇ ਨਾਲ-ਨਾਲ ਨਵੀਂ ਈ-ਕਾਮਰਸ ਨੀਤੀ ਨਾਲ ਦੇਸ਼ ਨੂੰ ਸੰਨ 2047 ਤੱਕ ਵਿਕਸਤ ਰਾਸ਼ਟਰ ਬਣਾਉਣ ਦੇ ਰਾਹ 'ਤੇ ਅੱਗੇ ਵਧਾਇਆ ਜਾ ਸਕੇਗਾ।

**-ਡਾ. ਜੈਅੰਤੀ ਲਾਲ ਭੰਡਾਰੀ**

# ਵਿਸ਼ਵ ਯੁੱਧਾਂ ਤੋਂ ਨਹੀਂ ਸਿੱਖਿਆ ਕੋਈ ਸਬਕ

**-ਬ੍ਰਿਗੇ. ਕੁਲਦੀਪ ਸਿੰਘ ਕਾਹਲੋਂ**



ਪਹਿਲੇ ਵਿਸ਼ਵ ਯੁੱਧ ਦੀ ਸਮਾਪਤੀ ਦੇ 105 ਸਾਲ ਪੂਰੇ ਹੋਣ 'ਤੇ ਜੰਗਜੂਆਂ ਵੱਲੋਂ ਪਾਏ ਗਏ ਅਣਥੱਕ ਯੋਗਦਾਨ, ਸੂਰਬੀਰਤਾ ਭਰਪੂਰ ਕੁਰਬਾਨੀਆਂ ਤੇ ਜੰਗੀ ਕੈਦੀਆਂ ਦੇ ਜਜ਼ਬਾਤ ਤੇ ਵਲਵਲਿਆਂ ਦਾ ਅਧਿਐਨ ਕਰਦਿਆਂ ਸਿੱਖਿਆ ਸੀਕਰਜ਼ ਦੇ ਡਾਇਰੈਕਟਰ ਤੇ ਸਰਬ-ਹਿੰਦ ਫ਼ੌਜੀ ਭਾਈਚਾਰਾ ਪੰਜਾਬ ਦੇ ਸੀਨੀਅਰ ਮੀਤ ਪ੍ਰਧਾਨ ਕਰਨਲ ਪਰਮਿੰਦਰ ਸਿੰਘ ਰੰਧਾਵਾ ਵੱਲੋਂ ਲਿਖੀ ਪੁਸਤਕ 'ਵਿਸ਼ਵ ਯੁੱਧ ਪਹਿਲਾ ਇੰਡੀਅਨ ਐਂਡ ਗਲੋਬਲ ਸੋਲਜਰਜ਼ ਵੁਆਇਸਿੰਗ-ਸੱਭਿਅਤਾ ਲਈ ਮਹਾਨ ਯੁੱਧ' ਬੀਤੇ ਦਿਨੀਂ ਗੁਰੂ ਗ੍ਰੰਥ ਸਾਹਿਬ ਭਵਨ ਸੈਕਟਰ-28, ਚੰਡੀਗੜ੍ਹ ਵਿਖੇ ਲੋਕ ਅਰਪਣ ਕੀਤੀ ਗਈ।

ਘੁੰਡ ਚੁੱਕ ਸਮਾਗਮ ਦੀ ਰਸਮ ਲੈਫ. ਜਨਰਲ ਕਮਲਜੀਤ ਸਿੰਘ, ਸਾਬਕਾ ਆਰਮੀ ਕਮਾਂਡਰ ਪੱਛਮੀ ਕਮਾਂਡ ਤੇ ਕੁਝ ਹੋਰ ਚਿੰਤਤ ਫ਼ੌਜੀ ਅਧਿਕਾਰੀਆਂ ਵੱਲੋਂ ਸਾਂਝੇ ਤੌਰ 'ਤੇ ਕੀਤੀ ਗਈ। ਇਸ ਪੁਸਤਕ ਲਈ ਕੀਤੇ ਗਏ ਅਣਥੱਕ ਯਤਨ ਅਤੇ ਸੋਚ-ਵਿਚਾਰ ਕਰਨ ਵਾਲਾ ਸੰਕਲਨ 'ਵਿਸ਼ਵ ਯੁੱਧ ਪਹਿਲਾ ਦਿ-ਗ੍ਰੇਟ ਵਾਰ ਫਾਰ ਸਿਵਲਾਈਜ਼ੇਸ਼ਨ' ਦੇ ਸੰਗ੍ਰਹਿ ਦਾ ਐਲਾਨ ਕਰਦਾ ਹੈ। ਇਹ ਆਵਾਜ਼ਾਂ ਪਹਿਲੇ ਵਿਸ਼ਵ ਯੁੱਧ ਦੌਰਾਨ ਹਾਫਮੂਨ ਪ੍ਰਿਜ਼ਨਰਜ਼ ਆਫ ਵਾਰ ਕੈਂਪ, ਬਰਲਿਨ ਦੇ ਨੇੜੇ ਜਰਮਨੀ ਵਿਖੇ ਰਿਕਾਰਡ ਕੀਤੀਆਂ ਗਈਆਂ ਸਨ ਤੇ ਜਰਮਨ ਮਿਊਜ਼ੀਅਮ ਦੇ ਕਮਿਸ਼ਨਰ ਵੱਲੋਂ ਕਰਨਲ ਰੰਧਾਵਾ ਨੂੰ ਭੇਜੀਆਂ ਗਈਆਂ ਸਨ ਜਿਨ੍ਹਾਂ ਦੇ ਦਾਦਾ ਜੀ ਸੀਨੀਅਰ ਅਧਿਕਾਰੀ ਸੁਰੈਣ ਸਿੰਘ ਨੇ ਉਸ ਯੁੱਧ ਵਿਚ ਸਿਪਾਹੀ ਦੇ ਦ੍ਰਿਸ਼ਟੀਕੋਣ ਨੂੰ ਸਾਂਝਾ ਕਰਨ ਲਈ ਸੇਵਾਵਾਂ ਦਿੱਤੀਆਂ ਸਨ। ਇਹ ਡੂੰਘੀ ਖੋਜ ਇਕ ਵਿਆਪਕ ਅਤੇ ਵਿਭਿੰਨ ਦ੍ਰਿਸ਼ਟੀਕੋਣ ਦੀ ਪੇਸ਼ਕਸ਼ ਕਰਦਿਆਂ ਕੇਵਲ ਭਾਰਤ ਲਈ ਹੀ ਨਹੀਂ ਬਲਕਿ ਦੁਨੀਆ ਭਰ ਦੇ ਸੈਨਿਕਾਂ ਦੇ ਅਕਸਰ ਨਜ਼ਰਅੰਦਾਜ਼ ਕੀਤੇ ਗਏ ਬਿਰਤਾਂਤਾਂ ਦੀਆਂ ਅਣਕਹੀਆਂ ਕਹਾਣੀਆਂ ਨੂੰ ਉਜਾਗਰ ਕਰਦੀ ਹੈ ਜੋ ਕਿ ਸੈਨਿਕਾਂ ਦੁਆਰਾ ਸਾਂਝੇ ਇਤਿਹਾਸ ਅਤੇ ਕੁਰਬਾਨੀਆਂ ਦੀ ਮਹੱਤਤਾ ਦਰਸਾਉਂਦੀ ਹੈ।

ਪਹਿਲਾ ਵਿਸ਼ਵ ਯੁੱਧ 28 ਜੁਲਾਈ 1914 ਤੋਂ 11 ਨਵੰਬਰ 1918 ਤੱਕ ਚੱਲਿਆ ਸੀ ਜਿਸ ਨੂੰ ਹੁਣ ਤੱਕ ਦੀ ਸਭ ਤੋਂ ਵੱਧ ਤਬਾਹਕੁੰਨ ਜੰਗ ਮੰਨਿਆ ਜਾਂਦਾ ਹੈ। ਇਸ ਵਿਚ 30 ਤੋਂ ਵੱਧ ਦੇਸ਼ਾਂ ਨੇ ਹਿੱਸਾ ਲਿਆ ਤੇ ਕੁੱਲ ਮਿਲਾ ਕੇ 7 ਕੁ ਕਰੋੜ ਫ਼ੌਜੀਆਂ ਨੇ ਜੰਗ ਲੜੀ ਸੀ। ਇਸ ਆਲਮੀ ਜੰਗ ਦੌਰਾਨ 90 ਲੱਖ ਫ਼ੌਜੀਆਂ ਅਤੇ 70 ਲੱਖ ਆਮ ਨਾਗਰਿਕਾਂ ਦੀ ਮੌਤ ਹੋ ਗਈ ਸੀ।

ਇਸ ਯੁੱਧ ਵਿਚ ਭਾਰਤ ਦੇ 13 ਲੱਖ ਦੇ ਕਰੀਬ ਸਵੈ ਇੱਛੁਕ ਭਾਰਤੀ ਨਾਗਰਿਕ ਫ਼ੌਜੀਆਂ ਨੇ ਬਰਤਾਨਵੀ ਰਾਜ ਨੂੰ ਜਰਮਨੀ ਖ਼ਿਲਾਫ਼ ਜੰਗ ਜਿੱਤਣ 'ਚ ਯੋਗਦਾਨ ਪਾਇਆ ਸੀ ਜਿਨ੍ਹਾਂ ਵਿੱਚੋਂ 74187 ਯੋਧਿਆਂ ਨੇ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਤੇ 67,000 ਦੇ ਆਸਪਾਸ ਜ਼ਖ਼ਮੀ ਜਾਂ ਨਕਾਰਾ ਹੋ ਗਏ ਸਨ।

ਜਦੋਂ ਇਸ ਲੇਖ 'ਚ ਮੈਂ ਅਣਵੰਡੇ ਪੰਜਾਬ ਦੀ ਗੱਲ ਕਰਦਾ ਹਾਂ ਤਾਂ ਦੇਸ਼ ਦੀ ਵੰਡ ਤੋਂ ਪਹਿਲਾਂ ਵਾਲਾ ਲਹਿੰਦਾ ਪੰਜਾਬ (ਪਾਕਿਸਤਾਨ) ਵੀ ਸ਼ਾਮਲ ਹੈ। ਸੰਨ 1878-79 ਦੀ ਪੰਜਾਬ ਕਾਲ ਕਮਿਸ਼ਨ ਦੀ ਰਿਪੋਰਟ ਮੁਤਾਬਕ ਪੰਜਾਬ ਦੇ 83 ਫ਼ੀਸਦੀ ਕਿਸਾਨ ਕਰਜ਼ੇ ਹੇਠ ਸਨ ਤੇ 58 ਫ਼ੀਸਦੀ ਪੰਜਾਬੀ ਕਿਸਾਨਾਂ ਕੋਲ ਪੰਜ ਏਕੜ ਤੇ ਘੱਟ ਜ਼ਮੀਨ ਸੀ ਜਿਸ ਵਿੱਚੋਂ 45 ਫ਼ੀਸਦੀ ਜ਼ਮੀਨ ਗਹਿਣੇ ਧਰੀ ਹੋਈ ਸੀ। ਔਸਤਨ ਆਮਦਨ 30 ਰੁਪਏ ਸਾਲਾਨਾ ਸੀ। ਜ਼ਮੀਨ ਦੇ ਭਾਅ ਸਸਤੇ ਹੋਣ ਕਰਕੇ ਕਿਸਾਨਾਂ ਦੀ ਹਾਲਤ ਨਿਘਾਰ ਵਾਲੀ ਸੀ। ਤਕਰੀਬਨ 150 ਸਾਲ ਬਾਅਦ ਹੁਣ ਤਾਂ ਸਥਿਤੀ ਬਦ ਤੋਂ ਬਦਤਰ ਹੋ ਚੁੱਕੀ ਹੈ ਜਿਸ ਦੀ ਵਿਆਖਿਆ ਦੀ ਲੋੜ ਨਹੀਂ। ਪਹਾੜੀ ਇਲਾਕੇ 'ਚ ਵਾਹੀ ਹੇਠ ਜ਼ਮੀਨ ਹੋਰ ਵੀ ਘੱਟ ਸੀ। ਇਸ ਵਾਸਤੇ ਅਣਵੰਡੇ ਪੰਜਾਬ ਦੇ ਗੱਭਰੂ ਭਾਰੀ ਗਿਣਤੀ ਵਿਚ ਫ਼ੌਜ ਵਿਚ ਭਰਤੀ ਹੋਣ ਲਈ ਆਪਣਾ ਨਾਮ ਲਿਖਾਉਣ ਲਈ ਤਿਆਰ ਰਹਿੰਦੇ ਸਨ। ਇਕ ਲੋਕ ਗੀਤ ਅਨੁਸਾਰ : 'ਭਰਤੀ ਹੋ ਜਾਵੇ। ਬਾਹਰ ਖੜ੍ਹੇ ਰੰਗਰੂਟ। ਇੱਥੇ ਖਾਵੇਂ ਸੁੱਕੀ ਹੋਈ ਰੋਟੀ, ਉੱਥੇ ਖਾਵੇਂ ਫਰੂਟ। ਇੱਥੇ ਪਾਵੇਂ ਫਟੇ ਹੋਏ ਲੀੜੇ, ਉੱਥੇ ਪਾਵੇਂ ਸੂਟ...।' ਜੰਗ ਦੇ ਮੁੱਢਲੇ ਦਿਨਾਂ ਵਿਚ ਅਣਵੰਡੇ ਪੰਜਾਬ 'ਚੋਂ ਤਕਰੀਬਨ 4 ਲੱਖ ਨੌਜਵਾਨ ਭਰਤੀ ਕੀਤੇ ਗਏ ਜਿਨ੍ਹਾਂ ਵਿਚ 51 ਫ਼ੀਸਦੀ ਪੰਜਾਬੀ ਮੁਸਲਮਾਨ, 22 ਫ਼ੀਸਦੀ ਹਿੰਦੂ, 26% ਸਿੱਖ ਤੇ ਬਾਕੀ ਕੁਝ ਹੋਰ ਵੀ ਸ਼ਾਮਲ ਸਨ।

ਭਾਰਤ ਦੇ ਜਿਨ੍ਹਾਂ 74187 ਯੋਧਿਆਂ ਨੇ ਜੰਗ ਦੌਰਾਨ ਆਪਣੀ ਜਾਨਾਂ ਕੁਰਬਾਨ ਕੀਤੀਆਂ ਉਨ੍ਹਾਂ ਵਿਚ ਕਰੀਬ 13000 ਪੰਜਾਬ ਦੀ ਧਰਤੀ ਤੋਂ ਸਨ ਤੇ 12000 ਦੇ ਆਸਪਾਸ ਜ਼ਖ਼ਮੀ ਜਾਂ ਨਕਾਰਾ ਵੀ ਹੋ ਗਏ ਸਨ ਤੇ ਢੇਰ ਸਾਰੇ ਜੰਗੀ ਕੈਦੀ ਬਣਾ ਲਏ ਗਏ ਸਨ। ਵਿਸ਼ਵ ਯੁੱਧ ਉਪਰੰਤ ਜੋ ਬਚੇ, ਉਨ੍ਹਾਂ ਵਿੱਚੋਂ ਜ਼ਿਆਦਾਤਰ ਸੈਨਿਕਾਂ ਦੀ ਫ਼ੌਜ ਵਿੱਚੋਂ ਬਗੈਰ ਕਿਸੇ ਆਰਥਿਕ ਸਹਾਇਤਾ ਤੇ ਮੁੜ ਵਸੇਬੇ ਤੋਂ ਛਾਂਟੀ ਕਰ ਦਿੱਤੀ ਗਈ।

ਬਰਤਾਨੀਆ ਤੇ ਭਾਰਤ ਸਮੇਤ ਸਹਿਯੋਗੀ ਮੁਲਕਾਂ ਨੇ ਜੰਗ ਤਾਂ ਜਿੱਤੀ ਪਰ ਮਨੁੱਖਤਾ ਦੇ ਘਾਣ ਦੀ ਕੋਈ ਸੀਮਾ ਨਾ ਰਹੀ। ਬਹੁਤ ਸਾਰੇ ਫ਼ੌਜੀ ਤਾਂ ਇਲਾਜ ਦੌਰਾਨ ਸਿਹਤ ਸਹੂਲਤਾਂ ਤੇ ਦੇਖ-ਰੇਖ ਦੀ ਘਾਟ ਕਾਰਨ ਚੱਲ ਵਸੇ। ਇਹੋ ਕੁਝ ਦੂਸਰੀ ਵਿਸ਼ਵ ਜੰਗ ਸਮੇਂ ਵਾਪਰਿਆ। ਮੈਨੂੰ ਯਾਦ ਹੈ ਕਿ ਬਤੌਰ ਡਾਇਰੈਕਟਰ ਸੈਨਿਕ ਭਲਾਈ ਪੰਜਾਬ ਸਰਕਾਰ ਵੱਲੋਂ ਕੇਂਦਰ ਸਰਕਾਰ ਨੂੰ ਵਿਸ਼ਵ ਯੁੱਧ ਦੇ ਪੈਨਸ਼ਨ ਲੈੱਸ ਫ਼ੌਜੀਆਂ ਤੇ ਵਿਧਵਾਵਾਂ ਨੂੰ ਗਰਾਂਟ ਦੇਣ ਦੀ ਸਿਫ਼ਾਰਸ਼ ਤਾਂ ਕੀਤੀ ਪਰ ਸਰਕਾਰ ਨੇ ਇਹ ਕਹਿ ਕੇ ਪੱਲਾ ਝਾੜ ਦਿੱਤਾ ਕਿ ਸੂਬਾ ਸਰਕਾਰਾਂ ਖ਼ੁਦ ਫ਼ੈਸਲਾ ਕਰਨ। ਖ਼ੈਰ! ਇਸ ਸਮੇਂ ਪੰਜਾਬ ਦੇ ਬਚੇ-ਖੁਚੇ 450 ਦੇ ਆਸ-ਪਾਸ ਸੈਨਿਕਾਂ ਤੇ ਉਨ੍ਹਾਂ ਦੀਆਂ ਵਿਧਵਾਵਾਂ ਨੂੰ 6000 ਰੁਪਏ ਪ੍ਰਤੀ ਮਹੀਨਾ ਗਰਾਂਟ ਦਿੱਤੀ ਜਾ ਰਹੀ ਹੈ। ਇੱਥੇ ਇਹ ਦੱਸਣਾ ਵੀ ਉੱਚਿਤ ਹੋਵੇਗਾ ਕਿ ਪੰਜਾਬ ਦੇ ਕਿਸੇ ਇਕ ਜ਼ਿਲ੍ਹੇ 'ਚ ਵੀ ਸੈਨਿਕ ਭਲਾਈ ਅਫ਼ਸਰ ਨਾ ਹੋਣ ਦੇ ਨਾਤੇ ਮੈਨੂੰ 15 ਨਵੰਬਰ ਨੂੰ ਗੁਰਦਾਸਪੁਰ ਵਿਖੇ ਸਾਈਕਲ ਰੈਲੀ ਦੀ ਰਵਾਨਗੀ 'ਚ ਸ਼ਾਮਲ ਹੋਣ ਦਾ ਸੁਭਾਗ ਪ੍ਰਾਪਤ ਹੋਇਆ। ਉਸ ਸਮੇਂ ਦੂਸਰੇ ਵਿਸ਼ਵ ਯੁੱਧ ਦੇ ਤਕਰੀਬਨ 2 ਦਰਜਨ ਜੰਗਜੂਆਂ ਤੇ ਵਿਧਵਾਵਾਂ ਨੂੰ ਉੱਥੋਂ ਦੇ ਸੁਪਰਡੈਂਟ ਸੂਬੇਦਾਰ ਸੁਦੇਸ਼ ਸ਼ਰਮਾ ਨਾਲ ਮਿਲ ਕੇ ਫਲੈਗ ਡੇ ਫੰਡ 'ਚੋਂ ਪੰਜ-ਪੰਜ ਹਜ਼ਾਰ ਦੇ ਚੈੱਕ ਵੀ ਵੰਡੇ।

ਮੈਨੂੰ ਡਰ ਹੈ ਕਿ ਇਹ ਕੁਝ ਅਗਨੀਵੀਰਾਂ ਨਾਲ ਨਾ ਵਾਪਰੇ ਕਿਉਂਕਿ ਬਿ ?ਰਟਿਸ਼ ਇੰਡੀਆ ਸਰਕਾਰ ਨੇ ਪੱਕੇ ਫ਼ੌਜੀਆਂ ਦੀ ਪੈਨਸ਼ਨ ਤਾਂ ਤਨਖ਼ਾਹ ਦਾ 80 ਫ਼ੀਸਦੀ ਹਿੱਸਾ ਦੇਣੀ ਸ਼ੁਰੂ ਕਰ ਦਿੱਤੀ ਸੀ ਜੋ ਹੁਣ 50 ਫ਼ੀਸਦੀ ਤੋਂ ਵੀ ਘੱਟ ਹੈ ਤੇ ਊਣਤਾਈਆਂ ਵੀ ਬਹੁਤ ਹਨ। ਦੱਸਣਯੋਗ ਹੈ ਕਿ ਪਿੱਛੇ ਜਿਹੇ ਪੰਜਾਬ ਯੂਨੀਵਰਸਿਟੀ ਵੱਲੋਂ ਪਹਿਲੇ ਵਿਸ਼ਵ ਯੁੱਧ ਨੂੰ ਲੈ ਕੇ ਸੈਮੀਨਾਰ ਕਰਵਾਇਆ ਗਿਆ ਜਿਸ ਦੀ ਪ੍ਰਧਾਨਗੀ ਕਰਦਿਆਂ ਜਨਰਲ ਕੇ. ਜੇ. ਸਿੰਘ ਨੇ ਜੰਗੀ ਕੈਦੀਆਂ ਦੀਆਂ ਵੁਆਇਸਿਜ਼ ਬਾਰੇ ਵਿਦਿਆਰਥੀਆਂ ਨੂੰ ਖੋਜ ਕਰਨ ਵਾਸਤੇ ਕਿਹਾ। ਇਸ ਸਿਲਸਿਲੇ 'ਚ ਕਈ ਮੁਲਕਾਂ ਅੰਦਰ ਡਾਕੂਮੈਂਟਰੀਆਂ ਵੀ ਬਣੀਆਂ। ਕਰਨਲ ਰੰਧਾਵਾ ਦੇ ਦਾਦਾ ਜੀ ਵੱਲੋਂ ਇਕੱਠੇ ਕੀਤੇ ਵੇਰਵੇ ਤੇ ਡੂੰਘੀ ਖੋਜ ਦੇ ਆਧਾਰ 'ਤ ਪ੍ਰਧਾਨ ਮੰਤਰੀ ਨੂੰ ਇਕ ਫਿਲਮ ਬਣਾਉਣ ਵਾਸਤੇ ਕੇਸ ਭੇਜਿਆ ਗਿਆ ਪਰ ਕਾਰਵਾਈ ਨਹੀਂ ਹੋਈ।

ਵਿਸ਼ਾ ਅਧੀਨ ਕਿਤਾਬ ਨੂੰ ਰਿਲੀਜ਼ ਕਰਦੇ ਸਮੇਂ ਰੱਖਿਆ ਮਾਹਰ ਜਨਰਲ ਕੇ. ਜੇ. ਸਿੰਘ ਤੋਂ ਇਲਾਵਾ ਡਾ. ਪਿਆਰਾ ਗਰਗ, ਬਿ ?ਰਗੇ. ਜੀ. ਜੇ. ਸਿੰਘ, ਕਰਨਲ ਜਗਤਾਰ ਸਿੰਘ ਮੁਲਤਾਨੀ, ਕਰਨਲ ਮਨਮੋਹਨ ਸਿੰਘ, ਡਾ. ਖ਼ੁਸ਼ਹਾਲ ਸਿੰਘ, ਰਾਜਵਿੰਦਰ ਸਿੰਘ ਰਾਹੀ, ਸੁਰਿੰਦਰ ਸਿੰਘ ਕਿਸ਼ਨਪੁਰਾ, ਟਿੰਮੀ ਮਹਾਜਨ ਤੇ ਲੇਖਕ ਸਮੇਤ ਕਰਨਲ ਰੰਧਾਵਾ ਵੱਲੋਂ ਭਾਰਤ ਸਰਕਾਰ ਨੂੰ ਭੇਜੇ ਗਏ ਕੇਸ ਦੀ ਪ੍ਰੋੜ੍ਹਤਾ ਕਰਦਿਆਂ ਜ਼ੋਰ ਦੇ ਕੇ ਕਿਹਾ ਗਿਆ ਕਿ ਇਸ ਨੂੰ ਅਮਲੀਜਾਮਾ ਪਹਿਨਾਇਆ ਜਾਵੇ।

ਸਵਾਲ ਪੈਦਾ ਹੁੰਦਾ ਹੈ ਕਿ ਕੀ ਵਿਸ਼ਵ ਭਰ ਦੇ ਨੇਤਾਵਾਂ ਨੇ ਇਸ ਭਿਆਨਕ ਵਿਨਾਸ਼ਕਾਰੀ ਯੁੱਧ ਤੋਂ ਕੋਈ ਸਬਕ ਸਿੱਖਿਆ? ਬਿਲਕੁਲ ਨਹੀਂ! ਜੇ ਸਿੱਖਿਆ ਹੁੰਦਾ ਤਾਂ ਦੂਸਰਾ ਵਿਸ਼ਵ ਯੁੱਧ ਨਾ ਹੁੰਦਾ ਤੇ ਅੱਜ-ਕੱਲ੍ਹ ਦੇ ਜੰਗੀ ਪਰਮਾਣੂ ਬੱਦਲ ਨਾ ਗਰਜਦੇ। ਵਿਸ਼ਵ ਜੰਗਾਂ ਤੋਂ ਬਾਅਦ ਮੁਲਕਾਂ ਦੀਆਂ ਲੜਾਈਆਂ ਦਾ ਹੱਲ ਲੱਭਣ ਖ਼ਾਤਰ ਪਹਿਲਾਂ ਲੀਗ ਆਫ ਨੇਸ਼ਨਜ਼ ਹੋਂਦ ਵਿਚ ਆਈ ਤੇ ਮਗਰੋਂ ਉਹ ਸੰਯੁਕਤ ਰਾਸ਼ਟਰ ਦੇ ਰੂਪ ਵਿਚ ਹੋਂਦ ਵਿਚ ਆਈ।

ਇਹ ਸੰਗਠਨ ਆਪਣਾ ਫ਼ਰਜ਼ ਨਿਭਾਉਣ ਦੀ ਕੋਸ਼ਿਸ਼ ਤਾਂ ਕਰ ਰਿਹਾ ਹੈ ਪਰ ਤ੍ਰਾਸਦੀ ਇਹ ਹੈ ਕਿ ਮਹਾ-ਸ਼ਕਤੀਆਂ ਮਸਲਨ ਅਮਰੀਕਾ, ਰੂਸ, ਚੀਨ ਤੇ ਹੋਰ ਵਿਕਸਤ ਦੇਸ਼ਾਂ ਵੱਲੋਂ ਇਸ ਦੀ ਅਕਸਰ ਹੁਕਮ-ਅਦੂਲੀ ਕੀਤੀ ਜਾ ਰਹੀ ਹੈ। ਯੂਕਰੇਨ ਤੇ ਇਜ਼ਰਾਈਲ-ਹਮਾਸ ਜੰਗ ਇਸ ਦੀ ਵੱਡੀ ਮਿਸਾਲ ਹਨ ਜਿੱਥੇ ਸੰਯੁਕਤ ਰਾਸ਼ਟਰ ਦੀ ਗੱਲ ਨਹੀਂ ਮੰਨੀ ਗਈ। ਚਾਹੀਦਾ ਤਾਂ ਇਹ ਹੈ ਕਿ ਸਾਰੇ ਮੁਲਕ ਸੰਯੁਕਤ ਰਾਸ਼ਟਰ ਨੂੰ ਸਹਿਯੋਗ ਦੇਣ। ਜੇ ਇਸ ਧਰਤੀ ਨੂੰ ਤਬਾਹੀ ਤੋਂ ਬਚਾਉਣਾ ਹੈ ਤਾਂ ਸਾਨੂੰ ਵਿਸ਼ਵ ਸ਼ਾਂਤੀ ਲਈ ਪ੍ਰਤੀਬੱਧਤਾ ਨੂੰ ਦੁਹਰਾਉਂਦਿਆਂ ਜੰਗਾਂ ਤੋਂ ਤੌਬਾ ਕਰਨੀ ਪਵੇਗੀ।

ਸਾਡੇ ਲੋਕ SADE LOK
ਮੁੱਖ ਸੰਪਾਦਕ: **ਸਤਨਾਮ ਸਿੰਘ ਖਾਲਸਾ**, ਸਟੂਡੈਂਟ ਐਡੀਟਰ: **ਹਰਕਰਨ ਸਿੰਘ**,
ਅਸਿਸਟੈਂਟ ਸੰਪਾਦਕ: **ਰਵਿੰਦਰ ਸਿੰਘ ਟਾਂਡਾ**, ਜਨਰਲ ਮੈਨੇਜਰ: **ਹਰਪਾਲ ਸਿੰਘ**
Office : (925) 243-1300 | Cell : (510) 706-1300 | Fax : (925) 373-1300 | India : 783 706 1300
1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Printing in California and Distributed all over the USA. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.
ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।



ਸਿਹਤ ਵਿਗਿਆਨ
ਡਾ. ਗੁਰਦੀਪ ਸਿੰਘ ਸੰਧੂ

**Gurdip Singh Sandhu** Homeopathic Consultant
Experienced since 1973 as prof principal chief medical office in homeopathic medical college in india. Host various news papers tv and radio station all over world for "SEHAT VIGYAN" a lecture series of creation of "life from life" and it's health problems/ diseases begining to end of life.
**Dublin ca 94568 Ph. : (408) 687-1899**
**Email: homeomedicine@yahoo.com**
**http://www.homeomedicineatoz.com**



**ਮੈਂ ਗੁਰਦੀਪ ਸਿੰਘ ਸੰਧੂ ਸਿਹਤ ਵਿਗਿਆਨ ਦੇ ਲੈਕਚਰਾਂ ਦੀ ਅਗਲੀ ਕਿਸ਼ਤ ਲੈ ਕੇ ਹਾਜ਼ਰ ਹਾਂ**

# ਜੀਵਨ ਤੋਂ ਜੀਵਨ ਦੀ ਉਤਪਤੀ ਦਾ ਵਿਸਥਾਰ-98

**ਮੋਢੇ ਅਤੇ ਡੌਲੇ ਦੀਆਂ ਪਿਛਲੇ ਪਾਸੇ ਦੀਆਂ ਮਾਸਪੇਸ਼ੀਆਂ**

ਇਹਨਾਂ ਦਾ ਥੋੜ੍ਹਾ ਥੋੜ੍ਹਾ ਵਿਸਥਾਰ ਕਰਕੇ ਅੱਗੇ ਤੁਰਾਂਗੇ ਤਾਂਕਿ ਆਮ ਮਨੁੱਖ ਦੇ ਜਾਨਣ ਲਈ ਵੱਖ ਵੱਖ ਅੰਗਾਂ ਦੀਆਂ ਬਿਮਾਰੀਆਂ ਦਾ ਬਹੁਤ ਜ਼ਰੂਰੀ ਵਿਸਥਾਰ ਅੱਗੇ ਆਉਣ ਵਾਲਾ ਹੈ।

ਜੇ ਸਰੀਰ ਦੀ ਚਮੜੀ ਉਤਾਰ ਦਿੱਤੀ ਜਾਵੇ ਤਾਂ ਹੇਠਾ ਜੋ ਮਾਸਪੇਸੀਆਂ ਦੀ ਤਸਵੀਰ ਹੈ ਉਹ ਉਪਰਲੀ ਤਸਵੀਰ ਵਿੱਚ ਦਿਖਾਈ ਦੇ ਰਹੀ ਹੈ। ਪਹਿਲੀ ਤਸਵੀਰ ਪਿੱਛੇ ਵਾਲੇ ਪਾਸੇ ਤੋਂ ਮੋਢੇ ਤੋਂ ਡੌਲੇ ਤੱਕ ਦੀ ਬਾਂਹ ਦੀ ਤਸਵੀਰ ਹੈ।

TRAPIZIUS ਭਾਵ ਵੱਡੀ ਤਿਕੋਣੀ ਮਾਸਪੇਸ਼ੀ ਹੈ ਜਿਹੜੀ ਗਰਦਨ ਦੇ ਪਿਛਲੇ ਪਾਸੇ ਖੁੱਤੀ ਦੀ ਔਕਸੀਪੀਟਲ ਹੱਡੀ ਤੋਂ ਲੈ ਕੇ ਛਾਤੀ ਦੀ ਹੇਠਲੀ ਪਸਲੀ ਤੱਕ ਫੈਲੀ ਹੋਈ ਹੈ ਅਤੇ ਸਕੈਪੁਲਾ ਯਾਨੀ ਮੋਢੇ ਦੇ ਪਿਛਲੇ ਛੋਲਡਰ ਬਲੱਡ ਯਾਨੀ ਸਕੈਪੁਲਾ ਹੱਡੀ ਤੋਂ ਵੀ ਕੁਝ ਰਸੀਆਂ ਸ਼ੁਰੂ ਹੁੰਦੀਆਂ ਹਨ ਭਾਵ ਤਿੰਨਾਂ ਥਾਵਾਂ ਤੋਂ ਸ਼ੁਰੂ ਹੁੰਦੀ ਹੈ ਇਹ ਮਾਸ ਪੇਸ਼ੀ। ਪਹਿਲੀਆਂ ਰਸੀਆਂ ਉਪਰ ਵਾਲੀਆਂ ਧੌਣ ਤੋਂ ਦੂਜੀਆਂ ਰਸੀਆਂ ਵਿਚਕਾਰ ਵਾਲੀਆਂ ਸਕੈਪੁਲਾਂ ਤੋਂ ਤੀਜੀਆਂ ਰਸੀਆਂ ਹੇਠਾਂ ਵਾਲੀਆਂ ਛਾਤੀ ਦੀਆਂ ਪਸਲੀਆਂ ਤੋਂ ਸ਼ੁਰੂ ਹੋ ਕੇ ਸਾਡੀ ਹਸਲੀ ਦੀ ਹੱਡੀ ਯਾਨੀ ਕਲੈਵੀਕਲ ਬੋਨ ਦੇ ਆਖਰੀ ਤੇ ਮੋਢੇ ਵਾਲੇ ਪਾਸੇ ਦੇ ਤੀਜੇ ਹਿੱਸੇ 'ਤੇ ਆਕੇ ਲਗਦੀ ਹੈ ਅਤੇ ਸਕੈਪੁਲਾ ਦੀ ਚੋਟੀਯਾਨੀ ਅਕਰੋਮੀਅਲ ਪ੍ਰੌਸੈਸ ਉੱਪਰ ਆਕੇ ਬੱਝਦੀ ਹੈ। ਇਹਦਾ ਕੰਮ ਸਕੈਪੂਲਾ ਯਾਨੀ ਮੋਢੇ ਦੇ ਪਿਛਲੀ ਹੱਡੀ ਨੂੰ ਅੱਗੇ ਪਿਛੇ ਕਰਨਵਿੱਚ ਮਦਦ ਕਰਨਾ ਹੈ

ਡੈਲਟੋਆਇਡ ਮਾਸਪੇਸੀ ਵੀ ਮੋਟੀ ਤੇ ਤਿਕੋਣੀ ਮਾਸਪੇਸੀ ਹੈ ਜਿਹੜੀ ਮੋਢੇ ਨੂੰ ਜਕੜ ਕੇ ਰੱਖਣ ਵਿੱਚ ਮਦਦ ਕਰਦੀ ਹੈ ਤੇ ਹਰ ਤਰ੍ਹਾਂ ਦੀ ਹਿਲ-ਜੁਲ ਵਿੱਚ ਮਦਦ ਕਰਦੀ ਹੈ। ਇਹ ਸਾਡੀ ਹਸਲੀ ਦੀ ਹੱਡੀ ਤੋਂ ਸ਼ੁਰੂ ਹੋਕੇ ਡੌਲੇ ਦੀ ਹੱਡੀ ਹਿਉਮਰਸ ਦੇ ਉਪਰਲੇ ਹਿੱਸੇ ਵਿੱਚ ਬਣੀ ਇਕ ਟਿੱਬੀ ਯਾਨੀ ਟਿਊਬਰੋਸੀ ਉਪਰ ਲਗਦੀ ਹੈ।

SUPRASUPINSTUS AND INFRASUPINATUS ਮੋਢੇ ਦੇ ਪਿਛਲੇ ਪਾਸੇ ਸਕੈਪੂਲਾ ਹੱਡੀ ਦੀ ਊਠ ਵਰਗੀ ਪਿੱਠ ਵਾਂਗ ਉੱਭਰੀ ਸਪਾਈਨ ਯਾਨੀ ਸਕੈਪੂਲਾ ਦੀ ਵੱਟ ਦੇ ਉਪਰ ਵਾਲੇ ਅਤੇ ਹੇਠਲੇ ਪਾਸੇ ਤੋਂ ਇਹ ਮਾਸਪੇਸ਼ੀਆਂ ਸ਼ੁਰੂ ਹੁੰਦੀਆਂ ਹਨ ਅਤੇ ਡੌਲੇ ਦੀ ਹੀ ਹਿਊਮਰਸ ਹੱਡੀ ਦੀ ਵੱਡੀ ਟਿਊਬਰੋਸਿਟੀ ਉੱਪਰ ਲੱਗਦੀਆਂ ਹਨ।

**ਟੈਰਿਸ ਮੇਜਰ ਤੇ ਟੈਰਿਸ ਮਾਈਨਰ**

ਇਹ ਦੋਵੇਂ ਛੋਟੀਆਂ ਮਾਸਪੇਸੀਆਂ ਸਕੈਪੁਲਾ ਦੇ ਬਾਹਰ ਵਾਲੇ ਬਾਡਰ ਦੇ ਅੰਦਰ ਅਤੇ ਬਾਹਰ ਵਾਲੇ ਪਾਸੇ ਤੋਂ ਸ਼ੁਰੂ ਹੁੰਦੀਆਂ ਹਨ ਤੇ ਮੋਢੇ ਦੇ ਜੋੜ ਦੀ ਸੌਕਟ ਯਾਨੀ ਕੌਲੀ ਦੀ ਵੱਟ ਬਨਾਉਣ ਦੇ ਕੰਮ ਆਉਂਦੀਆਂ ਹਨ।

**ਲੈਟੀਸੀਮਸ ਡੌਰਸਾਈ**

ਇਹ ਮਾਸਪੇਸੀ ਪਿਛਲੇ ਪਾਸੇ ਛਾਤੀ ਦੀ ਚੌੜੀ ਫੈਲੀ ਹੋਈ ਮਾਸਪੇਸੀ ਹੈ ਇਹਦਾ ਕੰਮ ਛਾਤੀ ਦੀ ਮਦਦ ਕਰਨਾ ਹੈ ਖ਼ਾਸ ਕਰ ਜਦ ਲੰਬੇ ਸਾਹ ਲੈਣ ਦੀ ਜ਼ਰੂਰਤ ਹੋਵੇ ਇਸ ਲਈ ਇਸ ਨੂੰ accessory muscle of respiration ਵੀ ਕਹਿੰਦੇ ਹਨ ਤੇ ਇਹ ਸਰੀਰ ਦੀ ਸਭ ਤੋਂ ਲੰਬੀ ਮਾਸਪੇਸੀ ਹੈ। ਇਹ ਹਿਪ ਬੋਨ ਦੀ ਚੋਟੀ ਵਾਲੀ ਇਲੀਅਕ ਹੱਡੀ ਤੋਂ ਪਹਿਲਾਂ ਸ਼ੁਰੂ ਹੁੰਦੀ ਹੈ ਅਤੇ ਫਿਰ ਕੁਝ ਰਸੀਆ ਇਸਦੀਆਂ ਹੇਠਲੀਆਂ ਪਸਲੀਆਂ ਯਾਨੀ ਸਤਵੀਂ ਤੋ ਬਾਹਰਵੀਂ ਪਸਲੀ ਦੀਆਂ ਚੁੰਝਾਂ ਤੋਂ ਸ਼ੁਰੂ ਹੋ ਕੇ ਡੌਲੇ ਦੀ ਹਿਊਮਰਸ ਹੱਡੀ ਦੇ ਉਤਲੇ ਸਿਰ ਦੀਆਂ ਟਿਉਬਰੋਸਿਟੀਆਂ ਯਾਨੀ ਪਹਾੜਾਂ ਵਰਗੀਆਂ ਚੋਟੀਆਂ ਦੇ ਵਿਚਕਾਰ ਡੂੰਘੀ ਥਾਂ ਵਿੱਚ ਜਾਕੇ ਲਗਦੀ ਹੈ। ਜਿਸਨੂੰ ਗਰੂਵ ਕਹਿੰਦੇ ਹਨ।

**ਟਰਾਈਸੈਪਸ ਬਰੇਕੀਆਈ**

ਯਾਨੀ ਤਿੰਨ ਸਿਰਾ ਵਾਲੀ ਬਾਂਹ ਦੀ ਡੌਲੇ ਵਾਲੀ ਥਾਂ ਵਾਲੀ ਮਾਸਪੇਸੀ ਹੈ। ਇਹ ਸਕੈਪੁਲਾ ਦੀ ਗਲੀਨੋਆਇਡ ਟਿਊਬਰੋਸਿਟੀ ਤੋਂ ਸ਼ੁਰੂ ਹੁੰਦੀ ਹੈ ਅਤੇ ਸਾਰੀ ਡੌਲੇ ਦੀ ਹੱਡੀ ਲੰਘ ਕੇ ਅਰਕ ਦਾ ਜੋੜ ਲੰਘ ਕੇ ਅਗਲੀ ਬਾਂਹ ਦੀ ਅਲਨਾ ਹੱਡੀ ਦੀ ਸੱਪ ਦੀ ਸਿਰੀ ਵਰਗੀ ਉਪਰਲੇ ਸਿਰੇ ਦੀ ਚੋਟੀ ਤੇ ਜਾਕੇ ਲਗਦੀ ਹੈ। ਇਹ ਮੋਢਾ ਡੌਲਾ ਤੇ ਅਗਲੀ ਬਾਹ ਨੂੰ ਅੱਗੇ ਪਿਛੇ ਘੁਮਾਉਣ ਦੇ ਕੰਮ ਆਉਂਦੀ ਹੈ।

**ਬਰੇਕੀਓਰੇਡੀਆਲਿਸ**

ਇਹ ਡੌਲੇ ਦੀ ਇੱਕੋ ਇਕ ਹੱਡੀ ਹਿਉਮਰਸ ਦੇ ਹੇਠਲੇ ਸਿਰੇ ਦੇ ਬਾਹਰਲੇ ਪਾਸੇ ਵਾਲੇ ਟਿੱਬੇ ਯਾਨੀ ਕੁਨਡਾਈਲ ਤੋ ਸੁਰੂ ਹੋਕੇ ਗੁੱਟ ਤੇ ਜਾਕੇ ਇਸਦੀ ਉੱਚੀ ਟਿੱਬੀ ਤੇ ਲਗਦੀ ਹੈ ਜਿਸਨੂੰ ਸਟੀਲੋਆਇਡ ਪਰੌਸਿਸ ਕਹਿੰਦੇ ਹਨ। ਆਮ ਤੌਰ 'ਤੇ ਅਰਕ ਦੇ ਸਾਹਮਣੇ ਪਾਸੇ ਜਿਹੜਾ ਟੋਇਆ ਜਿਹਾ ਬਣਦਾ ਹੈ ਉਸਦੇ ਬਾਹਰ ਵਾਲੀ ਹੱਦ ਇਸਦੀ ਹੀ ਬਣੀ ਹੁੰਦੀ ਹੈ। ਆਮ ਤੌਰ 'ਤੇ ਡਾਕਟਰ ਲੋਗ ਨਾੜੀ ਰਾਹੀਂ ਮਰੀਜ਼ ਨੂੰ ਟੀਕਾ ਜਾ ਗੁਲੂਕੋਜ ਦੇਣ ਸਮੇਂ ਇਸਦੇ ਨਾਲ ਹੀ ਜਾਂਦੀ ਖ਼ੂਨ ਦੀ ਵਾਪਸੀ ਵਾਲੀ ਨਾੜੀ ਯਾਨੀ ਵੇਨ ਦਾ ਸਹਾਰਾ ਲੈਂਦੇ ਹਨ। ਇਹ ਅਰਕ ਦੇ ਜੋੜ ਬਾਂਹ ਅਤੇ ਗੁੱਟ ਨੂੰ ਇਕੱਠਾ ਕਰਨ ਫੈਲਾਉਣ ਤੇ ਘੁਮਾਉਣ ਵਿੱਚ ਮਦਦ ਕਰਦੀ ਹੈ।

EXTENSOR CARPSI ULNARIS LONGUS AND BRAVIS / EXTENSOR CARPAI RADIALIS BRAVIS / EXTENSOR DIGITORUM FKEXIR DIGITORUM

ਇਹ ਸਾਰੀਆਂ ਅਜੇਹੇ ਅੰਗਰੇਜ਼ੀ ਦੇ ਨਾਵਾਂ ਵਾਲੀਆਂ ਮਾਸਪੇਸ਼ੀਆਂ ਹਨ ਜਿਹੜੀਆਂ ਨਾਵਾਂ ਅਨੁਸਾਰ ਹੀ ਸਪਸ਼ਟ ਕਰਦੀਆਂ ਹਨ ਕਿ ਇਹਨਾਂ ਦਾ ਕੀ ਕੰਮ ਹੈ। ਐਕਸਟੈਨਸਰ ਯਾਨੀ ਫੈਲਾਉਣ ਵਾਲੀਆਂ ਮਾਸਪੇਸੀਆਂ ਫਲੈਕਸਨ ਯਾਨੀ ਇਕੱਠਾ ਕਰਨ ਵਾਲੀਆਂ ਮਾਸਪੇਸੀਆ। ਕਾਰਪਸ ਮਤਲਬ ਉਂਗਲਾ ਡੀਜੀਟੋਰਮ ਮਤਲਬ ਉਂਗਲਾਂ ਦੇ ਪੋਟੇ ਸੋ ਜ਼ਿਆਦਾ ਵਿਸਥਾਰ ਵਿੱਚ ਨਾ ਜਾਕੇ ਇਹਨਾਂ ਦੇ ਕੰਮ ਇੱਥੇ ਹੀ ਸਪਸ਼ਟ ਹੋ ਰਹੇ ਹਨ ਇਹ ਅਰਕ ਤੋਂ ਸ਼ੁਰੂ ਹੋਕੇ ਅੱਗੇ ਉਂਗਲਾ ਤੱਕ ਪਹੁੰਚਦੀਆਂ ਅਤੇ ਉਹਨਾਂ ਨੂੰ ਇਕੱਠੀਆਂ ਕਰਨ ਕੇ ਫੈਲਾਉਣ ਵਿਚ ਮਦਦ ਕਰਦੀਆਂ ਹਨ।

ANCONIOUS / OLECRENON BURSA

ਇਹ ਛੋਟੀਆਂ ਛੋਟੀਆਂ ਦੋ ਹੋਰ ਮਾਸਪੇਸੀਆਂ ਹਨ ਜੋ ਅਰਕ ਦੇ ਜੋੜ ਤੋਂ ਸ਼ੁਰੂ ਹੁੰਦੀਆਂ ਹਨ ਤੇ ਬਾਂਹ ਨੂੰ ਕੰਮ ਕਰਨ ਲਈ ਮਦਦ ਕਰਦੀਆਂ ਹਨ।

MUSCLES OF FRONT SIDE OF SHOULDER AND ARM

ਮੋਢੇ ਅਤੇ ਬਾਂਹ ਦੇ ਸਾਹਮਣੇ ਪਾਸੇ ਦੀਆਂ ਮਾਸਪੇਸੀਆਂ

DELTOID ਇਹਦੇ ਬਾਰੇ ਉੱਪਰ ਤਫ਼ਸੀਲ ਆ ਚੁੱਕੀ ਹੈ।

**PECTORALIS MEJOR ਪੈਕਟੋਰਾਲਿਸ ਮੇਜਰ** ਯਾਨੀ ਛਾਤੀ ਦੀ ਵੱਡੀ ਮਾਸਪੇਸ਼ੀ ਜਿਹੜੀ ਪਸਲੀਆਂ ਨੂੰ ਢੱਕਦੀ ਹੈ। ਇਹ ਬਹੁਤ ਵੱਡੇ ਏਰੀਏ ਦੇ ਫੈਲਾਉ ਤੋ ਆਪਣੀ ਸ਼ੁਰੂਆਤ ਕਰਦੀ ਹਸਲੀ ਦੀ ਹੱਡੀ ਅੰਦਰਲੇ ਪਾਸੇ ਤੋਂ ਉੱਪਰੋਂ ਸ਼ੁਰੂ ਹੁੰਦੀ ਹੈ ਫਿਰ ਛਾਤੀ ਦੀ ਸਾਹਮਣੀ ਹੱਡੀ ਜਿਸ ਨਾਲ ਸਾਹਮਣੇ ਪਾਸੇ ਪਸਲੀਆਂ ਜੁੜਦੀਆਂ ਹਨ ਉਸ ਨਾਲ ਵੀ ਇਸ ਦੀਆਂ ਰਸੀਆ ਯਾਨੀ ਫਾਈਬਰ ਸ਼ੁਰੂ ਹੁੰਦੇ ਹਨ। ਛੇਵੀਂ ਪਸਲੀ ਤੱਕ ਇਹਦੀ ਸ਼ੁਰੂਆਤ ਇਸ ਜਗ੍ਹਾ ਤੋਂ ਹੁੰਦੀ ਹੈ ਤੇ ਤੀਸਰੀ ਪੇਟ ਦੇ ਬਾਹਰੀ ਉਬਲੀਕ ਯਾਨੀ ਚੰਦ ਦੀ ਸ਼ਕਲ ਵਾਲੀ ਮਾਸਪੇਸੀ ਤੋਂ ਵੀ ਇਹਦੇ ਫਾਈਬਰ ਸ਼ੁਰੂ ਹੁੰਦੇ ਹਨ ਅਤੇ ਹਿਊਮਰ ਨਾਲ ਜਿਥੇ ਡੈਲਟੋਆਇਡ ਮਾਸਪੇਸੀ ਜੁੜਦੀ ਹੈ ਉਦੇ ਹੇਠਾ ਡੂੰਘੀ ਥਾਂ ਯਾਨੀ ਗਰੂਵ।

(ਚੱਲਦਾ)





CAPITAL ACCOUNTING & TAX SERVICES



Kuldip Singh Kang



Sewa Singh Bhinder



HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

ਸਾਨੂੰ 16 ਸਾਲਾਂ ਦਾ ਤਜਰਬਾ ਹੈ।

Same Day Plates Same Day Plates Same Day Plates

PH : 530-669-5780 Fax : 530-669-5775,
Cell : 530-908-9386 Cell : 530-405-6020

Tax Returns- Corporations, LLC, Non-Profits, Small Business and Individuals

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776
440 N Palora Ave, Suite c Yuba City Ca. 95991

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524




ਛੋਟੇ ਸ਼ਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ
ਲਾਸਾਨੀ ਸ਼ਹਾਦਤ ਨੂੰ ਕੋਟਿ-ਕੋਟਿ ਪ੍ਰਣਾਮ

# VANCO

**TRUCK & AUTO PLAZA**

**TEL : 208-466-0833, FAX : 209-466-2740**



## ਬੋਪਾਰਾਏ ਬ੍ਰਦਰਜ਼

ਜਸਵਿੰਦਰ ਸਿੰਘ ਬੋਪਾਰਾਏ, ਗੁਰਦੇਵ ਸਿੰਘ ਬੋਪਾਰਾਏ
ਮਲਕੀਤ ਸਿੰਘ ਬੋਪਾਰਾਏ, ਦਲਬੀਰ ਸਿੰਘ ਬੋਪਰਾਏ

1033. W Charter Way Stockton CA 95206 (1-5 Hwy4)


ਕੈਪਟਨ ਅਮਰਜੀਤ ਸਿੰਘ ਕਾਲੇਕਾ

ਕੈਪਟਨ ਅਮਰਜੀਤ ਸਿੰਘ ਕਾਲੇਕਾ ਸਿੱਖ ਕੌਮ ਵਿੱਚ ਇੱਕ ਜਾਣਿਆ ਪਹਿਚਾਣਿਆ ਕੁਰਬਾਨੀ ਵਾਲਾ ਪ੍ਰਵਾਰ ਹੈ। ਪਟਿਆਲਾ ਰਿਆਸਤ ਦੇ ਨਾਮੀ ਪਰਿਵਾਰ ਵਿਚ ਜਨਮ ਅਤੇ ਪਰਵਿਰਸ਼ ਪਾਉਣ ਉਪਰੰਤ ਇਨ੍ਹਾਂ ਨੇ ਫੌਜ ਦੇ ਵਿਚ ਬੜੀ ਦਲੇਰੀ ਨਾਲ ਸਰਵਿਸ ਕੀਤੀ। ਉਸ ਤੋਂ ਬਾਅਦ ਬਤੌਰ ਲੈਕਚਰਾਰ ਸਰਕਾਰੀ ਕਾਲਜ ਵਿਚ ਇਮਾਨਦਾਰੀ ਨਾਲ ਸੇਵਾ ਨਿਭਾਈ, ਜਿਸ ਵੇਲੇ ਬਤੌਰ ਉਪ ਆਬਕਾਰੀ ਤੇ ਕਰ ਕਮਿਸ਼ਨਰ ਆਪਣੇ ਕੈਰੀਅਰ ਦੀਆਂ ਉਚਾਈਆਂ 'ਤੇ ਸਨ, ਪੰਜ ਸਾਲਾਂ ਦੀ ਛੁੱਟੀ ਲੈ ਕੇ ਆਪਣੀ ਜਾਇਦਾਦ ਵੇਚ ਕੇ, ਪਰਿਵਾਰ ਸਮੇਤ ਅਮਰੀਕਾ ਆ ਗਏ, ਜਿਥੇ ਜਾ ਕੇ ਮੁੜ ਤੋਂ ਸੰਘਰਸ਼ ਕਰਦੇ ਹੋਏ ਪ੍ਰਾਪਤੀਆਂ ਕੀਤੀਆਂ ਅਤੇ ਦੋਵੇਂ ਬੇਟਿਆਂ ਨੂੰ ਉਚੇਰੀ ਸਿੱਖਿਆ ਦਿਵਾਉਣ ਉਪਰੰਤ ਇਸ ਕਾਬਲ ਬਣਾਇਆ ਕਿ ਉਹ ਅੱਜ ਆਪਣੇ ਪਰਿਵਾਰਾਂ ਸਮੇਤ ਅਮਰੀਕਾ ਵਿਚ ਬਹੁਤ ਮਾਣ ਵਾਲੀਆਂ ਥਾਵਾ 'ਤੇ ਸੈਟਲ ਹਨ। ਇਹ ਸਭ ਕੁਝ ਹਾਸਲ ਕਰਨ ਉਪਰੰਤ ਮੁੜ ਭਾਰਤ ਪਰਤ ਕੇ ਬਤੌਰ ਐਡੀਸ਼ਨਲ ਆਬਕਾਰੀ ਤੇ ਕਰ ਕਮਿਸ਼ਨਰ ਪੰਜਾਬ ਰਿਟਾਇਰ ਹੋਏ। ਕੈਪਟਨ ਅਮਰਜੀਤ ਸਿੰਘ ਕਾਲੇਕਾ ਓਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਵਿਖੇ ਸ਼ਹੀਦ ਹੋਏ ਸ੍. ਸਤਵੰਤ ਸਿੰਘ ਕਾਲੇਕਾ ਦੇ ਵੱਡੇ ਭਰਾ ਹਨ। ਕਾਲੇਕਾ ਪ੍ਰਵਾਰ ਪੁਸ਼ਤਾਂ ਤੋਂ ਪੰਥ ਦੀ ਨਿਸ਼ਕਾਮ ਸੇਵਾ ਕਰਦੇ ਆ ਰਹੇ ਹਨ ਜਿਥੇ ਓਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਚ ਵਾਪਰੀ ਘਟਨਾ ਨੇ ਪੂਰੇ ਅਮਰੀਕਾ ਸਮੇਤ ਸਾਰੀ ਦੁਨੀਆ ਦੇ ਸਿੱਖਾਂ ਉਪਰ ਗਹਿਰਾ ਪ੍ਰਭਾਵ ਛੱਡਿਆ ਉਥੇ ਕੈਪਟਨ ਅਮਰਜੀਤ ਸਿੰਘ ਕਾਲੇਕਾ ਨੇ ਇਸ ਸ਼ਹਾਦਤ ਨੂੰ ਕਲਮਬੰਦ ਕਰਨ ਲਈ ਕੋਸਿਸ਼ ਅਰੰਭ ਕਰ ਦਿੱਤੀ। ਭਾਵੇਂ ਸਤਵੰਤ ਸਿੰਘ ਦੀ ਸ਼ਹੀਦੀ, ਉਨ੍ਹਾਂ ਦੇ ਪਰਿਵਾਰ, ਪਿੰਡ ਵਾਸੀਆਂ, ਸੱਜਣਾਂ-ਮਿੱਤਰਾਂ ਅਤੇ ਵਿਸ਼ੇਸ਼ ਕਰਕੇ ਸਮੂਹ ਨਾਨਕ ਨਾਮ ਲੇਵਾ ਮਨੁੱਖਾਂ ਲਈ ਇਕ ਨਾ-ਭੁਲਾਇਆ ਜਾਣ ਵਾਲਾ ਵਾਕਿਆ ਹੈ। ਪ੍ਰੰਤੂ ਫਿਰ ਵੀ ਉਨ੍ਹਾਂ ਦੇ ਮਨ ਵਿਚ ਇਹ ਇੱਛਾ ਸੀ ਕਿ ਉਨਾ ਤੋਂ 5 ਵਰ੍ਹੇ ਛੋਟੇ ਵੀਰ ਸਤਵੰਤ ਸਿੰਘ ਕਾਲੇਕਾ ਦੀ ਸ਼ਹੀਦੀ ਦੀ ਗੌਰਵਗਾਥਾ ਨੂੰ ਸ਼ਬਦਾਂ ਵਿਚ ਕਾਨੀਬੱਧ ਕੀਤਾ ਜਾਵੇ ਅਤੇ ਇਸ ਘਟਨਾ ਦੀ ਯਾਦ ਨੂੰ ਇਤਿਹਾਸਕ ਦਸਤਾਵੇਜ਼ ਦੇ ਰੂਪ ਵਿਚ ਸੰਭਾਲ ਕੇ ਰੱਖਿਆ ਜਾਵੇ ਕਿਉਂਕਿ ਆਮ ਕਹਾਵਤ ਹੈ ਕਿ ਸੀਨਾ-ਬਸੀਨਾ ਤੁਰਦੀਆਂ ਗਾਥਾਵਾਂ ਸਮਾਂ ਪਾ ਕੇ ਜਨ-ਚੇਤਨਾ ਵਿਚੋਂ ਲੁਪਤ ਹੋ ਜਾਂਦੀਆਂ ਹਨ ਪ੍ਰੰਤੂ ਸ਼ਾਬਦਿਕ ਰੂਪ ਵਿਚ ਚਿੱਤਰੀਆਂ ਵੀਰ-ਗਾਥਾਵਾਂ ਇਤਿਹਾਸ ਦਾ ਸਥਾਈ ਹਿੱਸਾ ਬਣ ਜਾਂਦੀਆਂ ਹਨ। ਇਸ ਪੁਸਤਕ ਦੀ ਰਚਨਾ ਕਰਦਿਆਂ ਉਨਾ ਕਿਸੇ ਇਤਿਹਾਸ, ਮਿਥਿਹਾਸ ਜਾਂ ਕਲਪਨਾ ਦਾ ਸਹਾਰਾ ਨਹੀਂ ਲਿਆ। ਉਨ੍ਹਾਂ ਦਾ ਜ਼ਿਆਦਾ ਧਿਆਨ ਸ੍. ਸਤਵੰਤ ਸਿੰਘ ਅਤੇ ਉਸ ਦੇ ਜੀਵਨ ਨਾਲ ਸਬੰਧਤ ਵਾਸਤਵਿਕ ਘਟਨਾਵਾਂ ਨੂੰ ਚਿੱਤਰਣ 'ਤੇ ਹੀ ਕੇਂਦਰਤ ਰਿਹਾ ਹੈ। ਇਸ ਪੁਸਤਕ ਦੀ ਰਚਨਾ ਪ੍ਰਕਿਰਿਆ ਅਤੇ ਸੰਪੂਰਨਤਾ ਵਿਚ ਵੀ ਆਮ ਵਾਂਗ ਉਨ੍ਹਾਂ ਦੀ ਸੁਪਤਨੀ ਸਰਦਾਰਨੀ ਜਸਮਿੰਦਰ ਕੌਰ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ। ਅਸੀਂ ਉਨ੍ਹਾਂ ਦੀ ਲਿਖੀ ਇਤਿਹਾਸਕ ਕਿਤਾਬ ਸ਼ਹੀਦ ਸਤਵੰਤ ਸਿੰਘ ਕਾਲੇਕੇ ਜਨਮ ਤੋਂ ਸ਼ਹੀਦੀ ਤੱਕ 'ਸਾਡੇ ਲੋਕ' ਅਖਬਾਰ ਵਿੱਚ ਲੜੀਵਾਰ ਛਾਪਕੇ ਮਾਣ ਮਹਿਸੂਸ ਕਰ ਰਹੇ ਹਾਂ : ਸਤਨਾਮ ਸਿੰਘ ਖਾਲਸਾ

# ਸਤਵੰਤ ਦਾ ਸਹੁਰਾ ਪਰਿਵਾਰ/ਸਤਵੰਤ ਦਾ ਸਮਾਜਿਕ ਜੀਵਨ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਇਹ ਇਲਾਕੇ ਦੇ ਤੱਕੜੇ ਤੇ ਬਹਾਦਰ ਕਿਸਾਨ ਬਣ ਕੇ ਉੱਭਰੇ। ਸਤਪਾਲ ਦੇ ਪਿਤਾ ਸ. ਗੜਗੱਜ ਸਿੰਘ ਸਾਰੇ ਭਰਾਵਾਂ ਵਿਚੋਂ ਵੱਡੇ ਸਨ। ਜਦ 1976 ਵਿਚ ਅਸੀਂ ਸਤਵੰਤ ਦੀ ਜੰਞ ਸਮੇਰਪੁਰ ਲੈ ਕੇ ਗਏ ਤਾਂ ਉਸ ਸਮੇਂ ਪਰਿਵਾਰ ਕੋਲ 11 ਟ੍ਰੈਕਟਰ ਸਨ। ਸਤਪਾਲ ਦੇ 7 ਭਰਾ ਅਤੇ ਇੱਕ ਭੈਣ ਹੈ। ਸੱਤਾਂ ਵਿਚੋਂ 6 ਭਰਾ ਅਤੇ ਭੈਣ ਦੇ ਬੱਚੇ ਅਮਰੀਕਾ ਵਿਚ ਹੀ ਹਨ। ਸਤਵੰਤ ਅਤੇ ਸਤਪਾਲ ਦਾ ਇਹਨਾਂ ਰਿਸ਼ਤੇਦਾਰਾਂ ਨੂੰ ਮਿਲਵਾਕੀ ਤੇ ਆਲੇ-ਦੁਆਲੇ ਦੇ ਇਲਾਕਿਆ ਵਿਚ ਸਥਾਪਿਤ ਕਰਨ ਵਿਚ ਬਹੁਤ ਵੱਡਾ ਯੋਗਦਾਨ ਹੈ। ਸਤਵੰਤ ਬਹੁਤ ਦੂਰ ਤੱਕ ਰਿਸ਼ਤੇਦਾਰੀ ਵਿਚ ਵਰਤਦਾ ਸੀ ਅਤੇ ਹਰ ਥਾਂ ਪਹੁੰਚਦਾ ਸੀ। ਚਾਹੇ ਕੋਈ ਵਿਆਹ ਭਾਰਤ ਵਿਚ ਹੋਵੇ ਜਾਂ ਕੈਨੇਡਾ ਵਿਚ ਉਹ ਆਪਣੀ ਸ਼ਮੂਲੀਅਤ ਕਰਨ ਤੋਂ ਪਿੱਛੇ ਨਹੀਂ ਸੀ ਰਹਿੰਦਾ।


ਸਤਵੰਤ ਦਾ ਸਹੁਰਾ ਪਰਿਵਾਰ ਵੀ ਬਹੁਤ ਬਹਾਦਰ ਅਤੇ ਮਿਹਨਤੀ ਪਰਿਵਾਰ ਹੈ। ਜਿਥੇ ਸਤਵੰਤ ਨੇ ਇਹਨਾਂ ਪਰਿਵਾਰਾਂ ਦੀ ਮੱਦਦ ਕੀਤੀ ਉਥੇ ਇਹਨਾਂ ਪਰਿਵਾਰਾਂ ਨੇ ਵੀ ਸਤਵੰਤ ਨੂੰ ਆਰਥਿਕ ਅਤੇ ਸਮਾਜਿਕ ਪੱਖੋਂ ਸਥਾਪਿਤ ਕਰਨ ਵਿਚ ਪੂਰੀ ਵਾਹ ਲਾ ਦਿੱਤੀ।

### ਸਤਵੰਤ ਦਾ ਸਮਾਜਿਕ ਜੀਵਨ

ਸਤਵੰਤ ਵਿਚ ਜਜ਼ਬਾ ਅਤੇ ਜੋਸ਼ ਬਹੁਤ ਸੀ। ਮੈਨੂੰ ਯਾਦ ਹੈ ਜਦੋਂ ਮੈਂ 1965 ਦੀ ਲੜਾਈ ਵਿਚ ਖੇਮਕਰਨ ਦੇ ਇਲਾਕੇ ਵਿਚ ਦੋ ਮਹਾਰ ਰੈਜੀਮੈਂਟ ਦਾ ਹਿੱਸਾ ਬਣ ਕੇ ਲੜਾਈ ਵਿਚ ਸ਼ਾਮਿਲ ਸੀ, ਉਸ ਵੇਲੇ ਸਤਵੰਤ ਸਾਡੇ ਨਜ਼ਦੀਕੀ ਰਿਸ਼ਤੇਦਾਰ ਸ. ਜਗਵੰਤ ਸਿੰਘ ਢਿੱਲੋਂ ਸੈਸ਼ਨ ਜੱਜ ਅੰਮ੍ਰਿਤਸਰ ਕੋਲ ਰਹਿ ਰਿਹਾ ਸੀ ਅਤੇ 4 ਐੱਸ ਸਕੂਲ ਵਿਚ ਪੜ੍ਹ ਰਿਹਾ ਸੀ। ਜੱਜ ਸਾਹਿਬ ਵੀ ਬਹੁਤ ਪਾਠ ਪੂਜਾ ਕਰਨ ਵਾਲੇ ਇਨਸਾਨ ਸਨ ਅਤੇ ਸਤਵੰਤ ਵੀ ਬਹੁਤ ਪਾਠ ਪੂਜਾ ਕਰਦਾ ਸੀ। ਸਤਵੰਤ ਜੱਜ ਸਾਹਿਬ ਨੂੰ ਕਹਿਣ ਲੱਗਾ ਕਿ ਅਮਰਜੀਤ ਘੇਰੇ ਵਿਚ ਹੈ। ਉਸ ਲਈ ਮੈਂ ਸਾਰੀ ਰਾਤ ਪਾਠ ਕਰਦਾ ਰਿਹਾ। ਜੱਜ ਸਾਹਿਬ ਪੁੱਛਣ ਲੱਗੇ ਕੀ ਤੂੰ ਅਮਰਜੀਤ ਨੂੰ ਬਚਾ ਲਿਆ ਹੈ। ਸਤਵੰਤ ਕਹਿਣ ਲੱਗਾ ਜੀ ਹਾਂ। ਇਹ ਗੱਲ ਮੈਨੂੰ ਉਦੋਂ ਪਤਾ ਲੱਗੀ ਜਦੋਂ ਲੜਾਈ ਖਤਮ ਹੋਣ ਤੋਂ ਬਾਅਦ ਕੁਝ ਦਿਨਾਂ ਬਾਅਦ ਮੈਂ ਜੱਜ ਸਾਹਿਬ ਨੂੰ ਅੰਮ੍ਰਿਤਸਰ ਮਿਲਣ ਲਈ ਗਿਆ।

ਸਤਵੰਤ ਕਦੇ ਕਿਸੇ ਦਾ ਅਹਿਸਾਨ ਨਹੀਂ ਸੀ ਭੁੱਲਦਾ। ਇਕ ਵਾਰ ਸਤਵੰਤ ਮੇਰੇ ਕੋਲ ਕਾਲਕਾ ਆਇਆ, ਜਿਥੇ ਮੈਂ ਮਿਲਟਰੀ ਪੁਲਿਸ ਵਿਚ ਲੱਗਾ ਹੋਇਆ ਸੀ। ਉਸ ਨੇ ਮੇਰੇ ਤੋਂ 100 ਰੁਪਏ ਮੰਗੇ ਜੋ ਮੈਂ ਉਸ ਨੂੰ ਦੇ ਦਿੱਤੇ।

ਜਦੋਂ ਮੈਂ ਦੋ ਮਹੀਨੇ ਦੀ ਛੁੱਟੀ ਲੈ ਕੇ ਅਮਰੀਕਾ ਇਹ ਦੇਖਣ ਗਿਆ ਸੀ ਕਿ ਕੀ ਸਾਨੂੰ ਅਮਰੀਕਾ ਜਾਣਾ ਚਾਹੀਦਾ ਹੈ। ਮੈਨੂੰ ਇਕੱਲਾ ਦੇਖ ਕੇ ਸਤਵੰਤ ਨੇ ਕਿਹਾ ਕਿ ਇਕ ਵਾਰ ਮੈਂ ਤੁਹਾਡੇ ਕੋਲ ਆਇਆ ਸੀ ਅਤੇ ਮੈਂ ਤੁਹਾਡੇ ਤੋਂ 100 ਰੁਪਏ ਮੰਗੇ ਸੀ। ਤੁਸੀਂ ਇਹ ਵੀ ਨਹੀਂ ਪੁੱਛਿਆ ਕਿ ਕਿਸ ਕੰਮ ਵਾਸਤੇ ਪੈਸੇ ਚਾਹੀਦੇ ਹਨ। ਮੈਂ ਤੁਹਾਨੂੰ ਕੁਝ ਪੈਸੇ ਮੋੜਨੇ ਚਾਹੁੰਦਾ ਹਾਂ, ਨਾਹ ਨਾ ਕਰਨਾ। ਉਸ ਨੇ 100 ਡਾਲਰ ਦਾ ਨੋਟ ਮੈਨੂੰ ਦੇ ਦਿੱਤਾ। ਜਦੋਂ ਅਸੀਂ 1993 ਵਿਚ ਛੁੱਟੀਆਂ ਲੈ ਕੇ ਪੰਜ ਸਾਲਾਂ ਲਈ ਅਮਰੀਕਾ ਗਏ ਤਾਂ ਉਸ ਨੂੰ ਉਤਸੁਕਤਾ ਹੁੰਦੀ ਸੀ ਕਿ ਮੈਂ ਤੁਹਾਡੀ ਕੁਝ ਮੱਦਦ ਕਰਨੀ ਚਾਹੁੰਦਾ ਹਾਂ। ਦੋ ਤਿੰਨ ਵਾਰ ਬਿਜ਼ਨਸ ਲਈ ਸਾਨੂੰ ਉਸ ਤੋਂ ਕੁਝ ਪੈਸਿਆਂ ਦੀ ਲੋੜ ਪਈ ਅਤੇ ਉਸ ਨੇ ਸਾਡੀ ਮੱਦਦ ਕੀਤੀ। ਅਸੀਂ ਜਦ ਵੀ ਪੈਸੇ ਵਾਪਸ ਕਰਨ ਜਾਂਦੇ ਸੀ ਤਾਂ ਉਸ ਦੀ ਪਤਨੀ ਸਤਪਾਲ ਨੂੰ ਸਾਹਮਣੇ ਬੁਲਾ ਕੇ ਦੱਸਦੇ ਸੀ ਕਿ ਇਹ ਪੈਸੇ ਅਸੀਂ ਲਏ ਸੀ ਅਤੇ ਹੁਣ ਵਾਪਸ ਕਰ ਰਹੇ ਹਾਂ ਅਤੇ ਹੋਰ ਕੋਈ ਹਿਸਾਬ ਬਾਕੀ ਨਹੀਂ ਹੈ।




ਮੇਰੇ ਨਾਨਕੇ ਅੱਛੇ ਜ਼ਿੰਮੀਦਾਰ ਹਨ। ਉਹਨਾਂ ਨੂੰ ਕਿਸੇ ਪ੍ਰਕਾਰ ਦੀ ਆਰਥਿਕ ਮੱਦਦ ਦੀ ਲੋੜ ਨਹੀਂ ਹੈ। ਫਿਰ ਵੀ ਜਦ ਸਤਵੰਤ ਉਹਨਾਂ ਦੇ ਕਿਸੇ ਵਿਆਹ ਆਦਿਕ ਤੇ ਜਾਂਦਾ ਤਾਂ ਕਾਫੀ ਪੈਸੇ ਖਰਚ ਆਉਂਦਾ ਸੀ। ਉਸ ਨੇ ਆਪਣੇ ਜੀਵਨ ਵਿਚ ਕਈ ਰਿਸ਼ਤੇ ਵੀ ਕਰਵਾਏ। ਇਸ ਤਰ੍ਹਾਂ ਹੀ ਜਦੋਂ ਉਹ ਸਾਡੇ ਜੱਦੀ ਪਿੰਡ ਦੁਗਾਲ ਆਉਂਦਾ ਤਾਂ ਸਾਡੇ ਪੁਰਾਣੇ ਪੜੋਸੀ ਸ. ਬਲਦੇਵ ਸਿੰਘ ਅਤੇ ਭਰਪੂਰ ਸਿੰਘ ਨੂੰ ਜ਼ਰੂਰ ਮਿਲਣ ਜਾਂਦਾ। ਉਹ ਸਾਡੇ ਦੁਗਾਲ ਪਿੰਡ ਦਾ ਹਰਮਨ ਪਿਆਰਾ ਵਿਅਕਤੀ ਸੀ। ਲੋਕਾਂ ਨੇ ਪਿਆਰ ਨਾਲ ਉਸ ਦਾ ਨਾਮ ਬਾਦਲ ਸਰਕਾਰ ਰੱਖਿਆ ਹੋਇਆ ਸੀ। ਸਤਵੰਤ ਹਮੇਸ਼ਾਂ ਵੱਡੀ ਗੱਲ ਕਰਦਾ ਸੀ। ਵੱਡੀ ਸੋਚ ਕਰਕੇ ਹੀ ਉਸ ਨੇ ਇੰਨੀ ਤਰੱਕੀ ਕੀਤੀ।

ਅਮਰੀਕਾ ਵਿਚ ਲੋਕ ਕਹਿ ਦਿੰਦੇ ਗਿਆਨੀ ਜੀ ਤੁਸੀਂ ਬਹੁਤ ਖੁਸ਼ਕਿਸਮਤ ਹੋ। ਤੁਹਾਡੇ ਕਾਰੋਬਾਰ ਬਹੁਤ ਵੱਧ ਫੁਲ ਰਹੇ ਹਨ। ਉਹ ਇਸ ਗੱਲ ਦਾ ਸਿੱਧਾ ਜਿਹਾ ਜਵਾਬ ਦੇ ਦਿੰਦਾ ਕਿ ਮੈਂ ਗੁਰੂ ਦੀ ਸੇਵਾ ਕਰਦਾ ਹਾਂ ਅਤੇ ਗੁਰੂ ਮੇਰੀ।

ਸਤਵੰਤ ਦੂਜੇ ਦੀ ਮੱਦਦ ਕਰਨ ਲਈ ਕਿਸੇ ਵੀ ਹੱਦ ਤੱਕ ਜਾ ਸਕਦਾ ਸੀ। ਪਟਿਆਲੇ ਆ ਕੇ ਉਹ ਆਪਣੇ ਪੁਰਾਣੇ ਅਧਿਆਪਕ ਡਾਕਟਰ ਰਣਬੀਰ ਸਿੰਘ ਸਰਾਓ ਨੂੰ ਮਿਲਣਾ ਨਹੀਂ ਭੁਲਦਾ ਸੀ। ਪਿਤਾ ਜੀ ਦੀ ਮੌਤ ਤੋਂ ਬਾਅਦ ਜਦੋਂ ਤਿੰਨੇ ਭਰਾਵਾਂ ਨੇ ਪਟਿਆਲੇ ਦਾ ਮਕਾਨ ਅਤੇ ਪਿੰਡ ਦੀ ਜ਼ਮੀਨ ਵੰਡੀ ਤਾਂ ਸਤਵੰਤ ਨੇ ਪਿੰਡ ਦੇ ਮੋਹ ਕਰਕੇ ਪਿੰਡ ਦੀ ਸਾਰੀ ਜ਼ਮੀਨ ਜੋ ਕਿ 18 ਕਿੱਲੇ ਸੀ ਚੁੱਕ ਲਈ।

ਪਟਿਆਲੇ ਦਾ ਮਕਾਨ ਡਾ. ਜਗਜੀਤ ਲਈ ਛੱਡ ਦਿੱਤਾ ਅਤੇ ਤੀਜੇ ਭਰਾ ਗੁਰਵੰਤ ਨੂੰ ਡਾਲਰ ਦੇ ਕੇ ਹਿਸਾਬ ਬਰਾਬਰ ਕਰ ਦਿੱਤਾ। ਸ਼ਹੀਦ ਹੋਣ ਤੋਂ ਪਹਿਲਾਂ ਸਤਵੰਤ ਪਿੰਡ ਰਹਿਣ ਦੀ ਯੋਜਨਾ ਬਣਾ ਰਿਹਾ ਸੀ। ਦੁਗਾਲ ਦੇ ਕਈ ਘਰ ਪਟਿਆਲੇ ਰਹਿੰਦੇ ਹਨ। ਉਹ ਸਾਰਿਆਂ ਨੂੰ ਹੀ ਮਿਲ ਕੇ ਜਾਂਦਾ ਸੀ। ਸਾਡੇ ਦੋ ਚਾਚਾ ਜੀ ਦੇ ਤਿੰਨ ਲੜਕੇ ਪਟਿਆਲਾ ਹੀ ਰਹਿੰਦੇ ਹਨ। ਸ. ਨਿਰਪਾਲ ਸਿੰਘ ਸ. ਤਜਿੰਦਰ ਸਿੰਘ ਅਤੇ ਮੇਜਰ ਰਸ਼ਵਿੰਦਰ ਸਿੰਘ। ਉਹ ਸਭ ਨੂੰ ਘਰ ਜਾ ਕੇ ਮਿਲਦਾ ਸੀ। ਸਾਡੀ ਭੂਆ ਦੇ ਤਿੰਨ ਪੁੱਤਰ ਪਟਿਆਲਾ ਰਹਿੰਦੇ ਹਨ। ਉਹਨਾਂ ਦੇ ਨਾਮ ਸ. ਸਤਵਿੰਦਰ ਸਿੰਘ, ਸ. ਤਜਿੰਦਰ ਸਿੰਘ ਅਤੇ ਸ. ਹਰਿੰਦਰ ਸਿੰਘ ਸਿੱਧੂ। ਸਤਵੰਤ ਇਹਨਾਂ ਨੂੰ ਵੀ ਮਿਲ ਕੇ ਜਾਂਦਾ ਸੀ।

ਸਤਵੰਤ ਹਰ ਇਕ ਰਿਸ਼ਤੇਦਾਰ ਦੇ ਦੁੱਖ-ਸੁੱਖ ਵਿਚ ਪਹੁੰਚਦਾ ਸੀ। ਉਹ ਇਕ ਭਾਗਸ਼ਾਲੀ ਵਿਅਕਤੀ ਸੀ। ਜਿਸ ਨੇ ਸਾਰੀ ਉਮਰ ਲੋਕਾਂ ਦਾ ਭਲਾ ਕੀਤਾ ਅਤੇ ਗੁਰਦੁਆਰਾ ਸਾਹਿਬ ਦੀ ਸੇਵਾ ਕੀਤੀ। ਕਈ ਵਾਰ ਪਾਠ ਕਰਦਿਆਂ ਬਚਪਨ ਤੋਂ ਹੀ ਉਸ ਦੀ ਲਿਵ ਲੱਗ ਜਾਂਦੀ ਸੀ। ਜਿਸ ਤਰ੍ਹਾਂ ਸਤਵੰਤ ਪ੍ਰਧਾਨਗੀ ਦਾ ਫਰਜ਼ ਨਿਭਾਉਂਦਿਆਂ ਬਹਾਦਰੀ ਨਾਲ ਸ਼ਹੀਦ ਹੋਇਆ ਅਤੇ ਆਖਰੀ ਸਵਾਸਾਂ ਤੱਕ ਵਾਹਿਗੁਰੂ ਦਾ ਨਾਮ ਨਹੀਂ ਭੁੱਲਿਆ ਉਹ ਜੀਵਨ ਬੇਮਿਸਾਲ ਹੈ। ਸਤਵੰਤ ਨੇ ਇਤਿਹਾਸ ਪੜ੍ਹਿਆ ਹੀ ਨਹੀਂ ਸਗੋਂ ਇਤਿਹਾਸ ਅਨੁਸਾਰ ਜੀਵਿਆ ਅਤੇ ਮਰਿਆ ਹੈ।

(ਚਲਦਾ)




Living Benefit Life Insurance
Life Insurance You Don't Have To Die To Use.
ONE COMPLETE PLAN FOR LIFE'S "WHAT IF'S"
Income replacement when you need it the most when you:
GET SICK
Heart attack, stroke, cancer, terminal illness or chronic illness, etc.
LIVE TOO LONG
Receive tax-free retirement income.
DIE TOO SOON
Leave a legacy for your loved ones.
Contact me for a free consultation. See if you can qualify for these great benefits.
SNEHA SINGH
Independent Life Insurance Specialist
MN Life License # 40772204
(763) 221-6564
https://snehalata.freedomequitygroup.com
FREEDOM EQUITY GROUP



ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਗੁਰਦੁਆਰੇ ਗੁਰਮਤਿ ਦੀ ਵਿਚਾਰ ਅਤੇ ਸੋਝੀ ਪ੍ਰਾਪਤ ਲਈ ਟਕਸਾਲ, ਧਰਮਸਾਲ ਜਾਂ ਗੁਰਦੁਆਰਾ ਹੈ। ਇਸ ਦੀ ਸਥਾਪਨਾ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਖ਼ੁਦ ਕੀਤੀ। ਆਪਣੀਆਂ ਉਦਾਸੀਆਂ ਦੇ ਦੌਰਾਨ ਗੁਰੂ ਸਾਹਿਬ ਨੇ ਖ਼ੁਦ ਥਾਂ ਥਾਂ ਸੰਗਤਾਂ ਕਾਇਮ ਕੀਤੀਆਂ-ਛੋਟੀ ਸੰਗਤ, ਬੜੀ ਸੰਗਤ, ਕੱਚੀ ਸੰਗਤ, ਪੱਕੀ ਸੰਗਤ ਆਦਿ। ਸੰਗਤੀ ਰੂਪ ਵਿਚ ਇਹ ਜੋੜ ਮੇਲ ਦੇ ਸਥਾਨ ਹਨ। ਇਸ ਮੱਦੇ ਦੇ ਦੋ ਲੁਕਤੇ ਹਲ-1. ਸਾਧ ਸੰਗਤ ਅਤੇ 2. ਗੁਰਦੁਆਰਿਆਂ ਦੇ ਦਰਸ਼ਨ।

**1. ਸਾਧ ਸੰਗਤ**

**''ਇਕੁ ਸਿਖੁ ਦੁਇ ਸਾਧਸੰਗੁ ਪੰਜੀਂ ਪਰਮੇਸਰੁ।''** (ਵਾਰ 13) ਇਕੱਲੇ ਸਿੱਖ ਅਤੇ ਪੰਥ ਦੀ ਬੁਨਿਆਦ ਸੀ। ਇਸ ਲਈ ਸਾਧ ਸੰਗਤ ਦੀ ਸੰਸਥਾ ਗੁਰੂ ਸਾਹਿਬ ਵਲੋਂ ਦਿੱਤੀ ਗਈ। ''ਗੁਰੁ ਸੰਗਤਿ ਬਾਣੀ ਬਿਨਾ ਦੂਜੀ ਓਟ ਨਹੀਂ ਹੈ ਰਾਈ।' (ਵਾਰ 1, ਪਉੜੀ 42) ਗੁਰਮਤਿ ਦੇ ਪ੍ਰਕਾਸ਼ ਤੋਂ ਪਹਿਲਾਂ ਸੰਗਤੀ ਰੂਪ ਵਿਚ ਰੱਬੀ ਉਸਤਤਿ ਜਾਂ ਕੀਰਤਨ ਦੀ ਪ੍ਰੰਪਰਾ ਮੌਜੂਦ ਨਹੀਂ ਸੀ। ਪੁਰਾਤਨ ਭਾਰਤੀ ਚਿੰਤਨ ਮੁਤਾਬਕ ਭਜਨ ਅਤੇ ਭੋਜਨ ਇਕੱਲਿਆਂ ਅਤੇ ਓਹਲੇ ਹੋ ਕੇ ਕਰਨ ਦੀ ਮਰਯਾਦਾ ਸੀ। ਗੁਰੂ ਸਾਹਿਬ ਨੇ ਇਸ ਲਈ ਸੰਗਤ ਅਤੇ ਪੰਗਤ ਦੀ ਸ਼ੁਰੂਆਤ ਕੀਤੀ। ਮੰਦਿਰਾਂ ਵਿਚ ਮੂਰਤੀ ਦੇ ਦਰਸ਼ਨ ਅਤੇ ਪੂਜਾ-ਅਰਚਨਾ ਦਾ ਵਿਧਾਨ ਸੀ। ਅਲਬੱਤਾ ਬੋਧੀ ਪ੍ਰੰਪਰਾ ਵਿਚ ਸੰਘ ਦੇ ਹਵਾਲੇ ਮਿਲਦੇ ਹਨ ਜਿਨ੍ਹਾਂ ਵਿਚ ਸਮਾਜਿਕ ਅਤੇ ਆਤਮਿਕ ਵਿਚਾਰਾਂ ਲਈ ਇਕਤ੍ਰਤਾਵਾਂ ਤਾਂ ਸਨ ਪਰ ਇਨ੍ਹਾਂ ਵਿਚ ਪ੍ਰਮਾਤਮਾ ਦੀ ਉਸਤਤਿ ਜਾਂ ਵਿਚਾਰ ਨਹੀਂ ਸੀ ਹੁੰਦੀ।

ਇਸਦੇ ਨਾਲ ਹੀ ਹਰ ਭੀੜ ਜਾਂ ਇਕੱਠ ਨੂੰ ਸੰਗਤ ਨਹੀਂ ਕਿਹਾ ਗਿਆ। ਕੇਵਲ ਉਹ ਇਕੱਤ੍ਰਤਾ ਜਿਸ ਵਿਚ ਕੇਵਲ ਇਕ ਅਕਾਲ ਪੁਰਖ ਦੀ ਕੀਰਤੀ, ਉਸਤਤਿ ਅਤੇ ਅਰਾਧਨਾ ਕੀਤੀ ਜਾਏ ਉਸ ਜੋੜ ਮੇਲ ਨੂੰ ਸੰਗਤ ਦਾ ਰੁਤਬਾ ਦਿੱਤਾ ਗਿਆ। ਜੇ ਇਹ ਨਹੀਂ ਹੈ ਤਾਂ ਫਿਰ ਜੋੜ ਮੇਲ ਨਹੀਂ ਕੇਵਲ ਮੇਲਾ ਹੀ ਹੋ ਕੇ ਰਹਿ ਜਾਂਦਾ ਹੈ।

**ਸਤਸੰਗਤਿ ਕੈਸੀ ਜਾਣੀਐ ॥**
**ਜਿਥੈ ਏਕੋ ਨਾਮੁ ਵਖਾਣੀਐ ॥**

(ਸਿਰੀ ਰਾਗੁ ਮ. ੧, ਅੰਗ ੭੨)

ਭਾਈ ਨੰਦ ਲਾਲ ਜੀ ਵੀ ਐਸੇ ਹਜੂਮ ਨੂੰ ਸੁਭਾਗਾ ਦੱਸਦੇ ਹਨ ਜੋ ਰੱਬ ਲਈ ਹੋਵੇ ਅਤੇ ਜੋ ਮਨ ਦੀਆਂ ਬਲਾਵਾਂ ਨੂੰ ਦੂਰ ਕਰਨ ਲਈ ਹੋਵੇ।

**ਆਂ ਹਜੂਮਿ ਖੁਸ਼ ਕਿ ਅਜ਼ ਬਹਿਰਿ ਖ਼ੁਦਾਸਤ**
**ਆਂ ਹਜੂਮਿ ਖ਼ੁਸ਼ ਕਿ ਅਜ਼ ਦਫ਼ਾਇ ਬਲਾਸਤ ॥੨੨॥**

ਇਲਾਹੀ ਫੁਰਮਾਨ ਹੈ :

**ਕਬੀਰ ਮਨੁ ਪੰਖੀ ਭਇਓ ਉਡਿ ਉਡਿ ਦਹ ਦਿਸ ਜਾਇ ॥**
**ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ ॥ ੮੬ ॥**

(ਸਲੋਕ ਕਬੀਰ ਜੀ, ਅੰਗ ੧੩੬੯

ਭਾਈ ਨੰਦ ਲਾਲ ਜੀ ਇਸ ਦੀ ਹੋਰ ਵਿਆਖਿਆ ਕਰਦੇ ਹਨ ਕਿ ਉਹ ਇਕੱਤ੍ਰਤਾ ਮੁਬਾਰਕ ਹੈ ਜਿਹੜੀ ਰੱਬੀ ਯਾਦ ਵਿਚ ਜੁੜਦੀ ਹੈ। ਪਰ ਜਿਹੜਾ ਇਕੱਠ ਸ਼ੈਤਾਨੀਅਤ ਅਤੇ ਭੈੜੇ ਵਿਚਾਰਾਂ ਲਈ ਹੁੰਦਾ ਹੈ ਉਹ ਬਦ ਹੈ :


**ਆਂ ਹਜੂਮ ਖੁਸ਼ ਕਿ ਬਹਿਰਿ ਯਾਦ ਊ-ਸਤ**
**ਆਂ ਹਜੂਮ ਖੁਸ਼ ਕਿ ਹੱਕ ਬੁਨਿਆਦਿ ਊ-ਸਤ ॥ ੨੩ ॥**
**ਆਂ ਹਜੂਮਿ ਬਦ ਕਿ ਸ਼ਸ਼ੈਤਾਨੀ ਬਵਦ**
**ਆਕਬਰ ਅਜ਼ ਵੈ ਪਸ਼ੇਮਾਨੀ ਬਦਵ ॥ ੨੪ ॥**

ਇਸ ਲਈ ਹਰ ਇਕੱਠ ਜਾਂ ਭੀੜ ਨੂੰ ਸੰਗਤ ਨਹੀਂ ਕਿਹਾ ਜਾ ਸਕਦਾ।

**ਕਾਹੂ ਕੀ ਸੰਗਤ ਮਿਲਿ ਜੀਵਨ ਮੁਕਤਿ ਹੁਇ**
**ਕਾਹੂ ਕੀ ਸੰਗਤਿ ਮਿਲਿ ਜਮੁਪੁਰਿ ਜਾਤ ਹੈ ॥੫੪੯ ॥**

ਇਸ ਤਰ੍ਹਾਂ ਸਰਕਾਰੀ ਜਾਂ ਰਾਜਨੀਤਕ ਪਾਰਟੀਆਂ ਦੇ ਇਕੱਠ ਨੂੰ ਸੰਗਤਿ ਨਹੀਂ ਕਿਹਾ ਜਾ ਸਕਦਾ ਅਤੇ ਨਾ ਹੀ 'ਰਾਸ਼ਟਰੀ ਸਿੱਖ ਸੰਗਤ' ਵੀ ਗੁਰਮਤਿ ਦੀ ਸੰਗਤ ਦੀ ਪਰਿਭਾਸ਼ਾ 'ਤੇ ਪੂਰਾ ਉਤਰਦੀ ਹੈ। ਸੰਗਤ ਦੀ ਮਹਾਨਤਾ ਬਾਰੇ ਭਾਈ ਗੁਰਦਾਸ ਜੀ ਕਬਿੱਤ ਵਿਚ ਜ਼ਿਕਰ ਕਰਦੇ ਹਨ ਕਿ ਜਿਵੇਂ ਧੋਤੇ ਬਿਨਾ ਕੱਪੜੇ ਮਲੀਨ ਹੁੰਦੇ ਹਨ, ਜਿਵੇਂ ਤੇਲ ਬਿਨਾਂ ਕੇਸ ਸਾਫ਼ ਨਹੀਂ ਹੁੰਦੇ, ਜਿਵੇਂ ਸਾਫ਼ ਕੀਤੇ ਬਿਨਾਂ ਦਰਪਣ ਜਾਂ ਸ਼ੀਸ਼ਾ ਕਿਸੇ ਕੰਮ ਦਾ ਨਹੀਂ ਹੁੰਦਾ, ਜਿਵੇਂ ਬਾਰਿਸ਼ ਬਿਨਾਂ ਖੇਤੀ ਨਹੀਂ ਫ਼ਲਦੀ, ਜਿਵੇਂ ਦੀਪਕ ਬਿਨਾਂ ਹਨੇਰਾ ਪਸਰਦਾ ਹੈ, ਜਿਵੇਂ ਲੂਣ ਅਤੇ ਘਿਉ ਬਿਨਾਂ ਭੋਜਨ ਸੁਆਦ ਨਹੀਂ ਹੁੰਦਾ। ਇਸੇ ਤਰ੍ਹਾਂ ਸਾਧ ਸੰਗਤ ਦੇ ਬਿਨਾਂ ਨਾ ਤਾਂ ਜਨਮ ਮਰਨ ਦਾ ਦੁਖ ਹੀ ਮਿਅਦਾ ਹੈ ਅਤੇ ਨਾ ਹੀ ਡਰ ਅਤੇ ਭਰਮ ਹੀ ਦੂਰ ਹੁੰਦਾ ਹੈ।

**ਜੈਸੇ ਜਲ ਧੋਏ ਬਿਨੁ ਅੰਬਰ ਮਲੀਨ ਹੋਤ**
**ਬਿਨੁ ਤੇਲ ਮੇਲੇ ਜੈਸੇ ਕਸਸ ਹੂ ਭਇਆਨ ਹੈ।**




**ਜੈਸੇ ਬਿਨੁ ਮਾਂਜੇ ਦਰਪਨ ਜੋਤਿ ਹੀਨ ਹੋਤ...**
**ਜੈਸੇ ਬਿਨੁ ਦੀਪਕੁ ਭਵਨ ਅੰਧਕਾਰ ਹੋਤ**
**ਲੋਨੇ ਘ੍ਰਿਤਿ ਬਿਨੁ ਜੈਸੇ ਭੋਜਨ ਸਮਾਨ ਹੈ।**
**ਤੈਸੇ ਬਿਨੁ ਸਾਧਸੰਗਤਿ ਜਨਮ ਮਰਨ ਦੁਖ**
**ਮਿਟਤ ਨ ਭੈ ਭਰਮ ਬਿਨੁ ਗੁਰ ਗਿਆਨ ਹੈ ॥੫੩੭ ॥**

(ਕਬਿੱਤ ਭਾਈ ਗੁਰਦਾਸ ਜੀ

ਇਸ ਮੱਦ ਰਾਹੀਂ ਸਾਧ ਸੰਗਤ ਦੇ ਰੂਪ ਵਿਚ ਇਕੱਤ੍ਰ ਹੋਣ ਦੀ ਮਰਯਾਦਾ ਦਰਸਾਈ ਗਈ ਹੈ। ਜੋ ਕੁਝ ਵੀ ਸਿੱਖ ਨੇ ਪ੍ਰਾਪਤ ਕਰਨਾ ਹੈ ਉਹ ਸੰਗਤ ਵਿਚੋਂ ਹੀ ਪ੍ਰਾਪਤ ਹੋਣਾ ਹੈ।

**2. ਗੁਰਦੁਆਰਿਆਂ ਦੇ ਦਰਸ਼ਨ**

"ਜਿਥੇ ਬਾਬਾ ਪੈਰੁ ਧਰਿ ਪੂਜਾ ਆਸਣੁ ਥਾਪਣਿ ਸੋਆ ॥ ੨੭ ॥" ਇਸ ਮੱਦ ਵਿਚ ਦੂਸਰਾ ਨੁਕਤਾ ਹੈ ਸਿੱਖ ਸੰਗਤਾਂ ਦੇ ਜੋੜ ਮੇਲ ਦੇ ਅਸਥਾਨਾਂ-ਗੁਰਦੁਆਰਿਆਂ ਦੇ ਦਰਸ਼ਨ ਕਰਨੇ। ਹਜ਼ੂਰ ਦਾ ਹੁਕਮ ਵੀ ਹੈ,

**ਜਿਥੈ ਜਾਇ ਬਹੈ ਮੇਰਾ ਸਤਿਗੁਰੂ**
**ਸੋ ਥਾਨੁ ਸੁਹਾਵਾ ਰਾਮ ਰਾਜੇ ॥**
**ਗੁਰਸਿਖੀ ਸੋ ਥਾਨ ਭਾਲਿਆ**
**ਲੈ ਧੂਰਿ ਮੁਖਿ ਲਾਵਾ ॥** (ਮ: ੪, ਅੰਗ ੪੫੦)

(ਅ) ਗੁਰਦੁਆਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਨਿਤਾ-ਪ੍ਰਤੀ ਹੋਵੇ। ਬਿਨਾ ਖਾਸ ਕਾਰਨ ਦੇ (ਜਦਕਿ ਪ੍ਰਕਾਸ਼ ਜਾਰੀ ਰੱਖਣ ਦੀ ਲੋੜ ਹੋਵੇ) ਰਾਤ ਨੂੰ ਪ੍ਰਕਾਸ਼ ਨਾ ਰਹੇ। ਆਮ ਤੌਰ 'ਤੇ ਰਹਰਾਸਿ ਦੇ ਪਾਠ ਮਗਰੋਂ ਸੁੱਖ ਆਸਨ ਕੀਤਾ ਜਾਵੇ। ਜਦ ਤੱਕ ਗ੍ਰੰਥੀ ਜਾਂ ਸੇਵਾਦਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਲਈ ਹਾਜ਼ਰ ਰਹਿ ਸਕੇ ਜਾਂ ਪਾਠੀਆਂ, ਦਰਸ਼ਨ ਕਰਨ ਵਾਲਿਆਂ ਦੀ ਆਵਾਜਾਈ ਰਹੇ ਜਾਂ ਬੇਅਦਬੀ ਦਾ ਖਤਰਾ ਨਾ ਹੋਵੇ, ਤਦ ਤੱਕ ਪ੍ਰਕਾਸ਼ ਰਹੇ। ਉਪਰੰਤ ਸੁੱਖ-ਆਸਨ ਕਰ ਦੇਣਾ ਉਚਿਤ ਹੈ, ਤਾਂ ਜੋ ਬੇਅਦਬੀ ਨਾ ਹੋਵੇ। (ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੨)

ਸਿੱਖ ਰਹਿਤ ਮਰਯਾਦਾ, 1936 ਵਿਚ ਇਹ ਮੱਦ ਇਸ ਤਰ੍ਹਾ ਸੀ :

(ਅ) ਗੁਰਦੁਆਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਨਿਤਾ-ਪ੍ਰਤੀ ਹੋਵੇ। ਬਿਨਾਂ ਖਾਸ ਕਾਰਨ ਦੇ (ਜਦਕਿ ਪ੍ਰਕਾਸ਼ ਜਾਰੀ ਰੱਖਣ ਦੀ ਲੋੜ ਹੋਵੇ) ਰਾਤ ਨੂੰ ਪ੍ਰਕਾਸ਼ ਨਾ ਰਹੇ। ਆਮ ਤੌਰ 'ਤੇ ਰਹਰਾਸਿ ਦੇ ਪਾਠ ਮਗਰੋਂ ਸੁੱਖ-ਆਸਨ ਕੀਤਾ ਜਾਵੇ। ਜਦ ਤੱਕ ਗ੍ਰੰਥੀ ਜਾਂ ਸੇਵਾਦਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਲਈ ਹਾਜ਼ਰ ਰਹਿ ਸਕੇ ਜਾਂ ਪਾਠੀਆਂ ਦਰਸ਼ਨੀਕਾਂ ਦੀ ਆਵਾਜਾਈ ਰਹੇ ਜਾਂ ਬੇਅਦਬੀ ਦਾ ਖਤਰਾ ਨਾ ਹੋਵੇ, ਤਦ ਤੱਕ ਪ੍ਰਕਾਸ਼ ਰਹੇ। ਉਪਰੰਤ ਸੁੱਖ-ਆਸਨ ਕਰ ਦੇਣਾ ਉਚਿਤ ਹੈ, ਤਾਂ ਜੋ ਬੇਅਦਬੀ ਨਾ ਹੋਵੇ। (ਸਿੱਖ ਰਹਿਤ ਮਰਯਾਦਾ, ੧੯੩੬, ਪੰਨਾ ੪)

**ਤਬਦੀਲੀ**

'ਦਰਸ਼ਨੀਕਾਂ ਦੀ ਆਵਾਜਾਈ' ਦੀ ਬਜਾਇ 'ਦਰਸ਼ਨ ਕਰਨ ਵਾਲਿਆਂ ਦੀ ਆਵਾਜਾਈ' ਕੀਤਾ ਗਿਆ ਹੈ।

**ਵਿਆਖਿਆ**

ਗੁਰਦੁਆਰੇ ਵਿਚ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਦਿਨ ਵੇਲੇ ਕਰਨ ਦੀ ਮਰਯਾਦਾ ਅਤੇ ਵਿਧੀ ਇਸ ਮੱਦ ਵਿਚ ਅੰਕਤ ਹੈ। ਗੁਰੂ ਗ੍ਰੰਥ ਸਾਹਿਬ ਦਸਾਂ ਪਾਤਸ਼ਾਹੀਆਂ ਦੀ ਪ੍ਰਤੱਖ ਜੋਤਿ ਹੈ। ਇਸ ਲਈ ਇਸ ਦਾ ਨਿਤਾ-ਪ੍ਰਤਿ ਪ੍ਰਕਾਸ਼ ਅਤੇ ਆਮ ਤੌਰ 'ਤੇ ਸ਼ਾਮ ਨੂੰ ਰਹਿਰਾਸ ਦੇ ਬਾਅਦ ਸੁੱਖ ਆਸਨ ਲਾਜ਼ਮੀ ਹੈ। ਇਹ ਪ੍ਰਕਾਸ਼ ਉਤਨੀ ਦੇਰ ਤੱਕ ਕੀਤਾ ਜਾਏ ਜਿਤਨੀ ਦੇਰ ਸੰਗਤ ਦੀ ਹਾਜ਼ਰੀ ਜਾਂ ਦੀਵਾਨ ਹੋਏ।

ਅੱਜ ਕੱਲ੍ਹ ਕਈ ਥਾਵੇਂ ਗੁਰੂ ਗ੍ਰੰਥ ਸਾਹਿਬ ਜੀ ਦੀ ਬੇ-ਹੁਰਮਤੀ ਦੀਆਂ ਬਹੁਤ ਘਟਨਾਵਾਂ ਹੋ ਰਹੀਆਂ ਹਨ। ਇਸ ਲਈ ਜ਼ਰੂਰੀ ਹੈ ਕਿ ਜੇਕਰ ਕੋਈ ਸੇਵਾ ਲਈ ਹਾਜ਼ਰ ਨਾ ਹੋਏ ਤਾਂ ਫਿਰ ਸੁਖ-ਆਸਨ ਕਰ ਦਿੱਤਾ ਜਾਣਾ ਚਾਹੀਦਾ ਹੈ।

(ਚਲਦਾ)

# ਅਮਰੀਕਾ : ਵਰਿੰਦਰ ਸਿੰਘ ਬਣੇ ਮਨੁੱਖੀ ਅਧਿਕਾਰਾਂ ਦੇ ਸਰਟੀਫਾਈਡ ਸਲਾਹਕਾਰ

ਵਾਸ਼ਿੰਗਟਨ : ਅਮੇਜ਼ਿੰਗ ਟੀਵੀ ਦੇ ਮੈਨੇਜਿੰਗ ਡਾਇਰੈਕਟਰ ਅਤੇ 'ਸਿੱਖਸ ਆਫ ਅਮਰੀਕਾ' ਦੇ ਕੁਆਰਟੀਨੇਡਰ ਵਰਿੰਦਰ ਸਿੰਘ ਨੇ ਹਾਲ ਹੀ ਵਿੱਚ ਵਾਸ਼ਿੰਗਟਨ, ਡੀ.ਸੀ. ਵਿੱਚ ਅਮਰੀਕੀ ਇੰਸਟੀਚਿਊਟ ਆਫ ਡਿਪਲੋਮੇਸੀ ਐਂਡ ਹਿਊਮਨ ਰਾਈਟਸ ਨਾਲ ਪ੍ਰਮਾਣਿਤ ਮਨੁੱਖੀ ਅਧਿਕਾਰ ਸਲਾਹਕਾਰ ਬਣਨ ਲਈ ਲੋੜੀਂਦੀ ਸਿਖਲਾਈ ਪੂਰੀ ਕੀਤੀ ਹੈ ਤੇ ਮਨੁੱਖੀ ਅਧਿਕਾਰਾਂ ਨੂੰ ਅੱਗੇ ਵਧਾਉਣ ਲਈ ਯੋਗ ਸਲਾਹਕਾਰ ਵਜੋਂ ਮਾਨਤਾ ਪ੍ਰਾਪਤ ਕਰ ਲਈ ਹੈ। ਜ਼ਿਕਰਯੋਗ ਹੈ ਕਿ ਯੂ.ਐਸ. ਇੰਸਟੀਚਿਊਟ ਆਫ ਡਿਪਲੋਮੇਸੀ ਐਂਡ ਹਿਊਮਨ ਰਾਈਟਸ ਵਿਸ਼ਵ ਪੱਧਰ 'ਤੇ ਮਨੁੱਖੀ ਅਧਿਕਾਰਾਂ ਦੀ ਪ੍ਰਭਾਵਸ਼ਾਲੀ ਢੰਗ ਨਾਲ ਵਕਾਲਤ ਲਈ ਵਿਸ਼ੇਸ਼ ਤੌਰ 'ਤੇ ਸਿੱਖਿਆ ਦਿੰਦਾ ਹੈ ਅਤੇ ਸੰਬੰਧਤ ਗਿਆਨ ਨਾਲ ਲੈਸ ਕਰਦਾ ਹੈ।

ਸ. ਵਰਿੰਦਰ ਸਿੰਘ ਨੇ ਬਹੁਤ ਹੀ ਮਹਾਰਤ ਨਾਲ ਇਸ ਵਿੱਚ ਸਫਲਤਾ ਪ੍ਰਾਪਤ ਕੀਤੀ ਹੈ ਅਤੇ ਮਨੁੱਖੀ ਅਧਿਕਾਰ ਵਿੱਚ ਵਚਨਬੱਧਤਾ ਦਾ ਸਬੂਤ ਦਿੱਤਾ ਹੈ। ਸ. ਵਰਿੰਦਰ ਸਿੰਘ 'ਸਿੱਖਸ ਆਫ ਅਮੈਰਿਕਾ' ਸੰਸਥਾ ਰਾਹੀਂ ਅਮਰੀਕਾ ਵਿੱਚ ਸਿੱਖਾਂ ਭਾਈਚਾਰੇ ਨੂੰ ਦਰਪੇਸ਼ ਚੁਣੌਤੀਆਂ ਬਾਰੇ ਜਾਗਰੂਕ ਕਰਨ ਅਤੇ ਉਨ੍ਹਾਂ ਦੇ ਹੱਕਾਂ ਦੀ ਵਕਾਲਤ ਕਰਨ ਵਿੱਚ ਸਰਗਰਮੀ ਨਾਲ ਆਪਣਾ ਯੋਗਦਾਨ ਪਾਉਦੇ ਰਹਿੰਦੇ ਹਨ। ਅਮੇਜ਼ਿੰਗ ਟੀਵੀ ਦੇ ਮੈਨੇਜਿੰਗ ਡਾਇਰੈਕਟਰ ਅਤੇ ਸਿੱਖਸ ਆਫ ਅਮਰੀਕਾ ਦੇ ਕੁਆਡੀਨੇਟਰ ਵਜੋਂ ਆਪਣੀਆਂ ਅਣਥੱਕ ਸੇਵਾਵਾਂ ਨਿਭਾਅ ਰਹੇ ਸ. ਵਰਿੰਦਰ ਸਿੰਘ ਦਾ ਸਿੱਖ ਭਾਈਚਾਰੇ ਵਿੱਚ ਆਪਣਾ ਸਥਾਨ ਹੈ ਅਤੇ ਉਹ ਸਿੱਖ ਭਾਈਚਾਰੇ ਦੀ ਬੇਹਤਰੀ ਲਈ ਹਮੇਸ਼ਾਂ ਸਰਗਰਮ ਰਹਿੰਦੇ ਹਨ। ਮਨੁੱਖੀ ਅਧਿਕਾਰਾਂ ਦੀ ਬਕਾਇਦਾ ਸਿੱਖਿਆ ਹਾਸਲ ਕਰਕੇ ਹੁਣ ਉਹ ਹੋਰ ਮੁਹਾਰਤ ਅਤੇ ਮਜ਼ਬੂਤੀ ਨਾਲ ਸਿੱਖ ਭਾਈਚਾਰੇ ਦੇ ਮਨੁੱਖੀ ਅਧਿਕਾਰਾਂ ਦੀ ਸੇਵਾ ਕਰ ਸਕਦੇ ਹਨ। ਇਸ ਖੁਸ਼ੀ ਦੇ ਮੌਕੇ ਸ. ਵਰਿੰਦਰ ਸਿੰਘ ਨੇ ਧੰਨਵਾਦ ਪ੍ਰਗਟ ਕਰਦਿਆਂ ਕਿਹਾ, "ਮੈਂ ਮਨੁੱਖੀ ਅਧਿਕਾਰਾਂ ਦੀ ਸਿੱਖਿਆ ਪ੍ਰਾਪਤ ਕਰਕੇ ਇੱਕ ਪ੍ਰਮਾਣਿਤ ਮਨੁੱਖੀ ਅਧਿਕਾਰ ਸਲਾਹਕਾਰ ਬਣਨ ਲਈ ਮਾਣ ਮਹਿਸੂਸ ਕਰ ਰਿਹਾ ਹਾਂ। ਮੇਰਾ ਮੰਨਣਾ ਹੈ ਕਿ ਸਿੱਖਿਆ ਅਤੇ ਜਾਗਰੂਕਤਾ ਦੋਵੇਂ ਹੀ ਮਹੱਤਵਪੂਰਨ ਕਾਰਜ ਹਨ ਇਸ ਰਾਹੀਂ ਮਨੁੱਖੀ ਅਧਿਕਾਰਾਂ ਦੀ ਵਕਾਲਤ ਕਰਨ ਦੀ ਮੇਰੀ ਵਚਨਬੱਧਤਾ ਨੂੰ ਹੋਰ ਮਜ਼ਬੂਤੀ ਮਿਲੀ ਹੈ।" ਉਨ੍ਹਾਂ ਕਿਹਾ ਕਿ ਮਨੁੱਖਤਾ ਦੀ ਬੇਹਤਰੀ ਲਈ ਵਿਸ਼ਵਵਿਆਪੀ ਪੱਧਰ ਤੇ ਬੇਸ਼ੁਮਾਰ ਯਤਨ ਹੁੰਦੇ ਹਨ, ਜਿਸ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨਾ ਮੇਰਾ ਮੁੱਖ ਮਕਸਦ ਹੋਵੇਗਾ। ਇਸ ਖੁਸ਼ੀ ਦੇ ਮੌਕੇ ਸ. ਵਰਿੰਦਰ ਸਿੰਘ ਨਾਲ ਅਲੀਸਾ ਪੁਲੀਵਰਤੀ ਮੁੱਖ ਕਾਰਜਕਾਰੀ ਅਧਿਕਾਰੀ ਯੂ.ਐੱਸ ਇੰਡੀਆ (ਐਸ.ਐਮ.ਈ. ਕੌਂਸਲ) ਅਤੇ ਜਸਦੀਪ ਸਿੰਘ ਜੇਸੀ ਚੇਅਰਮੈਨ ਸਿੱਖਸ ਆਫ ਅਮਰੀਕਾ ਵੀ ਹਾਜ਼ਰ ਸਨ।



# ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਪੁਰਬ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਜਾਇਆ ਨਗਰ ਕੀਰਤਨ





ਅੰਮ੍ਰਿਤਸਰ : ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਪੁਰਬ ਦੇ ਸੰਬੰਧ 'ਚ ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਕੱਢਿਆ ਗਿਆ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਹੇਠ ਪੰਜਾਂ ਪਿਆਰਿਆਂ ਦੀ ਅਗਵਾਈ 'ਚ ਇਹ ਨਗਰ ਕੀਰਤਨ ਵੱਖ-ਵੱਖ ਬਾਜ਼ਾਰਾਂ ਤੋਂ ਹੁੰਦਾ ਹੋਇਆ ਪੁਰਾਣੀ ਵਾਲ ਸਿਟੀ ਦੇ ਬਾਰਾਂ ਦਰਵਾਜ਼ਿਆਂ ਰਾਹੀਂ ਪਰਿਕਰਮਾ ਕਰਕੇ ਗੁਰਦੁਆਰਾ ਗੁਰੂ ਕੇ ਮਹਿਲ ਵਿਖੇ ਸਮਾਪਤ ਹੋਵੇਗਾ। ਇਸ ਮੌਕੇ ਹਾਜ਼ਰ ਵੱਡੀ ਗਿਣਤੀ ਵਿਚ ਸੰਗਤਾਂ ਨੇ ਫੁੱਲਾਂ ਦੀ ਵਰਖਾ ਕਰਕੇ ਸ਼ਰਧਾ ਦਾ ਪ੍ਰਗਟਾਵਾ ਕੀਤਾ। ਨਗਰ ਕੀਰਤਨ ਦੇ ਨਾਲ ਚੱਲ ਰਹੀਆਂ ਸੰਗਤਾਂ ਲਈ ਵਿਸ਼ੇਸ਼ ਪ੍ਰਕਾਰ ਦੇ ਲੰਗਰ ਦਾ ਪ੍ਰਬੰਧ ਕੀਤਾ ਗਿਆ। ਇਸ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਈ ਸੁੰਦਰ ਪਾਲਕੀ ਸਜਾਈ ਗਈ। ਪਾਲਕੀ ਦੇ ਨਾਲ ਸੰਗਤਾਂ ਦਾ ਭਾਰੀ ਇਕੱਠ ਪੂਰੀ ਸ਼ਰਧਾ ਭਾਵਨਾ 'ਚ ਨਜ਼ਰ ਆਇਆ।

ਇਸ ਮੌਕੇ ਐੱਸਜੀਪੀਸੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਸਣੇ ਹੋਰ ਪੰਥਕ ਆਗੂ ਅਤੇ ਸੇਵਾਦਾਰ ਵੱਡੀ ਗਿਣਤੀ 'ਚ ਹਾਜ਼ਰ ਸਨ।





# ਗੁਰੂ ਤੇਗ ਬਹਾਦਰ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ ਨਗਰ ਕੀਰਤਨ



ਸ੍ਰੀ ਕੀਰਤਪੁਰ ਸਾਹਿਬ : ਗੁਰੂ ਤੇਗ ਬਹਾਦਰ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ ਸ਼੍ਰੋਮਣੀ ਕਮੇਟੀ ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਇਕ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਇਹ ਨਗਰ ਕੀਰਤਨ ਗੁਰਦੁਆਰਾ ਬਿਬਾਣਗੜ੍ਹ ਸਾਹਿਬ ਸ੍ਰੀ ਕੀਰਤਪੁਰ ਸਾਹਿਬ ਤੋਂ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ, ਪੰਜ ਨਿਸ਼ਾਨਚੀ ਸਿੰਘਾਂ ਦੀ ਅਗਵਾਈ ਹੇਠ ਸ਼ੁਰੂ ਹੋਇਆ, ਜੋ ਸ੍ਰੀ ਆਨੰਦਪੁਰ ਸਾਹਿਬ ਦੇ ਇਤਹਾਸਿਕ ਅਸਥਾਨ ਗੁਰਦੁਆਰਾ ਸੀਸ ਗੰਜ ਸਾਹਿਬ ਵਿੱਚ ਪੁੱਜ ਕੇ ਸਮਾਪਤ ਹੋਇਆ। ਇਸ ਤੋਂ ਪਹਿਲਾਂ ਗੁਰਦੁਆਰਾ ਬਿਬਾਣਗੜ੍ਹ ਸਾਹਿਬ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਦੀ ਸੰਪੂਰਨਤਾ ਦੇ ਭੋਗ ਪਾਏ ਗਏ। ਦੁਪਹਿਰ ਤੱਕ ਧਾਰਮਿਕ ਸਮਾਗਮ ਕਰਵਾਇਆ ਗਿਆ, ਜਿਸ ਵਿਚ ਪੰਥ ਦੇ ਪ੍ਰਸਿੱਧ ਰਾਗੀ, ਢਾਡੀ, ਕਵੀਸ਼ਰੀ ਜਥਿਆਂ ਵੱਲੋਂ ਕੀਰਤਨ, ਵਾਰਾਂ, ਕਥਾ ਨਾਲ ਸੰਗਤ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ, ਬਲਿਦਾਨ ਬਾਰੇ ਚਾਨਣਾ ਪਾਇਆ। ਇਸ ਮੌਕੇ ਤਖ਼ਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ, ਸ਼ ?ਰੋਮਣੀ ਕਮੇਟੀ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ ਆਦਿ ਨੇ ਸੰਗਤਾਂ ਨਾਲ ਧਾਰਮਿਕ ਵਿਚਾਰਾਂ ਦੀ ਸਾਂਝ ਪਾਈ। ਨਗਰ ਕੀਰਤਨ ਦੀ ਆਰੰਭਤਾ ਦੀ ਅਰਦਾਸ ਤਖਤ ਸ੍ਰੀ ਕੇਸਗੜ੍ਹ ਸਾਹਿਬ ਜੀ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਵੱਲੋਂ ਕੀਤੀ ਗਈ। ਨਗਰ ਕੀਰਤਨ ਦੇ ਅੱਗੇ 6 ਵੱਖ-ਵੱਖ ਸਕੂਲਾਂ ਦੀਆਂ ਬੈਂਡ ਪਾਰਟੀਆਂ ਮਧੁਰ ਧੁਨਾਂ ਵਜਾ ਕੇ ਰੂਹਾਨੀਅਤ ਦਾ ਮਹੌਲ ਸਿਰਜ ਰਹੀਆਂ ਸਨ। ਨਗਰ ਕੀਰਤਨ ਵਿਚ ਇਸਤਰੀ ਸਤਸੰਗ ਸਭਾ ਸ੍ਰੀ ਕੀਰਤਪੁਰ ਸਾਹਿਬ, ਇਸਤਰੀ ਸਤਸੰਗ ਸਭਾ ਸ੍ਰੀ ਆਨੰਦਪੁਰ ਸਾਹਿਬ ਦੀਆਂ ਬੀਬੀਆਂ ਸਮੇਤ ਸੈਂਕੜਿਆਂ ਦੀ ਤਦਾਦ ਵਿਚ ਸੰਗਤਾਂ ਸਤਿਨਾਮ ਵਾਹਿਗੁਰੂ ਦਾ ਜਾਪ ਅਤੇ ਕੀਰਤਨ ਕਰਦੀਆਂ ਚਲ ਰਹੀਆਂ ਸਨ।

ਅੰਬਾਲਾ ਛਾਉਣੀ ਦੀਆਂ ਸੰਗਤਾਂ ਵੱਲੋਂ ਅੱਜ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਵਸ ਦੇ ਸਬੰਧ ਵਿਚ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿਚ ਨਗਰ ਕੀਰਤਨ ਸਜਾਇਆ ਗਿਆ, ਜੋ ਗੁਰਦੁਆਰਾ ਸਿੰਘ ਸਭਾ ਗੋਬਿੰਦ ਨਗਰ ਤੋਂ ਸ਼ੁਰੂ ਹੋ ਕੇ ਸੁਭਾਸ਼ ਨਗਰ, ਟ੍ਰਿਬਿਊਨ ਕਲੋਨੀ, ਸੁਭਾਸ਼ ਪਾਰਕ ਅਤੇ ਛਾਉਣੀ ਦੇ ਮੁੱਖ ਬਜ਼ਾਰਾਂ ਵਿਚੋਂ ਹੁੰਦਾ ਹੋਇਆ ਦੇਰ ਸ਼ਾਮ ਨੂੰ ਪੰਜਾਬੀ ਗੁਰਦੁਆਰਾ ਸਾਹਿਬ ਵਿਖੇ ਪਹੁੰਚ ਕੇ ਸੰਪੂਰਨ ਹੋਇਆ। ਨਗਰ ਕੀਰਤਨ ਵਿੱਚ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਮੈਂਬਰ ਸੁਦਰਸ਼ਨ ਸਿੰਘ ਸਹਿਗਲ, ਭੁਪਿੰਦਰ ਸਿੰਘ ਬਿੰਦਰਾ ਅਤੇ ਟੀ.ਪੀ ਸਿੰਘ ਵੀ ਹੋਰ ਸੰਗਤਾਂ ਨਾਲ ਸ਼ਾਮਲ ਹੋਏ। ਗੁਰਦੁਆਰਾ ਕਮੇਟੀ ਦੇ ਪ੍ਰਧਾਨ ਅਤੇ ਹਰਿਆਣਾ ਕਮੇਟੀ ਦੇ ਮੈਂਬਰ ਸੁਦਰਸ਼ਨ ਸਿੰਘ ਸਹਿਗਲ ਨੇ ਖ਼ਾਲਸਾਈ ਬਾਣੇ ਵਿਚ ਸਜੇ ਸਕੂਲੀ ਵਿਦਿਆਰਥੀਆਂ ਨੂੰ ਸਿਰੋਪਾਓ ਭੇਟ ਕਰਕੇ ਸਨਮਾਨਿਤ ਕੀਤਾ। ਅੰਬਾਲਾ ਸ਼ਹਿਰ ਤੋਂ ਆਈ ਇੰਦਰਪਾਲ ਸਿੰਘ ਦੀ ਗਤਕਾ ਟੀਮ ਨੇ ਤਲਵਾਰਬਾਜ਼ੀ ਦੇ ਜੌਹਰ ਦਿਖਾਏ। ਸ਼ਰਧਾਲੂਆਂ ਅਤੇ ਸੰਗਠਨਾਂ ਵੱਲੋਂ ਥਾਂ ਥਾਂ ਪ੍ਰਸ਼ਾਦ ਦੇ ਸਟਾਲ ਲਾਏ ਗਏ। ਦੇਰ ਸ਼ਾਮ ਨੂੰ ਜਦੋਂ ਇਹ ਨਗਰ ਕੀਰਤਨ ਨਿਕਲਸਨ ਰੋਡ ਤੇ ਭਾਜਪਾ ਦੇ ਦਫ਼ਤਰ ਕੋਲ ਪਹੁੰਚਿਆ ਤਾਂ ਗ੍ਰਹਿ ਅਤੇ ਸਿਹਤ ਮੰਤਰੀ ਅਨਿਲ ਵਿੱਜ ਨੇ ਨਤਮਸਤਕ ਹੋ ਕੇ ਇਸ ਦਾ ਸਵਾਗਤ ਕੀਤਾ ਅਤੇ ਗੁਰੂ ਦਾ ਅਸ਼ੀਰਵਾਦ ਲਿਆ।

# ਮੋਦੀ ਸਰਕਾਰ ਵਲੋਂ ਲੋਕ ਸਭਾ ’ਚੋਂ ਵਿਰੋਧੀ ਧਿਰ ਦੇ 141 ਮੈਂਬਰ ਮੁਅੱਤਲ

## • ਭਾਜਪਾ ਇਸ ਦੇਸ਼ ’ਚ ਲੋਕਤੰਤਰ ਨੂੰ ਖਤਮ ਕਰਨਾ ਚਾਹੁੰਦੀ ਹੈ : ਮਲਿਕਾਰਜੁਨ ਖੜਗੇ

## • ਇਹ ਲੋਕ ਤਖਤੀਆਂ ਲਿਆ ਕੇ ਸਦਨ ਦੇ ਮੁਖੀ ਤੇ ਭਾਰਤ ਦੇ ਲੋਕਾਂ ਦੀ ਬੇਇੱਜ਼ਤੀ ਕਰ ਰਹੇ ਹਨ : ਬੀਜੇਪੀ

ਨਵੀਂ ਦਿੱਲੀ : ਲੋਕ ਸਭਾ ਤੇ ਰਾਜ ਸਭਾ ’ਚੋਂ ਬੀਤੇ ਦਿਨ ਵਿਰੋਧੀ ਧਿਰ ਦੇ 78 ਸੰਸਦ ਮੈਂਬਰਾਂ ਨੂੰ ਮੁਅੱਤਲ ਕੀਤੇ ਜਾਣ ਤੋਂ ਇੱਕ ਦਿਨ ਬਾਅਦ ਅੱਜ ਲੋਕ ਸਭਾ ਦੇ 49 ਦੇ ਕਰੀਬ ਹੋਰ ਮੈਂਬਰਾਂ ਨੂੰ ਸੰਸਦ ’ਚੋਂ ਮੁਅੱਤਲ ਕਰ ਦਿੱਤਾ ਗਿਆ ਹੈ ਜਿਸ ਨਾਲ ਸੰਸਦ ’ਚੋਂ ਮੁਅੱਤਲ ਕੀਤੇ ਵਿਰੋਧੀ ਧਿਰ ਦੇ ਮੈਂਬਰਾਂ ਦੀ ਗਿਣਤੀ ਵਧ ਕੇ 141 ਹੋ ਗਈ ਹੈ। ਦੂਜੇ ਪਾਸੇ ਕਾਂਗਰਸ ਨੇ ਦੋਸ਼ ਲਾਇਆ ਕਿ ਉਹ ਆਪਣੇ ਲੋਕ ਵਿਰੋਧੀ ਬਿੱਲਾਂ ਨੂੰ ਬਿਨਾਂ ਚਰਚਾ ਦੇ ਪਾਸ ਕਰਾਉਣ ਲਈ ਸਦਨ ’ਚੋਂ ਵਿਰੋਧੀ ਧਿਰ ਦਾ ਸਫਾਇਆ ਕਰ ਰਹੀ ਹੈ। ਸੰਸਦੀ ਮਾਮਲਿਆਂ ਬਾਰੇ ਮੰਤਰੀ ਪ੍ਰਹਿਲਾਦ ਜੋਸ਼ੀ ਨੇ ਸੰਸਦ ਮੈਂਬਰਾਂ ਨੂੰ ਮੁਅੱਤਲ ਕੀਤੇ ਜਾਣ ਦਾ ਮਤਾ ਪੇਸ਼ ਕਰਦਿਆਂ ਦੋਸ਼ ਲਾਇਆ ਕਿ ਲੰਘੀਆਂ ਵਿਧਾਨ ਸਭਾ ਚੋਣਾਂ ’ਚ ਮਿਲੀ ਹਾਰ ਤੋਂ ਪ੍ਰੇਸ਼ਾਨ ਹੋ ਕੇ ਇਹ ਸੰਸਦ ਮੈਂਬਰ ਰੋਸ ਮੁਜ਼ਾਹਰੇ ਕਰ ਰਹੇ ਹਨ। ਉਨ੍ਹਾਂ ਕਿਹਾ, ‘ਇੰਡੀਆ ਗੱਠਜੋੜ ਦੇ ਸੰਸਦ ਮੈਂਬਰ 13 ਦਸੰਬਰ ਦੀ ਸੰਸਦ ਦੀ ਸੁਰੱਖਿਆ ਵਿੱਚ ਸੰਨ੍ਹ ਨਾਲ ਸਬੰਧਤ ਘਟਨਾ ਬਾਰੇ ਗ੍ਰਹਿ ਮੰਤਰੀ ਅਮਿਤ ਸ਼ਾਹ ਤੋਂ ਜਵਾਬ ਮੰਗ ਰਹੇ ਹਨ। ਉਨ੍ਹਾਂ ਤਖਤੀਆਂ ਨਾ ਲਿਆਉਣ ਲਈ ਰਾਜ਼ੀ ਨਹੀਂ ਹੋ ਰਹੇ। ਉਹ ਆਪਣੀ ਹਾਰ ਤੋਂ ਨਿਰਾਸ਼ ਹਨ, ਜਿਸ ਕਾਰਨ ਅਜਿਹੇ ਕਦਮ ਚੁੱਕ ਰਹੇ ਹਨ। ਜੇਕਰ ਇਨ੍ਹਾਂ ਦਾ ਇਹੀ ਰਵੱਈਆ ਰਿਹਾ ਤਾਂ ਇਹ ਲੋਕ ਅਗਲੀ ਵਾਰ ਸਦਨ ’ਚ ਨਹੀਂ ਆਉਣਗੇ।’ ਉਨ੍ਹਾਂ ਕਿਹਾ ਕਿ ਇਹ ਲੋਕ ਤਖਤੀਆਂ ਲਿਆ ਕੇ ਸਦਨ ਦੇ ਮੁਖੀ ਤੇ ਭਾਰਤ ਦੇ ਲੋਕਾਂ ਦੀ ਬੇਇੱਜ਼ਤੀ ਕਰ ਰਹੇ ਹਨ। ਰੋਸ ਮੁਜ਼ਾਹਰਾ ਜਾਰੀ ਰਹਿਣ ਦਰਮਿਆਨ ਸਦਨ ਦੀ ਕਾਰਵਾਈ ਬਾਅਦ ਦੁਪਹਿਰ 2 ਵਜੇ ਤੱਕ ਮੁਅੱਤਲ ਕਰਨੀ ਪਈ। ਉੱਧਰ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਦੋਸ਼ ਲਾਇਆ ਕਿ ਤਾਨਾਸ਼ਾਹ ਭਾਜਪਾ ਇਸ ਦੇਸ਼ ’ਚ ਲੋਕਤੰਤਰ ਨੂੰ ਖਤਮ ਕਰਨਾ ਚਾਹੁੰਦੀ ਹੈ। ਖੜਗੇ ਨੇ ਐਕਸ ’ਤੇ ਪੋਸਟ ਕੀਤਾ, ‘ਸੰਸਦ ਤੋਂ ਕੁੱਲ 141 ਵਿਰੋਧੀ ਧਿਰ ਦੇ ਮੈਂਬਰਾਂ ਦੀ ਮੁਅੱਤਲੀ ਸਾਡੇ ਇਸ ਦੋਸ਼ ਦੀ ਪੁਸ਼ਟੀ ਕਰਦੀ ਹੈ ਕਿ ਤਾਨਾਸ਼ਾਹ ਭਾਜਪਾ ਇਸ ਦੇਸ਼ ’ਚੋਂ ਲੋਕਤੰਤਰ ਨੂੰ ਖਤਮ ਕਰਨਾ ਚਾਹੁੰਦੀ ਹੈ।’ ਖੜਗੇ ਨੇ ਕਿਹਾ, ‘ਅਸੀਂ ਸਾਰੇ ਜਾਣਦੇ ਹਾਂ ਕਿ ਅਪਰਾਧਿਕ ਕਾਨੂੰਨ ਸੋਧ ਜਿਹੇ ਅਹਿਮ ਬਿੱਲ ਸੂਚੀਬੱਧ ਹਨ ਜੋ ਨਾਗਰਿਕਾਂ ਦੇ ਹੱਕਾਂ ਦੇ ਰਾਹ ’ਚ ਰੋੜਾ ਅਟਕਾਉਂਦੇ ਹਨ। ਮੋਦੀ ਸਰਕਾਰ ਨਹੀਂ ਚਾਹੁੰਦੀ ਕਿ ਇਨ੍ਹਾਂ ਬਿੱਲਾਂ ’ਤੇ ਚਰਚਾ ਅਤੇ ਬਹਿਸ ਦੌਰਾਨ ਭਾਰਤ ਦੇ ਲੋਕ ਵਿਰੋਧੀ ਧਿਰ ਦੀ ਗੱਲ ਸੁਣਨ।’ ਕਾਂਗਰਸ ਨੇ ਦਾਅਵਾ ਕੀਤਾ ਕਿ ਭਾਜਪਾ ਨੇ ਲੋਕਤੰਤਰ ਨੂੰ ਤਬਾਹ ਕਰਨ ਲਈ ‘ਮੁਅੱਤਲ ਕਰੋ, ਬਾਹਰ ਕੱਢੋ ਅਤੇ ਖਤਮ ਕਰੋ’ ਦੀ ਰਣਨੀਤੀ ਅਪਣਾਈ ਹੈ। ਪਾਰਟੀ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ‘ਐਕਸ’ ’ਤੇ ਪੋਸਟ ਕੀਤਾ, ‘ਅੱਜ ਲੋਕ ਸਭਾ ਤੋਂ ‘ਇੰਡੀਆ’ ਗੱਠਜੋੜ ਦੇ ਤਕਰੀਬਨ 50 ਹੋਰ ਸੰਸਦ ਮੈਂਬਰਾਂ ਨੂੰ ਮੁਅੱਤਲ ਕਰ ਦਿੱਤਾ ਗਿਆ। ਵਿਰੋਧੀ ਧਿਰ ਦਾ ਮੁਕੰਮਲ ਸਫਾਇਆ ਕੀਤਾ ਜਾ ਰਿਹਾ ਹੈ ਤਾਂ ਜੋ ਲੋਕ ਵਿਰੋਧੀ ਬਿੱਲਾਂ ਨੂੰ ਬਿਨਾਂ ਕਿਸੇ ਸਾਰਥਕ ਚਰਚਾ ਦੇ ਪਾਸ ਕਰਵਾਇਆ ਜਾ ਸਕੇ ਅਤੇ 13 ਦਸੰਬਰ ਨੂੰ ਲੋਕ ਸਭਾ ’ਚ ਦੋ ਲੋਕਾਂ ਨੂੰ ਦਾਖਲ ਹੋਣ ਦੇਣ ਦੀ ਸਹੂਲਤ ਦੇਣ ਵਾਲੇ ਭਾਜਪਾ ਦੇ ਸੰਸਦ ਮੈਂਬਰ ਬੇਦਾਗ ਹੋ ਜਾਣ।’




ਸੰਸਦ ’ਚੋਂ ਮੁਅੱਤਲ ਕੀਤੇ ਗਏ ਮੈਂਬਰ ਸਦਨ ਦੇ ਬਾਹਰ ਰੋਸ ਮੁਜ਼ਾਹਰਾ ਕਰਦੇ ਹੋਏ।

### ਮੁਅੱਤਲ ਕੀਤੇ ਸੰਸਦ ਮੈਂਬਰਾਂ ਵਿੱਚ ਪੰਜਾਬ ਦੇ ਛੇ ਮੈਂਬਰ ਵੀ ਸ਼ਾਮਲ

ਨਵੀਂ ਦਿੱਲੀ: ਲੋਕ ਸਭਾ ’ਚੋਂ ਅੱਜ ਮੁਅੱਤਲ ਕੀਤੇ ਗਏ ਸੰਸਦ ਮੈਂਬਰਾਂ ਵਿੱਚ ਪੰਜਾਬ ਦੇ ਛੇ ਸੰਸਦ ਮੈਂਬਰ ਗੁਜਰੀਤ ਸਿੰਘ ਔਜਲਾ, ਮਨੀਸ਼ ਤਿਵਾੜੀ, ਰਵਨੀਤ ਸਿੰਘ ਬਿੱਟੂ, ਜਸਬੀਰ ਗਿੱਲ, ਮੁਹੰਮਦ ਸਦੀਕ ਅਤੇ ਸੁਸ਼ੀਲ ਕੁਮਾਰ ਰਿੰਕੂ ਵੀ ਸ਼ਾਮਲ ਹਨ। ਇਨ੍ਹਾਂ ਤੋਂ ਇਲਾਵਾ ਨੈਸ਼ਨਲ ਕਾਨਫਰੰਸ ਦੇ ਫਾਰੂਕ ਅਬਦੁੱਲ੍ਹਾ, ਕਾਂਗਰਸ ਆਗੂ ਸ਼ਸ਼ੀ ਥਰੂਰ, ਕਾਰਤੀ ਚਿਦੰਬਰਮ, ਸਮਾਜਵਾਦੀ ਪਾਰਟੀ ਦੀ ਸੰਸਦ ਮੈਂਬਰ ਡਿੰਪਲ ਯਾਦਵ ਵੀ ਸ਼ਾਮਲ ਹਨ। ਹੋਰ ਮੈਂਬਰਾਂ ’ਚ ਐੱਨਸੀਪੀ ਦੀ ਸੁਪ੍ਰਿਆ ਸੂਲੇ, ਡੀਐੱਮਕੇ ਦੇ ਐੱਸ ਜਗਤਰਕਸ਼ਕਣ ਤੇ ਡੀਐੱਨਵੀ ਸੈਂਥਿਲ ਕੁਮਾਰ, ਜਨਤਾ ਦਲ (ਯੂ) ਦੇ ਗਿਰੀਧਾਰੀ ਯਾਦਵ, ਬਸਪਾ ਤੋਂ ਮੁਅੱਤਲ ਸੰਸਦ ਮੈਂਬਰ ਦਾਨਿਸ਼ ਅਲੀ, ਸਪਤਗਿਰੀ ਉਲਾਕਾ, ਪ੍ਰਦਯੁਤ ਬੋਰਦੋਲੋਈ, ਗੀਤਾ ਕੋੜਾ, ਜਯੋਤਸਨਾ ਮਹੰਤ, ਐੱਮਕੇ ਵਿਸ਼ਨੂ ਪ੍ਰਸਾਦ, ਕੇ ਸੁਧਾਰਕਨ, ਵੀ ਵੈਤੀਲਿੰਗਮ, ਫਰਾਂਸਿਸਕੋ ਸਰਦਿਨਹਾ, ਅਦੂਰ ਪ੍ਰਕਾਸ਼, ਚੈੱਲਾ ਕੁਮਾਰ ਤੇ ਪ੍ਰਤਿਭਾ ਸਿੰਘ ਵੀ ਸ਼ਾਮਲ ਹਨ।

# ਅਪਰਾਧਿਕ ਕਾਨੂੰਨਾਂ ਨਾਲ ਸਬੰਧਤ ਤਿੰਨ ਬਿੱਲ ਲੋਕ ਸਭਾ ’ਚ ਪੇਸ਼

## *ਨਵੇਂ ਕਾਨੂੰਨ ਸਜ਼ਾ ਦੇਣ ਦੀ ਥਾਂ ਨਿਆਂ ਦੇਣ ’ਤੇ ਕੇਂਦਰਿਤ: ਰਵੀ ਸ਼ੰਕਰ ਪ੍ਰਸਾਦ*

ਨਵੀਂ ਦਿੱਲੀ : ਦੇਸ਼ ਦੇ ਮੌਜੂਦਾ ਅਪਰਾਧਿਕ ਕਾਨੂੰਨਾਂ ਦੀ ਥਾਂ ਲੈਣ ਲਈ ਲਿਆਂਦੇ ਨਵੇਂ ਤਿੰਨ ਕਾਨੂੰਨਾਂ ਨਾਲ ਸਬੰਧਤ ਬਿੱਲ ਅੱਜ ਲੋਕ ਸਭਾ ਵਿੱਚ ਪੇਸ਼ ਕੀਤੇ ਗਏ। ਕੁਝ ਸੰਸਦ ਮੈਂਬਰਾਂ ਨੇ ਕਿਹਾ ਕਿ ਇਹ ਬਿੱਲ ਸਜ਼ਾ ਦੇਣ ਦੀ ਥਾਂ ਲੋਕਾਂ ਨੂੰ ਨਿਆਂ ਦੇਣਗੇ ਜਦਕਿ ਕੁਝ ਹੋਰਾਂ ਨੇ ਇਨ੍ਹਾਂ ਕਾਨੂੰਨਾਂ ਵਿਚਲੀਆਂ ਕਮੀਆਂ ਵੱਲ ਇਸ਼ਾਰਾ ਕਰਦਿਆਂ ਦਾਅਵਾ ਕੀਤਾ ਕਿ ਇਨ੍ਹਾਂ ਨਾਲ ਐਨਫੋਰਸਮੈਂਟ ਏਜੰਸੀਆਂ ਨੂੰ ਆਪਣੀ ਮਰਜ਼ੀ ਕਰਨ ਦੀਆਂ ਤਾਕਤਾਂ ਮਿਲ ਜਾਣਗੀਆਂ। ਭਾਰਤੀ ਨਿਆਏ (ਦੂਜਾ) ਸੰਹਿਤਾ, 2023, ਭਾਰਤੀ ਨਾਗਰਿਕ ਸੁਰਕਸ਼ਾ (ਦੂਜਾ) ਸੰਹਿਤਾ, 2023 ਅਤੇ ਭਾਰਤੀ ਸਾਕਸ਼ਯ (ਦੂਜਾ), 2023 ਬਿੱਲ ਪਹਿਲਾਂ ਲੰਘੇ ਵੀਰਵਾਰ ਨੂੰ ਲੋਕ ਸਭਾ ’ਚ ਪੇਸ਼ ਕੀਤੇ ਜਾਣੇ ਸਨ ਪਰ ਸੰਸਦ ਦੀ ਸੁਰੱਖਿਆ ’ਚ ਸੰਨ੍ਹ ਦੇ ਮੁੱਦੇ ’ਤੇ ਵਿਰੋਧੀ ਧਿਰਾਂ ਦੇ ਹੰਗਾਮੇ ਕਾਰਨ ਇਹ ਬਿੱਲ ਪੇਸ਼ ਨਾ ਕੀਤੇ ਜਾ ਸਕੇ। ਇਨ੍ਹਾਂ ਬਿੱਲਾਂ ’ਤੇ ਬਹਿਸ ਵਿੱਚ ਹਿੱਸਾ ਲੈਂਦਿਆਂ ਸਾਬਕਾ ਕਾਨੂੰਨ ਮੰਤਰੀ ਤੇ ਭਾਜਪਾ ਆਗੂ ਰਵੀ ਸ਼ੰਕਰ ਪ੍ਰਸਾਦ ਨੇ ਕਿਹਾ ਕਿ ਇੰਡੀਅਨ ਪੀਨਲ ਕੋਡ (ਆਈਪੀਸੀ) ਵਿੱਚ ਸਜ਼ਾ ’ਤੇ ਧਿਆਨ ਦਿੱਤਾ ਗਿਆ ਹੈ ਜਦਕਿ ਨਵੇਂ ਬਿੱਲਾਂ ਵਿੱਚ ਨਿਆਂ ਨੂੰ ਕੇਂਦਰ ’ਚ ਰੱਖਿਆ ਗਿਆ ਹੈ। ਕਾਂਗਰਸ ਨੂੰ ਅਸਿੱਧੇ ਢੰਗ ਨਾਲ ਨਿਸ਼ਾਨੇ ’ਤੇ ਲੈਂਦਿਆਂ ਉਨ੍ਹਾਂ ਕਿਹਾ ਕਿ ਡਿਸਕਵਰੀ ਆਫ ਇੰਡੀਆ ਲਿਖਣ ਵਾਲੇ ਲੋਕ ਇਸ ਬਸਤੀਵਾਦੀ ਕਹਾਣੀ (ਬਰਤਾਨਵੀ ਕਾਲ ਦੇ ਆਈਪੀਸੀ ਤੇ ਐਵੀਡੈਂਸ ਐਕਟ) ਨੂੰ ਭੁੱਲ ਗਏ ਸਨ। ਉਨ੍ਹਾਂ ਕਿਹਾ ਕਿ ਆਈਪੀਸੀ ਵਿੱਚ 511 ਧਾਰਾਵਾਂ ਹਨ ਜਦਕਿ ਨਵੇਂ ਬਿੱਲ ਵਿੱਚ 356 ਹਨ। ਉਨ੍ਹਾਂ ਕਿਹਾ ਕਿ ਧਾਰਾ 176 ਪੂਰੀ ਤਰ੍ਹਾਂ ਬਦਲ ਦਿੱਤੀ ਗਈ ਹੈ ਤੇ ਅੱਠ ਨਵੀਆਂ ਧਾਰਾਵਾਂ ਇਸ ਵਿੱਚ ਸ਼ਾਮਲ ਕੀਤੀਆਂ ਗਈਆਂ ਹਨ। 22 ਧਾਰਾਵਾਂ ਪੂਰੀ ਤਰ੍ਹਾਂ ਖਤਮ ਕਰ ਦਿੱਤੀਆਂ ਗਈਆਂ ਹਨ। ਬੀਜੇਡੀ ਦੇ ਭਰਤਹਰੀ ਮਹਿਤਾਬ ਨੇ ਭਾਰਤੀ ਨਿਆਏ ਸੰਹਿਤਾ ਦੀ ਧਾਰਾ 150 ਦਾ ਜ਼ਿਕਰ ਕਰਦਿਆਂ ਕਿਹਾ ਕਿ ਰਾਜ ਧਰੋਹ ਨਾਲ ਨਜਿੱਠਣ ਵਾਲੀ ਇਸ ਧਾਰਾ ਵਿੱਚ ਕੁਝ ਕਮੀਆਂ ਹਨ। ਉਨ੍ਹਾਂ ਬਹਿਸ ’ਚ ਹਿੱਸਾ ਲੈਂਦਿਆਂ ਕਿਹਾ ਕਿ ਇਹ ਕਮੀਆਂ ਐਨਫੋਰਸਮੈਂਟ ਏਜੰਸੀਆਂ ਨੂੰ ਮਨਮਰਜ਼ੀ ਕਰਨ ਦੀਆਂ ਤਾਕਤਾਂ ਦਿੰਦੀਆਂ ਹਨ। ਉਨ੍ਹਾਂ ਕਿਹਾ ਕਿ ਵੱਖਵਾਦੀ ਗਤੀਵਿਧੀਆਂ ਸ਼ਬਦ ਦੀ ਕਈ ਤਰ੍ਹਾਂ ਵਿਆਖਿਆ ਕੀਤੀ ਜਾ ਸਕਦੀ ਹੈ ਅਤੇ ਇਸ ਦੀ ਵਰਤੋਂ ਉਨ੍ਹਾਂ ਵਿਰੋਧੀ ਪਾਰਟੀਆਂ ’ਤੇ ਰੋਕ ਲਾਉਣ ਲਈ ਇੱਕ ਸਿਆਸੀ ਹਥਕੰਡੇ ਵਜੋਂ ਕੀਤੀ ਜਾ ਸਕਦੀ ਹੈ ਜੋ ਸਰਕਾਰ ਦੀਆਂ ਨੀਤੀਆਂ ਖ਼ਿਲਾਫ਼ ਮੁਜ਼ਾਹਰਾ ਕਰਦੇ ਹਨ।

# ਟੀਐੱਮਸੀ ਸੰਸਦ ਮੈਂਬਰ ਨੇ ਉਤਾਰੀ ਉਪ ਰਾਸ਼ਟਰਪਤੀ ਦੀ ਨਕਲ

ਨਵੀਂ ਦਿੱਲੀ: ਸੰਸਦ ’ਚੋਂ ਮੁਅੱਤਲੀ ਖ਼ ?ਲਾਫ਼ ਵਿਰੋਧੀ ਧਿਰ ਦੇ ਮੈਂਬਰਾਂ ਨੇ ਅੱਜ ਸੰਸਦ ਭਵਨ ਦੀਆਂ ਪੌੜੀਆਂ ’ਤੇ ਰੋਸ ਮੁਜ਼ਾਹਰਾ ਕੀਤਾ ਜਿਸ ਦੌਰਾਨ ਤ੍ਰਿਣਮੂਲ ਕਾਂਗਰਸ ਦੇ ਆਗੂ ਕਲਿਆਣ ਬੈਨਰਜੀ ਨੇ ਉਪ ਰਾਸ਼ਟਰਪਤੀ ਜਗਦੀਪ ਧਨਖੜ ਦੀ ਨਕਲ ਉਤਾਰੀ ਅਤੇ ਕਾਂਗਰਸ ਆਗੂ ਰਾਹੁਲ ਗਾਂਧੀ ਨੇ ਇਸ ਦੀ ਵੀਡੀਓ ਵੀ ਬਣਾਈ। ਵਿਰੋਧੀ ਧਿਰ ਦੀ ਇਸ ਕਾਰਵਾਈ ਨੂੰ ਭਾਜਪਾ ਨੇ ਸ਼ਰਮਨਾਕ ਕਰਾਰ ਦਿੱਤਾ ਹੈ। ਰਾਜ ਸਭਾ ਦੇ ਚੇਅਰਮੈਨ ਜਗਦੀਪ ਧਨਖੜ ਨੇ ਵੀ ਘਟਨਾ ਦੀ ਨਿੰਦਾ ਕੀਤੀ ਹੈ। ਉਨ੍ਹਾਂ ਰਾਜ ਸਭਾ ਵਿੱਚ ਕਾਂਗਰਸ ਦੇ ਮੈਂਬਰ ਪੀ ਚਿਦੰਬਰਮ ਨੂੰ ਸੰਬੋਧਨ ਕਰਦਿਆਂ ਕਿਹਾ, ‘ਸੋਚੋ ਮੇਰੇ ਦਿਲ ’ਤੇ ਕੀ ਬੀਤੀ ਹੋਵੇਗੀ ਜਦੋਂ ਤੁਹਾਡਾ ਸੀਨੀਅਰ ਆਗੂ ਇੱਕ ਸੰਸਦ ਮੈਂਬਰ ਵੱਲੋਂ ਇਸ ਸੰਸਥਾ ਦੇ ਚੇਅਰਮੈਨ ਦੀ ਨਕਲ ਉਤਾਰੇ ਜਾਣ ਦੀ ਵੀਡੀਓ ਬਣਾ ਰਿਹਾ ਹੋਵੇ।’ ਉਨ੍ਹਾਂ ਕਿਹਾ ਕਿ ਇਸ ਸੰਸਥਾ ਨੂੰ ਤਬਾਹ ਕਰ ਦਿੱਤਾ ਗਿਆ ਤੇ ਉਹ ਵੀ ਉਸ ਸਿਆਸੀ ਪਾਰਟੀ ਵੱਲੋਂ ਜਿਸ ਨੇ ਲੰਮਾ ਸਮਾਂ ਸ਼ਾਸਨ ਕੀਤਾ ਹੈ। ਉਨ੍ਹਾਂ ਕਿਹਾ, ‘ਇਸ ਸੰਸਦ ਮੈਂਬਰ ਦੂਜੇ ਦੀ ਵੀਡੀਓ ਬਣਾ ਰਿਹਾ ਹੈ। ਕਿਸ ਲਈ। ਮੈਨੂੰ ਪ੍ਰੇਸ਼ਾਨੀ ਹੋਈ। ਮੈਂ ਤੁਹਾਨੂੰ (ਚਿਦੰਬਰਮ) ਦੱਸਣਾ ਚਾਹੁੰਦਾ ਹਾਂ ਕਿ ਤੁਹਾਡੀ ਪਾਰਟੀ ਨੇ ਸੋਸ਼ਲ ਮੀਡੀਆ ’ਤੇ ਇਹ ਵੀਡੀਓ ਪਾਈ ਤੇ ਬਾਅਦ ਵਿਚ ਹਟਾ ਲਈ। ਇਹ ਸ਼ਰਮਨਾਕ ਹੈ। ਇਸ ਨਾਲ ਮੇਰੀ ਬੇਇੱਜ਼ਤੀ ਹੋਈ। ਇਹ ਬਤੌਰ ਜਾਟ, ਬਤੌਰ ਚੇਅਰਮੈਨ, ਬਤੌਰ ਕਿਸਾਨ ਮੇਰੀ ਬੇਇੱਜ਼ਤੀ ਹੈ।’ ਸੰਸਦੀ ਮਾਮਲਿਆਂ ਬਾਰੇ ਮੰਤਰੀ ਪ੍ਰਹਿਲਾਦ ਜੋਸ਼ੀ ਨੇ ਇਸ ਨੂੰ ਲੋਕਤੰਤਰ ਤੇ ਸੰਵਿਧਾਨਕ ਸੰਸਥਾਵਾਂ ਦਾ ਮਜ਼ਾਕ ਕਰਾਰ ਦਿੱਤਾ। ਭਾਜਪਾ ਨੇ ਬੈਨਰਜੀ ਦੀ ਹਰਕਤ ਨੂੰ ਨਿੰਦਣਯੋਗ ਕਰਾਰ ਦਿੱਤਾ। ਇਸ ਤੋਂ ਪਹਿਲਾਂ ਲੋਕ ਸਭਾ ਤੇ ਰਾਜ ਸਭਾ ਤੋਂ ਮੁਅੱਤਲ ਵਿਰੋਧੀ ਧਿਰ ਦੇ ਮੈਂਬਰ ਅੱਜ ਸਵੇਰੇ ਸੰਸਦ ਦੀਆਂ ਪੌੜੀਆਂ ’ਤੇ ਇਕੱਠੇ ਹੋਏ ਤੇ ਉਨ੍ਹਾਂ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਅਤੇ ਸੰਸਦ ਦੀ ਸੁਰੱਖਿਆ ’ਚ ਸੰਨ੍ਹ ਦੇ ਮੁੱਦੇ ’ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੋ ਜਵਾਬ ਦੀ ਮੰਗ ਸਬੰਧੀ ਤਖਤੀਆਂ ਲਹਿਰਾਈਆਂ। ਇਸੇ ਦੌਰਾਨ ਅਚਾਨਕ ਕਲਿਆਣ ਬੈਨਰਜੀ ਨੇ ਖੜ੍ਹੇ ਹੋ ਕੇ ਉੱਪ ਰਾਸ਼ਟਰਪਤੀ ਦੀ ਉਸ ਤਰ੍ਹਾਂ ਨਕਲ ਉਤਾਰਨੀ ਸ਼ੁਰੂ ਕਰ ਦਿੱਤੀ ਜਿਸ ਤਰ੍ਹਾਂ ਉਹ ਚਲਦੇ ਹਨ ਤੇ ਰਾਜ ਸਭਾ ਦੀ ਕਾਰਵਾਈ ਚਲਾਉਂਦੇ ਹਨ। ਪਿੱਠ ਝੁਕਾ ਕੇ ਅੱਗੇ ਝੁਕਦਿਆਂ ਬੈਨਰਜੀ ਨੇ ਰਾਹੁਲ ਗਾਂਧੀ ਨੂੰ ਸੱਦਿਆ ਜੋ ਵਿਰੋਧੀ ਮੈਂਬਰਾਂ ਨਾਲ ਖੜ੍ਹੇ ਸਨ ਅਤੇ ਉਨ੍ਹਾਂ ਰੀੜ੍ਹ ਦੀ ਹੱਡੀ ਹੋਣ ਬਾਰੇ ਕੁਝ ਟਿੱਪਣੀਆਂ ਕੀਤੀਆਂ। ਵਿਰੋਧੀ ਧਿਰ ਦੇ ਮੈਂਬਰਾਂ ਨੇ ਬੈਨਰਜੀ ਦਾ ਹੌਸਲਾ ਵਧਾਇਆ ਅਤੇ ਰਾਹੁਲ ਨੇ ਉਪ ਰਾਸ਼ਟਰਪਤੀ ਦੀ ਨਕਲ ਕਰਦੇ ਟੀਐੱਮਸੀ ਆਗੂ ਦੀ ਵੀਡੀਓ ਬਣਾਉਣੀ ਸ਼ੁਰੂ ਕਰ ਦਿੱਤੀ। ਵਿਰੋਧੀ ਧਿਰ ਦੇ ਕੁਝ ਮੈਂਬਰਾਂ ਨੇ ਲੋਕ ਸਭਾ ਦੇ ਸਪੀਕਰ ਓਮ ਬਿਰਲਾ ਦੀ ਨਕਲ ਕਰਨੀ ਵੀ ਸ਼ੁਰੂ ਕਰ ਦਿੱਤੀ। ਇਸ ਸਬੰਧੀ ਵੀਡੀਓ ਸੋਸ਼ਲ ਮੀਡੀਆ ’ਤੇ ਵਾਇਰਲ ਹੁੰਦਿਆਂ ਹੀ ਭਾਜਪਾ ਨੇ ਲੋਕ ਸਭਾ ਸਪੀਕਰ ਤੇ ਰਾਜ ਸਭਾ ਦੇ ਚੇਅਰਮੈਨ ਦੀ ਨਕਲ ਉਤਾਰਨ ਨੂੰ ਸੰਸਦੀ ਸੰਸਥਾਵਾਂ ਦੀ ਬੇਇੱਜ਼ਤੀ ਕਰਾਰ ਦਿੰਦਿਆਂ ਵਿਰੋਧੀ ਧਿਰ ਦੀ ਆਲੋਚਨਾ ਕੀਤੀ।



ਸੰਸਦ ਦੇ ਬਾਹਰ ਪ੍ਰਦਰਸ਼ਨ ਦੌਰਾਨ ਉਪ ਰਾਸ਼ਟਰਪਤੀ ਜਗਦੀਪ ਧਨਖੜ ਦੀ ਨਕਲ ਕਰਦਾ ਹੋਇਆ ਇੱਕ ਮੁਅੱਤਲ ਸੰਸਦ ਮੈਂਬਰ।

# ਕਾਨੂੰਨਾਂ ਵਿਚਲੀ ਵਿਵਸਥਾ ਰਾਜੋਆਣਾ ਦੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ: ਹਰਸਿਮਰਤ ਕੌਰ ਬਾਦਲ

## ਬੰਦੀ ਸਿੰਘਾਂ ਨੂੰ ਇੰਨੇ ਲੰਮੇ ਸਮੇਂ ਤੋਂ ਜੇਲ੍ਹਾਂ ਵਿਚ ਡੱਕ ਕੇ ਰੱਖਣਾ ਸੰਵਿਧਾਨ ਅਤੇ ਕਾਨੂੰਨੀ ਵਿਵਸਥਾ ਦੇ ਉਲਟ



ਨਵੀਂ ਦਿੱਲੀ : ਬਠਿੰਡਾ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਲੋਕ ਸਭਾ ਵਿਚ ਤਿੰਨ ਪ੍ਰਮੁੱਖ ਪ੍ਰਸਤਾਵਤ ਅਪਰਾਧਿਕ ਕਾਨੂੰਨਾਂ ’ਤੇ ਚਰਚਾ ਦੇ ਦਿਨ ਵਿਰੋਧੀ ਧਿਰ ਦੇ ਜ਼ਿਆਦਾਤਰ ਮੈਂਬਰਾਂ ਦੀ ਗੈਰ ਹਾਜ਼ਰੀ ਬਾਰੇ ਜ਼ਿਕਰ ਕਰਦਿਆਂ ਕਿਹਾ ਕਿ ਮੁੱਖ ਬਿੱਲਾਂ ਨੂੰ ਇਸ ਤਰ੍ਹਾਂ ਪਾਸ ਨਹੀਂ ਕੀਤਾ ਜਾਣਾ ਚਾਹੀਦਾ। ਇਸ ਨਾਲ ਹੀ ਉਨ੍ਹਾਂ ਕਿਹਾ ਕਿ ਨਵੇਂ ਕਾਨੂੰਨ ਵਿਚ ਸਿੱਖਾਂ ਅਤੇ ਘੱਟ ਗਿਣਤੀਆਂ ਨੂੰ ਇਨਸਾਫ਼ ਦੇਣ ਵਾਲੀ ਇਕ ਵੀ ਵਿਵਸਥਾ ਨਹੀਂ।

ਹਰਸਿਮਰਤ ਕੌਰ ਬਾਦਲ ਨੇ ਅਪਰਾਧਿਕ ਕਾਨੂੰਨਾਂ ਦੀ ਥਾਂ ’ਤੇ ਲਿਆਂਦੇ ਤਿੰਨ ਬਿੱਲਾਂ ਦਾ ਵਿਰੋਧ ਕਰਦਿਆਂ ਲੋਕ ਸਭਾ ’ਚ ਇਲਜ਼ਾਮ ਲਾਇਆ ਕਿ ਇਨ੍ਹਾਂ ਕਾਨੂੰਨਾਂ ਨੇ ਪੁਲਿਸ ਨੂੰ ਹੱਦੋਂ ਵੱਧ ਸ਼ਕਤੀਆਂ ਦਿੱਤੀਆਂ ਹਨ ਜਦਕਿ ਲੋਕਾਂ ’ਚ ਪੁਲਿਸ ਦਾ ਡਰ ਘੱਟ ਤੋਂ ਘੱਟ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪੁਲਿਸ ਅਧਿਕਾਰੀ ਸਿਆਸੀ ਪਾਰਟੀਆਂ ਵਲੋਂ ਨਿਯੁਕਤ ਕੀਤੇ ਜਾਂਦੇ ਹਨ ਅਤੇ ਇਸ ਤਰ੍ਹਾਂ ਉਨ੍ਹਾਂ ਨੂੰ ਤਾਨਾਸ਼ਾਹੀ ਸ਼ਕਤੀਆਂ ਪ੍ਰਾਪਤ ਹੋ ਜਾਣਗੀਆਂ। ਉਨ੍ਹਾਂ ਕਿਹਾ ਕਿ ਇਹ ਵੀ ਖਿਆਲ ਰੱਖਿਆ ਜਾਣਾ ਚਾਹੀਦਾ ਹੈ ਕਿ ਅਸੀਂ ਪੁਲਿਸ ਨੂੰ ਅਸੀਮਤ ਤਾਕਤਾਂ ਦੇ ਕੇ ਕਿਤੇ ਪੁਲਿਸ ਰਾਜ ਹੀ ਨਾ ਸਿਰਜ ਲਈਏ।

ਉਨ੍ਹਾਂ ਮੰਗ ਕੀਤੀ ਕਿ ਤਿੰਨ ਸੋਧੇ ਹੋਏ ਫੌਜਦਾਰੀ ਬਿੱਲਾਂ ਦੀ ਮੁੜ ਸਮੀਖਿਆ ਕੀਤੀ ਜਾਵੇ ਅਤੇ ਇਨ੍ਹਾਂ ਦੀ ਦੁਰਵਰਤੋਂ ਨਾ ਹੋ ਸਕੇ। ਇਸ ਲਈ ਲੋੜੀਂਦੇ ਉਪਬੰਧ ਸ਼ਾਮਲ ਕੀਤੇ ਜਾਣ। ਉਨ੍ਹਾਂ ਕਿਹਾ ਕਿ ਜੇਕਰ ਨਵੇਂ ਬਿੱਲ ਪਾਸ ਹੋ ਗਏ ਤਾਂ ਇਸ ਨਾਲ ਬੰਦੀ ਸਿੰਘ ਬਲਵੰਤ ਸਿੰਘ ਰਾਜੋਆਣਾ ਦੇ ਮਨੁੱਖੀ ਅਧਿਕਾਰਾਂ ਦੀ ਹੋਰ ਉਲੰਘਣਾ ਹੋਵੇਗੀ।

ਉਨ੍ਹਾਂ ਕਿਹਾ ਕਿ ਪਿਛਲੇ ਸਾਲਾਂ ਦੌਰਾਨ ਜਦੋਂ ਝੂਠੇ ਮੁਕਾਬਲੇ ਕਰਵਾਏ ਗਏ ਤਾਂ ਉਸ ਯੁੱਗ ਵਿਚ ਬਲਵੰਤ ਸਿੰਘ ਰਾਜੋਆਣਾ ਵਰਗੇ ਨੌਜਵਾਨਾਂ ਨੇ ਕੁਝ ਅਜਿਹੇ ਕਦਮ ਚੁੱਕੇ ਜਿਸ ਕਾਰਨ ਉਹ ਪਿਛਲੇ 28 ਤੋਂ 30 ਸਾਲਾਂ ਤੋਂ ਜੇਲ੍ਹਾਂ ਵਿਚ ਬੰਦ ਹਨ। ਉਨ੍ਹਾਂ ਕਿਹਾ ਕਿ ਸਜ਼ਾਵਾਂ ਪੂਰੀਆਂ ਹੋਣ ਦੇ ਬਾਵਜੂਦ ਇੰਨੇ ਲੰਬੇ ਸਮੇਂ ਤੋਂ ਜੇਲ੍ਹਾਂ ਵਿਚ ਡੱਕੇ ਰੱਖਣਾ ਸੰਵਿਧਾਨ ਅਤੇ ਕਾਨੂੰਨੀ ਵਿਵਸਥਾ ਦੇ ਉਲਟ ਹੈ, ਇਹ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ।

ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਰਾਜੋਆਣਾ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਦਾਹਿਰ ਕੀਤੀ ਰਹਿਮ ਦੀ ਅਪੀਲ 12 ਸਾਲਾਂ ਤੋਂ ਪੈਂਡਿੰਗ ਹੈ। ਉਨ੍ਹਾਂ ਕਿਹਾ ਕਿ ਜੇਕਰ ਸੋਧੇ ਹੋਏ ਬਿੱਲ ਪਾਸ ਹੋ ਜਾਂਦੇ ਹਨ ਤਾਂ ਸ਼੍ਰੋਮਣੀ ਕਮੇਟੀ ਦੀ ਪਟੀਸ਼ਨ ਆਪਣੇ ਆਪ ਹੀ ਖ਼ਤਮ ਹੋ ਜਾਵੇਗੀ ਕਿਉਂਕਿ ਨਵੇਂ ਬਿੱਲ ਵਿਚ ਇਹ ਵਿਵਸਥਾ ਹੈ ਕਿ ਅਜਿਹੀ ਪਟੀਸ਼ਨ ਸਿਰਫ਼ ਪ੍ਰਵਾਰਕ ਮੈਂਬਰ ਹੀ ਦਾਖ਼ਲ ਕਰ ਸਕਦੇ ਹਨ। ਉਨ੍ਹਾਂ ਸਵਾਲ ਕੀਤਾ ਕਿ ਜੇਕਰ ਕਿਸੇ ਵਿਅਕਤੀ ਦਾ ਕੋਈ ਪ੍ਰਵਾਰ ਹੀ ਨਹੀਂ ਤਾਂ ਫਿਰ ਉਹ ਰਮਿ ਦੀ ਅਪੀਲ ਕਿਵੇਂ ਦਾਇਰ ਕਰੇਗਾ? ਉਨ੍ਹਾਂ ਨੇ ਇਸ ਮੁੱਦੇ ’ਤੇ ਮੁੜ ਵਿਚਾਰ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕੇਂਦਰ ਸਰਕਾਰ ਨੂੰ ਯਾਦ ਦਿਵਾਇਆ ਕਿ ਕਿਵੇਂ ਕੇਂਦਰ ਸਰਕਾਰ ਨੇ 2019 ਵਿਚ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ’ਤੇ ਭਾਈ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਉਮਰ ਕੈਦ ਵਿਚ ਬਦਲਣ ਸਮੇਤ 8 ਬੰਦੀ ਸਿੰਘਾਂ ਦੀ ਰਿਹਾਈ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਸੀ ਪਰ ਹਾਲੇ ਤੱਕ ਇਹ ਬੰਦੀ ਸਿੰਘ ਰਿਹਾਅ ਨਹੀਂ ਕੀਤੇ ਗਏ। ਉਨ੍ਹਾਂ ਇਹ ਵੀ ਦੱਸਿਆ ਕਿ ਕਿਵੇਂ ਸਿੱਖ ਕੌਮ ਨੇ ਆਜ਼ਾਦੀ ਤੋਂ ਪਹਿਲਾਂ ਅਤੇ ਆਜ਼ਾਦੀ ਤੋਂ ਬਾਅਦ ਦੇਸ਼ ਲਈ ਸਭ ਤੋਂ ਵੱਧ ਸ਼ਹਾਦਤਾਂ ਦਿੱਤੀਆਂ। ਉਨ੍ਹਾਂ ਨੇ ਸੂਬੇ ਦੇ ਤਿੰਨ ਹਿੱਸੇ ਹੁੰਦੇ ਵੇਖੇ ਪਰ ਸੂਬੇ ਨੂੰ ਇਸ ਦੀ ਰਾਜਧਾਨੀ ਨਹੀਂ ਦਿੱਤੀ ਗਈ ਤੇ ਇਸ ਦੇ ਦਰਿਆਈ ਪਾਣੀ ਵੀ ਖੋਹ ਲਏ ਗਏ। ਉਨ੍ਹਾਂ ਕਿਹਾ ਕਿ ਦੇਸ਼ ਵਿਚ ਸਿੱਖਾਂ ’ਤੇ ਕਈ ਅੱਤਿਆਚਾਰ ਹੋਏ ਪਰ ਨਵੇਂ ਕਾਲੂੰਨ ਵਿਚ ਸਿੱਖਾਂ ਅਤੇ ਘੱਟ ਗਿਣਤੀਆਂ ਨੂੰ ਇਨਸਾਫ਼ ਦੇਣ ਵਾਲੀ ਇਕ ਵੀ ਵਿਵਸਥਾ ਨਹੀਂ ਹੈ।

ਇਸ ਦੇ ਨਾਲ ਹੀ ਉਨ੍ਹਾ ਨੇ ਪੰਜਾਬ ਵਿਚ ਖਾੜਕੂਵਾਦ ਦੌਰਾਨ ਪੰਜਾਬ ਦੇ ਨੌਜਵਾਨਾਂ ਦੇ ਭਾਵੁਕ ਹੋਣ ਅਤੇ ਕਦਮ ਚੁੱਕਣ ਦਾ ਵੀ ਜ਼ਿਕਰ ਕੀਤਾ ਅਤੇ ਕਿਹਾ ਕਿ 13 ਦਸੰਬਰ ਨੂੰ ਲੋਕ ਸਭਾ ਚੈਂਬਰ ਵਿਚ ਕੁੱਦਣ ਵਾਲੇ ਦੋ ਵਿਅਕਤੀਆਂ ਨੇ ਆਪਣੀ ਬੇਰੁਜ਼ਗਾਰੀ, ਮਨੀਪੁਰ ਅਤੇ ਕਿਸਾਨਾਂ ਦਾ ਮੁੱਦਾ ਉਠਾਇਆ ਹੈ।



ਨਵੀਂ ਦਿੱਲੀ : ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਸੰਸਦ ਮੈਂਬਰ ਪ੍ਰਗਿਆ ਸਿੰਘ ਠਾਕੁਰ ਬੁੱਧਵਾਰ ਨੂੰ ਨਵੀਂ ਦਿੱਲੀ ਵਿੱਚ ਸੰਸਦ ਦੇ ਸਰਦ ਰੁੱਤ ਸੈਸ਼ਨ ਦੌਰਾਨ ਲੋਕ ਸਭਾ ਵਿੱਚ ਬੋਲਦੀ ਹੋਈ।

# ਦੇਸ਼ ਵਿਦੇਸ਼ ਦੇ ਵੱਖ-ਵੱਖ ਹਿੱਸਿਆਂ ’ਚ ਹੋ ਰਹੀਆਂ ਸਿੱਖਾਂ ਦੀਆਂ ਮੌਤਾਂ ਦਾ ਮੁੱਦਾ ਭਾਰਤੀ ਪਾਰਲੀਮੈਂਟ ’ਚ ਚੁੱਕਿਆ

## ਮੌਜੂਦਾ ਹੁਕਮਰਾਨ ਨਵੇਂ ਕਾਨੂੰਨਾਂ ਰਾਹੀਂ ਮੁਲਕ ਨੂੰ ਤਾਨਾਸ਼ਾਹੀ ਤੇ ਜ਼ਬਰ ਵੱਲ ਧੱਕ ਰਿਹਾ : ਸ੍ਰ. ਸਿਮਰਨਜੀਤ ਸਿੰਘ ਮਾਨ



ਨਵੀਂ ਦਿੱਲੀ : ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਲੋਕ ਸਭਾ ਵਿਚ ਕਿਹਾ ਕਿ ਵਿਰੋਧੀ ਧਿਰ ਤੋਂ ਬਿਨਾਂ ਬਿੱਲਾਂ ’ਤੇ ਬਹਿਸ ਕਰਨਾ ਗੈਰ-ਜਮਹੂਰੀ ਅਤੇ ਗੈਰ-ਸੰਵਿਧਾਨਕ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਕਤਰ ਵਿਚ ਮੌਤ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਭਾਰਤੀਆਂ ਦਾ ਮੁੱਦਾ ਚੁੱਕਿਆ। ਇਸ ਤੋਂ ਇਲਾਵਾ ਸਿਮਰਨਜੀਤ ਸਿੰਘ ਮਾਨ ਨੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਹੋ ਰਹੀਆਂ ਸਿੱਖਾਂ ਦੀਆਂ ਮੌਤਾਂ ਦਾ ਮੁੱਦਾ ਚੁੱਕਿਆ।

ਸਦਨ ਵਿਚ ਬੋਲਦਿਆਂ ਉਨ੍ਹਾਂ ਕਿਹਾ, “ਕਿਸੇ ਵੀ ਬਿੱਲ ਨੂੰ ਕਾਨੂੰਨੀ ਰੂਪ ਦੇਣ ਲਈ ਮੁਲਕ ਦੀ ਸੰਸਦ ਵਿਚ ਇਸ ਪ੍ਰਕਿਰਿਆ ਉਤੇ ਅਮਲ ਕਰਨਾ ਹੁੰਦਾ ਹੈ ਕਿ ਉਸ ਬਿੱਲ ਨੂੰ ਸੰਸਦ ਦੇ ਮੇਜ਼ ਉਪਰ ਰੱਖ ਕੇ ਵਿਰੋਧੀ ਧਿਰ ਨਾਲ ਉਸ ਪਾਸ ਕੀਤੇ ਜਾਣ ਵਾਲੇ ਬਿੱਲ ਉਤੇ ਬਹਿਸ ਕਰਦੇ ਹੋਏ ਵਿਰੋਧੀ ਧਿਰ ਦੀ ਸੰਤੁਸ਼ਟੀ ਉਪਰੰਤ ਬਹੁਸੰਮਤੀ ਨਾਲ ਪਾਸ ਕਰਕੇ, ਮੁਲਕ ਦੇ ਰਾਸ਼ਟਰਪਤੀ ਦੀ ਪ੍ਰਵਾਨਗੀ ਲਈ ਦਸਤਖ਼ਤ ਕਰਨ ਲਈ ਭੇਜਿਆ ਜਾਂਦਾ ਹੈ, ਫਿਰ ਜਾ ਕੇ ਉਸ ਨੂੰ ਕਾਨੂੰਨ ਦਾ ਰੂਪ ਦਿਤਾ ਜਾਂਦਾ ਹੈ”।

ਉਨ੍ਹਾਂ ਕਿਹਾ ਕਿ ਕਿ, “ਦੁੱਖ ਅਤੇ ਅਫ਼ਸੋਸ ਹੈ ਕਿ ਮੌਜੂਦਾ ਲੋਕ ਸਭਾ ਦੇ ਸਪੀਕਰ ਓਮ ਬਿਰਲਾ ਵਲੋਂ 141 ਮੈਬਰਾਂ ਨੂੰ ਵਿਧਾਨਿਕ ਲੀਹਾਂ ਦਾ ਉਲੰਘਣ ਕਰਕੇ ਮੁਅੱਤਲ ਕਰ ਦਿਤਾ ਹੈ ਅਤੇ ਸਮੁੱਚੀ ਵਿਰੋਧੀ ਧਿਰ ਸੰਸਦ ਵਿਚ ਹਾਜ਼ਰ ਹੀ ਨਹੀਂ ਸੀ । ਤਾਂ ਹਕੂਮਤ ਜਮਾਤ ਨੇ ਜਲਦੀ-ਜਲਦੀ ਵਿਚ ਬਿਨ੍ਹਾਂ ਕਿਸੇ ਤਰ੍ਹਾਂ ਦੀ ਬਹਿਸ ਕੀਤਿਆਂ ਆਈ.ਪੀ.ਸੀ/ਸੀ.ਆਰ.ਪੀ.ਸੀ ਅਤੇ ਐਵੀਡੈਂਸ ਐਕਟ ਰਾਹੀ ਇੰਡੀਆ ਦੀਆਂ ਫੋਰਸਾਂ ਨੂੰ ਵਾਧੂ ਤਾਕਤ ਦੇਣ, ਸਜ਼ਾਵਾਂ ਦੇਣ ਦੀ ਥਾਂ ਤੇ ਨਿਆ ਦੇਣ ਵਾਲੇ ਬਿੱਲ ਅਤੇ ਨਾਗਰਿਕ ਸੁਰੱਖਿਆ ਬਿੱਲ 2023 ਉਤੇ ਕਿਸੇ ਤਰ੍ਹਾਂ ਦੇ ਮੁਲਕ ਨਿਵਾਸੀਆ ਨੂੰ ਹੋਣ ਵਾਲੇ ਫਾਇਦਿਆਂ ਅਤੇ ਨੁਕਸਾਨ ਉਤੇ ਵਿਚਾਰਾਂ ਕੀਤੇ ਬਿਨ੍ਹਾਂ ਇਹ ਬਿੱਲ ਪਾਸ ਕਰ ਦਿਤੇ”।

ਉਨ੍ਹਾਂ ਕਿਹਾ ਕਿ ਅਸੀਂ ਤਾਂ ਬਹੁਤ ਪਹਿਲਾਂ ਤੋਂ ਹੀ ਮੌਤ ਦੀ ਸਜ਼ਾ ਦੇ ਵਿਰੁਧ ਹਾਂ ਪਰ ਹੁਕਮਰਾਨ ਇਨ੍ਹਾਂ ਨਵੇਂ ਕਾਨੂੰਨਾਂ ਰਾਹੀ ਇਨ੍ਹਾਂ ਸਜ਼ਾਵਾਂ ਵਿਚ ਵਾਧਾ ਕਰਕੇ ਮੁਲਕ ਨੂੰ ਤਾਨਾਸ਼ਾਹੀ ਤੇ ਜ਼ਬਰ ਵੱਲ ਲਿਜਾ ਰਹੇ ਹਨ। ਅਜਿਹਾ ਕਰਕੇ ਹੁਕਮਰਾਨ ਅਤੇ ਸਪੀਕਰ ਲੋਕ ਸਭਾ ਨੇ ਜਮਹੂਰੀਅਤ ਅਤੇ ਵਿਧਾਨਿਕ ਨਿਯਮਾਂ ਦਾ ਸ਼ਰੇਆਮ ਉਲੰਘਣ ਕਰਕੇ ਜਮਹੂਰੀਅਤ ਕਦਰਾਂ ਕੀਮਤਾਂ ਦਾ ਜਨਾਜ਼ਾਂ ਕੱਢ ਦਿਤਾ ਹੈ।” ਸਿਮਰਨਜੀਤ ਸਿੰਘ ਮਾਨ ਅਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਸੰਸਦ ਵਿਚ ਵਿਰੋਧੀ ਧਿਰ ਦੀ ਗੈਰ-ਹਾਜ਼ਰੀ ਵਿਚ ਬਿਨ੍ਹਾਂ ਕਿਸੇ ਤਰ੍ਹਾਂ ਦੀ ਬਹਿਸ ਅਤੇ ਵਿਚਾਰ ਕੀਤਿਆਂ ਉਪਰੋਕਤ ਬਿੱਲਾਂ ਨੂੰ ਪਾਸ ਕਰਕੇ ਕਾਨੂੰਨੀ ਰੂਪ ਦੇਣ ਦੇ ਅਮਲਾਂ ਨੂੰ ਗੈਰ-ਜਮਹੂਰੀਅਤ ਅਤੇ ਗੈਰ ਵਿਧਾਨਿਕ ਕਰਾਰ ਦਿੰਦੇ ਹੋਏ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ।

### ਕੌਮੀ ਸੁਰੱਖਿਆ ਸਲਾਹਕਾਰ ਨੂੰ ਸੰਸਦ ਦੇ ਅਧੀਨ ਲਿਆਂਦਾ ਜਾਵੇ

ਲੋਕ ਸਭਾ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਬੁਧਵਾਰ ਨੂੰ ਮੰਗ ਕੀਤੀ ਕਿ ਰਾਸ਼ਟਰੀ ਸੁਰੱਖਿਆ ਸਲਾਹਕਾਰ (ਐਨ.ਐਸ.ਏ.) ਦੇ ਅਹੁਦੇ ਨੂੰ ਸੰਸਦ ਦੇ ਦਾਇਰੇ ’ਚ ਲਿਆਂਦਾ ਜਾਣਾ ਚਾਹੀਦਾ ਹੈ। ਲੋਕ ਸਭਾ ’ਚ ਭਾਰਤੀ ਨਿਆਂ ਸੰਹਿਤਾ (ਬੀ.ਐਨ.ਐਸ.) ਬਿਲ, 2023, ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ (ਬੀ.ਐਨ.ਐਸ.ਐਸ.) ਬਿਲ, 2023 ਅਤੇ ਭਾਰਤੀ ਸਬੂਤ (ਬੀ.ਐਸ.) ਬਿਲ, 2023 ’ਤੇ ਚਰਚਾ ’ਚ ਹਿੱਸਾ ਲੈਂਦਿਆਂ ਸ਼੍ਰੋਮਣੀ ਅਕਾਲੀ ਦਲ (ਐਮ) ਦੇ ਸੰਸਦ ਮੈਂਬਰ ਨੇ ਕਿਹਾ ਕਿ ਪ੍ਰਸਤਾਵਿਤ ਬਿਲਾਂ ’ਚ ਰਾਸ਼ਟਰੀ ਸੁਰੱਖਿਆ ਸਲਾਹਕਾਰ ਲਈ ਕੋਈ ਵਿਵਸਥਾ ਨਹੀਂ ਹੈ। ਉਨ੍ਹਾਂ ਕਿਹਾ ਕਿ ਐਨ.ਐਸ.ਏ., ਰਿਸਰਚ ਐਨਾਲਿਸਿਸ ਵਿੰਗ (ਰਾਅ) ਅਤੇ ਇੰਟੈਲੀਜੈਂਸ ਬਿਊਰੋ (ਆਈ.ਬੀ.) ਦੇ ਡਾਇਰੈਕਟਰ ਨੂੰ ਇਨ੍ਹਾਂ ਬਿਲਾਂ ’ਚ ਸ਼ਾਮਲ ਨਹੀਂ ਕੀਤਾ ਗਿਆ ਹੈ। ਉਨ੍ਹਾਂ ਕਿਹਾ, “ਉਹ ਸੰਸਦ ਪ੍ਰਤੀ ਜਵਾਬਦੇਹ ਨਹੀਂ ਹਨ ਅਤੇ ਉਨ੍ਹਾਂ ਦੇ ਗੁਪਤ ਸੇਵਾ ਫੰਡ ਦਾ ਆਡਿਟ ਨਹੀਂ ਕੀਤਾ ਜਾਂਦਾ।”

# ਸੰਸਦ ਵਿੱਚ ਬੰਦੀ ਸਿੱਖਾਂ ਦੀ ਰਿਹਾਈ ਦੀ ਵਿਕਰਮਜੀਤ ਸਿੰਘ ਸਾਹਨੀ ਨੇ ਮੁੜ ਉਠਾਈ ਮੰਗ



ਨਵੀ ਦਿੱਲੀ : ਸੰਸਦ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਨੇ ਅੱਜ ਰਾਜ ਸਭਾ ਵਿੱਚ ਬੰਦੀ ਸਿੱਖਾਂ ਦਾ ਮੁੱਦਾ ਜ਼ੋਰਦਾਰ ਢੰਗ ਨਾਲ ਉਠਾਇਆ ਜੋ ਕਿ ਲੰਮੇ ਸਮੇਂ ਤੋਂ ਸਿੱਖ ਕੌਮ ਦੇ ਹਿਰਦਿਆਂ ਨੂੰ ਵਲੂੰਧਰ ਰਿਹਾ ਹੈ। ਸ੍ਰ ਸਾਹਨੀ ਨੇ ਕਿਹਾ ਕਿ , ਇਹ ਇੱਕ ਗੁੰਝਲਦਾਰ ਅਤੇ ਬਹੁਪੱਖੀ ਮੁੱਦਾ ਹੈ, ਜਿਸਦੀਆਂ ਜੜ੍ਹਾਂ ਇਤਿਹਾਸਕ, ਰਾਜਨੀਤਿਕ ਅਤੇ ਕਾਨੂੰਨੀ ਉਲਝਣਾਂ ਵਿਚ ਅੰਦਰ ਪਈਆਂ ਹਨ। ਇਹ ਮਸਲਾ ਮੁੱਖ ਕਰਕੇ ਪੰਜਾਬ ਵਿੱਚ ਖਾੜਕੂਵਾਦ ਨਾਲ ਜੁੜੀਆਂ ਵੱਖ-ਵੱਖ ਘਟਨਾਵਾਂ ਦੇ ਸਬੰਧ ਵਿੱਚ ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਨਾਲ ਜੁੜਿਆ ਹੋਇਆ ਹੈ। ਸਿੱਖ ਕੈਦੀਆਂ ਨੂੰ ਲੰਬਾ ਸਮਾਂ ਜੇਲ੍ਹਾਂ ਵਿਚ ਬੰਦ ਰੱਖੇ ਜਾਣ ਨਾਲ ਭਾਰਤੀ ਨਿਆਂ ਪ੍ਰਣਾਲੀ ਦੇ ਅੰਦਰ ਉਚਿਤ ਪ੍ਰਕਿਰਿਆ, ਨਿਰਪੱਖ ਸੁਣਵਾਈ ਅਤੇ ਕੈਦੀਆਂ ਨਾਲ ਕੀਤੇ ਜਾਂਦੇ ਸਲੂਕ ਨੂੰ ਲੈ ਕੇ ਚਿੰਤਾਵਾਂ ਪੈਦਾ ਹੋ ਰਹੀਆਂ ਹਨ। ਸ੍ਰ ਸਾਹਨੀ ਨੇ ਕਿਹਾ ਕਿ ਨਿਆਂ ਵਿੱਚ ਦੇਰੀ ਨਾਲ ਨਿਆਂ ਦੇਣ ਤੋਂ ਇਨਕਾਰ ਕਰਨ ਦੇ ਬਰਾਬਰ ਹੈ।÷ ਸ਼੍ਰੀ ਸਾਹਨੀ ਨੇ ਦੱਸਿਆ ਕਿ ਅਸੀਂ ਪਿਛਲੇ ਦਿਨੀ ਬਿਲਕਿਸ ਬਾਨੋ ਕੇਸ ਦੇ ਦੋਸ਼ੀਆਂ ਨੂੰ 15 ਸਾਲ ਦੀ ਸਜ਼ਾ ਪੂਰੀ ਕਰਨ ਤੋਂ ਬਾਅਦ ਰਿਹਾਅ ਹੁੰਦੇ ਦੇਖਿਆ ਹੈ ਅਤੇ ਸਾਬਕਾ ਪ੍ਰਧਾਨ ਮੰਤਰੀ ਸ਼੍ਰੀ ਰਾਜੀਵ ਗਾਂਧੀ ਦੇ ਕਾਤਲਾਂ ਦੀ ਰਿਹਾਈ ਵੀ ਦੇਖੀ ਹੈ ਜੋ 30 ਸਾਲ ਦੀ ਸਜ਼ਾ ਪੂਰੀ ਕਰਨ ਤੋਂ ਬਾਅਦ ਰਿਹਾਅ ਕਰ ਦਿੱਤੇ ਗਏ ਸਨ। ਸ੍ਰ ਸਾਹਨੀ ਨੇ ਇਹ ਵੀ ਕਿਹਾ ਕਿ ਅਜਿਹੇ ਕਈ ਮਾਮਲੇ ਹਨ ਕਿ ਦੋਸ਼ੀਆਂ ਨੇ ਘਿਨਾਉਣੇ ਅਪਰਾਧ ਕੀਤੇ ਹੋਏ ਹਨ ਪਰ ਉਨ੍ਹਾਂ ਨੂੰ ਸਾਲ ਵਿੱਚ 3-4 ਵਾਰ ਵਾਰ-ਵਾਰ ਪੈਰੋਲ ਦਿੱਤੀ ਜਾਂਦੀ ਹੈ। ਸ੍ਰ. ਸਾਹਨੀ ਨੇ ਮੰਗ ਕੀਤੀ ਕਿ ਕੇਂਦਰ ਅਤੇ ਰਾਜ ਸਰਕਾਰਾਂ ਦੁਆਰਾ ਸਮੇਂ ਤੋਂ ਪਹਿਲਾਂ ਰਿਹਾਈ ਦੇ ਅਜਿਹੇ ਕੇਸਾਂ ਦਾ ਫੈਸਲਾ ਕਰਨ ਲਈ ਰਾਸ਼ਟਰੀ ਪੱਧਰ ‘ਤੇ ਇਕੋ ਕਿਹੇ ਮਾਪਦੰਡ ਜਾਂ ਨੀਤੀ ਹੋਣੀ ਚਾਹੀਦੀ ਹੈ ਤਾਂ ਜੋ ਅਜਿਹੇ ਕੇਸਾਂ ਦਾ ਫੈਸਲਾ ਕਰਦੇ ਸਮੇਂ ਇਕਸਾਰਤਾ ਬਣੀ ਰਹੇ। ਸ੍ਰ. ਸਾਹਨੀ ਨੇ ਸਦਨ ਦਾ ਧਿਆਨ ਇਸ ਤੱਥ ਵੱਲ ਦਿਵਾਇਆ ਕਿ ਕੇਂਦਰ ਸਰਕਾਰ ਵੱਲੋਂ 11 ਅਕਤੂਬਰ, 2019 ਨੂੰ ਜਾਰੀ ਕੀਤੇ ਗਏ ਇਕ ਨੋਟੀਫਿਕੇਸ਼ਨ ਵਿੱਚ ਕੁਝ ਕੈਦੀਆਂ ਜਿਵੇਂ ਗੁਰਦੀਪ ਸਿੰਘ ਖੇੜਾ ਅਤੇ ਦਵਿੰਦਰ ਪਾਲ ਭੁੱਲਰ ਦੀ ਰਿਹਾਈ ਨੂੰ ਮਨਜ਼ੂਰੀ ਦੇ ਦਿੱਤੀ ਸੀ ਅਤੇ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਤਬਦੀਲ ਕਰਨਾ ਮਨਜ਼ੂਰ ਕੀਤਾ ਸੀ। ਪ੍ਰੰਤੂ ਇਸ ਫੈਸਲੇ ਉਤੇ ਅੱਜ ਤੱਕ ਅਮਲ ਨਹੀਂ ਹੋ ਸਕਿਆ ਹੈ। ਇਨ੍ਹਾਂ ਬੰਦੀ ਸਿੱਖਾਂ ਨੂੰ ਪਿਛਲੇ 30 ਸਾਲਾਂ ਤੋਂ ਵੀ ਵੱਧ ਸਮੇਂ ਤੋਂ ਸਲਾਖਾਂ ਪਿੱਛੇ ਡੱਕਿਆ ਹੋਇਆ ਹੈ। ਸ੍ਰ. ਸਾਹਨੀ ਨੇ ਦੱਸਿਆ ਕਿ ਉਨ੍ਹਾਂ ਵਿਚੋਂ ਬਹੁਤ ਸਾਰੇ ਗੰਭੀਰ ਸਰੀਰਕ ਅਤੇ ਮਾਨਸਿਕ ਬੀਮਾਰੀਆਂ ਦਾ ਸਾਹਮਣਾ ਕਰ ਰਹੇ ਹਨ। ਉਨ੍ਹਾਂ ਨੇ ਭਾਰਤ ਦੇ ਮਾਣਯੋਗ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਤੋਂ ਮੰਗ ਕੀਤੀ ਕਿ ਬੰਦੀ ਸਿੱਖਾਂ ਦੇ ਇਨ੍ਹਾਂ ਸਾਰੇ ਮਾਮਲਿਆਂ ਦੀ ਸਮੀਖਿਆ ਕੀਤੀ ਜਾਵੇ ਅਤੇ ਉਨ੍ਹਾਂ ਨੂੰ ਰਿਹਾਅ ਕਰਨ ਲਈ ਇਕ ਉੱਚ ਤਾਕਤੀ ਕਮੇਟੀ ਦਾ ਗਠਨ ਕੀਤਾ ਜਾਵੇ। ਬੰਦੀ ਸਿੱਖਾਂ ਦਾ ਮੁੱਦਾ ਇਤਿਹਾਸਕ ਅਨਿਆਂ ਨੂੰ ਹੱਲ ਕਰਨ ਅਤੇ ਪੰਜਾਬ ਵਿੱਚ ਮੇਲ-ਮਿਲਾਪ ਅਤੇ ਸਮਾਜਿਕ ਸਦਭਾਵਨਾ ਨੂੰ ਉਤਸ਼ਾਹਤ ਕਰਨ ਲਈ ਇੱਕ ਜ਼ਰੂਰੀ ਕਦਮ ਹੈ।




# Fresno California

## ਵਿਚ ਖੁੱਲ੍ਹਾ ਰਿਹਾ ਨਵਾਂ ਦ.ਫਤਰ

**ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਇਕ ਛੱਤ ਥੱਲੇ**

• ਪੋਲੀਟੀਕਲ ਅਸਾਈਲਮ • ਡਿਪ੍ਰੋਟੇਸ਼ਨ ਡਿਫੈਂਸ • BIA ਅਪੀਲ

• 9 Circuit ਅਪੀਲ • ਸਿਟੀਜਨਸ਼ਿਪ • ਗਰੀਨਕਾਰਡ

**ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ**

## Law office of Anthony Nwosu

239 West Yosemite Ave Manteca CA 95336
ਸਾਡਾ ਆਫ਼ਿਸ਼ Oakland ਅਤੇ Sacramento ਵਿਚ ਵੀ ਹੈ।
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ
ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

**209-481-7750**
**510-472-0608**
**PH. : 209-624-3919**



ਸ੍ਰ. ਹਰਮਿੰਦਰ ਸਿੰਘ ਸਮਾਣਾ
ਆਫ਼ਿਸ ਮੈਨੇਜਰ



Anthony Nwosu
Attorney at Law

# ਆਨੰਦ ਮੈਰਿਜ ਐਕਟ ਵਿੱਚ ਸੋਧ ਦੀ ਜ਼ਰੂਰਤ: ਧਾਮੀ

## *ਜੋੜ ਮੇਲ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੁਰਦੁਆਰਾ ਸ੍ਰੀ ਭੱਠਾ ਸਾਹਿਬ ਹੋਏ ਨਤਮਸਤਕ*



ਰੂਪਨਗਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਅੱਜ ਗੁਰਦੁਆਰਾ ਸ੍ਰੀ ਭੱਠਾ ਸਾਹਿਬ ਵਿਖੇ ਚੱਲ ਰਹੇ ਜੋੜ ਮੇਲ ਦੌਰਾਨ ਗੁਰਦੁਆਰੇ ਨਤਮਸਤਕ ਹੋਏ। ਉਪਰੰਤ ਮੀਡੀਆ ਨਾਲ ਗੱਲਬਾਤ ਦੌਰਾਨ ਸ੍ਰੀ ਧਾਮੀ ਨੇ ਕਿਹਾ ਕਿ ਆਨੰਦ ਮੈਰਿਜ ਐਕਟ ਹਾਲੇ ਪੂਰੀ ਤਰ੍ਹਾਂ ਲਾਗੂ ਨਹੀਂ ਹੋਇਆ ਹੈ ਅਤੇ ਇਸ ਵਿੱਚ ਸੋਧ ਦੀ ਸਖ਼ਤ ਜ਼ਰੂਰਤ ਹੈ। ਉਨ੍ਹਾਂ ਕਿਹਾ ਕਿ ਆਨੰਦ ਮੈਰਿਜ ਐਕਟ ਵਿੱਚ 1909 ਦੇ ਮਤੇ ਨੂੰ ਇੰਨ-ਬਿੰਨ ਲਾਗੂ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਗੁਰੂਘਰ ਦਾ ਨਾਮ ਕਿਸੇ ਵਿਅਕਤੀ ਵਿਸ਼ੇਸ਼ ਦੇ ਨਿੱਜੀ ਨਾਮ 'ਤੇ ਨਹੀਂ ਰੱਖਿਆ ਜਾਣਾ ਚਾਹੀਦਾ ਅਤੇ ਇਸ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਆਦੇਸ਼ ਜਾਰੀ ਕੀਤੇ ਹੋਏ ਹਨ। ਉਨ੍ਹਾਂ ਕਿਹਾ ਕਿ ਸਿੱਖ ਧਰਮ ਵਿੱਚ ਬਹੁਤ ਵਾਰੀ ਔਕੜਾਂ ਆਈਆਂ ਪਰ ਪੰਥ ਹਮੇਸ਼ਾ ਚੜ੍ਹਦੀ ਕਲਾ ਵਿੱਚ ਹੀ ਰਿਹਾ ਹੈ ਅਤੇ ਸਦਾ ਰਹੇਗਾ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਪਰਮਜੀਤ ਸਿੰਘ ਲੱਖੇਵਾਲ, ਅਜਮੇਰ ਸਿੰਘ ਖੇੜਾ, ਭਾਈ ਅਮਰਜੀਤ ਸਿੰਘ ਚਾਵਲਾ, ਜਥੇਦਾਰ ਗੁਰਿੰਦਰ ਸਿੰਘ ਗੋਗੀ ਅਤੇ ਗੁਰਦੁਆਰਾ ਸ੍ਰੀ ਭੱਠਾ ਸਾਹਿਬ ਦੇ ਮੈਨੇਜਰ ਜਸਵੀਰ ਸਿੰਘ ਘੁੰਗਰਾਲੀ ਸਿੱਖਾਂ ਹਾਜ਼ਰ ਸਨ।

ਇਸ ਤੋਂ ਪਹਿਲਾਂ ਉਨ੍ਹਾਂ ਸ਼ਹੀਦੀ ਜੋੜ ਮੇਲ ਦੇ ਦੂਜੇ ਦਿਨ ਦੀਵਾਨ ਹਾਲ ਵਿੱਚ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਜ਼ਾਵਾਂ ਪੂਰੀਆਂ ਕਰਨ ਤੋਂ ਬਾਅਦ ਵੀ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿੱਚ ਬੰਦ ਬਦੀ ਸਿੰਘਾਂ ਦੀ ਰਿਹਾਈ ਲਈ ਰੋਸ ਮਾਰਚ ਕੱਢਣ ਦਾ ਪ੍ਰੋਗਰਾਮ ਇਸ ਲਈ ਮੁਲਤਵੀ ਕਰਨਾ ਪਿਆ ਹੈ ਕਿਉਂਕਿ ਪੰਜ ਮੈਂਬਰੀ ਕਮੇਟੀ ਨੇ ਪੰਥ ਦੇ ਵਡੇਰੇ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਫੈਸਲਾ ਲਿਆ ਹੈ ਕਿ ਪਹਿਲਾਂ ਇਸ ਸਬੰਧੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮਿਲਿਆ ਜਾਵੇ। ਉਨ੍ਹਾਂ ਬੇਅਦਬੀ ਦੇ ਮਾਮਲਿਆਂ ਸਬੰਧੀ ਸਰਕਾਰ 'ਤੇ ਵਰ੍ਹਦਿਆਂ ਕਿਹਾ ਕਿ ਪਿਛਲੇ ਦਿਨੀਂ ਪਟਿਆਲਾ ਵਿੱਚ ਬੇਅਦਬੀ ਹੋਈ ਅਤੇ ਦੋ ਸਾਲ ਪਹਿਲਾਂ ਸ੍ਰੀ ਹਰਮਿੰਦਰ ਸਾਹਿਬ ਵਿਖੇ ਅੱਜ ਦੇ ਦਿਨ ਬੇਅਦਬੀ ਦੀ ਕੋਸ਼ਿਸ਼ ਹੋਈ ਸੀ।

# ਹਾ..ਈ.ਈ, ਹਾਂਜੀ ਅਤੇ ਮਾਫੀ !

ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268



ਕਹਿੰਦੇ ਕੋਈ ਪ੍ਰੋਫੈਸਰ ਕਲਾਸ ਨੂੰ ਹੀਰ ਵਾਰਿਸ ਸ਼ਾਹ ਦਾ ਕਿੱਸਾ ਪੜ੍ਹਾ ਰਿਹਾ ਸੀ। ਉਸਨੇ ਦੱਸਿਆ ਕਿ ਹੀਰ ਨੂੰ ਜਬਰਦਸਤੀ ਸੈਦੇ ਖੇੜੇ ਦੀ ਡੋਲੀ ਬਹਾ ਦਿੱਤਾ ਗਿਆ! ਇਸਲਾਮੀ ਸੱਭਿਆਚਾਰ ਤੋਂ ਜਾਣੂ ਇੱਕ ਮੁੰਡਾ ਪ੍ਰੋਫੈਸਰ ਨੂੰ ਕਹਿੰਦਾ- "ਸਰ, ਨਿਕਾਹ ਪੜ੍ਹਨ ਤੋਂ ਪਹਿਲਾਂ ਕਾਜੀ ਵਿਅਹਾਂਦੜ ਲਾੜੇ ਅਤੇ ਲਾੜੀ ਤੋਂ ਇੱਕ-ਦੂਜੇ ਨਾਲ ਵਿਆਹ ਕਰਾਉਣ ਲਈ ਆਪਸੀ ਰਜ਼ਾਮੰਦੀ ਪੁੱਛਦਾ ਹੈ! ਦੋਹਾਂ ਵਲੋਂ 'ਹਾਂ' ਸੁਣਕੇ ਹੀ ਉਹ ਨਿਕਾਹ ਪੜ੍ਹਦਾ ਹੈ। ਇਵੇਂ ਜਦ ਹੀਰ ਨੂੰ ਕਾਜੀ ਨੇ ਪੁੱਛਿਆ ਹੋਵੇਗਾ ਕਿ ਤੂੰ ਖੇੜੇ ਨਾਲ ਵਿਆਹ ਕਰਾਉਣ ਲਈ ਰਾਜ਼ੀ ਐਂ? ਤਾਂ ਹੀਰ ਦੇ ਮੂੰਹੋਂ 'ਹਾਂ' ਸੁਣਕੇ ਹੀ ਉਸਨੇ ਨਿਕਾਹ ਕਰਾਇਆ ਹੋਵੇਗਾ?

ਪ੍ਰੋਫੈਸਰ ਕਹਿੰਦਾ-"ਅਸਲ 'ਚ ਜਦ ਕਾਜੀ ਨੇ ਹੀਰ ਨੂੰ ਏਦਾਂ ਪੁੱਛਿਆ ਸੀ ਤਾਂ ਕਹਿੰਦੇ ਐਨ੍ਹ ਉਸੇ ਵੇਲੇ ਕੋਲ ਬੈਠੀ ਹੀਰ ਦੀ ਮਾਂ ਨੇ ਹੀਰ ਦੀ ਵੱਖੀ 'ਚ ਚੂੰਢੀ ਵੱਢ ਦਿੱਤੀ ! ਸਾਲੂ 'ਚ ਲਪੇਟੀ ਬੈਠੀ ਹੀਰ ਦੇ ਮੂੰਹੋਂ 'ਹਾਈਈ' ਨਿਕਲ ਗਿਆ!

ਉਸੇ ਵੇਲੇ ਸਾਰਿਆਂ ਨੇ ਉੱਚੀ ਉੱਚੀ ਰੌਲਾ ਪਾ ਕੇ ਹੀਰ ਦੀ ਇਸ 'ਹਾ..ਈਈ' ਨੂੰ 'ਹਾਂਜੀ' ਬਣਾ ਦਿੱਤਾ ਸੀ!

# ਆਸਟ੍ਰੇਲੀਆ 'ਚ ਡੁੱਬਣ ਨਾਲ ਪੰਜਾਬੀ ਨੌਜਵਾਨ ਦੀ ਮੌਤ



ਸਿਡਨੀ : ਸਿਡਨੀ ਵਿਚ ਰਹਿੰਦੇ ਪੰਜਾਬੀ ਮੂਲ ਦੇ ਲਖਵਿੰਦਰ ਸਿੰਘ ਦੀ ਸਮੁੰਦਰ 'ਚ ਡੁੱਬਣ ਦੀ ਖ਼ਬਰ ਹੈ। ਲਖਵਿੰਦਰ ਸਿੰਘ ਉਰਫ਼ ਲੱਕੀ ਪੰਜਾਬੀਆਂ ਦੇ ਗੜ੍ਹ ਪਾਰਕਲੀ ਮਾਰਕੀਟ ਵਿਚ ਬੇਕਰੀ ਦੀ ਦੁਕਾਨ ਚਲਾਉਂਦਾ ਸੀ। ਇਹ ਘਟਨਾ ਸਟੀਫਨ ਵਿਚ ਉਸ ਸਮੇਂ ਵਾਪਰੀ ਜਦ ਲੱਕੀ ਅਤੇ ਉਸ ਦਾ ਪਰਿਵਾਰ ਬੀਰੂਬੀ ਬੀਚ 'ਤੇ ਸਮੁੰਦਰ ਵਿਚ ਨਹਾ ਰਹੇ ਸਨ। ਪਾਣੀ ਦੀਆਂ ਛੱਲਾਂ ਵਿਚ ਸਾਰੇ ਫਸ ਗਏ। ਪਰਿਵਾਰ ਦੇ ਬਾਕੀ ਮੈਂਬਰਾਂ ਨੂੰ ਸਹੀ ਸਲਾਮਤ ਕੱਢ ਲਿਆ ਗਿਆ ਪਰ ਲਖਵਿੰਦਰ ਲੱਕੀ ਉਨ੍ਹਾਂ ਛੱਲਾਂ ਵਿਚ ਜ਼ਿੰਦਗੀ ਦੇ ਸਾਹ ਹਾਰ ਗਿਆ। ਲਖਵਿੰਦਰ ਆਪਣੇ ਪਿੱਛੇ ਪਤਨੀ ਅਤੇ 13 ਸਾਲ ਤੇ 4 ਸਾਲ ਦੇ ਦੋ ਬੱਚੇ ਛੱਡ ਗਿਆ ਹੈ।

# ਲੰਡਨ 'ਚ ਲਾਪਤਾ ਜਲੰਧਰ ਦੇ ਸਿੱਖ ਵਿਦਿਆਰਥੀ ਦੀ ਮਿਲੀ ਲਾਸ਼




ਲੰਡਨ : ਲੰਡਨ 'ਚ ਬੀਤੀ 15 ਦਸੰਬਰ ਨੂੰ ਲਾਪਤਾ ਹੋਏ ਜਲੰਧਰ ਦੇ ਮਾਡਲ ਟਾਊਨ ਨਾਲ ਸੰਬੰਧਿਤ 23 ਸਾਲਾ ਸਿੱਖ ਵਿਦਿਆਰਥੀ ਗੁਰਸ਼ਮਾਨ ਸਿੰਘ ਭਾਟੀਆ ਦੀ ਮੌਤ ਹੋਣ ਦੀ ਖ਼ਬਰ ਮਿਲੀ ਹੈ। ਸੂਤਰਾਂ ਅਨੁਸਾਰ ਭਾਟੀਆ ਦੀ ਲਾਸ਼ ਲੰਡਨ ਦੇ ਕੈਨਰੀ ਵਾਰਫ ਨੇੜੇ ਇਕ ਨਹਿਰ 'ਚੋਂ ਬਰਾਮਦ ਹੋਈ ਹੈ। ਮੁਢਲੀ ਜਾਣਕਾਰੀ ਅਨੁਸਾਰ ਗੁਰਸ਼ਮਾਨ ਸਿੰਘ ਭਾਟੀਆ ਨੇ ਨਹਿਰ 'ਚ ਛਾਲ ਮਾਰ ਕੇ ਜੀਵਨ ਲੀਲ੍ਹਾ ਖ਼ਤਮ ਕੀਤੀ ਹੈ। ਭਾਵੇਂ ਕਿ ਲੰਡਨ ਪੁਲਿਸ ਨੇ ਇਸ ਸੰਬੰਧੀ ਪਰਿਵਾਰ ਨੂੰ ਸੂਚਿਤ ਕਰ ਦਿੱਤਾ ਹੈ ਪਰ ਜਨਤਕ ਤੌਰ 'ਤੇ ਪੁਲਿਸ ਨੇ ਅਜੇ ਮੌਤ ਦੇ ਕਾਰਨਾਂ ਦੀ ਕੋਈ ਪੁਸ਼ਟੀ ਨਹੀਂ ਕੀਤੀ। ਭਾਜਪਾ ਆਗੂ ਮਨਜਿੰਦਰ ਸਿੰਘ ਸਿਰਸਾ ਨੇ ਵੀ ਸੋਸ਼ਲ ਮੀਡੀਆ 'ਤੇ ਗੁਰਸ਼ਮਾਨ ਸਿੰਘ ਭਾਟੀਆ ਦੀ ਮੌਤ ਦੀ ਪੁਸ਼ਟੀ ਕਰਦਿਆਂ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਭਾਟੀਆ 15 ਦਸੰਬਰ ਨੂੰ ਉਸ ਸਮੇਂ ਲਾਪਤਾ ਹੋ ਗਿਆ ਸੀ ਜਦੋਂ ਉਹ ਆਪਣੇ ਦੋਸਤਾਂ ਨਾਲ ਜਨਮ ਦਿਨ ਮਨਾ ਕੇ ਵਾਪਸ ਜਾ ਰਹੇ ਸਨ। ਗੁਰਸ਼ਮਾਨ ਲੌਫਬਰੋ ਯੂਨੀਵਰਸਿਟੀ 'ਚ ਉਚੇਰੀ ਪੜ੍ਹਾਈ ਕਰ ਰਿਹਾ ਸੀ।




# ਦੇਸ਼ ਖਾਤਿਰ ਜਾਨਾਂ ਵਾਰਨ ਵਾਲੇ ਸ਼ਹੀਦਾਂ ਦਾ ਸਮੁੱਚਾ ਮੁਲਕ ਕਰਜ਼ਦਾਰ ਰਹੇਗਾ: ਭਗਵੰਤ ਮਾਨ

## ਪਹਿਲੀ ਵਾਰ ਕੋਈ ਸਰਕਾਰ ਹਥਿਆਰਬੰਦ ਫ਼ੌਜ ਦੇ ਜਵਾਨਾਂ ਦੀ ਸ਼ਹਾਦਤ ਨੂੰ ਸਤਿਕਾਰ ਦੇ ਰਹੀ ਹੈ: ਕੇਜਰੀਵਾਲ






ਮੌੜ ਮੰਡੀ : 'ਆਪ' ਦੇ ਕੌਮੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕੇਂਦਰ ਸਰਕਾਰ 'ਤੇ ਪੰਜਾਬ ਦੇ ਪੇਂਡੂ ਵਿਕਾਸ ਫੰਡ (ਆਰਡੀਐੱਫ), ਨੈਸ਼ਨਲ ਹੈਲਥ ਮਿਸ਼ਨ, ਸੜਕ ਨਿਰਮਾਣ ਅਤੇ ਹੋਰ ਕਈ ਤਰ੍ਹਾਂ ਦੇ ਫੰਡ ਰੋਕਣ ਦਾ ਦੋਸ਼ ਲਾਇਆ ਹੈ। ਉਨ੍ਹਾਂ ਕਿਹਾ ਕਿ 'ਆਪ' ਵਿਰੋਧੀ ਸੂਬੇ ਵਿੱਚ ਚਲਦੇ ਵਿਕਾਸ ਕਾਰਜਾਂ ਨੂੰ ਰੋਕਣਾ ਚਾਹੁੰਦੇ ਹਨ ਤੇ ਉਨ੍ਹਾਂ ਦੇ ਕਹਿਣ 'ਤੇ ਹੀ ਕੇਂਦਰੀ ਫੰਡਾਂ 'ਚ ਅੜਿੱਕੇ ਪਾਏ ਜਾ ਰਹੇ ਹਨ। ਕੇਜਰੀਵਾਲ ਨੇ ਦਾਅਵਾ ਕੀਤਾ ਕਿ ਪਿਛਲੀਆਂ ਅਕਾਲੀ ਤੇ ਕਾਂਗਰਸ ਸਰਕਾਰਾਂ ਨੇ ਪੰਜਾਬ ਦੀ ਭਲਾਈ ਲਈ ਕੁਝ ਨਹੀਂ ਕੀਤਾ। ਉਧਰ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ 'ਡਬਲ ਇੰਜਣ' ਸਰਕਾਰਾਂ ਬਣਾਉਣ ਦੇ ਦਾਅਵੇ ਕਰਨ ਵਾਲੇ 'ਮੁੱਖ ਮੰਤਰੀ ਤੀਰਥ ਯਾਤਰਾ ਸਕੀਮ' ਲਈ ਰੇਲਗੱਡੀਆਂ ਦੇਣ ਤੋਂ ਵੀ ਭੱਜ ਗਏ ਹਨ। ਕੇਜਰੀਵਾਲ ਤੇ ਮਾਨ ਇਥੇ ਮੌੜ ਮੰਡੀ ਦੇ ਬਾਹਰਵਾਰ 'ਵਿਕਾਸ ਕ੍ਰਾਂਤੀ ਰੈਲੀ' ਨੂੰ ਸੰਬੋਧਨ ਕਰ ਰਹੇ ਸਨ। 'ਆਪ' ਸੁਪਰੀਮੋ ਨੇ ਬਠਿੰਡਾ ਨੂੰ ਵੱਡਾ ਤੋਹਫ਼ਾ ਦਿੰਦਿਆਂ 1125 ਕਰੋੜ ਰੁਪਏ ਦੇ ਵਿਕਾਸ ਕਾਰਜਾਂ ਦਾ ਐਲਾਨ ਕੀਤਾ।

ਕੇਜਰੀਵਾਲ ਨੇ ਕਿਹਾ, "ਸਾਰੀਆਂ ਪਾਰਟੀਆਂ (ਸੂਬੇ 'ਚ ਚੱਲ ਰਹੇ ਵਿਕਾਸ ਕਾਰਜਾਂ ਤੋਂ) ਪ੍ਰੇਸ਼ਾਨ ਹਨ ਤੇ ਸਾਡੇ ਖਿਲਾਫ਼ ਖੜ੍ਹ ਗਈਆਂ ਹਨ। ਇਨ੍ਹਾਂ ਹੁਣ ਇਕੱਠੇ ਹੋ ਕੇ ਕੇਂਦਰ ਸਰਕਾਰ ਤੱਕ ਪਹੁੰਚ ਕਰਦਿਆਂ ਸਾਡੇ ਵੱਲੋਂ ਕੀਤੇ ਜਾ ਰਹੇ ਕੰਮਾਂ ਨੂੰ ਰੋਕਣ ਲਈ ਕਿਹਾ ਹੈ। ਉਨ੍ਹਾਂ ਕੇਂਦਰ ਨੂੰ ਕਿਹਾ ਕਿ 'ਆਪ' ਨੂੰ ਕੰਮ ਕਰਨ ਦੀ ਇਜਾਜ਼ਤ ਨਾ ਦਿੱਤੀ ਜਾਵੇ। ਜੇਕਰ ਉਹ (ਆਪ) ਏਨਾ ਕੰਮ ਕਰ ਦੇਣਗੇ ਤਾਂ ਅਸੀਂ (ਵਿਰੋਧੀ ਪਾਰਟੀਆਂ) ਬਰਬਾਦ ਹੋ ਜਾਵਾਂਗੇ।" ਕੇਜਰੀਵਾਲ ਨੇ ਕਿਹਾ ਕਿ ਮੋਦੀ ਸਰਕਾਰ ਨੇ ਪੰਜਾਬ ਨੂੰ ਸਿਹਤ ਲਈ ਮਿਲਦੇ ਫੰਡ ਰੋਕ ਦਿੱਤੇ ਪਰ ਮਾਨ ਸਰਕਾਰ ਨੇ ਕਈ ਥਾਵਾਂ 'ਤੇ ਮੁਹੱਲਾ ਕਲੀਨਿਕ ਖੋਲ੍ਹ ਦਿੱਤੇ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਮੰਡੀਆਂ ਵਿਚ ਸੜਕਾਂ ਦੇ ਨਿਰਮਾਣ ਲਈ ਦਿਹਾਤੀ ਵਿਕਾਸ ਫੰਡ ਤਹਿਤ ਮਿਲਦੇ 5500 ਕਰੋੜ ਰੁਪਏ ਵੀ ਰੋਕ ਰੱਖੇ ਹਨ। ਕੇਜਰੀਵਾਲ ਨੇ ਕੇਂਦਰ ਸਰਕਾਰ 'ਤੇ 'ਮੁੱਖ ਮੰਤਰੀ ਤੀਰਥ ਯਾਤਰਾ ਸਕੀਮ' ਤਹਿਤ ਯਾਤਰੂਆਂ ਲਈ ਰੇਲਗੱਡੀਆਂ ਮੁਹੱਈਆ ਕਰਵਾਉਣ ਤੋਂ ਭੱਜਣ ਦਾ ਵੀ ਦੋਸ਼ ਲਾਇਆ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਨਾਂਦੇੜ ਸਾਹਿਬ ਤੇ ਪਟਨਾ ਸਾਹਿਬ ਮੱਥਾ ਟੇਕਣ ਜਾਣ ਤੋਂ ਵੀ ਰੋਕਿਆ ਜਾ ਰਿਹਾ ਹੈ। ਉਨ੍ਹਾਂ ਕਿਹਾ, "ਜੇਕਰ ਤੁਸੀਂ ਕਿਸੇ ਨੂੰ ਤੀਰਥ ਯਾਤਰਾ ਤੋਂ ਰੋਕੋਗੇ ਤਾਂ ਭਗਵਾਨ ਵੀ ਤੁਹਾਨੂੰ ਮੁਆਫ਼ ਨਹੀਂ ਕਰੇਗਾ।" ਸ੍ਰੀ ਕੇਜਰੀਵਾਲ ਨੇ ਪੰਜਾਬ ਸਰਕਾਰ ਵੱਲੋਂ ਬਠਿੰਡਾ 'ਚ ਨਵੇਂ ਬੱਸ ਅੱਡੇ ਦੀ ਉਸਾਰੀ, ਸਿਵਲ ਹਸਪਤਾਲ, ਆਡੀਟੋਰੀਅਮ, ਰਿੰਗ ਰੋਡ, ਵਾਟਰ ਟਰੀਟਮੈਂਟ ਪਲਾਂਟ ਆਦਿ ਲਈ 1125 ਕਰੋੜ ਰੁਪਏ ਦਾ ਪੈਕੇਜ ਦੇਣ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਦਿਆਂ ਹੀ ਜਦੋਂ ਵਹੀ ਖਾਤੇ ਚੈੱਕ ਕੀਤੇ ਗਏ ਤਾਂ ਪਤਾ ਲੱਗਿਆ ਕਿ ਤਤਕਾਲੀ ਸਰਕਾਰਾਂ 10 ਰੁਪਏ ਦਾ ਕੰਮ 100 ਰੁਪਏ ਵਿੱਚ ਕਰਵਾਉਂਦੀਆਂ ਸਨ, ਜਦਕਿ 'ਆਪ' ਸਰਕਾਰਾਂ ਦਿੱਲੀ ਤੇ ਪੰਜਾਬ ਵਿੱਚ ਉਹੀ ਕੰਮ ਸਿਰਫ 8 ਰੁਪਏ 'ਚ ਕਰਵਾ ਰਹੀਆਂ ਹਨ। ਕੇਜਰੀਵਾਲ ਨੇ ਦਾਅਵਾ ਕੀਤਾ ਕਿ ਪੰਜਾਬ ਸਰਕਾਰ ਦੀਆਂ ਲੋਕ-ਪੱਖੀ ਨੀਤੀਆਂ ਤੋਂ ਸਪੱਸ਼ਟ ਹੈ ਕਿ ਲੋਕ ਸਭਾ ਚੋਣਾਂ 'ਚ 'ਆਪ' ਪੰਜਾਬ ਦੀਆਂ ਸਾਰੀਆਂ 13 ਸੀਟਾਂ 'ਤੇ ਜਿੱਤ ਦਰਜ ਕਰੇਗੀ। ਉਧਰ ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੇ ਸੰਬੋਧਨ 'ਚ ਅਕਾਲੀ ਦਲ, ਭਾਜਪਾ ਅਤੇ ਕਾਂਗਰਸ 'ਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਰਾਜ ਸਰਕਾਰ ਕੋਲ ਪੈਸੇ ਦੀ ਕੋਈ ਕਮੀ ਨਹੀਂ। ਉਨ੍ਹਾਂ ਕਿਹਾ ਕਿ ਬਠਿੰਡਾ ਜ਼ਿਲ੍ਹੇ ਅੰਦਰ 13 ਨਵੇਂ ਮੁਹੱਲਾ ਕਲੀਨਿਕ ਖੋਲ੍ਹੇ ਜਾਣਗੇ, 7 ਨਵੇਂ ਸਰਕਾਰੀ ਹਾਈ ਸਕੂਲ ਬਣਾਏ ਜਾਣਗੇ। 'ਤੀਰਥ ਯਾਤਰਾ ਸਕੀਮ' ਦੇ ਹਵਾਲੇ ਨਾਲ ਕੇਂਦਰ ਸਰਕਾਰ 'ਤੇ ਚੁਟਕੀ ਲੈਂਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਚੋਣਾਂ ਵਿੱਚ ਥਾਂ-ਥਾਂ ਲੋਕਾਂ ਨੂੰ 'ਡਬਲ ਇੰਜਣ' ਦੀ ਸਰਕਾਰ ਬਣਾਉਣ ਦੀਆਂ ਅਪੀਲਾਂ ਕਰਨ ਵਾਲਿਆਂ ਕੋਲ ਰੇਲਗੱਡੀਆਂ ਲਈ ਇੰਜਣ ਨਹੀਂ, ਸਰਕਾਰਾਂ ਲਈ ਇੰਜਣ ਕਿੱਥੋਂ ਦੇ ਦੇਣਗੇ? ਉਨ੍ਹਾਂ ਕਿਹਾ, "ਅਸੀਂ ਹੱਕ ਮੰਗਾਂਗੇ, ਪਰ ਕੇਂਦਰ ਸਰਕਾਰ ਅੱਗੇ ਹੱਥ ਨਹੀਂ ਅੱਡਾਂਗੇ।" ਰੈਲੀ ਦੌਰਾਨ ਕੇਜਰੀਵਾਲ ਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਪਿੰਡ ਝੰਡੂਕੇ ਦੇ ਸ਼ਹੀਦ ਅਮਰੀਕ ਸਿੰਘ ਦੇ ਪਿਤਾ ਗੁਰਜੰਟ ਸਿੰਘ ਨੂੰ ਇਕ ਕਰੋੜ ਰੁਪਏ ਦਾ ਚੈੱਕ ਸੌਂਪਿਆ। ਭਾਰਤੀ ਸੈਨਾ ਦਾ ਜਵਾਨ ਅਮਰੀਕ ਸਿੰਘ ਯੂਪੀ ਦੇ ਝਾਂਸੀ ਵਿਚ ਡਿਊਟੀ ਦੌਰਾਨ ਸ਼ਹੀਦ ਹੋ ਗਿਆ ਸੀ। ਉਧਰ ਸਥਾਨਕ ਮੰਡੀ ਦੇ ਬਾਹਰਵਾਰ ਮੁੱਖ ਮੰਤਰੀ ਭਗਵੰਤ ਮਾਨ ਦਾ ਵਿਰੋਧ ਕਰਨ ਲਈ ਇਕੱਤਰ ਹੋਏ ਬੇਰੁਜ਼ਗਾਰ ਮਲਟੀਪਰਪਜ਼ ਹੈਲਥ ਵਰਕਰਾਂ ਨੂੰ 'ਵਿਕਾਸ ਰੈਲੀ' ਦੇ ਨੇੜੇ ਵੀ ਢੁੱਕਣ ਨਹੀਂ ਦਿੱਤਾ ਗਿਆ। ਜਥੇਬੰਦੀ ਦੇ ਵਰਕਰਾਂ ਨੇ ਪਿੰਡ ਮਾਈਸਰਖਾਨਾ ਦੀ ਵਾਟਰ ਵਰਕਸ ਟੈਂਕੀ 'ਤੇ ਚੜ੍ਹ ਕੇ ਆਪਣਾ ਰੋਸ ਜ਼ਾਹਿਰ ਕੀਤਾ।

ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਸ਼ਹਾਦਤਾਂ ਦੇਣ ਵਾਲੇ ਸ਼ਹੀਦਾਂ ਦੇ ਪਰਿਵਾਰਾਂ ਨੂੰ ਕੇਂਦਰ ਸਰਕਾਰ ਵਲੋਂ ਅਣਗੌਲਿਆ ਕੀਤਾ ਜਾ ਰਿਹਾ ਹੈ, ਜਦੋਂਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਸ਼ਹੀਦ ਹੋਏ ਅਗਨੀਵੀਰ ਅੰਮ੍ਰਿਤਪਾਲ ਦੇ ਪਰਿਵਾਰ ਦੇ ਘਰ ਜਾ ਕੇ ਦੁੱਖ ਸਾਂਝਾ ਕਰਦਿਆਂ ਪਰਿਵਾਰ ਨੂੰ ਇੱਕ ਕਰੋੜ ਰੁਪਏ ਦਾ ਚੈੱਕ ਸੌਂਪਿਆ ਸੀ।

# ਹੁਸ਼ਿਆਰਪੁਰ ਦੀ ਤਹਿਸੀਲ 'ਚ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਅਚਨਚੇਤ ਚੈਕਿੰਗ

ਹੁਸ਼ਿਆਰਪੁਰ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਅੱਜ ਹੁਸ਼ਿਆਰਪੁਰ ਦੀ ਤਹਿਸੀਲ ਕੰਪਲੈਕਸ ਵਿਚ ਅਚਨਚੇਤ ਚੈਕਿੰਗ ਕੀਤੀ ਗਈ। ਇਸ ਦੌਰਾਨ ਉਨ੍ਹਾਂ ਜਿੱਥੇ ਅਧਿਕਾਰੀਆਂ ਅਤੇ ਕਰਮਚਾਰੀਆਂ ਨਾਲ ਗੱਲਬਾਤ ਕੀਤੀ, ਉਥੇ ਹੀ ਆਮ ਲੋਕਾਂ ਨੂੰ ਆ ਰਹੀਆਂ ਸਮੱਸਿਆਵਾਂ ਵੀ ਸੁਣੀਆਂ। ਇਸ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਕੱਲ੍ਹ ਮੈਂ ਦੋ ਸਕੂਲਾਂ ਵਿਚ ਗਿਆ ਸੀ ਅਤੇ ਅੱਜ ਹੁਸ਼ਿਆਰਪੁਰ ਦੀ ਤਹਿਸੀਲ ਵਿਚ ਆਇਆ ਹੈ। ਮੈਂ ਲੋਕਾਂ ਲਈ ਆਇਆ ਹਾਂ ਅਤੇ ਹਮੇਸ਼ਾ ਲੋਕਾਂ ਵਿਚਾਲੇ ਹੀ ਰਹਾਂਗਾ। ਉਨ੍ਹਾਂ ਕਿਹਾ ਕਿ ਬਤੌਰ ਮੁੱਖ ਮੰਤਰੀ ਹੋਣ ਦੇ ਨਾਤੇ ਮੈਂ ਇਹ ਸਿਲਸਿਲਾ ਲਗਾਤਾਰ ਜਾਰੀ ਰੱਖਾਂਗਾ। ਉਨ੍ਹਾਂ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਬਾਰੇ ਕਿਹਾ ਕਿ ਜੇ ਉਨ੍ਹਾਂ ਨੂੰ ਕੋਈ ਮੁਸ਼ਕਲ ਪੇਸ਼ ਆ ਰਹੀ ਹੈ ਤਾਂ ਬਿਨਾਂ ਕਿਸੇ ਦੇਰੀ ਦੇ ਤੁਰੰਤ ਹੱਲ ਕਰਨ ਨੂੰ ਯਕੀਨੀ ਬਣਾਇਆ ਜਾਵੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਪੰਜਾਬ ਦੇ ਸਰਬਪੱਖੀ ਵਿਕਾਸ ਅਤੇ ਇੱਥੋਂ ਦੇ ਲੋਕਾਂ ਦੀ ਖੁਸ਼ਹਾਲੀ ਲਈ ਵਚਨਬੱਧ ਹੈ।

ਇਸ ਮੌਕੇ ਉਨ੍ਹਾਂ ਦੇ ਨਾਲ ਡਿਪਟੀ ਕਮਿਸ਼ਨਰ ਦੀਪਸ਼ਿਖਾ ਅਤੇ ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜ਼ਿੰਪਾ ਵੀ ਮੌਜੂਦ ਰਹੇ। ਇਸ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਡਿਪਟੀ ਕਮਿਸ਼ਨਰ ਅਤੇ ਐੱਸ. ਐੱਸ. ਪੀ. ਨੂੰ ਇਥੇ ਇਕ ਬੇਸ ਕੈਂਪ ਬਣਾਉਣ ਦੇ ਹੁਕਮ ਦਿੱਤੇ ਤਾਂਕਿ ਲੋਕਾਂ ਨੂੰ ਆ ਰਹੀਆਂ ਸਮੱਸਿਆਵਾਂ ਨਾਲ ਨਜਿੱਠਿਆ ਜਾਵੇ। ਸਥਿਤੀ ਦਾ ਜਾਇਜ਼ਾ ਲੈਣ ਲਈ ਮੁੱਖ ਮੰਤਰੀ ਦੇ ਖ਼ੁਦ ਲੋਕਾਂ ਵਿੱਚ ਆਉਣ ਕਾਰਨ





ਲੋਕਾਂ ਨੇ ਉਨ੍ਹਾਂ ਦਾ ਖੁੱਲ੍ਹ ਕੇ ਸਵਾਗਤ ਕੀਤਾ। ਆਪਣੀ ਸੁਰੱਖਿਆ ਦੀ ਪ੍ਰਵਾਹ ਕੀਤੇ ਬਿਨਾਂ ਭਗਵੰਤ ਸਿੰਘ ਮਾਨ ਨੇ ਵੀ ਲੋਕਾਂ ਨਾਲ ਜੋਸ਼ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਦਾ ਹਾਲ-ਚਾਲ ਪੁੱਛਿਆ। ਤਹਿਸੀਲ ਕੰਪਲੈਕਸ ਵਿੱਚ ਮੌਜੂਦ ਲੋਕਾਂ ਨੇ ਉਨ੍ਹਾਂ ਦੀ ਤਾਰੀਫ਼ ਕਰਦਿਆਂ ਕਿਹਾ ਕਿ ਉਹ ਚੰਗਾ ਕੰਮ ਕਰ ਰਹੇ ਹਨ ਅਤੇ ਜ਼ਾਹਰ ਹੈ ਕਿ ਰਾਜ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਰਗਾ ਚੰਗਾ ਸਮਾਂ ਵਾਪਸ ਆ ਗਿਆ ਹੈ।

ਨਿਰੀਖਣ ਦੌਰਾਨ ਹਾਜ਼ਰ ਲੋਕਾਂ ਨੇ ਮੁੱਖ ਮੰਤਰੀ ਨਾਲ ਸੈਲਫ਼ੀਆਂ ਵੀ ਲਈਆਂ ਅਤੇ ਲੋਕ ਭਲਾਈ ਲਈ ਕੀਤੇ ਸ਼ਾਨਦਾਰ ਕੰਮ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਇਸ ਦੌਰਾਨ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਸਮਾਜ ਦੇ ਹਰ ਵਰਗ ਦੇ ਸਰਵਪੱਖੀ ਵਿਕਾਸ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਇਸ ਨੇਕ ਕਾਰਜ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ ਅਤੇ ਲੋਕਾਂ ਨੂੰ ਇਸ ਦਾ ਭਰਪੂਰ ਲਾਭ ਮਿਲੇਗਾ। ਇਸ ਦੌਰਾਨ ਦਫ਼ਤਰਾਂ ਵਿੱਚ ਸਟਾਫ਼ ਨਾਲ ਗੱਲਬਾਤ ਦੌਰਾਨ ਮੁੱਖ ਮੰਤਰੀ ਨੇ ਉਨ੍ਹਾਂ ਨੂੰ ਮਿਸ਼ਨਰੀ ਭਾਵਨਾ ਨਾਲ ਲੋਕਾਂ ਦੀ ਸੇਵਾ ਕਰਨ ਦਾ ਸੱਦਾ ਦਿੱਤਾ। ਭਗਵੰਤ ਸਿੰਘ ਮਾਨ ਨੇ ਉਨ੍ਹਾਂ ਨੂੰ ਸਮਾਜ ਦੇ ਲੋੜਵੰਦ ਅਤੇ ਪਛੜੇ ਵਰਗਾਂ ਦੀ ਮਦਦ ਲਈ ਆਪਣੀ ਕਲਮ ਦੀ ਵਰਤੋਂ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਪਰਮਾਤਮਾ ਨੇ ਉਨ੍ਹਾਂ ਨੂੰ ਸ਼ਕਤੀ ਦਿੱਤੀ ਹੈ ਅਤੇ ਉਹ ਜਨਤਾ ਦੀ ਵੱਧ ਤੋਂ ਵੱਧ ਭਲਾਈ ਯਕੀਨੀ ਬਣਾਉਣ ਤਾਂ ਜੋ ਸਮਾਜ ਦੇ ਹਰ ਵਰਗ ਨੂੰ ਇਸ ਦਾ ਲਾਭ ਮਿਲ ਸਕੇ, ਉਨ੍ਹਾਂ ਨੇ ਡੀ. ਸੀ. ਅਤੇ ਐੱਸ. ਐੱਸ. ਪੀ. ਨੂੰ ਕਿਹਾ ਕਿ ਉਹ ਲੋਕਾਂ ਦੇ ਮਸਲੇ ਹੱਲ ਕਰਨ ਲਈ ਤਹਿਸੀਲ ਕੰਪਲੈਕਸ ਵਿੱਚ ਆਪਣੇ ਕੈਂਪ ਦਫ਼ਤਰ ਸਥਾਪਤ ਕਰਨ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਲੋਕਾਂ ਨੂੰ 43 ਸੇਵਾਵਾਂ ਘਰ-ਘਰ ਮੁਹੱਈਆ ਕਰਵਾਉਣ ਲਈ 'ਭਗਵੰਤ ਮਾਨ ਸਰਕਾਰ, ਤੁਹਾਡੇ ਦੁਆਰ' ਸਕੀਮ ਸ਼ੁਰੂ ਕੀਤੀ ਹੈ। ਭਗਵੰਤ ਸਿੰਘ ਨੇ ਉਮੀਦ ਜ਼ਾਹਰ ਕੀਤੀ ਕਿ ਟੋਲ ਫਰੀ ਨੰਬਰ 1076 ਤੈਅ ਸਮੇਂ ਦੇ ਅੰਦਰ ਲੋਕਾਂ ਨੂੰ ਸਰਕਾਰੀ ਸੇਵਾਵਾਂ ਪ੍ਰਦਾਨ ਕਰਨ ਲਈ ਇਕ ਪ੍ਰੇਰਕ ਵਜੋਂ ਕੰਮ ਕਰੇਗਾ। ਉਨ੍ਹਾਂ ਕਿਹਾ ਕਿ ਉਹ ਪੁਰਾਣੇ ਆਗੂਆਂ ਦੇ ਉਲਟ ਆਮ ਲੋਕਾਂ ਨੂੰ ਲਾਭ ਪਹੁੰਚਾਉਣ ਲਈ ਜ਼ਮੀਨੀ ਪੱਧਰ ਦੀ ਸਥਿਤੀ ਦਾ ਜਾਇਜ਼ਾ ਲੈਣ ਲਈ ਲਗਾਤਾਰ ਸੂਬੇ ਦਾ ਦੌਰਾ ਕਰ ਰਹੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਨੇ ਹਮੇਸ਼ਾ ਹੀ ਹਰ ਖੇਤਰ ਵਿੱਚ ਦੇਸ਼ ਦੀ ਅਗਵਾਈ ਕੀਤੀ ਹੈ ਅਤੇ ਇਸ ਗੱਲ ਤੋਂ ਕੋਈ ਵੀ ਅਣਜਾਣ ਨਹੀਂ ਕਿ ਦੇਸ਼ ਲਈ ਆਪਣੀਆਂ ਜਾਨਾਂ ਵਾਰਨ ਵਾਲੇ 90 ਫ਼ੀਸਦੀ ਤੋਂ ਵੱਧ ਮਹਾਨ ਦੇਸ਼ ਭਗਤ ਪੰਜਾਬੀ ਸਨ। ਉਨ੍ਹਾਂ ਕਿਹਾ ਕਿ ਜਦੋਂ ਵੀ ਭਾਰਤ ਨੂੰ ਅੰਦਰੂਨੀ ਜਾਂ ਬਾਹਰੀ ਹਮਲੇ ਦੀ ਚੁਣੌਤੀ ਦਾ ਸਾਹਮਣਾ ਕਰਨਾ ਪਿਆ ਤਾਂ ਪੰਜਾਬੀਆਂ ਨੇ ਅੱਗੇ ਹੋ ਕੇ ਦੇਸ਼ ਦੀ ਅਗਵਾਈ ਕੀਤੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਤੱਥ ਤੋਂ ਹਰ ਕੋਈ ਜਾਣੂੰ ਹੈ ਕਿ ਸੂਬੇ ਦੇ ਮਿਹਨਤੀ ਕਿਸਾਨਾਂ ਨੇ ਦੇਸ਼ ਨੂੰ ਅਨਾਜ ਉਤਪਾਦਨ ਵਿੱਚ ਆਤਮ-ਨਿਰਭਰ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ।

ਇਸ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਮੁੱਖ ਮੰਤਰੀ ਨੇ ਆਰ. ਡੀ. ਐੱਫ., ਐੱਨ. ਐੱਚ. ਐੱਮ. ਅਤੇ ਹੋਰ ਫੰਡਾਂ ਵਿੱਚ ਸੂਬੇ ਦੇ ਬਣਦੇ ਹਿੱਸੇ ਨੂੰ ਰੋਕਣ ਲਈ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀ ਆਲੋਚਨਾ ਕੀਤੀ। ਉਨ੍ਹਾਂ ਕਿਹਾ ਕਿ ਕੇਂਦਰ ਵੱਲੋਂ ਸੂਬੇ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਜਾ ਰਿਹਾ ਹੈ, ਜੋਕਿ ਪੂਰੀ ਤਰ੍ਹਾਂ ਗਲਤ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕੇਂਦਰ ਸਰਕਾਰ ਨੂੰ ਵੱਡੀ ਗਲਤਫਹਿਮੀ ਹੈ ਕਿਉਂਕਿ ਉਹ ਸਮਝਦੀ ਹੈ ਕਿ ਉਹ ਫੰਡਾਂ ਨੂੰ ਰੋਕ ਕੇ ਸੂਬੇ ਦੇ ਵਿਕਾਸ ਨੂੰ ਰੋਕ ਸਕਦੀ ਹੈ।

*ਐਸ.ਵਾਈ.ਐਲ. ਮੁੱਦਾ*

# 28 ਦਸੰਬਰ ਨੂੰ ਹੋਵੇਗੀ ਪੰਜਾਬ ਅਤੇ ਹਰਿਆਣਾ ਦੇ ਮੁੱਖ ਮੰਤਰੀਆਂ ਦੀ ਬੈਠਕ



ਚੰਡੀਗੜ੍ਹ : ਸਤਲੁਜ-ਯਮੁਨਾ ਲਿੰਕ (ਐੱਸ.ਵਾਈ.ਐੱਲ.) ਨਹਿਰ ਦੇ ਮੁੱਦੇ 'ਤੇ ਇਕ ਵਾਰ ਫਿਰ ਹਰਿਆਣਾ ਅਤੇ ਪੰਜਾਬ ਦੇ ਮੁੱਖ ਮੰਤਰੀ ਅਤੇ ਅਧਿਕਾਰੀ ਆਹਮੋ-ਸਾਹਮਣੇ ਬੈਠ ਕੇ ਮੀਟਿੰਗ ਕਰਨ ਜਾ ਰਹੇ ਹਨ। ਕੇਂਦਰੀ ਜਲ ਸ਼ਕਤੀ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਨੇ ਸਤਲੁਜ-ਯਮੁਨਾ ਲਿੰਕ ਨਹਿਰ ਦੇ ਮੁੱਦੇ 'ਤੇ ਚਰਚਾ ਲਈ 28 ਦਸੰਬਰ ਨੂੰ ਹਰਿਆਣਾ ਅਤੇ ਪੰਜਾਬ ਦੇ ਮੁੱਖ ਮੰਤਰੀਆਂ ਦੀ ਬੈਠਕ ਬੁਲਾਈ ਹੈ। ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟੜ ਨੇ ਇਹ ਜਾਣਕਾਰੀ ਦਿੱਤੀ।

ਖੱਟੜ ਨੇ ਕਿਹਾ ਕਿ ਪੰਜਾਬ ਅਤੇ ਹਰਿਆਣਾ ਦੇ ਮੁੱਖ ਮੰਤਰੀਆਂ ਤੋਂ ਇਲਾਵਾ ਦੋਵਾਂ ਸੂਬਿਆਂ ਦੇ ਅਧਿਕਾਰੀ ਚੰਡੀਗੜ੍ਹ 'ਚ ਹੋਣ ਵਾਲੀ ਇਸ ਬੈਠਕ 'ਚ ਭਾਗ ਲੈਣਗੇ। ਖੱਟੜ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਐੱਸ.ਵਾਈ.ਐੱਲ. ਇਕ ਗੰਭੀਰ ਮੁੱਦਾ ਹੈ। ਕੇਂਦਰੀ ਜਲ ਸ਼ਕਤੀ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਨੇ 28 ਦਸੰਬਰ ਨੂੰ ਚੰਡੀਗੜ੍ਹ 'ਚ ਐੱਸ.ਵਾਈ.ਐੱਲ. ਦੇ ਮੁੱਦੇ 'ਤੇ ਇਕ ਬੈਠਕ ਬੁਲਾਈ ਹੈ। ਦੋਵਾਂ ਸੂਬਿਆਂ ਦੇ ਮੁੱਖ ਮੰਤਰੀ ਅਤੇ ਜਲ ਸ਼ਕਤੀ ਮੰਤਰੀ ਇਸ ਵਿਚ ਭਾਗ ਲੈਣਗੇ। ਉਨ੍ਹਾਂ ਕਿਹਾ ਕਿ ਬੈਠਕ ਦੀ ਤਾਰੀਖ ਬੁੱਧਵਾਰ ਨੂੰ ਤੈਅ ਹੋਈ। ਜ਼ਿਕਰਯੋਗ ਹੈ ਕਿ ਪੰਜਾਬ ਤੋਂ ਹਰਿਆਣਾ 1 ਨਵੰਬਰ 1966 ਨੂੰ ਵੱਖ ਹੋ ਗਿਆ ਪਰ ਉਸ ਸਮੇਂ ਪਾਣੀ ਦੀ ਵੰਡ ਨਹੀਂ ਸੀ ਹੋਈ। ਕੁਝ ਸਾਲਾਂ ਬਾਅਦ ਕੇਂਦਰ ਨੇ ਹਰਿਆਣਾ ਨੂੰ 3.5 MAF ਪਾਣੀ ਅਲਾਟ ਕੀਤਾ। ਇਸ ਪਾਣੀ ਨੂੰ ਲਿਆਉਣ ਲਈ SYL ਨਹਿਰ ਬਣਾਉਣ ਦਾ ਵੀ ਫ਼ੈਸਲਾ ਕੀਤਾ ਗਿਆ। ਹਰਿਆਣਾ ਨੇ ਆਪਣੇ ਹਿੱਸੇ ਦੀ ਨਹਿਰ ਦਾ ਨਿਰਮਾਣ ਕਈ ਸਾਲ ਪਹਿਲਾਂ ਪੂਰਾ ਕਰ ਲਿਆ ਸੀ ਪਰ ਪੰਜਾਬ ਨੇ ਅਜੇ ਤੱਕ ਆਪਣੇ ਹਿੱਸੇ ਦਾ ਨਿਰਮਾਣ ਨਹੀਂ ਕੀਤਾ। ਸੁਪਰੀਮ ਕੋਰਟ 'ਚ ਇਹ ਮੁੱਦਾ ਕਈ ਵਾਰ ਉੱਠਿਆ ਹੈ ਅਤੇ ਹਰ ਵਾਰ ਦੋਹਾਂ ਸੂਬਿਆਂ ਨੂੰ ਵਿਵਾਦ ਜਲਦੀ ਸੁਲਝਾਉਣ ਦੀ ਗੱਲ ਆਖੀ ਗਈ।

# ਮੁੱਖ ਮੰਤਰੀ ਪੰਜਾਬ ਵੱਲੋਂ ਉੱਘੇ ਕਲਾਕਾਰ ਸੋਭਾ ਸਿੰਘ ਦੀ ਜੀਵਨੀ ਰਿਲੀਜ਼



ਚੰਡੀਗੜ੍ਹ : ਸ੍ਰ. ਭਗਵੰਤ ਸਿੰਘ ਮਾਨ, ਮੁੱਖ ਮੰਤਰੀ, ਪੰਜਾਬ ਨੇ ਅੱਜ ਪੰਜਾਬ ਭਵਨ, ਚੰਡੀਗੜ ਵਿਖੇ 'ਸੋਭਾ ਸਿੰਘ ਆਰਟਿਸਟ: ਲਾਈਫ ਐਂਡ ਲੀਗੇਸੀ' ਕਿਤਾਬ ਰਿਲੀਜ਼ ਕੀਤੀ।

ਮੁੱਖ ਮੰਤਰੀ ਨੇ ਮਰਹੂਮ ਕਲਾਕਾਰ ਦੀ ਪਹਿਲੀ ਜੀਵਨੀ ਲਿਖਣ ਲਈ ਲੇਖਕ ਡਾ: ਹਿਰਦੇ ਪਾਲ ਸਿੰਘ ਨੂੰ ਕਲਾਕਾਰ ਦੀ ਬਹੁ-ਆਯਾਮੀ ਸ਼ਖ਼ਸੀਅਤ ਦਾ ਵੇਰਵਾ ਦੇਣ ਲਈ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਸੋਭਾ ਸਿੰਘ ਪੰਜਾਬ ਦਾ ਮਹਾਨ ਪੁੱਤਰ ਸੀ, ਜਿਨ੍ਹਾਂ ਨੇ ਧਾਰਮਿਕ ਵਿਸ਼ਿਆਂ, ਸੁਤੰਤਰਤਾ ਸੈਨਾਨੀਆਂ ਅਤੇ ਰਾਸ਼ਟਰੀ ਨਾਇਕਾਂ, ਕਬੀਲਿਆਂ ਅਤੇ ਲੈਂਡਸਕੇਪ ਆਦਿ ਵਿਸ਼ਿਆਂ 'ਤੇ ਆਪਣੀਆਂ ਸ਼ਾਨਦਾਰ ਪੇਂਟਿੰਗਾਂ ਰਾਹੀਂ ਪੰਜਾਬ, ਹਿਮਾਚਲ ਪ੍ਰਦੇਸ਼ ਅਤੇ ਰਾਸ਼ਟਰ ਦਾ ਨਾਮ ਰੌਸ਼ਨ ਕੀਤਾ। ਮੁੱਖ ਮੰਤਰੀ ਨੇ ਉਮੀਦ ਜ਼ਾਹਰ ਕੀਤੀ ਕਿ ਨਵੀਂ ਪੁਸਤਕ ਪ੍ਰਸ਼ੰਸਕਾਂ ਅਤੇ ਪੈਰੋਕਾਰਾਂ ਨੂੰ ਬਹੁਤ ਪ੍ਰਮਾਣਿਕ ਜਾਣਕਾਰੀ ਪ੍ਰਦਾਨ ਕਰੇਗੀ ਅਤੇ ਖੋਜਕਰਤਾਵਾਂ, ਕਲਾ ਦੇ ਵਿਦਿਆਰਥੀਆਂ, ਜਾਣਕਾਰਾਂ ਅਤੇ ਸੰਤ-ਕਲਾਕਾਰ ਬਾਰੇ ਹੋਰ ਜਾਣਨ ਦੀ ਇੱਛਾ ਰੱਖਣ ਵਾਲੇ ਆਮ ਲੋਕਾਂ ਲਈ ਬਹੁਤ ਲਾਹੇਵੰਦ ਹੋਵੇਗੀ।

29 ਨਵੰਬਰ 1901 ਨੂੰ ਗੁਰਦਾਸਪੁਰ ਦੇ ਸ੍ਰੀ ਹਰਗੋਬਿੰਦਪੁਰ ਵਿਖੇ ਜਨਮੇ ਇਸ ਕਲਾਕਾਰ ਨੇ ਕਾਂਗੜਾ ਘਾਟੀ ਦੇ ਕਲਾ ਪਿੰਡ ਅੰਦਰੇਟਾ ਵਿਖੇ 1947 ਤੋਂ 1986 ਤੱਕ ਰਚਨਾਤਮਕਤਾ ਦੇ ਚਾਰ ਦਹਾਕੇ ਬਿਤਾਏ ਉਨ੍ਹਾਂ ਨੂੰ ਭਾਰਤ ਦੇ ਰਾਸ਼ਟਰਪਤੀ ਦੁਆਰਾ 'ਪਦਮ ਸ਼੍ਰੀ' ਨਾਲ ਸਨਮਾਨਿਤ ਕੀਤਾ ਗਿਆ ਸੀ। ਕੇਂਦਰੀ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਨੇ ਉਨ੍ਹਾਂ ਦੇ 75ਵੇਂ ਜਨਮ ਦਿਨ ਦੀ ਯਾਦ ਵਿੱਚ ਇੱਕ ਦਸਤਾਵੇਜ਼ੀ ਫਿਲਮ, "ਪੇਂਟਰ ਆਫ਼ ਪੀਪਲ "ਰਿਲੀਜ਼ ਕੀਤੀ। ਬੀ.ਬੀ.ਸੀ., ਲੰਡਨ ਨੇ ਵੀ ਉਨ੍ਹਾਂ 'ਤੇ ਡਾਕੂਮੈਂਟਰੀ ਬਣਾਈ । ਉਨ੍ਹਾਂ ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਡੀ.ਲਿਟ ਦੀ ਡਿਗਰੀ ਪ੍ਰਦਾਨ ਕੀਤੀ ਗਈ ਸੀ। ਉਨ੍ਹਾਂ ਦੀ ਜਨਮ ਸ਼ਤਾਬਦੀ ਦੌਰਾਨ, ਭਾਰਤ ਸਰਕਾਰ ਨੇ ਉਨ੍ਹਾਂ 'ਤੇ ਇੱਕ ਯਾਦਗਾਰੀ ਡਾਕ ਟਿਕਟ ਜਾਰੀ ਕੀਤੀ। ਲੋਕਾਂ ਦੇ ਇਸ ਹਰਮਨ ਪਿਆਰੇ ਚਿੱਤਰਕਾਰ ਦਾ 22 ਅਗਸਤ 1986 ਨੂੰ ਚੰਡੀਗੜ੍ਹ ਵਿਖੇ ਦਿਹਾਂਤ ਹੋ ਗਿਆ ਸੀ ।ਪੰਜਾਬ ਭਵਨ ਵਿਖੇ ਪੁਸਤਕ ਰਿਲੀਜ਼ ਸਮਾਰੋਹ ਦੌਰਾਨ ਸਰਕਾਰ ਦੇ ਸੀਨੀਅਰ ਅਧਿਕਾਰੀਆਂ ਤੋਂ ਇਲਾਵਾ ਲੇਖਕ ਡਾ: ਹਿਰਦੇ ਪਾਲ ਸਿੰਘ ਅਤੇ ਨੀ ਉਨ੍ਹਾਂ ਦੀ ਧਰਮ ਪਤਨੀ ਸ੍ਰੀਮਤੀ ਕਮਲਜੀਤ ਕੌਰ, ਮੁੱਖ ਮੰਤਰੀ, ਹਿਮਾਚਲ ਪ੍ਰਦੇਸ਼ ਦੇ ਪ੍ਰਮੁੱਖ ਸਲਾਹਕਾਰ ਸ਼੍ਰੀ ਰਾਮ ਸੁਭਾਗ ਸਿੰਘ ਅਤੇ ਉੱਘੇ ਚਿੱਤਰਕਾਰ ਆਰ.ਐਮ.ਸਿੰਘ ਵੀ ਹਾਜ਼ਰ ਸਨ।

# ਬੇਅਦਬੀ ਦੀ ਘਟਨਾ ਦੇ ਰੋਸ ਵਜੋਂ ਸ੍ਰੀ ਅਕਾਲ ਤਖ਼ਤ ਵਿਖੇ ਅਰਦਾਸ

## *ਦੋ ਸਾਲ ਪਹਿਲਾਂ ਸ੍ਰੀ ਦਰਬਾਰ ਸਾਹਿਬ ਅੰਦਰ ਵਾਪਰੀ ਸੀ ਘਟਨਾ*



ਅੰਮ੍ਰਿਤਸਰ : ਦੋ ਸਾਲ ਪਹਿਲਾਂ 2021 ਵਿੱਚ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਵਾਪਰੀ ਬੇਅਦਬੀ ਦੀ ਘਟਨਾ ਦੇ ਸਬੰਧ ਵਿੱਚ ਅੱਜ ਸ੍ਰੀ ਅਕਾਲ ਤਖ਼ਤ ਵਿਖੇ ਸਿੱਖ ਜਥੇਬੰਦੀ ਦਲ ਖਾਲਸਾ ਵੱਲੋਂ ਅਰਦਾਸ ਕੀਤੀ ਗਈ। ਇਸ ਅਰਦਾਸ ਸਮਾਗਮ ਵਿੱਚ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਵੀ ਸ਼ਮੂਲੀਅਤ ਕੀਤੀ। ਉਨ੍ਹਾਂ ਕਿਹਾ ਕਿ ਅੱਜ ਦਾ ਅਰਦਾਸ ਸਮਾਗਮ ਕੌਮ ਦੇ ਸਮੂਹਿਕ ਰੋਹ ਅਤੇ ਨਿਆਂ ਲਈ ਚੱਲ ਰਹੀ ਜੱਦੋ-ਜਹਿਦ ਦਾ ਪ੍ਰਤੀਕ ਹੈ। ਮਗਰੋਂ ਸਿੱਖ ਜਥੇਬੰਦੀ ਦੇ ਕਾਰਕੁਨਾਂ ਨੇ ਤਖ਼ਤੀਆਂ ਫੜ ਕੇ ਇਸ ਘਟਨਾ ਨੂੰ ਬਿਨਾਂ ਹੱਲ ਕੀਤੇ ਹੀ ਵਿਚਾਲੇ ਛੱਡਣ ਦੇ ਰੋਸ ਵਜੋਂ ਸਰਕਾਰ ਖ਼ਿਲਾਫ਼ ਰੋਸ ਮੁਜ਼ਾਹਰਾ ਵੀ ਕੀਤਾ। ਸਮਾਗਮ ਦੇ ਪ੍ਰਬੰਧਕਾਂ ਨੇ ਦੱਸਿਆ ਕਿ ਅੱਜ ਸ੍ਰੀ ਅਕਾਲ ਪੁਰਖ ਅੱਗੇ ਅਰਦਾਸ ਕੀਤੀ ਗਈ ਹੈ ਕਿ ਬੇਅਦਬੀ ਕਰਨ ਵਾਲਿਆਂ ਦੀ ਪਛਾਣ ਤੇ ਉਨ੍ਹਾਂ ਦੇ ਨਾਪਾਕ ਇਰਾਦਿਆਂ ਨੂੰ ਜੱਗ-ਜ਼ਾਹਿਰ ਕਰਨ ਅਤੇ ਉਨ੍ਹਾਂ ਨੂੰ ਸਜ਼ਾਵਾਂ ਦੇਣ ਤੇ ਨਿਆਂ ਦੀ ਪ੍ਰਾਪਤੀ ਲਈ ਸਿੱਖ ਕੌਮ ਨੂੰ ਲੜਦੇ ਰਹਿਣ ਦਾ ਬਲ ਪ੍ਰਦਾਨ ਕਰਨ। ਇਸ ਮੌਕੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਕਰਵਾਏ ਗਏ ਇਸ ਅਰਦਾਸ ਸਮਾਗਮ ਦਾ ਮਕਸਦ ਨਾ ਸਿਰਫ਼ ਬੀਤੇ ਸਾਲ ਦੀ ਘਟਨਾ ਦੀ ਯਾਦ ਨੂੰ ਚੇਤੇ ਕਰਨਾ ਹੈ, ਸਗੋਂ ਗੁਰੂ ਸਾਹਿਬਾਨ ਦਾ ਅਦਬ, ਗੁਰਧਾਮਾਂ ਦੀ ਮਾਣ-ਮਰਿਆਦਾ ਅਤੇ ਕੌਮੀ ਸਵੈਮਾਣ ਪ੍ਰਤੀ ਆਪਣੀ ਕੌਮੀ ਦ੍ਰਿੜ੍ਹਤਾ ਤੇ ਏਕਤਾ ਦੇ ਸਬੂਤ ਦਾ ਸੁਨੇਹਾ ਦੇਣਾ ਵੀ ਹੈ। ਅਰਦਾਸ ਉਪਰੰਤ ਦਲ ਖਾਲਸਾ ਦੇ ਕਾਰਕੁਨਾਂ ਨੇ ਦਰਬਾਰ ਸਾਹਿਬ ਕੰਪਲੈਕਸ ਦੇ ਬਾਹਰ ਆ ਕੇ ਸਰਕਾਰ ਵੱਲੋਂ ਇਸ ਅਪਰਾਧ ਨੂੰ ਅਣ-ਸੁਲਝਿਆ ਛੱਡਣ ਦੇ ਰੋਸ ਵਜੋਂ ਰੋਸ ਦਿਖਾਵਾ ਕੀਤਾ ਗਿਆ। ਦਲ ਖਾਲਸਾ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ 18 ਦਸੰਬਰ 2021 ਨੂੰ ਇੱਕ ਮਾੜੇ ਅਨਸਰ ਨੇ ਦਰਬਾਰ ਸਾਹਿਬ ਦੇ ਪਾਵਨ ਅਸਥਾਨ ਦੀ ਬੇਅਦਬੀ ਦੀ ਕੋਸ਼ਿਸ਼ ਕੀਤੀ ਸੀ। ਸੀਨੀਅਰ ਆਗੂ ਕੰਵਰਪਾਲ ਸਿੰਘ ਨੇ ਕਿਹਾ ਕਿ ਪੰਜਾਬ ਪੁਲੀਸ ਦੀਆਂ ਐਡਵਾਂਸ ਬਾਇਓਮੀਟ੍ਰਿਕ ਤਕਨੀਕਾਂ ਦੇ ਬਾਵਜੂਦ ਬੇਅਦਬੀ ਦੇ ਦੋਸ਼ੀ ਦੀ ਪਛਾਣ ਇੱਕ ਰਹੱਸ ਬਣ ਚੁੱਕੀ ਹੈ। ਇਸ ਮੌਕੇ ਦਲ ਖਾਲਸਾ ਦੇ ਜਨਰਲ ਸਕੱਤਰ ਪਰਮਜੀਤ ਸਿੰਘ ਟਾਂਡਾ, ਬੁਲਾਰੇ ਪਰਮਜੀਤ ਸਿੰਘ ਮੰਡ ਅਤੇ ਹਰਚਰਨਜੀਤ ਸਿੰਘ ਧਾਮੀ ਨੇ ਵੀ ਸੰਬੋਧਨ ਕੀਤਾ।

# ਸ਼ਹੀਦੀ ਹਫਤੇ ਦੌਰਾਨ ਸਿੱਖ ਗੁਰਬਾਣੀ ਦੇ ਜਾਪ ਅਤੇ ਸਾਦਗੀ ਨਾਲ ਸ਼ਹੀਦਾਂ ਨੂੰ ਸ਼ਰਧਾ ਭੇਟ ਕਰਨ: ਜਥੇਦਾਰ ਰਘਬੀਰ ਸਿੰਘ



ਅੰਮ੍ਰਿਤਸਰ : ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸਮੁਚੀ ਸਿੱਖ ਕੌਮ ਨੂੰ ਸੰਦੇਸ਼ ਦਿੰਦਿਆਂ ਆਖਿਆ ਕਿ ਚਾਰ ਸਾਹਿਬਜ਼ਾਦਿਆਂ ਸਮੇਤ ਹੋਰ ਸ਼ਹੀਦਾਂ ਦੀ ਯਾਦ ਵਿੱਚ 21 ਦਸੰਬਰ ਤੋਂ 28 ਦਸੰਬਰ ਤੱਕ ਚਲਣ ਵਾਲੇ ਸ਼ਹੀਦੀ ਹਫ਼ਤੇ ਵਿੱਚ ਹਰੇਕ ਸਿੱਖ ਗੁਰਬਾਣੀ ਦਾ ਜਾਪ ਕਰੇ, ਸਾਦਾ ਖਾਣ-ਪੀਣ, ਸਾਦਾ ਪਹਿਰਾਵਾ ਅਤੇ ਘਰਾਂ ਵਿਚ ਸਾਦਗੀ ਧਾਰਨ ਕਰਦਿਆਂ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ।

ਗਿਆਨੀ ਰਘਬੀਰ ਸਿੰਘ ਨੇ ਸਿੱਖ ਜਗਤ ਨੂੰ ਆਖਿਆ ਕਿ ਦੁਨੀਆ ਦੇ ਹਰੇਕ ਧਰਮ, ਕੌਮ ਲਈ ਕੁਝ ਦਿਨ ਮਹੱਤਵਪੂਰਨ ਹੁੰਦੇ ਹਨ ਉਸੇ ਤਰ੍ਹਾਂ ਸਿੱਖ ਧਰਮ ਲਈ ਦੇਸੀ ਪੋਹ ਮਹੀਨੇ ਦੌਰਾਨ 21 ਦਸੰਬਰ ਤੋਂ ਲੈ ਕੇ 28 ਦਸੰਬਰ ਤੱਕ ਦਾ ਹਫਤਾ 'ਸ਼ਹੀਦੀ ਹਫਤੇ' ਵਜੋਂ ਵਿਸ਼ੇਸ਼ ਮਹੱਤਤਾ ਰੱਖਦਾ ਹੈ। ਇਸ ਹਫਤੇ ਦੌਰਾਨ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਨੂੰ ਜਬਰ-ਜ਼ੁਲਮ ਦੇ ਖ਼ਿਲਾਫ ਧਰਮ ਯੁੱਧ ਤਹਿਤ ਸ੍ਰੀ ਅਨੰਦਪੁਰ ਸਾਹਿਬ ਛੱਡਿਆ, ਸਰਸਾ ਨਦੀ 'ਤੇ ਪਰਿਵਾਰ ਦਾ ਵਿਛੋੜਾ, ਚਮਕੌਰ ਸਾਹਿਬ ਦੀ ਜੰਗ ਵਿਚ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ ਅਤੇ ਹੋਰ ਸਿੰਘਾਂ ਦੀ ਸ਼ਹਾਦਤ, ਮਾਤਾ ਗੁਜਰੀ ਤੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਦੀਆਂ ਲਾਸਾਨੀ ਸ਼ਹੀਦੀਆਂ ਹੋਈਆਂ ਸਨ। ਉਨ੍ਹਾਂ ਚਮਕੌਰ ਸਾਹਿਬ ਅਤੇ ਫਤਹਿਗੜ੍ਹ ਸਾਹਿਬ ਜਾਣ ਵਾਲੇ ਸ਼ਰਧਾਲੂਆਂ ਅਤੇ ਨੌਜਵਾਨਾਂ ਨੂੰ ਹੁੱਲੜਬਾਜ਼ੀ ਅਤੇ ਟਰੈਕਟਰਾਂ-ਟਰਾਲੀਆਂ ਉੱਪਰ ਉੱਚੀ ਆਵਾਜ਼ ਵਿਚ ਸਪੀਕਰ ਲਾਉਣ ਤੋਂ ਗੁਰੇਜ਼ ਕਰਦਿਆਂ ਪੂਰਨ ਸ਼ਰਧਾ ਭਾਵਨਾ ਨਾਲ ਸ਼ਹੀਦਾਂ ਦੇ ਅਸਥਾਨਾਂ 'ਤੇ ਨਤਮਸਤਕ ਹੋਣ ਦੀ ਤਾਕੀਦ ਕੀਤੀ ਹੈ।

# ਮਾਂ ਵੈਸ਼ਨੋ ਦੇਵੀ ਦੇ ਦਰਸ਼ਨਾਂ ਲਈ ਆਉਣ ਵਾਲੇ ਸ਼ਰਧਾਲੂਆਂ ਦੀ ਗਿਣਤੀ ਨੇ ਪਿਛਲੇ ਸਾਲ ਦਾ ਤੋੜਿਆ ਰਿਕਾਰਡ



ਕਟੜਾ : ਮਾਂ ਭਗਵਤੀ ਦੇ ਦਰਸ਼ਨਾਂ ਲਈ ਆਉਣ ਵਾਲੇ ਸ਼ਰਧਾਲੂਆਂ ਦੀ ਗਿਣਤੀ ਸਾਲ-ਦਰ-ਸਾਲ ਵਧਦੀ ਜਾ ਰਹੀ ਹੈ। ਇਸ ਦਾ ਨਤੀਜਾ ਹੈ ਕਿ ਅੱਜ ਐਤਵਾਰ ਨੂੰ ਸਾਲ 2022 ਲਈ ਸ਼ਰਧਾਲੂਆਂ ਦੀ ਗਿਣਤੀ ਦਾ ਰਿਕਾਰਡ ਟੁੱਟ ਗਿਆ ਹੈ। ਪ੍ਰਾਪਤ ਅੰਕੜਿਆਂ ਅਨੁਸਾਰ ਐਤਵਾਰ ਤੜਕੇ ਤੱਕ 91.25 ਲੱਖ ਸ਼ਰਧਾਲੂਆਂ ਨੇ RFID ਰਾਹੀਂ ਯਾਤਰਾ ਰਜਿਸਟਰੇਸ਼ਨ ਕਰਵਾਈ ਸੀ। ਵੈਸ਼ਨੋ ਦੇਵੀ ਭਵਨ ਲਈ ਰਵਾਨਾ ਹੋ ਗਏ ਸਨ। ਅਨੁਮਾਨ ਹੈ ਕਿ ਇਸ ਸਾਲ 97 ਲੱਖ ਤੋਂ ਵੱਧ ਸ਼ਰਧਾਲੂ ਮਾਤਾ ਵੈਸ਼ਨੋ ਦੇਵੀ ਦੇ ਦਰਸ਼ਨਾਂ ਲਈ ਆਉਣਗੇ। ਜਿਸ ਲਈ ਪ੍ਰਸ਼ਾਸਨਿਕ ਪੱਧਰ 'ਤੇ ਤਿਆਰੀਆਂ ਜ਼ੋਰਾਂ 'ਤੇ ਚੱਲ ਰਹੀਆਂ ਹਨ।

ਮੌਜੂਦਾ ਸਾਲ ਦੀ ਗੱਲ ਕਰੀਏ ਤਾਂ ਜਨਵਰੀ ਤੋਂ ਜੂਨ ਮਹੀਨੇ ਤੱਕ ਸ਼ਰਧਾਲੂਆਂ ਦੀ ਗਿਣਤੀ ਵਿੱਚ ਪਿਛਲੇ ਸਾਲ ਦੇ ਮੁਕਾਬਲੇ ਵਾਧਾ ਦਰਜ ਕੀਤਾ ਗਿਆ ਹੈ। ਜਦੋਂ ਕਿ ਜੁਲਾਈ ਤੋਂ ਸਤੰਬਰ ਦਰਮਿਆਨ ਵੈਸ਼ਨੋ ਦੇਵੀ ਯਾਤਰਾ 'ਚ ਪਿਛਲੇ ਸਾਲ ਦੇ ਮੁਕਾਬਲੇ ਕਮੀ ਆਈ ਹੈ। ਇਸ ਗਿਰਾਵਟ ਦਾ ਮੁੱਖ ਕਾਰਨ ਹਿਮਾਚਲ, ਉਤਰਾਖੰਡ ਅਤੇ ਦਿੱਲੀ ਵਿੱਚ ਆਏ ਹੜ੍ਹਾਂ ਨੂੰ ਮੰਨਿਆ ਗਿਆ। ਉਸ ਤੋਂ ਬਾਅਦ ਸਥਿਤੀ ਆਮ ਵਾਂਗ ਹੋਣ ਕਾਰਨ ਅਕਤੂਬਰ ਅਤੇ ਨਵੰਬਰ ਮਹੀਨੇ ਵਿੱਚ ਵੀ ਵੈਸ਼ਨੋ ਦੇਵੀ ਯਾਤਰਾ ਵਿੱਚ ਵਾਧਾ ਦਰਜ ਕੀਤਾ ਗਿਆ ਹੈ। ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਸਾਲ ਦੇ ਆਖਰੀ ਦਿਨਾਂ 'ਚ ਵੀ ਵੱਡੀ ਗਿਣਤੀ 'ਚ ਸ਼ਰਧਾਲੂ ਮਾਂ ਭਗਵਤੀ ਦੇ ਦਰਸ਼ਨ ਕਰਨਗੇ।

ਰਜਿਸਟਰੇਸ਼ਨ ਰੂਮ ਤੋਂ ਪ੍ਰਾਪਤ ਅੰਕੜਿਆਂ ਦੀ ਗੱਲ ਕਰੀਏ ਤਾਂ ਇਸ ਸਾਲ ਵੈਸ਼ਨੋ ਦੇਵੀ ਦੇ ਦਰਸ਼ਨਾਂ ਲਈ ਆਉਣ ਵਾਲੇ ਸ਼ਰਧਾਲੂਆਂ ਦੀ ਗਿਣਤੀ 2013 ਤੋਂ ਬਾਅਦ ਸਭ ਤੋਂ ਵੱਧ ਹੈ। ਇਸ ਤੋਂ ਪਹਿਲਾਂ 2013 'ਚ ਲਗਭਗ 93,23,647 ਲੱਖ ਸ਼ਰਧਾਲੂਆਂ ਨੇ ਮਾਤਾ ਵੈਸ਼ਨੋ ਦੇਵੀ ਦੇ ਦਰਬਾਰ 'ਚ ਮੱਥਾ ਟੇਕਿਆ ਸੀ। ਜਦੋਂ ਕਿ 2012 ਦੌਰਾਨ 1,04,95,269 ਸ਼ਰਧਾਲੂ ਮਾਂ ਭਗਵਤੀ ਦੇ ਦਰਬਾਰ ਵਿੱਚ ਮੱਥਾ ਟੇਕਣ ਲਈ ਪੁੱਜੇ ਸਨ। ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਜੇਕਰ ਹਾਲਾਤ ਆਮ ਵਾਂਗ ਰਹੇ ਅਤੇ ਸਾਲ ਦੇ ਆਖਰੀ ਦਿਨਾਂ 'ਚ ਮਾਂ ਭਗਵਤੀ ਯਾਤਰਾ 'ਚ ਵਾਧਾ ਜਾਰੀ ਰਿਹਾ ਤਾਂ ਇਸ ਸਾਲ ਮਾਂ ਵੈਸ਼ਨੋ ਦੇਵੀ ਯਾਤਰਾ ਦਾ ਅੰਕੜਾ 97 ਲੱਖ ਤੱਕ ਪਹੁੰਚ ਜਾਵੇਗਾ।

# ਕਾਂਗਰਸ ਪਾਰਟੀ ਆਪਣੇ ਦਮ ਤੇ ਚੋਣਾਂ ਲੜਨ ਦੇ ਸਮਰੱਥ: ਮਹਿੰਦਰ ਗਿਲਜੀਆਂ

## ਮਹਿੰਦਰ ਸਿੰਘ ਗਿਲਜੀਆਂ ਨੇ ਰਾਹੁਲ ਗਾਂਧੀ ਅਤੇ ਕਾਂਗਰਸ ਪ੍ਰਧਾਨ ਖੜਗੇ ਨਾਲ ਕੀਤੀ ਮੁਲਾਕਾਤ





ਹੁਸ਼ਿਆਰਪੁਰ : ਕਾਂਗਰਸ ਪਾਰਟੀ ਪੰਜਾਬ ਅੰਦਰ ਆਪਣੇ ਦਮ 'ਤੇ ਚੋਣਾਂ ਲੜਨ ਦੇ ਸਮਰੱਥ ਹੈ, ਕਿਸੇ ਦੇ ਸਹਾਰੇ ਦੀ ਜ਼ਰੂਰਤ ਨਹੀਂ ਹੈ। ਇਨਾਂ ਵਿਚਾਰਾਂ ਦਾ ਪ੍ਰਗਟਾਵਾ ਇੰਡੀਅਨ ਓਵਰਸੀਜ਼ ਕਾਂਗਰਸ ਯੂ. ਐੱਸ. ਏ. ਪ੍ਰਧਾਨ ਮਹਿੰਦਰ ਸਿੰਘ ਗਿਲਜੀਆਂ ਨੇ ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਨਾਲ ਮੁਲਾਕਾਤ ਕਰਨ ਉਪਰੰਤ ਕਰਦਿਆਂ ਕੀਤਾ। ਉਨ੍ਹਾਂ ਦੱਸਿਆ ਕਿ ਅਮਰੀਕਾ ਦੀ ਧਰਤੀ 'ਤੇ ਕਾਂਗਰਸ ਪਾਰਟੀ ਦੀ ਮਜ਼ਬੂਤੀ ਲਈ ਲੋਕਾਂ ਨੂੰ ਲਾਮਬੰਦ ਕੀਤਾ ਜਾ ਰਿਹਾ ਹੈ। ਜੋ ਲੋਕ ਆਪਣੇ ਦੇਸ਼ ਦੀ ਧਰਤੀ ਨੂੰ ਪਿਆਰ ਕਰਦੇ ਹਨ ਵਿਦੇਸ਼ਾਂ ਵਿੱਚ ਰਹਿੰਦੇ ਹਨ, ਉਹ ਕਾਂਗਰਸ ਨਾਲ ਜੁੜ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਸ਼ ?ਰੀਮਤੀ ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਵੱਲੋਂ ਉਨ੍ਹਾਂ ਦੁਆਰਾ ਕੀਤੇ ਕੰਮਾਂ ਉਪਰ ਸੰਤੁਸ਼ਟੀ ਜਾਹਰ ਕੀਤੀ। ਉਨ੍ਹਾਂ ਦੱਸਿਆ ਕਿ ਬੀ. ਸੀ. ਕੋਟੇ ਸਬੰਧੀ ਅਤੇ ਲੋਕ ਸਭਾ ਚੋਣਾ ਸਬੰਧੀ ਵਿਸਥਾਰ ਪੂਰਵਕ ਚਰਚਾ ਹੋਈ।

ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਝੂਠੇ ਬਦਲਾਅ ਦਾ ਜੋ ਲਾਰ੍ਹਾ ਦੇ ਕੇ ਪੰਜਾਬ ਦੇ ਲੋਕਾਂ ਤੋਂ ਵੋਟਾਂ ਲੈ ਕੇ ਸਰਕਾਰ ਬਣਾਈ ਅੱਜ ਲੋਕਾਂ ਦੀਆਂ ਉਮੀਦਾਂ ਉਪਰ ਪੂਰੇ ਖਰੇ ਨਹੀਂ ਉਤਰ ਰਹੇ। 2 ਸਾਲ ਦਾ ਸਮਾਂ ਲਗਭਗ ਹੋ ਰਿਹਾ ਹੈ ਸਿਰਫ਼ ਡਰਾਮੇ ਬਾਜ਼ੀ ਦੀ ਸਿਆਸਤ ਕਰ ਰਹੇ ਹਨ। ਲੋਕਾਂ ਦਾ ਹੁਣ ਇਨ੍ਹਾਂ ਤੋਂ ਮੋਹ ਭੰਗ ਹੋ ਚੁੱਕਾ ਹੈ। ਗਿਲਜੀਆਂ ਨੇ ਭਾਜਪਾ ਅਤੇ ਟਿੱਪਣੀ ਕਰਦਿਆਂ ਕਿਹਾ ਹੈ ਕਿ ਇਹ ਪਾਰਟੀ ਝੂਠੇ ਜੁਮਲੇ ਵਿਖਾਉਣ ਵਾਲੀ ਹੈ। ਆਪਣੀ ਕੁਰਸੀ ਬਚਾਉਣ ਲਈ ਲੋਕਾਂ ਨੂੰ ਧਰਮ ਦੇ ਨਾਂ ਤੇ ਵੰਡ ਰਹੇ ਹਨ। ਜਦੋਂ ਚੋਣਾਂ ਜਿੱਤ ਜਾਂਦੇ ਹਨ ਅਤੇ ਕਾਰਪੋਰੇਟ ਘਰਾਣਿਆਂ ਨੂੰ ਤਕੜਾ ਕਰਦੇ ਹਨ ਅਤੇ ਦੇਸ਼ ਦੇ ਵੱਡੇ-ਵੱਡੇ ਅਦਾਰੇ ਉਨਾਂ ਦੇ ਹਵਾਲੇ ਕਰ ਰਹੇ ਹਨ। ਗਰੀਬ ਲੋਕਾਂ ਨਾਲ ਧੋਖਾ ਕਰਦੇ ਹਨ। ਪਿਛਲੇ ਸਮੇਂ ਸਰਕਾਰ ਬਣਾਉਣ ਸਮੇਂ ਗਰੀਬਾਂ ਦੇ ਖਾਤਿਆਂ ਵਿੱਚ 15-15 ਹਜ਼ਾਰ ਰੁਪਏ ਪਾਉਣ ਦੀਆਂ ਗੱਲਾਂ ਕਰਦੇ ਸਨ ਪਰ ਅੱਜ ਤੱਕ ਉਨਾਂ ਨੂੰ ਇਕ ਵੀ ਪੈਸਾ ਨਹੀ ਮਿਲਿਆ।

ਸ਼ ?ਰੋਮਣੀ ਅਕਾਲੀ ਦਲ 'ਤੇ ਸਵਾਲ ਉਠਾਉਂਦਿਆ ਉਨ੍ਹਾਂ ਕਿਹਾ ਕਿ ਇਹ ਹੁਣ ਇਕ ਪਰਿਵਾਰ ਦੀ ਪਾਰਟੀ ਬਣ ਕੇ ਰਹਿ ਗਈ ਹੈ ਅਤੇ ਇਹ ਹੋਰ ਕਿਸੇ ਨੂੰ ਵੀ ਸ਼ ?ਰੋਮਣੀ ਅਕਾਲੀ ਦਲ ਦਾ ਪ੍ਰਧਾਨ ਬਰਦਾਸ਼ਤ ਨਹੀਂ ਕਰਦੇ। ਇਸ ਕਰਕੇ ਪਿਛਲੇ ਸਮੇਂ ਵਿੱਚ ਟਕਸਾਲੀ ਆਗੂਆਂ ਵੱਲੋਂ ਅਸਤੀਫ਼ੇ ਦਿੱਤੇ ਗਏ ਸਨ। ਅੱਜ ਵੀ ਜੋ ਸੱਚ ਦੀ ਗੱਲ ਕਰਦਾ ਹੈ, ਉਸ ਨੂੰ ਪਾਰਟੀ ਤੋਂ ਬਾਹਰ ਕੱਢ ਦਿੱਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਸਰਕਾਰ ਸਮੇਂ ਜੋ ਗੁਰੂ ਸਾਹਿਬ ਦੀਆਂ ਬੇਅਦਬੀਆਂ ਦੀਆਂ ਘਟਨਾਵਾਂ ਹੋਈਆਂ ਉਸ ਤੋਂ ਸਾਰਾ ਪੰਜਾਬ ਦੁਖ਼ੀ ਹੈ। ਸੁਖਬੀਰ ਸਿੰਘ ਬਾਦਲ ਆਪਣੀ ਗੁਆਚੀ ਸਿਆਸੀ ਜ਼ਮੀਨ ਤਲਾਸ਼ਣ ਦੀ ਕੋਸ਼ਿਸ਼ ਕਰ ਰਹੇ ਹਨ ਪਰ ਲੋਕ ਉਨ੍ਹਾਂ ਨੂੰ ਪਸੰਦ ਨਹੀ ਕਰ ਰਹੇ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਇਕ ਧਰਮ ਨਿਰਪੱਖ ਪਾਰਟੀ ਹੈ। ਸਭ ਧਰਮਾਂ ਦਾ ਸਤਿਕਾਰ ਕਰਦੀ ਹੈ ਸਾਡੇ ਦੇਸ਼ ਵਿੱਚ ਬਹੁਤ ਸਾਰੇ ਧਰਮਾਂ ਦੇ ਲੋਕ ਰਹਿੰਦੇ ਹਨ ਅਤੇ ਦੇਸ਼ ਨੂੰ ਮਜ਼ਬੂਤ ਕਰਨ ਲਈ ਕਾਂਗਰਸ ਹਮੇਸ਼ਾ ਹੀ ਯਤਨ ਕਰਦੀ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ 2024 ਵਿੱਚ ਲੋਕਸਭਾ ਸਭਾ ਚੋਣਾ ਚੋਂ ਵੱਡੀ ਜਿੱਤ ਹਾਸਲ ਕਰਕੇ ਸਰਕਾਰ ਬਣਾਏਗੀ।

ਇਸ ਦੌਰਾਨ ਕਾਂਗਰਸ ਪਾਰਟੀ ਦੇ ਕੌਮੀ ਪ੍ਰਧਾਨ ਮਲਿਕਰਜਨ ਖੜਗੇ ਦੀਆਂ ਗਾਈਡ ਲਾਈਨ 'ਤੇ ਚਲਦੇ ਇੰਡੀਅਨ ਓਵਰਸੀਜ਼ ਕਾਂਗਰਸ ਯੂ. ਐੱਸ. ਏ. ਨੂੰ ਮਜ਼ਬੂਤ ਕੀਤਾ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਮਹਿੰਦਰ ਸਿੰਘ ਗਿਲਜੀਆਂ ਪ੍ਰਧਾਨ ਇੰਡੀਅਨ ਓਵਰਸੀਜ਼ ਕਾਂਗਰਸ ਯੂ. ਐੱਸ. ਏ. ਨੇ ਦੱਸਿਆ ਕਿ ਪਾਰਟੀ ਪ੍ਰਧਾਨ ਨੂੰ ਅਮਰੀਕਾ ਦੀ ਧਰਤੀ 'ਤੇ ਕੀਤੇ ਪੂਰੇ ਸਾਲ ਦੇ ਕੰਮਾਂ ਦਾ ਵੇਰਵਾ ਦੱਸਿਆ ਕਿਵੇਂ ਰਾਹੁਲ ਗਾਂਧੀ ਨੇ ਅਮਰੀਕਾ 'ਚ ਐੱਨ. ਆਰ. ਆਈਜ਼ ਦੀਆਂ 5 ਵੱਡੀਆਂ ਰੈਲੀਆਂ ਕੀਤੀਆਂ ਸਨ। ਉਥੇ ਆਈ. ਓ. ਸੀ. ਦੇ ਯੂਨਿਟ ਅਮਰੀਕਾ ਦੀ ਹਰ ਸਟੇਟ 'ਚ ਬਣ ਚੁੱਕੇ ਹਨ। ਗਿਲਜੀਆਂ ਨੇ ਕਿਹਾ ਕਿ ਪਾਰਟੀ ਪ੍ਰਧਾਨ ਵਲੋਂ ਉਨ੍ਹਾਂ ਨੂੰ ਕਿਹਾ ਗਿਆ ਹੈ ਕਿ ਐੱਨ. ਆਰ. ਆਈਜ਼ ਪਲਾਨ ਕਰਕੇ ਲੋਕ ਸਭਾ ਚੋਣਾਂ ਤੋਂ ਪਹਿਲਾ ਦੇਸ਼ ਦੀ ਹਰ ਸਟੇਟ 'ਚ ਪਹੁੰਚਣ 'ਤੇ ਪਾਰਟੀ ਦੀਆਂ ਨੀਤੀਆਂ ਪ੍ਰਤੀ ਲੋਕਾਂ ਨੂੰ ਦੱਸਣ। ਗਿਲਜੀਆਂ ਨੇ ਕਿਹਾ ਕਿ ਕਾਂਗਰਸ ਪਾਰਟੀ ਦੀ ਮਜ਼ਬੂਤੀ ਲਈ ਵਿਦੇਸ਼ਾਂ 'ਚ ਆਪਣੇ ਦੇਸ਼ ਨੂੰ ਪਿਆਰ ਕਰਨ ਵਾਲੇ ਲੋਕ ਕਾਂਗਰਸ ਪਾਰਟੀ ਨਾਲ ਚਟਾਨ ਵਾਂਗ ਖੜੇ ਹਨ।

ਉਨ੍ਹਾਂ ਕਿਹਾ ਕਾਂਗਰਸ ਪਾਰਟੀ ਨੇ ਹਮੇਸ਼ਾ ਦੇਸ਼ ਨੂੰ ਜੋੜਨ ਦੀ ਗੱਲ ਕੀਤੀ ਹੈ। 'ਕਦੇ ਵੀ ਪਾੜੋ ਤੇ ਰਾਜ ਕਰੋ' ਦੀ ਨੀਤੀ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਅੱਜ ਵਿਰੋਧੀ ਪਾਰਟੀਆਂ ਨੀਵੇਂ ਪੱਧਰ ਦੀ ਸਿਆਸਤ ਕਰ ਰਹੀਆਂ ਹਨ। ਉਨ੍ਹਾਂ ਦਾ ਮੰਤਵ ਦੇਸ਼ ਦੇ ਲੋਕਾਂ ਦੀ ਸੇਵਾ ਕਰਨਾ ਨਹੀਂ ਸਿਰਫ਼ ਤੇ ਸਿਰਫ਼ ਰਾਜ ਕਰਨਾ ਹੈ। ਲੋਕ ਅੱਜ ਉਨ੍ਹਾਂ ਪਾਰਟੀਆਂ ਤੋਂ ਦੁਖੀ ਹਨ ਜਿਨ੍ਹਾਂ ਨੇ ਸਿਰਫ਼ ਗਰੀਬਾਂ ਨੂੰ ਲਾਰਿਆਂ ਦੇ ਸਿਵਾਏ ਕੁਝ ਨਹੀਂ ਦਿੱਤਾ। ਅੱਜ ਦੇਸ਼ ਦੇ ਲੋਕ ਗਰੀਬ ਹੋ ਰਹੇ ਹਨ ਸਿਰਫ਼ ਵੱਡੇ ਕਾਰਪੋਰੇਟ ਘਰਾਣੇ ਅਮੀਰ ਹੋ ਰਹੇ ਹਨ।

# ਉਜਾਗਰ ਸਿੰਘ ਨੂੰ ਲਾਈ.ਫ ਟਾਈਮ ਅਚੀਵਮੈਂਟ ਅਵਾਰਡ ਪ੍ਰਦਾਨ




ਪਟਿਆਲਾ : ਹਰਿਦਰਸ਼ਨ ਮੈਮੋਰੀਅਲ ਇੰਟਰਨੈਸ਼ਨਲ ਟਰੱਸਟ ਕੈਨੇਡਾ ਅਤੇ ਕੈਨੇਡੀਅਨ ਰਾਮਗੜ੍ਹੀਆ ਸੋਸਾਇਟੀ ਨੇ ਪੰਜਾਬੀ ਦੇ ਕਾਲਮ ਨਵੀਸ, ਲੇਖਕ ਅਤੇ ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ ਪਟਿਆਲਾ, ਉਜਾਗਰ ਸਿੰਘ ਨੂੰ ਵਰਲਡ ਪੰਜਾਬੀ ਸੈਂਟਰ ਪੰਜਾਬੀ ਯੂਨੀਵਰਸਿਟੀ ਦੇ ਵਿਹੜੇ ਵਿਖੇ ਇਕ ਸਮਾਗਮ ਵਿੱਚ ਲਾਈ.ਫ ਟਾਈਮ ਅਚੀਵਮੈਂਟ ਅਵਾਰਡ ਪ੍ਰਦਾਨ ਕੀਤਾ। ਇਹ ਅਵਾਰਡ ਪ੍ਰੋ.ਬਲਕਾਰ ਸਿੰਘ, ਡਾ.ਕੇਹਰ ਸਿੰਘ ਅਤੇ ਡਾ.ਭੀਮਇੰਦਰ ਸਿੰਘ ਡਾਇਰੈਕਟਰ ਵਰਲਡ ਪੰਜਾਬੀ ਸੈਂਟਰ ਨੇ ਸਾਂਝੇ ਤੌਰ 'ਤੇ ਸਨਮਾਨ ਪੱਤਰ ਅਤੇ ਸਿਰੋਪਾਓ ਦੇ ਕੇ ਪ੍ਰਦਾਨ ਕੀਤਾ। ਹਰਿਦਰਸ਼ਨ ਮੈਮੋਰੀਅਲ ਟਰੱਸਟ ਦੇ ਰੂਹੇ ਰਵਾਂ ਕੈਨੇਡਾ ਤੋਂ ਜੈਤੇਗ ਸਿੰਘ ਅਨੰਤ ਨੇ ਇੱਕ ਸੰਦੇਸ਼ ਵਿੱਚ ਕਿਹਾ ਕਿ ਉਜਾਗਰ ਸਿੰਘ ਨੇ ਟਰੱਸਟ ਦੇ ਇੰਡੀਆ ਚੈਪਟਰ ਦੇ ਕੋਆਰਡੀਨੇਟਰ ਦੇ ਤੌਰ 'ਤੇ ਸ਼ਲਾਘਾਯੋਗ ਕੰਮ ਕੀਤਾ ਹੈ। ਉਨ੍ਹਾਂ ਦੇ ਯੋਗਦਾਨ ਲਈ ਇਹ ਅਵਾਰਡ ਇੱਕ ਤੁੱਛ ਜਿਹੀ ਭੇਟਾ ਹੈ। ਪ੍ਰੋ.ਬਲਕਾਰ ਸਿੰਘ ਨੇ ਉਜਾਗਰ ਸਿੰਘ ਦੇ ਯੋਗਦਾਨ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਸਮਾਜਿਕ ਅਤੇ ਸਭਿਅਚਾਰਕ ਖੇਤਰ ਵਿੱਚ ਕਾਰਜਸ਼ੀਲ ਹੁੰਦਿਆਂ ਪੰਜਾਬੀ ਦੀ ਪ੍ਰਫੁੱਲਤਾ ਲਈ ਵਿਲੱਖਣ ਯੋਗਦਾਨ ਪਾਇਆ ਹੈ। ਉਨ੍ਹਾਂ ਨੂੰ ਇਮਾਨਦਾਰੀ, ਮਿਹਨਤ ਅਤੇ ਸਮਾਜਿਕ ਜ਼ਿੰਮੇਵਾਰੀ ਦੀ ਪ੍ਰਤੀਬੱਧਤਾ ਦਾ ਪ੍ਰਤੀਕ ਕਿਹਾ ਜਾ ਸਕਦਾ ਹੈ। ਡਾ.ਕੇਹਰ ਸਿੰਘ ਅਤੇ ਡਾ.ਭੀਮਇੰਦਰ ਸਿੰਘ ਨੇ ਵਿਦਿਆਰਥੀਆਂ ਨੂੰ ਉਜਾਗਰ ਸਿੰਘ ਦੇ ਸਿਦਕ ਤੇ ਸਿਰੜ ਦੇ ਜੀਵਨ ਤੋਂ ਸਿਖਿਆ ਲੈ ਕੇ ਖੋਜ ਕਾਰਜ ਪ੍ਰਤੀਬੱਧਤਾ ਨਾਲ ਕਰਨੇ ਚਾਹੀਦੇ ਹਨ। ਇਸ ਮੌਕੇ ਤੇ ਡਾ.ਦਰਸ਼ਨ ਸਿੰਘ ਆਸ਼ਟ ਨੇ ਉਜਾਗਰ ਸਿੰਘ ਦਾ ਸਨਮਾਨ ਪੱਤਰ ਪੜ੍ਹਦਿਆਂ ਕਿਹਾ ਕਿ ਉਜਾਗਰ ਸਿੰਘ ਨੇ ਪੰਜਾਬੀ ਬੋਲੀ ਦੀ ਝੋਲੀ ਇੱਕ ਦਰਜਨ ਪੁਸਤਕਾਂ ਪਾਈਆਂ ਹਨ। ਇਸ ਤੋਂ ਇਲਾਵਾ ਪੰਜਾਬੀ ਦੇ ਰਸਾਲਿਆਂ ਦੇ ਸੰਪਾਦਕ ਹੁੰਦਿਆਂ ਪੰਜਾਬੀ ਭਾਸ਼ਾ ਦੀ ਪ੍ਰਫੁਲਤਾ ਲਈ ਵਡਮੁੱਲਾ ਯੋਗਦਾਨ ਪਾਇਆ ਹੈ। ਉਹ ਪੰਜਾਬੀ ਭਾਸ਼ਾ ਦੇ ਵਿਕਾਸ ਸੰਬੰਧੀ ਪੂਰਨ ਸਮਰਪਿਤ ਹਨ। ਇਸ ਮੌਕੇ 'ਤੇ ਦਲੀਪ ਸਿੰਘ ਉਪਲ ਅਤੇ ਅਵਤਾਰ ਸਿੰਘ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ। ਇੰਜ. ਜੋਤਿੰਦਰ ਸਿੰਘ ਨੇ ਸਮਾਗਮ ਵਿੱਚ ਹਿੱਸਾ ਲੈਣ ਵਾਲਿਆਂ ਦਾ ਧੰਨਵਾਦ ਕਰਦਿਆਂ ਹਰਿਦਰਸ਼ਨ ਮੈਮੋਰੀਅਲ ਇੰਟਰਨੈਸ਼ਨਲ ਟਰੱਸਟ ਦੀਆਂ ਸਰਗਮੀਆਂ ਬਾਰੇ ਜਾਣਕਾਰੀ ਦਿੱਤੀ।

### ਗਿਆਸਪੁਰਾ ਗੈਸ ਲੀਕ ਕਾਂਡ

# 11 ਲੋਕਾਂ ਦੀ ਮੌਤ ਦੀ ਜਾਂਚ ਲਈ ਫਿਰ ਲੁਧਿਆਣੇ ਪਹੁੰਚੀ ਐਨਜੀਟੀ ਦੀ ਟੀਮ




ਲੁਧਿਆਣਾ : ਗਿਆਸਪੁਰਾ 'ਚ 11 ਲੋਕਾਂ ਦੀ ਮੌਤ ਦੇ ਮਾਮਲੇ 'ਚ ਜਾਂਚ ਲਈ ਐੱਨ. ਜੀ. ਟੀ. ਦੀ ਟੀਮ ਸ਼ੁੱਕਰਵਾਰ ਨੂੰ ਫਿਰ ਤੋਂ ਸਾਈਟ 'ਤੇ ਪੁੱਜੀ। ਇਸ ਮਾਮਲੇ 'ਚ ਜਾਂਚ ਲਈ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਵੱਲੋਂ ਪਹਿਲਾਂ ਜੋ ਕਮੇਟੀ ਬਣਾਈ ਗਈ ਸੀ, ਉਸ ਦੇ ਲਈ ਹਾਦਸੇ ਲਈ ਕਿਸੇ ਵਿਭਾਗ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਗਿਆ ਸੀ ਅਤੇ ਨੇੜੇ ਦੇ ਏਰੀਆ 'ਚ ਸਥਿਤ ਇੰਡਸਟਰੀ ਨੂੰ ਵੀ ਕਲੀਨ ਚਿੱਟ ਦਿੱਤੀ ਗਈ ਸੀ। ਇਸ ਰਿਪੋਰਟ ਨੂੰ ਖਾਰਿਜ ਕਰਦੇ ਹੋਏ ਐੱਨ. ਜੀ. ਟੀ. ਵੱਲੋਂ ਜਾਂਚ ਲਈ ਨਵੇਂ ਸਿਰੇ ਤੋਂ ਕਮੇਟੀ ਦਾ ਗਠਨ ਕੀਤਾ ਗਿਆ ਹੈ, ਜਿਸ ਵਿਚ ਵਾਤਾਵਰਣ ਮੰਤਰਾਲਾ, ਸੈਂਟਰਲ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅਫਸਰ ਅਤੇ ਇੰਡੀਅਨ ਇੰਸਟੀਚਿਊਟ ਆਫ ਟੈਕਨਾਲੋਜੀ ਦੇ ਮਾਹਿਰ ਸ਼ਾਮਲ ਹਨ।

ਇਸ ਕਮੇਟੀ ਵੱਲੋਂ ਸ਼ੁੱਕਰਵਾਰ ਨੂੰ ਨਗਰ ਨਿਗਮ, ਪੀ. ਪੀ. ਸੀ. ਬੀ. ਅਤੇ ਪੁਲਸ ਵਿਭਾਗ ਦੇ ਅਫਸਰਾਂ ਦੇ ਨਾਲ ਮੀਟਿੰਗ ਕਰ ਕੇ ਹੁਣ ਤੱਕ ਹੋਈ ਕਾਰਵਾਈ ਦੀ ਰਿਪੋਰਟ ਮੰਗੀ ਗਈ, ਜਿਸ ਤੋਂ ਬਾਅਦ ਸਾਈਟ ਵੀ ਵਿਜ਼ਿਟ ਕੀਤੀ ਗਈ ਅਤੇ ਨੇੜੇ ਦੇ ਲੋਕਾਂ ਤੋਂ ਹਾਦਸੇ ਨੂੰ ਲੈ ਕੇ ਸਾਰੀ ਜਾਣਕਾਰੀ ਹਾਸਲ ਕੀਤੀ ਗਈ।

ਇਸ ਮਾਮਲੇ 'ਚ ਪੀ. ਪੀ. ਸੀ. ਬੀ. ਵੱਲੋਂ ਇਹ ਕਹਿ ਕੇ ਨਗਰ ਨਿਗਮ 'ਤੇ ਠਿੱਕਰਾ ਫੋੜਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਹਾਦਸੇ ਤੋਂ ਬਾਅਦ ਐੱਨ. ਡੀ. ਆਰ. ਐੱਫ. ਦੀ ਟੀਮ ਵੱਲੋਂ ਸਾਈਟ 'ਤੇ ਸੀਵਰੇਜ ਦੀ ਜਾਂਚ ਦੌਰਾਨ ਹਾਈਡ੍ਰੋਜਨ ਸਲਫਾਈਡ ਦੀ ਮੌਜੂਦਗੀ ਪਾਈ ਗਈ ਸੀ। ਇਸ ਨੂੰ ਸੀਵਰੇਜ ਗੈਸ ਦੇ ਰੂਪ 'ਚ ਮੰਨਿਆ ਜਾਂਦਾ ਹੈ, ਜਿਸ ਨੂੰ ਲੈ ਕੇ ਪੀ. ਪੀ. ਸੀ. ਬੀ. ਵੱਲੋਂ ਨਗਰ ਨਿਗਮ ਦਾ ਸੀਵਰੇਜ ਜਾਮ ਹੋਣ ਦੀ ਵਜ੍ਹਾ ਨਾਲ ਹੀ ਗੈਸ ਲੀਕ ਹੋਣ ਦੀ ਗੱਲ ਕਹੀ ਜਾ ਰਹੀ ਹੈ ਕਿਉਂਕਿ ਸੀਵਰੇਜ ਲਾਈਨ 'ਚ ਗੈਸ ਦੀ ਵੈਂਟੀਲੇਸ਼ਨ ਦਾ ਕੋਈ ਪ੍ਰਬੰਧ ਨਹੀਂ ਹੈ।

ਇਸ ਹਾਦਸੇ ਤੋਂ ਬਾਅਦ ਨੇੜੇ ਲੱਗੀ ਇੰਡਸਟਰੀ ਸ਼ੱਕ ਦੇ ਦਾਇਰੇ ਵਿਚ ਹੈ, ਜਿਸ ਨੂੰ ਲੈ ਕੇ ਕਿਹਾ ਜਾ ਰਿਹਾ ਹੈ ਕਿ ਕਿਸੇ ਇੰਡਸਟਰੀ ਵੱਲੋਂ ਸੀਵਰੇਜ ਵਿਚ ਕੈਮੀਕਲ ਯੁਕਤ ਪਾਣੀ ਛੱਡਣ ਦੀ ਵਜ੍ਹਾ ਨਾਲ ਗੈਸ ਬਣਨ ਤੋਂ ਬਾਅਦ ਹਾਦਸਾ ਹੋਇਆ ਹੈ। ਭਾਵੇਂ ਪੀ. ਪੀ. ਸੀ. ਬੀ. ਵੱਲੋਂ ਈ. ਟੀ. ਪੀ. ਪਲਾਂਟ ਨਾ ਲਗਾਉਣ ਜਾਂ ਸੀਵਰੇਜ ਵਿਚ ਕੈਮੀਕਲ ਮਿਲਿਆ ਪਾਣੀ ਛੱਡਣ ਵਾਲੀਆਂ ਕੁਝ ਇੰਡਸਟਰੀ ਨੂੰ ਬੰਦ ਕਰਨ ਦਾ ਦਾਅਵਾ ਕੀਤਾ ਗਿਆ ਹੈ। ਇਸ ਸਬੰਧ ਵਿਚ ਐੱਨ. ਜੀ. ਟੀ. ਦੀ ਟੀਮ ਵਲੋਂ ਇੰਸਡਟਰੀ ਦੀ ਵਾਟਰ ਆਡਿਟ ਰਿਪੋਰਟ ਮੰਗੀ ਗਈ ਹੈ।

ਐੱਨ.ਜੀ.ਟੀ ਦੀ ਟੀਮ ਵਲੋਂ ਸਾਈਟ 'ਤੇ ਜਾ ਕੇ ਘਟਨਾ ਸਥਾਨ ਦੇ ਨੇੜੇ ਸਥਿਤ ਸੀਵਰੇਜ ਦੇ ਮੈਨਹਾਲ 'ਚ ਪਾਣੀ ਦੇ ਸੈਂਪਲ ਲਏ। ਇਸ ਤੋਂ ਇਲਾਵਾ ਨੇੜੇ ਦੇ ਏਰੀਆ 'ਚ ਚੱਲ ਰਹੀ ਇੰਡਸਟਰੀ ਦੀ ਵੀ ਚੈਕਿੰਗ ਕੀਤੀ ਗਈ ਪਰ ਇਸ ਤੋਂ ਪਹਿਲਾ ਨਗਰ ਨਿਗਮ ਵਲੋਂ ਸੀਵਰੇਜ ਦੀ ਸਫਾਈ ਕਰਵਾਉਣ 'ਤੇ ਵੀ ਸਵਾਲ ਖੜ੍ਹੇ ਹੋ ਰਹੇ ਹਨ। ਇਸ ਮਾਮਲੇ 'ਚ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜੋ ਰਿਪੋਰਟ ਦਿੱਤੀ ਗਈ ਹੈ, ਉਸ ਵਿਚ ਜ਼ਿਕਰ ਕੀਤਾ ਗਿਆ ਹੈ ਕਿ 11 ਲੋਕਾਂ ਦੀ ਮੌਤ ਲਈ ਦਮ ਘੁਟਣ ਦੀ ਵਜ੍ਹਾ ਸਿੱਧਾ ਦਿਮਾਗ 'ਤੇ ਅਸਰ ਹੋਣਾ ਦੱਸਿਆ ਗਿਆ ਹੈ। ਇਹੀ ਗੱਲ ਪੋਸਟਮਾਰਟਮ ਕਰਨ ਵਾਲੇ ਡਾਕਟਰਾਂ ਵੱਲੋਂ ਕਹੀ ਗਈ ਸੀ ਪਰ ਉਸ ਨੂੰ ਸਾਬਤ ਕਰਨ ਲਈ ਵਿਸਰਾ ਰਿਪੋਰਟ ਦਾ ਵੀ ਹੁਣ ਇੰਤਜ਼ਾਰ ਹੈ।

*ਪੰਜ ਸਿੰਘ ਸਾਹਿਬਾਨ ਨੇ ਜਾਰੀ ਕੀਤਾ ਗੁਰਮਤਾ*

# ਲਾਵਾਂ-ਫੇਰਿਆਂ ਮੌਕੇ ਲੜਕੀ ਦੇ ਲਹਿੰਗਾ ਪਹਿਨਣ 'ਤੇ ਲਗਾਈ ਰੋਕ



ਅੰਮ੍ਰਿਤਸਰ : ਸੱਚਖੰਡ ਸ੍ਰੀ ਹਜ਼ੂਰ ਸਾਹਿਬ ਅਬਚਲ ਨਗਰ ਸਾਹਿਬ ਨਾਂਦੇੜ ਦੇ ਪੰਜ ਪਿਆਰੇ ਸਾਹਿਬਾਨ ਨੇ ਆਨੰਦ ਕਾਰਜਾਂ ਲਈ ਸਿੱਖ ਸੰਗਤ ਲਈ ਗੁਰਮਤਾ ਜਾਰੀ ਕੀਤਾ ਹੈ। ਜਥੇਦਾਰ ਕੁਲਵੰਤ ਸਿੰਘ ਦੀ ਅਗਵਾਈ ਹੇਠ ਹੋਈ ਸਿੰਘ ਸਾਹਿਬਾਨ ਦੀ ਇਕੱਤਰਤਾ 'ਚ ਇਹ ਫ਼ੈਸਲਾ ਲਿਆ ਗਿਆ ਹੈ ਕਿ ਆਨੰਦ ਕਾਰਜ ਦੌਰਾਨ ਬੱਚੀ ਭਾਰੀ ਲਹਿੰਗਾ ਨਾ ਪਹਿਨਾ ਕੇ ਸਗੋਂ ਸਿਰਫ ਸਲਵਾਰ ਕਮੀਜ਼ ਦਾ ਸਾਦਾ ਪਹਿਰਾਵਾ ਪਹਿਨਾਇਆ ਜਾਵੇ ਅਤੇ ਲਾਵਾਂ ਫੇਰੇ ਲੈਣ ਲਈ ਲਿਆਂਦੇ ਸਮੇਂ ਗੁਰੂ ਸਾਹਿਬ ਜੀ ਦੀ ਹਾਜ਼ਰੀ 'ਚ ਬੱਚੀ ਦੇ ਉਪਰ ਚੁੰਨੀ ਜਾਂ ਫੁਲਕਾਰੀ ਤਾਣ ਕੇ ਨਾ ਲਿਆਂਦੀ ਜਾਵੇ। ਉਨ੍ਹਾਂ ਕਿਹਾ ਕਿ ਭਾਰੀ ਲਹਿੰਗਾ ਪਾਉਣ ਕਾਰਣ ਆਨੰਦ ਕਾਰਜ ਦੌਰਾਨ ਗੁਰੂ ਸਾਹਿਬ ਅੱਗੇ ਮੱਥਾ ਟੇਕਣ ਸਮੇਂ ਲੜਕੀ ਨੂੰ ਕਾਫੀ ਪਰੇਸ਼ਾਨੀ ਆਉਂਦੀ ਹੈ।

ਜਥੇਦਾਰ ਨੇ ਕਿਹਾ ਕਿ ਇਹ ਵੀ ਦੇਖਣ ਵਿਚ ਆਇਆ ਹੈ ਕਿ ਜ਼ਿਆਦਾਤਰ ਵਿਆਹ ਦੇ ਕਾਰਡਾਂ 'ਚ ਲਾੜਾ-ਲਾੜੀ ਦੇ ਨਾਂ ਨਾਲ ਸਿੰਘ ਜਾਂ ਕੌਰ ਨਹੀਂ ਲਿਖਿਆ ਹੁੰਦਾ। ਸਿੱਖ ਸਹੁ-ਰੀਤਾਂ ਅਨੁਸਾਰ ਇਹ ਲਾਜ਼ਮੀ ਕਰ ਦਿੱਤਾ ਗਿਆ ਕਿ ਵਿਆਹ ਵਾਲੇ ਕਾਰਡ 'ਚ ਲਾੜਾ-ਲਾੜੀ ਦੇ ਨਾਂ ਨਾਲ 'ਸਿੰਘ' ਤੇ 'ਕੌਰ' ਜ਼ਰੂਰ ਲਿਖਿਆ ਜਾਵੇ। ਉਨ੍ਹਾਂ ਕਿਹਾ ਕਿ ਵਿਆਹ ਦੌਰਾਨ ਬੇਲੋੜੇ ਖਰਚੇ ਤੇ ਬੇਲੋੜੇ ਪ੍ਰਦਰਸ਼ਨ ਨੂੰ ਰੋਕਣ ਲਈ ਇਹ ਸਖ਼ਤ ਫੈਸਲਾ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਜੇਕਰ ਕੋਈ ਸਿੱਖ ਇਹ ਗੁਰਮਤਾ ਨਹੀਂ ਮੰਨਦਾ ਤਾਂ ਉਸ 'ਤੇ ਪੰਥਕ ਰਿਵਾਇਤਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

# ਗੁ: ਥੜਾ ਸਾਹਿਬ ਪਾ: ਨੌਵੀ ਵਿਖੇ ਨੌਵੇਂ ਪਾਤਸ਼ਾਹ ਦਾ ਸ਼ਹੀਦੀ ਦਿਹਾੜਾ ਸ਼ਰਧਾ ਭਾਵਨਾ ਨਾਲ ਮਨਾਇਆ

*ਗੁਰੂ ਤੇਗ ਬਹਾਦਰ ਦੀ ਸ਼ਹਾਦਤ ਸਮੁੱਚੇ ਸੰਸਾਰ ਲਈ ਚਾਨਣ ਮੁਨਾਰਾ: ਬਾਬਾ ਬਲਬੀਰ ਸਿੰਘ 96 ਕਰੋੜੀ*



ਪਟਿਆਲਾ/ਸਮਾਣਾ : ਗੁਰਦੁਆਰਾ ਥੜਾ ਸਾਹਿਬ ਪਾ: ਨੌਵੀਂ ਛਾਉਣੀ ਬੁੱਢਾ ਦਲ ਨਿਹੰਗ ਸਿੰਘਾਂ ਸਮਾਣਾ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸ਼ਹੀਦੀ ਪੁਰਬ ਪੂਰਨ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਨਾਮਵਰ ਰਾਗੀ ਜਥਿਆਂ ਨੇ ਗੁਰਬਾਣੀ ਮਨੋਹਰ ਕੀਰਤਨ ਕੀਤਾ ਅਤੇ ਕਥਾਵਾਚਕਾਂ, ਢਾਡੀਆਂ ਨੇ ਗੁਰ ਇਤਿਹਾਸ ਨਾਲ ਸੰਗਤਾਂ ਨੂੰ ਜੋੜਿਆਂ। ਤਿੰਨ ਰੋਜ਼ਾ ਸਮਾਗਮ ਦੀ ਸੰਪੂਰਨਤਾ ਸਮੇਂ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਸੰਬੋਧਨ ਕਰਦਿਆ ਕਿਹਾ ਕਿ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਦਾ ਆਦਰਸ਼ ਜਿੱਥੇ ਮਾਨਵ ਧਰਮ ਦੀ ਸੁਰੱਖਿਆ ਸੀ ਉੱਥੇ ਮਨੁੱਖ ਜਾਤੀ ਦੇ ਵਿਚਾਰ ਵਿਸ਼ਵਾਸ ਦੀ ਸੁਤੰਤਰਤਾ ਅਤੇ ਉਸ ਦੀ ਜ਼ਮੀਰ ਦੀ ਆਜ਼ਾਦੀ ਵਾਲੇ ਬੁਨਿਆਦੀ ਹੱਕਾਂ-ਅਧਿਕਾਰਾਂ ਦੀ ਬਰਕਰਾਰੀ ਸੀ। ਉਨ੍ਹਾਂ ਕਿਹਾ ਕਿ ਉਸ ਸਮੇਂ ਮੁਗ਼ਲ ਸਾਮਰਾਜ ਵੱਲੋਂ ਸਾਰੇ ਹਿੰਦੋਸਤਾਨ ਨੂੰ ਇਸਲਾਮ ਦੇ ਝੰਡੇ ਹੇਠ ਲਿਆਉਣ ਲਈ ਜਬਰੀ ਧਰਮ ਬਦਲਣ ਦੀ ਅਪਣਾਈ ਗਈ ਹਿੰਸਕ ਨੀਤੀ ਨੂੰ ਇਕ ਕਰੜੀ ਵੰਗਾਰ ਸੀ। ਉਨ੍ਹਾਂ ਸ਼ਹਾਦਤ ਸੰਕਲਪ ਦੀ ਗੱਲ ਕਰਦਿਆ ਕਿਹਾ ਨੌਵੇਂ ਪਾਤਸ਼ਾਹ ਦੀ ਸ਼ਹਾਦਤ ਸਿੱਖ ਇਤਿਹਾਸ ਵਿਚ ਇਕ ਨਵਾਂ ਮੋੜ ਸੀ ਜੋ ਧਾਰਮਿਕ, ਰਾਜਨੀਤਿਕ ਅਤੇ ਆਰਥਿਕ ਅਜ਼ਾਦੀ ਦੀ ਖਾਤਿਰ ਹੋਈ। ਉਨ੍ਹਾਂ ਕਿਹਾ ਗੁਰੂ ਸਾਹਿਬ ਦੀ ਸ਼ਹਾਦਤ ਭਾਰਤ ਲਈ ਹੀ ਨਹੀਂ ਸਗੋਂ ਸਮੁੱਚੇ ਸੰਸਾਰ ਲਈ ਚਾਨਣ ਮੁਨਾਰੇ ਦਾ ਕਾਰਜ ਕਰ ਰਹੀ ਹੈ। ਸਾਨੂੰ ਵੀ ਗੁਰੂ ਸਾਹਿਬ ਦੀ ਸ਼ਹਾਦਤ ਤੋਂ ਕੁਝ ਸਿੱਖਣ ਦੀ ਲੋੜ ਹੈ।

ਇਸ ਮੌਕੇ ਬਾਬਾ ਬਲਬੀਰ ਸਿੰਘ ਅਕਾਲੀ ਨੇ ਸਤਿਗੁਰਾਂ ਦੀ ਅਦੁੱਤੀ ਸ਼ਹਾਦਤ ਮਨਾਉਣ, ਇਲਾਕਾ ਨਿਵਾਸੀਆਂ ਅਤੇ ਸਮਾਣਾ ਸ਼ਹਿਰ ਦੇ ਗੁਰਦੁਆਰਿਆਂ ਦੇ ਪ੍ਰਬੰਧਕ, ਸਕੂਲ ਦੇ ਸਟਾਫ ਤੇ ਵਿਦਿਆਰਥੀਆਂ, ਸੁਖਮਨੀ ਸੇਵਾ ਸੁਸਾਇਟੀਆਂ ਅਤੇ ਸਾਹਿਬ ਸਿੰਘ ਯੂ.ਐਸ ਏ., ਬਾਬਾ ਸੁਰਜੀਤ ਸਿੰਘ ਯੂ.ਐਸ ਏ., ਸ. ਪ੍ਰਿਤਪਾਲ ਸਿੰਘ ਦਾ ਸਹਿਯੋਗ ਦੇਣ ਤੇ ਧੰਨਵਾਦ ਕੀਤਾ। ਸ. ਪ੍ਰਿਤਪਾਲ ਸਿੰਘ ਨੇ ਗਿਆਰਾਂ ਕਮਰੇ ਬਣਾ ਕੇ ਦੇਣ ਦੀ ਸੇਵਾ ਆਪਣੇ ਜ਼ੁੰਮੇ ਲਈ ਹੈ। ਇਸ ਮੌਕੇ ਭਾਈ ਗੁਰਪ੍ਰੀਤ ਸਿੰਘ ਦੇ ਰਾਗੀ ਜਥੇ, ਬਾਬਾ ਮਨਮੋਹਣ ਸਿੰਘ ਬਾਰਨਵਾਲੇ ਦੇ ਸਾਥੀਆਂ ਨੇ ਗੁਰਬਾਣੀ ਦਾ ਮਨੋਹਰ ਕੀਰਤਨ ਕੀਤਾ। ਭਾਈ ਸੁਖਜੀਤ ਸਿੰਘ ਕਨੱਈਆ ਨੇ ਕਥਾ ਰਾਹੀ ਹਾਜ਼ਰੀ ਭਰੀ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਜੀ ਦੀ ਸ਼ਹਾਦਤ ਸਭ ਧਰਮਾਂ ਦੇ ਪੈਰੋਕਾਰਾਂ ਨੂੰ ਰੋਸ਼ਨੀ ਮਾਰਗ ਬਖਸ਼ਦੀ ਹੈ।

# ਸ਼ਹੀਦੀ ਪੰਦਰਵਾੜੇ ਦੌਰਾਨ 16 ਤੋਂ 31 ਦਸੰਬਰ ਤੱਕ ਗੁਰੂ ਘਰਾਂ 'ਚ ਬਣਨਗੇ ਸਾਦੇ ਲੰਗਰ



ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ਼ਹੀਦੀ ਪੰਦਰਵਾੜੇ ਨੂੰ ਮੁੱਖ ਰੱਖਦਿਆਂ ਕਿਹਾ ਕਿ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜਿਆਂ ਨੂੰ ਸਮਰਪਿਤ ਸ਼ੁਰੂ ਹੋਏ ਸ਼ਹੀਦੀ ਪੰਦਰਵਾੜੇ ਦੌਰਾਨ 16 ਤੋਂ 31 ਦਸੰਬਰ 2023 ਤੱਕ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਾਲੇ ਗੁਰਦੁਆਰਾ ਸਾਹਿਬਾਨ ਅੰਦਰ ਜਿਥੇ ਕਿਸੇ ਵਿਅਕਤੀ ਵਿਸ਼ੇਸ਼ ਨੂੰ ਸਿਰੋਪਾਓ ਅਤੇ ਵਿਸ਼ੇਸ਼ ਸਨਮਾਨ ਨਹੀਂ ਦਿੱਤੇ ਜਾਣਗੇ, ਉਥੇ ਹੀ ਲੰਗਰਾਂ ਵਿਚ ਵੀ ਮਿੱਠੇ ਪਕਵਾਨ ਵੀ ਨਹੀਂ ਬਣਨਗੇ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਧਾਮੀ ਨੇ ਕਿਹਾ ਕਿ ਸਾਹਿਬਜ਼ਾਦਿਆਂ ਦੀਆਂ ਸ਼ਹਾਦਤਾਂ ਨੂੰ ਸਮਰਪਿਤ ਸ਼ਹੀਦੀ ਪੰਦਰਵਾੜਾ ਸਿੱਖ ਕੌਮ ਲਈ ਬੇਹੱਦ ਭਾਵੁਕ ਸਮਾਂ ਹੈ। ਉਨ੍ਹਾਂ ਕਿਹਾ ਕਿ ਸ਼ ?ਰੋਮਣੀ ਕਮੇਟੀ ਵੱਲੋਂ ਕੀਤੇ ਫ਼ੈਸਲੇ ਅਨੁਸਾਰ ਸ਼ਹੀਦੀ ਪੰਦਰਵਾੜੇ ਦੌਰਾਨ ਗੁਰੂ ਕੇ ਲੰਗਰਾਂ ਵਿਚ ਸਾਦੇ ਪਕਵਾਨ ਵਰਤਾਏ ਜਾਣਗੇ ਅਤੇ ਕਿਸੇ ਵੀ ਵਿਸ਼ੇਸ਼ ਵਿਅਕਤੀ ਨੂੰ ਸਿਰੋਪਾਓ ਨਹੀਂ ਦਿੱਤੇ ਜਾਣਗੇ। ਉਨ੍ਹਾਂ ਸਥਾਨਕ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਸ਼ਹੀਦੀ ਪੰਦਰਵਾੜੇ ਦੀ ਭਾਵੁਕਤਾ ਨੂੰ ਵੇਖਦਿਆਂ ਆਪੋ-ਆਪਣੇ ਪ੍ਰਬੰਧਾਂ ਵਾਲੇ ਸਥਾਨਾਂ 'ਤੇ ਇਸ ਫੈਸਲੇ ਨੂੰ ਲਾਗੂ ਕਰਨ। ਐਡਵੋਕੇਟ ਧਾਮੀ ਨੇ ਸੰਗਤਾਂ ਨੂੰ ਸਾਹਿਬਜ਼ਾਦਿਆਂ ਦੀ ਯਾਦ ਵਿਚ ਵੱਧ ਤੋਂ ਵੱਧ ਗੁਰਬਾਣੀ ਦਾ ਜਾਪ ਕਰਨ ਦੀ ਅਪੀਲ ਵੀ ਕੀਤੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਸਬੰਧੀ 20 ਦਸੰਬਰ ਨੂੰ ਦਿੱਲੀ ਵਿਖੇ ਕੀਤਾ ਜਾਣ ਵਾਲਾ ਪੰਥਕ ਪ੍ਰਦਰਸ਼ਨ ਹਾਲ ਦੀ ਘੜੀ ਮੁਲਤਵੀ ਕਰ ਦਿੱਤਾ ਗਿਆ ਹੈ। ਸ਼ ?ਰੋਮਣੀ ਕਮੇਟੀ ਨੇ ਇਹ ਫ਼ੈਸਲਾ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ, ਜੋ ਬੰਦੀ ਸਿੰਘਾਂ ਸਬੰਧੀ ਪੰਜ ਮੈਂਬਰੀ ਉੱਚ ਪੱਧਰੀ ਕਮੇਟੀ ਦੇ ਮੈਂਬਰ ਵੀ ਹਨ, ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਭੇਜੇ ਗਏ ਇਕ ਪੱਤਰ 'ਤੇ ਵਿਚਾਰ ਉਪਰੰਤ ਲਿਆ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸੱਦੀ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਭਾਵੇਂ 20 ਦਸੰਬਰ ਦਾ ਦਿੱਲੀ ਪ੍ਰਦਰਸ਼ਨ ਅੰਤ੍ਰਿੰਗ ਕਮੇਟੀ ਦੇ ਪਹਿਲਾਂ ਲਏ ਫੈਸਲੇ 'ਤੇ ਅਧਾਰਿਤ ਸੀ ਪਰ ਪੰਥ ਦੇ ਵਡੇਰੇ ਹਿੱਤਾਂ ਨੂੰ ਵੇਖਦਿਆਂ ਇਸ ਨੂੰ ਫਿਲਹਾਲ ਮੁਲਤਵੀ ਕੀਤਾ ਜਾ ਰਿਹਾ ਹੈ।

# ਜੰਮੂ-ਕਸ਼ਮੀਰ 'ਚ ਆਨੰਦ ਮੈਰਿਜ ਐਕਟ ਲਾਗੂ ਹੋਣਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਰਣਨੀਤੀ ਦਾ ਪ੍ਰਮਾਣ: ਪ੍ਰੋ. ਸਰਚਾਂਦ ਸਿੰਘ ਖਿਆਲਾ



ਅੰਮ੍ਰਿਤਸਰ : ਪੰਜਾਬ ਭਾਜਪਾ ਦੇ ਮੀਡੀਆ ਪੈਨਲਿਸਟ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਕੇਂਦਰ ਸ਼ਾਸਿਤ ਪ੍ਰਦੇਸ਼ ਜੰਮੂ-ਕਸ਼ਮੀਰ 'ਚ ਵੀ ਆਨੰਦ ਕਾਰਜ ਮੈਰਿਜ ਐਕਟ ਲਾਗੂ ਹੋਣ 'ਤੇ ਖ਼ੁਸ਼ੀ ਦਾ ਪ੍ਰਗਟਾਵਾ ਕਰਦਿਆਂ ਉਪ ਰਾਜਪਾਲ ਮਨੋਜ ਸਿਨਹਾ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਜੰਮੂ ਕਸ਼ਮੀਰ ਦੇ ਸਿੱਖ ਭਾਈਚਾਰੇ ਦੀ ਚਿਰੋਕਣੀ ਮੰਗ ਪੂਰੀ ਹੋ ਗਈ ਹੈ।

ਪ੍ਰੋ. ਸਰਚਾਂਦ ਸਿੰਘ ਨੇ ਉਕਤ ਪ੍ਰਾਪਤੀ ਸਿਹਰਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਦਿੱਤਾ ਅਤੇ ਕਿਹਾ ਕਿ ਕਿ ਜੰਮੂ ਕਸ਼ਮੀਰ 'ਚ ਧਾਰਾ 370 ਅਨੰਦ ਮੈਰਿਜ ਐਕਟ ਲਾਗੂ ਕਰਨ 'ਚ ਅੜਿੱਕਾ ਸੀ, ਪਰ ਹੁਣ ਧਾਰਾ 370 ਦੇ ਖ਼ਾਤਮੇ ਕਾਰਨ ਹੀ ਉੱਥੇ ਅਨੰਦ ਮੈਰਿਜ ਐਕਟ ਲਾਗੂ ਕਰਨਾ ਸੰਭਵ ਹੋਇਆ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਵੱਲੋਂ ਨਵੇਂ ਕਸ਼ਮੀਰ ਦੀ ਸਿਰਜਣਾ ਪ੍ਰਤੀ ਰਣਨੀਤੀ 'ਚ ਪੂਰਵਲੇ ਸ਼ਾਸਕਾਂ ਦੀ 'ਅਧਰੰਗ ਨੀਤੀ' ਨੂੰ ਤਿਲਾਂਜਲੀ ਦਿੱਤੀ ਗਈ। ਨਰਿੰਦਰ ਮੋਦੀ ਸਰਕਾਰ ਦੁਆਰਾ ਜੰਮੂ-ਕਸ਼ਮੀਰ ਨੂੰ ਟਾਪ ਏਜੰਡੇ 'ਤੇ ਰੱਖਦਿਆਂ ਪ੍ਰਮੁੱਖ ਤਰਜੀਹ ਦੇਣ ਵਾਲੀਆਂ ਸਾਰਥਿਕ ਅਤੇ ਪ੍ਰਭਾਵਸ਼ਾਲੀ ਨੀਤੀਆਂ ਨੂੰ ਸਫਲਤਾ ਮਿਲਣੀ ਕਸ਼ਮੀਰ 'ਤੇ ਮਾੜੀ ਅੱਖ ਰੱਖਣ ਵਾਲੇ ਪਾਕਿਸਤਾਨ ਲਈ ਗਹਿਰਾ ਝਟਕਾ ਹੈ। ਪਾਕਿਸਤਾਨ ਦੀ ਬਦਨਾਮ ਖ਼ੁਫ਼ੀਆ ਏਜੰਸੀ ਆਈ ਐੱਸ ਆਈ ਵੱਲੋਂ ਇੱਥੇ ਅਤਿਵਾਦੀਆਂ ਨੂੰ ਭੇਜ ਕੇ ਦਹਿਸ਼ਤ ਅਤੇ ਅਸ਼ਾਂਤੀ ਫੈਲਾਉਂਦਾ ਰਿਹਾ ਹੈ । ਪਰ ਭਾਰਤ ਵੱਲੋਂ ਆਤੰਕਵਾਦ ਨੂੰ ਲੈ ਕੇ ਜ਼ੀਰੋ ਟੌਰਰੈਂਸ ਦੀ ਨੀਤੀ ਅਪਣਾਉਂਦਿਆਂ ਇਹ ਦਸ ਦਿੱਤਾ ਗਿਆ ਕਿ ਦੇਸ਼ ਦੀ ਸੁਰੱਖਿਆ ਨਾਲ ਭਵਿੱਖ 'ਚ ਵੀ ਕਦੀ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ।

ਪ੍ਰੋ. ਸਰਚਾਂਦ ਸਿੰਘ ਨੇ ਕਿਹਾ ਕਿ ਕਸ਼ਮੀਰ 'ਚ ਆਮ ਵਰਗੇ ਹਾਲਾਤ ਵਾਪਸ ਲਿਆਉਣ ਲਈ ਮੋਦੀ -ਅਮਿੱਤ ਸ਼ਾਹ ਦੀ ਦ੍ਰਿੜ੍ਹ ਰਾਜਸੀ ਇੱਛਾ ਸ਼ਕਤੀ, ਕੂਟਨੀਤੀ, ਫ਼ੌਜ ਦੀ ਮੁਸਤੈਦੀ, ਆਪ੍ਰੇਸ਼ਨ ਆਲ ਆਊਟ, ਸੁਰੱਖਿਆ ਬਲਾਂ ਵੱਲੋਂ ਸਰਹੱਦ ਪਾਰ ਸਰਜੀਕਲ ਸਟਰਾਈਕ ਰਾਹੀ ਆਤੰਕੀਆਂ ਨੂੰ ਦਿੱਤੇ ਗਏ ਸਖ਼ਤ ਜਵਾਬ ਨੇ ਹਰੇਕ ਭਾਰਤੀ ਦਾ ਮਨੋਬਲ ਉੱਚਿਆਂ ਕੀਤਾ ਅਤੇ ਭਾਰਤ ਦਾ ਸਨਮਾਨ ਵਿਸ਼ਵ ਭਰ ਵਿਚ ਵਧਿਆ। ਸ੍ਰੀ ਮੋਦੀ ਵੱਲੋਂ ਸਥਾਨਕ ਕਸ਼ਮੀਰੀ ਆਗੂਆਂ ਦੀ ਭੂਮਿਕਾ ਅਤੇ ਸਿਆਸੀ ਅਹਿਮੀਅਤ ਨੂੰ ਸਮਝਿਆ ਗਿਆ, ਉਨ੍ਹਾਂ ਅਤੇ ਆਮ ਜਨਤਾ ਨਾਲ 'ਦਿਲ ਦਾ ਰਿਸ਼ਤਾ' ਕਾਇਮ ਕਰਦਿਆਂ ਉਨ੍ਹਾਂ ਨਾਲ ਸਿਧਾ ਜੁੜ ਕੇ ਸੰਵਾਦ ਸਥਾਪਿਤ ਕਰਦਿਆਂ ਉਨ੍ਹਾਂ 'ਚ ਨਵੀਂਆਂ ਉਮੀਦਾਂ ਜਗਾਈਆਂ ਗਈਆਂ। ਜਿਸ ਨਾਲ ਸਿਆਸੀ ਆਗੂਆਂ ਅਤੇ ਅਮਨ ਪਸੰਦ ਸ਼ਹਿਰੀਆਂ ਦੀ ਕੇਂਦਰੀ ਹਕੂਮਤ ਪ੍ਰਤੀ ਵਿਸ਼ਵਾਸ ਬਹਾਲੀ 'ਚ ਮਦਦ ਮਿਲੀ, ਅੱਜ ਵਾਦੀ 'ਚ ਕਾਨੂੰਨ ਵਿਵਸਥਾ ਨਿਯੰਤਰਨ ਹੇਠ ਹੈ ਅਤੇ ਬਹੁਗਿਣਤੀ ਕਸ਼ਮੀਰੀ ਲੋਕ ਨਫ਼ਰਤ ਅਤੇ ਫ਼ ?ਰਕੂ ਸਿਆਸਤ ਕਰਨ ਵਾਲਿਆਂ ਤੋਂ ਕਿਨਾਰਾ ਕਰਦਿਆਂ ਦੇਸ਼ ਦੀ ਏਕਤਾ ਅਖੰਡਤਾ ਦੇ ਪੱਖ 'ਚ ਖੜ੍ਹ ਗਏ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਕਸ਼ਮੀਰ 'ਚ ਧਾਰਾ 370 ਨੂੰ ਹਟਾਉਣ ਦਾ ਵਿਰੋਧ ਕੀਤਾ ਸੀ, ਪਰ ਹਾਲ ਹੀ 'ਚ ਸੁਪਰੀਮ ਕੋਰਟ ਵੱਲੋਂ ਇਸ ਬਾਰੇ ਆਏ ਆਦੇਸ਼ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਫ਼ੈਸਲੇ ਨੂੰ ਦਰੁਸਤ ਠਹਿਰਾਉਂਦਿਆਂ ਪੱਕੀ ਮੋਹਰ ਲਗਾ ਦਿੱਤੀ ਹੈ।

# ਚੀਨ 'ਚ ਭੁਚਾਲ ਕਾਰਨ 127 ਲੋਕਾਂ ਦੀ ਮੌਤ-700 ਤੋਂ ਵੱਧ ਜ਼ਖ਼ਮੀ

ਬੀਜਿੰਗ/ਜਿਸ਼ੀਸ਼ਾਨ : ਉੱਤਰ-ਪੱਛਮੀ ਚੀਨ 'ਚ ਸੋਮਵਾਰ-ਮੰਗਲਵਾਰ ਦੀ ਦਰਮਿਆਨੀ ਰਾਤ ਨੂੰ 6.2 ਤੀਬਰਤਾ ਦੇ ਸ਼ਕਤੀਸ਼ਾਲੀ ਭੁਚਾਲ ਕਾਰਨ ਘੱਟੋ-ਘੱਟ 127 ਲੋਕ ਮਾਰੇ ਗਏ ਤੇ 700 ਤੋਂ ਵਧੇਰੇ ਜ਼ਖ਼ਮੀ ਹੋ ਗਏ। ਚੀਨ ਦੇ ਭੁਚਾਲ ਨੈੱਟਵਰਕ ਕੇਂਦਰ (ਸੀ.ਈ.ਐਨ.ਸੀ.) ਅਨੁਸਾਰ ਸੋਮਵਾਰ ਰਾਤ 11.59 ਵਜੇ ਗਾਂਸੂ ਤੇ ਕਿੰਗਹਾਈ ਸੂਬਿਆਂ 'ਚ ਭੁਚਾਲ ਦੇ 32 ਤੇਜ਼ ਝਟਕਿਆਂ ਕਾਰਨ ਗਾਂਸੂ 'ਚ 113 ਤੇ ਕਿੰਗਹਾਈ ਸੂਬਿਆਂ 'ਚ 14 ਲੋਕ ਮਾਰੇ ਗਏ ਤੇ 714 ਜ਼ਖ਼ਮੀ ਹੋ ਗਏ, ਜਦਕਿ ਭੁਚਾਲ ਪ੍ਰਭਾਵਿਤ ਇਲਾਕਿਆਂ 'ਚ 6,381 ਘਰ ਢਹਿ ਗਏ ਤੇ ਬੁਨਿਆਦੀ ਢਾਂਚੇ ਨੂੰ ਵੀ ਭਾਰੀ ਨੁਕਸਾਨ ਪੁੱਜਾ ਹੈ। ਸੀ.ਈ.ਐਨ.ਸੀ. ਅਨੁਸਾਰ ਮੰਗਲਵਾਰ ਸਵੇਰੇ 9.46 ਵਜੇ ਉੱਤਰ-ਪੱਛਮੀ ਚੀਨ ਦੇ ਸ਼ਿਨਜਿਆਂਗ ਉਇਗਰ ਖ਼ੁਦਮੁਖਤਿਆਰ ਸੂਬੇ 'ਚ ਵੀ ਭੁਚਾਲ ਦੇ ਝਟਕੇ ਆਏ ਹਨ। ਅਧਿਕਾਰਤ ਮੀਡੀਆ ਰਿਪੋਰਟਾਂ ਅਨੁਸਾਰ ਭੁਚਾਲ ਕਾਰਨ ਕਈ



ਪਿੰਡਾਂ ਦੀਆਂ ਸੜਕਾਂ ਤਬਾਹ ਹੋ ਗਈਆਂ, ਬਿਜਲੀ ਤੇ ਦੂਰਸੰਚਾਰ ਸੇਵਾਵਾਂ ਬੁਰੀ ਤਰ੍ਹਾਂ ਨਾਲ ਪ੍ਰਭਾਵਿਤ ਹੋਈਆਂ ਹਨ। ਸੂਬਾਈ ਪ੍ਰਸ਼ਾਸਨ ਵਲੋਂ ਹਜ਼ਾਰਾਂ ਉਪਕਰਣਾਂ ਤੇ ਮਸ਼ੀਨਾਂ ਨਾਲ ਲੈਸ 580 ਬਚਾਅ ਕਰਮਚਾਰੀਆਂ ਨੂੰ 12 ਖੋਜੀ ਕੁੱਤਿਆਂ ਨਾਲ ਪ੍ਰਭਾਵਿਤ ਇਲਾਕਿਆਂ 'ਚ ਭੇਜਿਆ ਗਿਆ ਹੈ। ਰਾਸ਼ਟਰਪਤੀ ਸ਼ੀ ਜਿਨਪਿੰਗ ਤੇ ਪ੍ਰਧਾਨ ਮੰਤਰੀ ਲੀ ਕਿਆਂਗ ਨੇ ਭੁਚਾਲ ਕਾਰਨ ਹੋਣ ਵਾਲੇ ਜਾਨੀ ਨੁਕਸਾਨ ਨੂੰ ਘਟਾਉਣ ਲਈ ਬਚਾਅ ਕਾਰਜ ਤੇਜ਼ ਕਰਨ ਦੇ ਹੁਕਮ ਦਿੱਤੇ ਹਨ।

# ਪੰਜਾਬ ਹਾਰਦਾ ਰਿਹੈ ਤੇ ਆਗੂ ਜਿੱਤਦੇ ਰਹੇ: ਨਵਜੋਤ ਸਿੱਧੂ

## ਕਾਂਗਰਸੀ ਆਗੂ ਨੇ ਬਦਲਾਅ ਦੇ ਨਾਂ 'ਤੇ ਸੱਤਾ 'ਚ ਆਈ ਭਗਵੰਤ ਮਾਨ ਸਰਕਾਰ ਨੂੰ ਘੇਰਿਆ



ਮਹਿਰਾਜ (ਰਾਮਪੁਰਾ ਫੂਲ) : ਸੀਨੀਅਰ ਕਾਂਗਰਸੀ ਆਗੂ ਨਵਜੋਤ ਸਿੰਘ ਸਿੱਧੂ ਨੇ ਅੱਜ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਵਰ੍ਹਦਿਆਂ ਕਿਹਾ ਕਿ ਬਦਲਾਅ ਦੇ ਨਾਂ 'ਤੇ ਸੱਤਾ 'ਚ ਆਈ ਨਵੀਂ ਸਰਕਾਰ ਦੇ ਰਾਜ ਵਿੱਚ ਪੰਜਾਬ 'ਚ ਕੁਝ ਨਹੀਂ ਬਦਲਿਆ ਤੇ ਸਭ ਕੁਝ ਪਹਿਲਾਂ ਵਾਂਗ ਹੈ। ਉਨ੍ਹਾਂ ਕਿਹਾ ਕਿ ਲੀਡਰ ਹਮੇਸ਼ਾ ਜਿੱਤਦੇ ਰਹੇ ਹਨ ਤੇ ਪੰਜਾਬ ਹਮੇਸ਼ਾ ਹਾਰਦਾ ਰਿਹਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਜ਼ਰੂਰ ਜਿੱਤੇਗਾ ਤੇ ਇਸ ਜਿੱਤ ਲਈ ਉਨ੍ਹਾਂ ਨੂੰ ਇਕ ਵਫ਼ਾਦਾਰ ਆਗੂ ਦੀ ਲੋੜ ਹੈ। ਸਿੱਧੂ ਸਥਾਨਕ ਅਨਾਜ ਮੰਡੀ ਵਿਚ ਪਾਰਟੀ ਰੈਲੀ ਨੂੰ ਸੰਬੋਧਨ ਕਰ ਰਹੇ ਸਨ।

ਸ੍ਰੀ ਸਿੱਧੂ ਨੇ ਦੋਸ਼ ਲਾਇਆ ਕਿ ਪੰਜਾਬ ਡੰਗ ਟਪਾਊ ਨੀਤੀਆਂ ਨਾਲ ਚੱਲ ਰਿਹਾ ਹੈ ਤੇ ਸਰਕਾਰ ਦਾ ਕੋਈ ਵਿਜ਼ਨ ਨਹੀਂ ਹੈ। ਉਨ੍ਹਾਂ ਦਾਅਵਾ ਕਿ ਕਾਂਗਰਸ ਸਰਕਾਰ ਵੇਲੇ ਰੇਤੇ ਦੀ ਟਰਾਲੀ 3100 ਰੁਪਏ 'ਚ ਮਿਲਦੀ ਸੀ ਜੋ ਹੁਣ 21 ਹਜ਼ਾਰ ਰੁਪਏ 'ਚ ਵਿਕ ਰਹੀ ਹੈ। ਸੂਬੇ ਵਿੱਚ ਰੇਤ ਦਾ ਨਾਜਾਇਜ਼ ਖਣਨ ਸਿਖ਼ਰਾਂ 'ਤੇ ਹੈ ਅਤੇ ਵਾਤਾਵਰਨ ਨੂੰ ਨੁਕਸਾਨ ਪੁੱਜ ਰਿਹਾ ਹੈ ਜਿਸ ਦੀ ਸ਼ਿਕਾਇਤ ਉਹ ਕੌਮੀ ਗ੍ਰੀਨ ਟ੍ਰਿਬਿਊਨਲ ਨੂੰ ਕਰਨਗੇ। ਉਨ੍ਹਾਂ ਨੇ ਸਾਬਕਾ ਕਾਂਗਰਸੀ ਮੁੱਖ ਮੰਤਰੀਆਂ ਦੀ ਕਾਰਜਸ਼ੈਲੀ ਦੀ ਵੀ ਆਲੋਚਨਾ ਕੀਤੀ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਸ਼ਰਾਬ ਮਾਫੀਆ ਜ਼ੋਰਾਂ 'ਤੇ ਹੈ ਅਤੇ ਸ਼ਰਾਬ ਐੱਲ-1 ਦੇ ਲਾਇਸੈਂਸ ਧਨਾਢ ਚਹੇਤਿਆਂ ਨੂੰ ਦਿੱਤੇ ਗਏ ਹਨ। ਚੋਰਮੋਰੀਆਂ ਕਾਰਨ ਸੂਬੇ ਵਿੱਚ ਆਬਕਾਰੀ ਮਾਲੀਆ ਘੱਟ ਰਿਹਾ ਹੈ। ਸ੍ਰੀ ਸਿੱਧੂ ਨੇ ਦੋਸ਼ ਲਾਇਆ ਕਿ ਅਕਾਲੀ ਸਰਕਾਰ ਵੇਲੇ 15 ਹਜ਼ਾਰ ਕਰੋੜ, ਕਾਂਗਰਸ ਵੇਲੇ 20 ਹਜ਼ਾਰ ਕਰੋੜ ਤੇ ਹੁਣ ਨਵੀਂ ਸਰਕਾਰ ਨੇ 35 ਹਜ਼ਾਰ ਕਰੋੜ ਦਾ ਕਰਜ਼ਾ ਲੈ ਕੇ ਸੂਬੇ ਨੂੰ ਦੀਵਾਲੀਆ ਹੋਣ ਵੱਲ ਧੱਕ ਦਿੱਤਾ ਹੈ। ਉਨ੍ਹਾਂ ਤਨਜ਼ ਕੱਸਿਆ ਕਿ ਭਗਵੰਤ ਮਾਨ ਸੱਤਾ ਹਾਸਲ ਕਰਨ ਤੋਂ ਪਹਿਲਾਂ ਕਹਿੰਦੇ ਸਨ ਕਿ ਜੇਕਰ ਸਰਕਾਰ ਲੋਕ ਪੱਖੀ ਹੋਵੇ ਤਾਂ ਧਰਨੇ ਮੁਜ਼ਾਹਰਿਆਂ ਦੀ ਜ਼ਰੂਰਤ ਨਹੀਂ ਹੁੰਦੀ ਪਰ ਸੂਬੇ ਵਿੱਚ 15 ਹਜ਼ਾਰ ਕੰਟਰੈਕਟ ਅਧਿਆਪਕ, ਈਟੀਟੀ ਤੇ ਕੰਪਿਊਟਰ ਅਧਿਆਪਕਾਂ ਤੋਂ ਇਲਾਵਾ ਪੀਆਰਟੀਸੀ ਮੁਲਾਜ਼ਮ ਧਰਨੇ ਪ੍ਰਦਰਸ਼ਨਾਂ ਦੇ ਰਾਹ ਪਏ ਹੋਏ ਹਨ। ਉਨ੍ਹਾਂ ਕਿਹਾ ਕਿ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਲਈ ਨੋਟੀਫਿਕੇਸ਼ਨ ਨੂੰ ਇੱਕ ਸਾਲ ਬੀਤ ਗਿਆ ਹੈ, ਪਰ ਸਰਕਾਰ ਵਾਅਦਾਖ਼ਿਲਾਫੀ 'ਤੇ ਉਤਰ ਆਈ ਹੈ।

ਇਸ ਤੋਂ ਪਹਿਲਾਂ ਰੈਲੀ ਦੇ ਆਯੋਜਕ ਰਾਜਵੀਰ ਰਾਜਾ ਸਿੱਧੂ ਮਹਿਰਾਜ ਨੇ ਸ੍ਰੀ ਸਿੱਧੂ ਲਈ ਸਵਾਗਤੀ ਸ਼ਬਦ ਕਹੇ। ਰੈਲੀ ਵਿਚ ਪਾਰਟੀ ਆਗੂ ਨਾਜਰ ਸਿੰਘ ਮਾਨਸ਼ਾਹੀਆ, ਹਰਵਿੰਦਰ ਸਿੰਘ ਲਾਡੀ, ਰਮਿੰਦਰ ਸਿੰਘ ਆਂਵਲਾ, ਸੁਰਜੀਤ ਸਿੰਘ ਧੀਮਾਨ, ਮਹੇਸ਼ਇੰਦਰ ਸਿੰਘ ਨਿਹਾਲ ਸਿੰਘ ਵਾਲਾ, ਜਗਦੇਵ ਸਿੰਘ, ਰਾਜਾ ਅਟਵਾਲ, ਗੁਰਪ੍ਰੀਤ ਬੀਹਰਾ, ਜਤਿੰਦਰ ਪ੍ਰਧਾਨ, ਖੁਸ਼ੀ ਮੱਲੂਆਣਾ, ਗੁਰਮੀਤ ਢੀਂਡਸਾ, ਸਰਪੰਚ ਅਲਵੇਲ ਸਿੰਘ, ਲੱਖਾ ਸਰਪੰਚ, ਪਿੰਦਰ ਹਿੰਮਤਪੁਰਾ, ਰੂਪ ਸਿੰਘ ਕੋਠੇ ਮਹਾਂ ਸਿੰਘ, ਮਿੱਠੂ ਮਹਿਰਾਜ ਖੁਰਦ ਹਾਜ਼ਰ ਸਨ।

# ਹਰਸਿਮਰਤ ਬਾਦਲ ਨੇ ਰੇਲ ਮੰਤਰੀ ਨਾਲ ਕੀਤੀ ਮੁਲਾਕਾਤ

# ਬਠਿੰਡਾ-ਦਿੱਲੀ ਸ਼ਤਾਬਦੀ ਮੁੜ ਸ਼ੁਰੂ ਕਰਨ ਦੀ ਵੀ ਕੀਤੀ ਅਪੀਲ



ਜਲੰਧਰ : ਸਾਬਕਾ ਕੇਂਦਰੀ ਮੰਤਰੀ ਤੇ ਬਠਿੰਡਾ ਦੇ ਐੱਮ.ਪੀ. ਹਰਸਿਮਰਤ ਕੌਰ ਬਾਦਲ ਨੇ ਸ਼ਨੀਵਾਰ ਨੂੰ ਕੇਂਦਰੀ ਰੇਲ ਮੰਤਰੀ ਸ੍ਰੀ ਅਸ਼ਵਨੀ ਵੈਸ਼ਨਵ ਨੂੰ ਅਪੀਲ ਕੀਤੀ ਕਿ ਵਾਰਾਨਸੀ ਜਾ ਕੇ ਗੁਰੂ ਰਵਿਦਾਸ ਜੀ ਦੇ ਅਸਥਾਨ ਦੇ ਦਰਸ਼ਨ ਕਰਨ ਵਾਲੇ ਸ਼ਰਧਾਲੂਆਂ ਵਾਸਤੇ ਬਠਿੰਡਾ-ਵਾਰਾਨਸੀ ਰੇਲ ਗੱਡੀ ਸ਼ੁਰੂ ਕੀਤੀ ਜਾਵੇ ਅਤੇ ਅਗਲੇ ਸਾਲ ਗੁਰੂ ਰਵਿਦਾਸ ਜੀ ਦੇ 647ਵੇਂ ਪ੍ਰਕਾਸ਼ ਪੁਰਬ ਮੌਕੇ ਦਰਸ਼ਨ ਵਾਸਤੇ ਜਾਣ ਵਾਲੇ ਸ਼ਰਧਾਲੂਆਂ ਲਈ ਕਿਰਾਏ ਵਿਚ 75 ਫੀਸਦੀ ਛੋਟ ਦਿੱਤੀ ਜਾਵੇ। ਇਥੇ ਜਾਰੀ ਕੀਤੇ ਇਕ ਬਿਆਨ ਵਿਚ ਸਰਦਾਰਨੀ ਬਾਦਲ ਨੇ ਕਿਹਾ ਕਿ ਉਨ੍ਹਾਂ ਨੂੰ ਇਹ ਬੇਨਤੀ ਪੱਤਰ ਪ੍ਰਾਪਤ ਹੋਏ ਹਨ ਕਿ ਵਾਇਆ ਦਿੱਲੀ ਬਠਿੰਡਾ-ਵਾਰਾਨਸੀ ਰੇਲ ਗੱਡੀ ਸ਼ੁਰੂ ਹੋਣੀ ਚਾਹੀਦੀ ਹੈ ਤਾਂ ਜੋ ਗੁਰੂ ਰਵਿਦਾਸ ਜੀ ਦੇ ਅਸਥਾਨ ਦੇ ਦਰਸ਼ਨਾਂ ਵਾਸਤੇ ਸ਼ਰਧਾਲੂ ਸਾਰਾ ਸਾਲ ਜਾ ਸਕਣ।

ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਉਨ੍ਹਾਂ ਨੂੰ ਗੁਰੂ ਰਵਿਦਾਸ ਸੇਵਾ ਸਭਾ ਬਠਿੰਡਾ ਨੇ ਮੰਗ ਪੱਤਰ ਸੌਂਪ ਕੇ ਮੰਗ ਕੀਤੀ ਕਿ ਅਗਲੇ ਸਾਲ ਦੇ ਸ਼ੁਰੂ ਵਿਚ 24 ਫਰਵਰੀ ਨੂੰ ਗੁਰੂ ਰਵਿਦਾਸ ਜੀ ਦਾ 647ਵਾਂ ਪ੍ਰਕਾਸ਼ ਪੁਰਬ ਹੈ ਜੋ 25 ਜਨਵਰੀ ਤੋਂ 28 ਫਰਵਰੀ 2024 ਤੱਕ ਮਨਾਇਆ ਜਾ ਰਿਹਾ ਹੈ ਜਿਸ ਲਈ ਸ਼ਰਧਾਲੂ ਰੇਲ ਗੱਡੀ ਵਿਚ ਸੈਕਿੰਡ ਕਲਾਸ ਸਲੀਪਰ ਵਿਚ ਸਫ਼ਰ ਕਰਨਗੇ ਜਿਸ ਵਾਸਤੇ ਕਿਰਾਏ ਵਿਚ 75 ਫੀਸਦੀ ਛੋਟ ਦਿੱਤੀ ਜਾਣੀ ਚਾਹੀਦੀ ਹੈ। ਉਨ੍ਹਾਂ ਨੇ ਰੇਲ ਮੰਤਰੀ ਨੂੰ ਬੇਨਤੀ ਕੀਤੀ ਕਿ ਕਿਉਂਕਿ ਅਜਿਹੀਆਂ ਛੋਟਾਂ ਸ਼ਰਧਾਲੂਆਂ ਨੂੰ ਪਹਿਲਾਂ ਵੀ ਦਿੱਤੀਆਂ ਜਾਂਦੀਆਂ ਰਹੀਆਂ ਹਨ ਤਾਂ ਇਹ ਛੋਟ ਵੀ ਦਿੱਤੀ ਜਾ ਸਕਦੀ ਹੈ। ਉਨ੍ਹਾਂ ਨੇ ਸ੍ਰੀ ਅਸ਼ਵਨੀ ਵੈਸ਼ਨਵ ਨੂੰ ਅਪੀਲ ਕੀਤੀ ਕਿ ਉਹ ਇਸ ਵਾਸਤੇ ਅਧਿਕਾਰੀਆਂ ਨੂੰ ਲੋੜੀਂਦੇ ਹੁਕਮ ਜਾਰੀ ਕਰਨ ਤਾਂ ਜੋ ਸ਼ਰਧਾਲੂਆਂ ਨੂੰ ਆਪਣੀਆਂ ਸੀਟਾਂ ਰਾਖਵੀਆਂ ਕਰਨ ਵਿਚ ਕੋਈ ਮੁਸ਼ਕਿਲ ਨਾ ਆਵੇ। ਸਰਦਾਰਨੀ ਬਾਦਲ ਨੇ ਇਹ ਵੀ ਅਪੀਲ ਕੀਤੀ ਕਿ ਬਠਿੰਡਾ-ਦਿੱਲੀ ਬਠਿੰਡਾ ਹਫਤੇ ਵਿਚ ਦੋ ਵਾਰ ਚੱਲਦੀ ਸ਼ਤਾਬਦੀ ਜੋ 2014 ਵਿਚ ਸ਼ੁਰੂ ਕੀਤੀ ਗਈ ਸੀ ਤੇ 2016 ਵਿਚ ਫਿਰੋਜ਼ਪੁਰ ਛਾਉਣੀ ਤੱਕ ਵਧਾਈ ਗਈ ਸੀ, ਨੂੰ ਕੋਰੋਨਾ ਕਾਲ ਵਿਚ ਬੰਦ ਕਰ ਦਿੱਤਾ ਗਿਆ ਸੀ। ਇਸ ਰੇਲ ਗੱਡੀ ਨੂੰ ਮੁੜ ਸ਼ੁਰੂ ਕੀਤਾ ਜਾਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਏਮਜ਼ ਬਠਿੰਡਾ ਦੇ ਡਾਕਟਰਾਂ ਨੇ ਵੀ ਇਸ ਸਬੰਧ ਵਿਚ ਮੰਗ ਪੱਤਰ ਦਿੱਤਾ ਹੈ।

# ਸੰਵਿਧਾਨ 'ਚ ਨਹੀਂ ਹੈ ਡਿਪਟੀ ਮੁੱਖ ਮੰਤਰੀ ਅਹੁਦੇ ਦਾ ਜ਼ਿਕਰ ਪਰ ਸਿਆਸੀ ਪਾਰਟੀਆਂ ਨੂੰ ਖੂਬ 'ਸੂਟ' ਕਰ ਰਿਹਾ ਹੈ ਇਹ ਅਹੁਦਾ



ਜਲੰਧਰ : ਬੇਸ਼ੱਕ ਭਾਰਤੀ ਸੰਵਿਧਾਨ 'ਚ ਉਪ-ਮੁੱਖ ਮੰਤਰੀ ਨਾਂ ਦਾ ਕੋਈ ਅਹੁਦਾ ਨਹੀਂ ਹੈ ਪਰ ਇਸ ਦੇ ਬਾਵਜੂਦ ਦੇਸ਼ ਵਿਚ ਸਿਆਸੀ ਹਾਲਾਤ ਦੇ ਹਿਸਾਬ ਨਾਲ ਕਈ ਸੂਬਿਆਂ ਵਿਚ ਡਿਪਟੀ ਸੀ. ਐੱਮ. ਬਣਾਏ ਜਾ ਰਹੇ ਹਨ। ਹੁਣੇ ਜਿਹੇ ਜਿਨ੍ਹਾਂ 4 ਸੂਬਿਆਂ ਵਿਚ ਚੋਣਾਂ ਹੋਈਆਂ, ਉੱਥੇ ਨਵੀਆਂ ਸਰਕਾਰਾਂ ਬਣੀਆਂ ਹਨ। ਇਨ੍ਹਾਂ 4 ਸੂਬਿਆਂ ਵਿਚ 7 ਨਵੇਂ ਉਪ-ਮੁੱਖ ਮੰਤਰੀ ਬਣਾਏ ਗਏ ਹਨ, ਜਿਸ ਤੋਂ ਬਾਅਦ ਦੇਸ਼ ਭਰ ਵਿਚ 14 ਸੂਬਿਆਂ 'ਚ ਉਪ-ਮੁੱਖ ਮੰਤਰੀਆਂ ਦੀ ਗਿਣਤੀ 24 ਤਕ ਪਹੁੰਚ ਗਈ ਹੈ। ਇਹ ਹੁਣ ਤਕ ਦੀ ਸਭ ਤੋਂ ਵੱਡੀ ਗਿਣਤੀ ਹੈ। ਉਂਝ ਤਾਂ ਡਿਪਟੀ ਸੀ. ਐੱਮ. ਕਿਸੇ ਸੂਬਾ ਸਰਕਾਰ 'ਚ ਕੈਬਨਿਟ ਮੰਤਰੀ ਦੇ ਬਰਾਬਰ ਹੀ ਹੁੰਦਾ ਹੈ ਪਰ ਇਸ ਅਹੁਦੇ ਦਾ ਮਤਲਬ ਹੈ ਕਿ ਉਹ ਸ਼ਖ਼ਸ ਮੁੱਖ ਮੰਤਰੀ ਤੋਂ ਬਾਅਦ ਦੂਜੇ ਨੰਬਰ 'ਤੇ ਹੈ। ਉਂਝ ਸੂਬੇ ਦੇ ਹਿਸਾਬ ਨਾਲ ਸਿਆਸੀ ਸਮੀਕਰਨ ਵੱਖ-ਵੱਖ ਹੁੰਦੇ ਹਨ, ਜਿਸ ਦੇ ਮੁਤਾਬਕ ਉਪ-ਮੁੱਖ ਮੰਤਰੀ ਦੇ ਅਹੁਦੇ ਦਾ ਗਠਨ ਵੀ ਉਸ ਦੇ ਅਨੁਸਾਰ ਹੀ ਕੀਤਾ ਜਾਂਦਾ ਹੈ। ਭਾਰਤ ਵਿਚ ਆਂਧਰਾ ਪ੍ਰਦੇਸ਼ ਅਜਿਹਾ ਸੂਬਾ ਹੈ, ਜਿੱਥੇ ਉਪ-ਮੁੱਖ ਮੰਤਰੀਆਂ ਦੀ ਗਿਣਤੀ ਸਭ ਤੋਂ ਵੱਧ ਹੈ। ਉੱਥੇ 5 ਉਪ-ਮੁੱਖ ਮੰਤਰੀ ਬਣਾਏ ਗਏ ਹਨ, ਜਿਨ੍ਹਾਂ ਵਿਚ ਓ. ਬੀ. ਸੀ., ਦਲਿਤ, ਸ਼ਡਿਊਲਡ ਟ੍ਰਾਈਬ ਅਤੇ ਹੋਰ 2 ਭਾਈਚਾਰਿਆਂ 'ਚੋਂ ਉਪ-ਮੁੱਖ ਮੰਤਰੀ ਲਏ ਗਏ ਹਨ।

ਆਂਧਰਾ ਪ੍ਰਦੇਸ਼ ਦੀ ਵਾਈ. ਐੱਸ. ਜਗਨਮੋਹਨ ਰੈੱਡੀ ਦੀ ਸਰਕਾਰ ਨੇ 5 ਡਿਪਟੀ ਸੀ. ਐੱਮ. ਬਣਾ ਕੇ ਸਾਰੇ ਵਰਗਾਂ ਨੂੰ ਨੁਮਾਇੰਦਗੀ ਦੇਣ ਦੀ ਕੋਸ਼ਿਸ਼ ਕੀਤੀ ਹੈ। ਉਸ ਤੋਂ ਬਾਅਦ ਕਾਂਗਰਸ ਤੇ ਭਾਜਪਾ ਨੇ ਵੀ ਉਪ-ਮੁੱਖ ਮੰਤਰੀ ਦਾ ਫਾਰਮੂਲਾ ਆਪੋ-ਆਪਣੇ ਪੱਧਰ 'ਤੇ ਲਾਗੂ ਕੀਤਾ ਹੈ।

ਮੱਧ ਪ੍ਰਦੇਸ਼, ਛੱਤੀਸਗੜ੍ਹ ਅਤੇ ਰਾਜਸਥਾਨ ਵਿਚ ਭਾਜਪਾ ਨੇ 2-2 ਉਪ-ਮੁੱਖ ਮੰਤਰੀ ਬਣਾਏ ਹਨ। ਮੱਧ ਪ੍ਰਦੇਸ਼ 'ਚ ਬ੍ਰਾਹਮਣ ਅਤੇ ਦਲਿਤ ਵਰਗ 'ਚੋਂ ਉਪ-ਮੁੱਖ ਮੰਤਰੀ ਲਿਆ ਗਿਆ ਹੈ, ਜਦੋਂਕਿ ਇਥੇ ਮੁੱਖ ਮੰਤਰੀ ਓ. ਬੀ. ਸੀ. ਵਰਗ 'ਚੋਂ ਹਨ। ਇਸੇ ਤਰ੍ਹਾਂ ਰਾਜਸਥਾਨ 'ਚ ਰਾਜਪੂਤ ਅਤੇ ਦਲਿਤ ਵਰਗ 'ਚੋਂ ਇਕ-ਇਕ ਉਪ-ਮੁੱਖ ਮੰਤਰੀ ਲਿਆ ਗਿਆ ਹੈ, ਜਦੋਂਕਿ ਇਥੇ ਬ੍ਰਾਹਮਣ ਨੂੰ ਸੀ. ਐੱਮ. ਬਣਾਇਆ ਗਿਆ ਹੈ। ਛੱਤੀਸਗੜ੍ਹ 'ਚ ਬ੍ਰਾਹਮਣ ਅਤੇ ਓ. ਬੀ. ਸੀ. ਵਰਗ 'ਚੋਂ ਇਕ-ਇਕ ਉਪ-ਮੁੱਖ ਮੰਤਰੀ ਲਿਆ ਗਿਆ ਹੈ, ਜਦਕਿ ਸੀ. ਐੱਮ. ਟ੍ਰਾਈਬਲ ਵਰਗ 'ਚੋਂ ਹੈ।

ਤੇਲੰਗਾਨਾ 'ਚ ਕਾਂਗਰਸ ਨੇ ਰੈੱਡੀ ਭਾਈਚਾਰੇ 'ਚੋਂ ਸੀ. ਐੱਮ. ਲਿਆ, ਜਦੋਂਕਿ ਉਪ-ਮੁੱਖ ਮੰਤਰੀ ਦਲਿਤ ਵਰਗ 'ਚੋਂ ਲਿਆ ਗਿਆ ਹੈ। ਭਾਜਪਾ ਨੇ ਵੀ ਜਾਤੀਗਤ ਸਮੀਕਰਨ ਨੂੰ ਫਿਟ ਕਰਨ ਲਈ ਇਸ ਤਰ੍ਹਾਂ ਦੇ ਕਈ ਪ੍ਰਬੰਧ ਕੀਤੇ ਹਨ। ਉੱਤਰ ਪ੍ਰਦੇਸ਼ 'ਚ 2 ਉਪ-ਮੁੱਖ ਮੰਤਰੀ ਬਣਾਏ ਗਏ ਹਨ, ਬ੍ਰਾਹਮਣ ਅਤੇ ਓ. ਬੀ. ਸੀ. ਵਰਗ 'ਚੋਂ, ਜਦਕਿ ਸੀ. ਐੱਮ. ਠਾਕੁਰ ਰਾਜਪੂਤ ਵਰਗ 'ਚੋਂ ਹਨ।

ਇਸੇ ਤਰ੍ਹਾਂ ਹਿਮਾਚਲ 'ਚ ਵੀ ਕਾਂਗਰਸ ਨੇ ਜਿੱਤ ਹਾਸਲ ਕਰਨ ਤੋਂ ਬਾਅਦ 2 ਵੱਡੇ ਨੇਤਾਵਾਂ ਸੁਖਵਿੰਦਰ ਸਿੰਘ ਸੁੱਖੂ ਅਤੇ ਮੁਕੇਸ਼ ਅਗਨੀਹੋਤਰੀ ਨੂੰ ਐਡਜਸਟ ਕੀਤਾ ਹੈ। ਸੁੱਖੂ ਨੂੰ ਸੀ. ਐੱਮ. ਬਣਾਇਆ ਤਾਂ ਮੁਕੇਸ਼ ਅਗਨੀਹੋਤਰੀ ਨੂੰ ਉਪ-ਮੁੱਖ ਮੰਤਰੀ ਬਣਾਇਆ ਗਿਆ। ਉਂਝ ਜਿਨ੍ਹਾਂ ਸੂਬਿਆਂ 'ਚ 2 ਪਾਰਟੀਆਂ ਵਿਚਾਲੇ ਗਠਜੋੜ ਹੁੰਦਾ ਹੈ, ਉੱਥੇ ਇਸ ਤਰ੍ਹਾਂ ਦਾ ਫਾਰਮੂਲਾ ਲਾਇਆ ਜਾਂਦਾ ਰਿਹਾ ਹੈ। ਇਕ ਪਾਰਟੀ ਦਾ ਸੀ. ਐੱਮ. ਤਾਂ ਦੂਜਾ ਪਾਰਟੀ ਦਾ ਉਪ-ਮੁੱਖ ਮੰਤਰੀ ਬਣਾਉਣ ਦੀ ਇਕ ਪ੍ਰਥਾ ਚਲਾਈ ਗਈ ਸੀ ਪਰ ਹੁਣ ਸਿਆਸੀ ਸਮੀਕਰਨ ਬਦਲਦੇ ਵੇਖ ਕੇ ਪਾਰਟੀਆਂ ਨੇ ਇਕੋ ਸੂਬੇ ਵਿਚ ਵੱਖ-ਵੱਖ ਭਾਈਚਾਰਿਆਂ ਨੂੰ ਖ਼ੁਸ਼ ਕਰਨ ਲਈ ਇਹ ਫਾਰਮੂਲਾ ਕੱਢਿਆ ਹੈ। ਇਸ ਸਾਲ ਕਰਨਾਟਕ 'ਚ ਜਿੱਤ ਤੋਂ ਬਾਅਦ ਕਾਂਗਰਸ ਹਾਈਕਮਾਨ ਦੇ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਦੋ ਸੀਨੀਅਰ ਨੇਤਾਵਾਂ ਸਿੱਧਰਮੱਈਆ ਤੇ ਡੀ. ਕੇ. ਸ਼ਿਵਕੁਮਾਰ ਵਿਚਾਲੇ ਸੰਤੁਲਨ ਬਣਾਉਣ ਦੀ ਸੀ। ਦੋਵਾਂ ਨੇ ਮੁੱਖ ਮੰਤਰੀ ਅਹੁਦੇ 'ਤੇ ਦਾਅਵਾ ਠੋਕਿਆ ਸੀ ਅਤੇ ਸੂਬੇ ਵਿਚ ਕਾਫ਼ੀ ਸਮੇਂ ਤੋਂ ਪਾਰਟੀ ਅੰਦਰ ਦੋਵਾਂ ਧੜਿਆਂ ਵਿਚਾਲੇ ਇਕ ਤਰ੍ਹਾਂ ਦੀ ਵਿਰੋਧਤਾ ਚੱਲਦੀ ਆ ਰਹੀ ਸੀ। ਚੋਣ ਨਤੀਜੇ ਆਉਣ ਤੋਂ ਇਕ ਹਫ਼ਤਾ ਬਾਅਦ ਕਾਂਗਰਸ ਹਾਈਕਮਾਨ ਨੇ ਦੋਵਾਂ ਧੜਿਆਂ ਨੂੰ ਖ਼ੁਸ਼ ਅਤੇ ਸੰਤੁਸ਼ਟ ਕਰਨ ਦਾ ਫਾਰਮੂਲਾ ਕੱਢਿਆ। ਡੀ. ਕੇ. ਸ਼ਿਵਕੁਮਾਰ ਨੂੰ ਉਪ-ਮੁੱਖ ਮੰਤਰੀ ਬਣਾਇਆ ਗਿਆ ਅਤੇ ਸਿੱਧਰਮੱਈਆ ਨੂੰ ਮੁੱਖ ਮੰਤਰੀ।

ਬਿਹਾਰ 'ਚ ਜਦੋਂ ਪਿਛਲੇ ਸਾਲ ਅਗਸਤ 'ਚ ਨਿਤੀਸ਼ ਕੁਮਾਰ ਦੀ ਜੇ. ਡੀ. ਯੂ. ਅਤੇ ਆਰ. ਜੇ. ਡੀ. ਆਈਆਂ ਤਾਂ ਸਰਕਾਰ 'ਚ ਤੇਜਸਵੀ ਯਾਦਵ ਨੂੰ 4 ਅਹਿਮ ਮੰਤਰਾਲਿਆਂ ਦੇ ਨਾਲ ਉਪ-ਮੁੱਖ ਮੰਤਰੀ ਦੀ ਕੁਰਸੀ ਮਿਲੀ। ਨਿਤੀਸ਼ ਕੁਮਾਰ ਸੂਬੇ ਦੇ ਮੁੱਖ ਮੰਤਰੀ ਬਣੇ ਰਹੇ। ਮਹਾਰਾਸ਼ਟਰ 'ਚ ਵੀ ਭਾਜਪਾ ਨੇ ਉਪ-ਮੁੱਖ ਮੰਤਰੀ ਵਾਲਾ ਫਾਰਮੂਲਾ ਅਪਣਾਇਆ। ਸ਼ਿਵ ਸੈਨਾ ਦੇ ਏਕਨਾਥ ਸ਼ਿੰਦੇ ਮੁੱਖ ਮੰਤਰੀ ਹਨ। ਭਾਜਪਾ ਅਤੇ ਐੱਨ. ਸੀ. ਪੀ. ਦੇ ਅਜੀਤ ਪਵਾਰ ਧੜੇ 'ਚੋਂ ਇਕ-ਇਕ ਉਪ-ਮੁੱਖ ਮੰਤਰੀ ਹਨ। ਪਹਿਲਾਂ ਸਰਕਾਰ 'ਚ ਸ਼ਿੰਦੇ ਦੀ ਅਗਵਾਈ 'ਚ ਸ਼ਿਵ ਸੈਨਾ ਅਤੇ ਭਾਜਪਾ ਦੀ ਸਰਕਾਰ ਸੀ। ਉਸ ਵੇਲੇ ਸਿਰਫ਼ ਇਕ ਉਪ-ਮੁੱਖ ਮੰਤਰੀ ਦੇਵੇਂਦਰ ਫੜਨਵੀਸ ਅਤੇ ਉਨ੍ਹਾਂ ਕੋਲ ਕਈ ਅਹਿਮ ਮੰਤਰਾਲੇ ਸਨ। ਬਾਅਦ 'ਚ ਇਸ ਸਾਲ ਜੁਲਾਈ 'ਚ ਅਜੀਤ ਪਵਾਰ ਵਾਲਾ ਐੱਨ. ਸੀ. ਪੀ. ਦਾ ਧੜਾ ਵੀ ਸਰਕਾਰ 'ਚ ਸ਼ਾਮਲ ਹੋ ਗਿਆ। ਉਸ ਵੇਲੇ ਸੂਬੇ ਨੂੰ ਫੜਨਵੀਸ ਤੋਂ ਇਲਾਵਾ ਇਕ ਹੋਰ ਉਪ-ਮੁੱਖ ਮੰਤਰੀ ਅਜੀਤ ਪਵਾਰ ਦੇ ਰੂਪ 'ਚ ਮਿਲਿਆ। ਫੜਨਵੀਸ ਦੇ ਕੁਝ ਅਹਿਮ ਮੰਤਰਾਲੇ ਪਵਾਰ ਨੂੰ ਮਿਲ ਗਏ।

# ਪੰਜਾਬ ਦੇ ਅਕਾਲੀ ਨੇਤਾ ਭਾਜਪਾ ਦੀ ਛਤਰੀ 'ਤੇ ਮੰਡਰਾਉਣ ਲੱਗੇ! ਛੇਤੀ ਸ਼ਾਮਲ ਹੋਣ ਦੀਆਂ ਕਨਸੋਆਂ

ਲੁਧਿਆਣਾ : ਪੰਜਾਬ ਅਤੇ ਮਹਾਨਗਰ ਲੁਧਿਆਣਾ 'ਚ ਬੈਠੇ ਅਕਾਲੀ ਨੇਤਾ ਅੱਜ ਕੱਲ ਆਪਣੀ ਪੁਰਾਣੀ ਭਾਈਵਾਲ ਪਾਰਟੀ ਭਾਜਪਾ ਦੀ ਛਤਰੀ 'ਤੇ ਮੰਡਰਾਉਂਦੇ ਦੱਸੇ ਜਾ ਰਹੇ ਹਨ। ਚੋਟੀ ਦਾ ਆਗੂ ਸੀ, ਅੱਜ-ਕੱਲ ਭਾਜਪਾ ਦੇ ਸ਼ਿਖਰਲੇ ਰਾਜਸੀ ਟੰਬੇ 'ਤੇ ਬੈਠੇ ਦੀਆਂ ਤਿਰਛੀਆਂ ਨਜ਼ਰਾਂ ਲੁਧਿਆਣਾ ਦੇ ਕਾਂਗਰਸੀ ਅਤੇ ਅਕਾਲੀ ਨੇਤਾਵਾਂ 'ਤੇ ਪੈ ਰਹੀਆਂ ਹਨ।



ਸ਼ਾਇਦ ਇਸ ਦੇ ਚਲਦੇ ਲੰਘੇ ਕੱਲ ਕਾਂਗਰਸ ਦੇ ਹਲਕਾ ਇੰਚਾਰਜ ਕੜਵਲ, ਕਾਹਲੋਂ ਅਤੇ ਪਰਮਿੰਦਰ ਮਹਿਤਾ ਸਾਬਕਾ ਕੌਂਸਲਰ ਭਾਜਪਾ ਦੀ ਗੱਡੀ ਚੜ੍ਹ ਗਏ ਹਨ। ਹੁਣ ਭਰੋਸੇਯੋਗ ਸੂਤਰਾਂ ਨੇ ਦੱਸਿਆ ਹੈ ਕਿ ਜਲਦ ਹੀ ਅਕਾਲੀ ਦਲ 'ਚੋਂ ਭਾਜਪਾ ਵਿੱਚ ਗਏ ਨੇਤਾ ਅਕਾਲੀ ਦਲ 'ਚ ਵੱਡੀ ਸੰਨ੍ਹ ਲਾਉਣ ਲਈ ਇਸ ਕਾਰਜ ਲਈ ਉਹ ਪਿਛਲੇ ਦਸ ਦਿਨਾਂ ਤੋਂ ਪੂਰੀ ਤਰ੍ਹਾਂ ਸਰਗਰਮ ਦੱਸੇ ਜਾ ਰਹੇ ਹਨ ਜਿਸ ਦੀ ਭਿਣਕ ਅਕਾਲੀ ਹਲਕਿਆਂ ਨੂੰ ਲਗ ਗਈ ਹੈ। ਹੁਣ ਦੇਖਣਾ ਇਹ ਹੋਵੇਗਾ ਕਿ ਉਹ ਇਨ੍ਹਾਂ ਨੂੰ ਰੋਕਣ 'ਚ ਸਫ਼ਲ ਕਿੰਨਾ ਕੁ ਸਫਲ ਹੁੰਦੇ ਹਨ ਜਾਂ ਫਿਰ ਕਾਂਗਰਸੀ ਨੇਤਾਵਾਂ ਵਾਂਗ ਸ਼ਾਮਲ ਹੋਣ ਵਾਲੇ ਅਕਾਲੀ ਕਿਸੇ ਵੀ ਸਮੇਂ ਜੈਕਾਰ ਛੱਡ ਸਕਦੇ ਹਨ।

ਇਹ ਆਗੂ ਵੱਡੇ ਕੱਦ ਦੇ ਦੱਸੇ ਜਾ ਰਹੇ ਹਨ। ਇਨ੍ਹਾਂ ਦੀ ਮਨਸ਼ਾ ਪੰਜਾਬ 'ਚ ਦਿਨੋ ਦਿਨ ਵਧ ਰਹੀ ਭਾਜਪਾ ਦੇ ਵਧ ਰਹੇ ਗ੍ਰਾਫ਼ ਤੋਂ ਪ੍ਰਭਾਵਿਤ ਹੋ ਕੇ ਭਵਿੱਖ 'ਚ ਸ਼ਾਮਲ ਹੋਣਾ ਮੰਨਿਆ ਜਾ ਰਿਹਾ ਹੈ। ਪਤਾ ਲੱਗਾ ਹੈ ਕਿ ਭਾਜਪਾ 'ਚ ਬੈਠਾ 'ਜੱਟ ਸਿੱਖ' ਨੌਜਵਾਨ ਨੇਤਾ ਜੋ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਵਿੱਚ ਕਿਸੇ ਵੇਲੇ

# BASRA
## Heating & Air Conditioning

**ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ**

## ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**




**Reasonable price first class work ਅਤੇ**

**100% ਗਰੰਟੀ**

**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

**Common Air Conditioner Problems Requiring Repair**
**Low or Leaking Refrigerant**
**Broken Belt**
**Compressor Failure**
**Coil Issues**

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

**ਹੋਰ ਜਾਣਕਾਰੀ ਲਈ ਕਾਲ ਕਰੋ**

**ਸ. ਰਜਿੰਦਰ ਸਿੰਘ ਬਸਰਾ (209) 834-6188**

**Address: 231 Portico Ln, Tracy, CA 95377**

# ਸੁਖਬੀਰ ਬਾਦਲ ਨੇ ਬੇਅਦਬੀ ਘਟਨਾ ਲਈ ਪੰਥ ਤੋਂ ਮੰਗੀ ਮੁਆਫ਼ੀ

## ਪਾਰਟੀ ਛੱਡ ਕੇ ਗਏ ਸਮੂਹ ਅਕਾਲੀਆਂ ਤੋਂ ਵੀ ਖਿਮਾ ਮੰਗੀ

ਅੰਮ੍ਰਿਤਸਰ : ਸ਼੍ਰੋਮਣੀ ਅਕਾਲੀ ਦਲ ਦੇ 103ਵੇਂ ਸਥਾਪਨਾ ਦਿਵਸ ਮੌਕੇ ਪ੍ਰਧਾਨ ਸੁਖਬੀਰ ਬਾਦਲ ਨੇ ਅਕਾਲੀ ਸਰਕਾਰ ਵੇਲੇ ਸਾਲ 2015 ਵਿੱਚ ਵਾਪਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਘਟਨਾ ਅਤੇ ਕਥਿਤ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਵਿੱਚ ਅਸਫ਼ਲ ਰਹਿਣ ਲਈ ਸਿੱਖ ਪੰਥ ਕੋਲੋਂ ਮੁਆਫ਼ੀ ਮੰਗੀ ਹੈ। ਉਹ ਇੱਥੇ ਸ਼੍ਰੋਮਣੀ ਅਕਾਲੀ ਦਲ ਦੇ ਸਥਾਪਨਾ ਦਿਵਸ ਦੇ ਸਬੰਧ ਵਿੱਚ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਵਿੱਚ ਸ਼ਾਮਲ ਹੋਣ ਲਈ ਪੁੱਜੇ ਸਨ।

ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਖੇ ਸ਼ਹੀਦ ਬਾਬਾ ਗੁਰਬਖਸ਼ ਸਿੰਘ ਦੇ ਅਸਥਾਨ ’ਤੇ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਮਗਰੋਂ ਸੰਬੋਧਨ ਕਰਦਿਆਂ ਸ੍ਰੀ ਬਾਦਲ ਨੇ ਆਖਿਆ ਕਿ ਸਾਬਕਾ ਮੁੱਖ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਰਹੇ ਪ੍ਰਕਾਸ਼ ਸਿੰਘ ਬਾਦਲ ਨੂੰ ਆਖ਼ਰੀ ਸਮੇਂ ਤੱਕ ਇਸ ਗੱਲ ਦਾ ਦੁੱਖ ਰਿਹਾ ਹੈ ਕਿ ਉਨ੍ਹਾਂ ਦੀ ਪੰਥਕ ਸਰਕਾਰ ਦੇ ਕਾਰਜਕਾਲ ਵਿੱਚ ਬੇਅਦਬੀ ਦੀ ਘਟਨਾ ਵਾਪਰੀ ਅਤੇ ਉਹ ਕਥਿਤ ਦੋਸ਼ੀਆਂ ਨੂੰ ਗ੍ਰਿਫ਼ਤਾਰ ਨਹੀਂ ਕਰ ਸਕੇ। ਉਨ੍ਹਾਂ ਖੁਲਾਸਾ ਕੀਤਾ ਕਿ ਉਸ ਵੇਲੇ ਹਾਲਾਤ ਦੇ ਦਬਾਅ ਕਾਰਨ ਅਕਾਲੀ ਸਰਕਾਰ ਵੱਲੋਂ ਇਸ ਮਾਮਲੇ ਦੀ ਜਾਂਚ ਸੀਬੀਆਈ ਨੂੰ ਦੇ ਦਿੱਤੀ ਗਈ ਸੀ। ਉਨ੍ਹਾਂ ਕਿਹਾ ਕਿ ਬਾਅਦ ’ਚ ਆਈਆਂ ਹੁਣ ਤੱਕ ਦੀਆਂ ਸਰਕਾਰਾਂ ਵੀ ਕਥਿਤ ਦੋਸ਼ੀਆਂ ਨੂੰ ਗ੍ਰਿਫ਼ਤਾਰ ਨਹੀਂ ਕਰ ਸਕੀਆਂ ਜਦੋਂਕਿ ਉਨ੍ਹਾਂ ਇਸ ਮੁੱਦੇ ’ਤੇ ਸਿਆਸਤ ਕੀਤੀ ਅਤੇ ਲੋਕਾਂ ਦੇ ਜਜ਼ਬਾਤ ਨਾਲ ਖੇਡਦਿਆਂ ਸਰਕਾਰਾਂ ਬਣਾਈਆਂ। ਉਨ੍ਹਾਂ ਪੰਥ ਕੋਲੋਂ ਬਿਨਾਂ ਸ਼ਰਤ ਮੁਆਫ਼ੀ ਮੰਗਦਿਆਂ ਵਾਅਦਾ ਕੀਤਾ ਕਿ ਮੌਕਾ ਮਿਲਣ ’ਤੇ ਅਕਾਲੀ ਦਲ ਕਥਿਤ ਦੋਸ਼ੀਆਂ ਨੂੰ ਨਾ ਸਿਰਫ਼ ਗ੍ਰਿਫ਼ਤਾਰ ਕਰੇਗਾ ਸਗੋਂ ਇਸ ਮੁੱਦੇ ’ਤੇ ਸਿਆਸਤ ਕਰਨ ਵਾਲਿਆਂ ਨੂੰ ਵੀ ਬੇਨਕਾਬ ਕਰੇਗਾ।



### ਰੁੱਸੇ ਅਕਾਲੀ ਆਗੂਆਂ ਨੂੰ ਘਰ ਵਾਪਸੀ ਦੀ ਅਪੀਲ

ਸੁਖਬੀਰ ਬਾਦਲ ਨੇ ਬਿਨਾਂ ਕਿਸੇ ਦਾ ਨਾਂ ਲਏ ਸ਼੍ਰੋਮਣੀ ਅਕਾਲੀ ਦਲ ਤੋਂ ਨਾਰਾਜ਼ ਅਤੇ ਰੁੱਸੇ ਹੋਏ ਅਕਾਲੀ ਆਗੂਆਂ ਕੋਲੋਂ ਵੀ ਮੁਆਫ਼ੀ ਮੰਗੀ ਅਤੇ ਉਨ੍ਹਾਂ ਨੂੰ ਘਰ ਵਾਪਸੀ ਦੀ ਅਪੀਲ ਕੀਤੀ। ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਨੂੰ ਮਜ਼ਬੂਤ ਕਰਨ ਦਾ ਸੱਦਾ ਦਿੱਤਾ ਅਤੇ ਕਿਹਾ ਕਿ ਪੰਥ ਨੂੰ ਦਰਪੇਸ਼ ਚੁਣੌਤੀਆਂ ਦਾ ਇਕੱਠੇ ਹੋ ਕੇ ਸਾਹਮਣਾ ਕੀਤਾ ਜਾ ਸਕਦਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਕੁਝ ਤਾਕਤਾਂ ਸ਼੍ਰੋਮਣੀ ਅਕਾਲੀ ਦਲ ਅਤੇ ਪੰਥਕ ਸੰਸਥਾਵਾਂ ਨੂੰ ਕਮਜ਼ੋਰ ਕਰਨਾ ਚਾਹੁੰਦੀਆਂ ਹਨ। ਇਹ ਤਾਕਤਾਂ ਆਪਣੇ ਮੰਤਵ ਵਿੱਚ ਸਫ਼ਲ ਹੋਈਆਂ ਹਨ, ਜਿਸ ਦਾ ਸਿੱਟਾ ਹੈ ਕਿ 102 ਸਾਲ ਪੁਰਾਣੀ ਸਿੱਖ ਸੰਸਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਤੋੜ ਦਿੱਤਾ ਗਿਆ ਹੈ। ਦਿੱਲੀ ਕਮੇਟੀ ਅਤੇ ਪੰਜਾਬ ਤੋਂ ਬਾਹਰਲੇ ਦੋਵੇਂ ਤਖਤਾਂ ਦੇ ਪ੍ਰਬੰਧਕੀ ਬੋਰਡ ਖੋਹ ਲਏ ਗਏ ਹਨ। ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਦੇ 103 ਸਾਲਾਂ ਦੇ ਇਤਿਹਾਸ ਦੀ ਸਮੀਖਿਆ ਕਰਦਿਆਂ ਕਿਹਾ ਕਿ ਇਹ ਜਥੇਬੰਦੀ ਸਰਕਾਰ ਬਣਾਉਣ ਵਾਸਤੇ ਨਹੀਂ ਸਗੋਂ ਜ਼ੁਲਮਾਂ ਦਾ ਸਾਹਮਣਾ ਕਰਨ ਤੇ ਉਨ੍ਹਾਂ ਦਾ ਵਿਰੋਧ ਕਰਨ ਵਾਸਤੇ ਬਣੀ ਸੀ। ਉਨ੍ਹਾਂ ਸਮੂਹ ਸਿੱਖਾਂ ਨੂੰ ਇੱਕ ਨਿਸ਼ਾਨ ਹੇਠਾਂ ਇਕੱਠੇ ਹੋਣ ਦੀ ਅਪੀਲ ਕੀਤੀ।

## ਸੁਖਬੀਰ ਬਾਦਲ ਦਾ ‘ਬੇਅਦਬੀ ਦੇ ਦੋਸ਼ੀਆਂ ਨੂੰ ਫੜਨ ਦਾ ਮੌਕਾ ਨਹੀਂ ਮਿਲਿਆ’ ਕਹਿਣਾ ਕੋਰਾ ਝੂਠ: ਪ੍ਰੋ. ਸਰਚਾਂਦ ਸਿੰਘ ਖਿਆਲਾ

ਅੰਮ੍ਰਿਤਸਰ : ਭਾਜਪਾ ਦੇ ਸੂਬਾਈ ਮੀਡੀਆ ਪੈਨਲਿਸਟ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਉਨ੍ਹਾਂ ਨੂੰ ਬੇਅਦਬੀ ਦੇ ਦੋਸ਼ੀ ਫੜਨ ਦਾ ਮੌਕਾ ਨਾ ਦਿੱਤੇ ਜਾਣ ਦੇ ਬਿਆਨ ਨੂੰ ਸਭ ਤੋ ਵੱਡਾ ਝੂਠ ਕਰਾਰ ਦਿੱਤਾ । ਉਨ੍ਹਾਂ ਕਿਹਾ ਕਿ ਬਾਦਲ ਸਰਕਾਰ ਸਮੇਂ ਕੋਟਕਪੂਰਾ ਦੇ ਪਿੰਡ ਬੁਰਜ ਜਵਾਹਰ ਸਿੰਘ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਵਨ ਸਰੂਪ ਇਕ ਜੂਨ 2015 ਨੂੰ ਚੋਰੀ ਹੋਇਆ ਜਿਸ ਬਾਰੇ 25 ਸਤੰਬਰ 2015 ਨੂੰ ਫ਼ਰੀਦਕੋਟ ਦੇ ਬਰਗਾੜੀ ਵਿਖੇ ਪੋਸਟਰ ਲਗਾ ਕੇ ਮਾੜੀ ਭਾਸ਼ਾ ਵਰਤਦਿਆਂ ਸਿੱਖ ਕੌਮ ਨੂੰ ਚੁਨੌਤੀ ਦੇਣ ਤੋਂ ਬਾਅਦ ਇਸੇ ਸਾਲ 12 ਅਕਤੂਬਰ ਨੂੰ ਗੁਰੂ ਗ੍ਰੰਥ ਸਾਹਿਬ ਦੇ ਅੰਗ ਬੇਅਦਬੀ ਕੀਤੇ ਹੋਏ ਪਿੰਡ ਬਰਗਾੜੀ ਤੋਂ ਮਿਲੇ। ਇਸ ਤਰਾਂ ਸੁਖਬੀਰ ਸਿੰਘ ਬਾਦਲ ਨੂੰ ਬਤੌਰ ਉਪ ਮੁੱਖ ਮੰਤਰੀ ਅਤੇ ਗ੍ਰਹਿ ਵਿਭਾਗ ਦੇ ਮੁਖੀ ਬੇਅਦਬੀ ਦੇ ਦੋਸ਼ੀਆਂ ਖਿਲਾਫ ਕਾਰਵਾਈ ਕਰਨ ਦਾ ਫਰਵਰੀ 2017 ਤਕ 1 ਸਾਲ 7 ਮਹੀਨਿਆਂ ਦਾ ਮੌਕਾ ਸੀ, ਪਰ ਸੱਤਾ ਦੇ ਨਸ਼ੇ ’ਚ ਚੂਰ ਸੁਖਬੀਰ ਬਾਦਲ ਨੇ ਕੁਝ ਵੀ ਸਾਰਥਿਕ ਨਹੀਂ ਕੀਤਾ। ਇੱਥੋਂ ਤਕ ਕਿ ਆਪਣੇ ਹੀ ਸਰਕਾਰ ਵੱਲੋਂ ਬੇਅਦਬੀ ਸੰਬੰਧੀ ਬਣਾਈ ਗਈ ਜਸਟਿਸ ਜੋਰਾ ਸਿੰਘ ਕਮਿਸ਼ਨ ਦੀ ਰਿਪੋਰਟ ਲੈਣ ਤੋਂ ਵੀ ਕੀਤੀ ਗਈ ਆਨਾਕਾਨੀ ਕਿਸੇ ਤੋਂ ਭੁੱਲਿਆ ਨਹੀਂ ਹੈ।

ਪ੍ਰੋ. ਸਰਚਾਂਦ ਸਿੰਘ ਨੇ ਕਿਹਾ ਕਿ ਮੁਆਫ਼ੀ ਮੰਗਣੀ ਚੰਗੀ ਗਲ ਹੈ ਪਰ ਜਦੋਂ ਕਿ ਸੁਖਬੀਰ ਬਾਦਲ ਸਮਝ ਦੇ ਹਨ ਕਿ ਉਨ੍ਹਾਂ ਨੂੰ ਮੌਕਾ ਹੀ ਨਹੀਂ ਮਿਲਿਆ ਫਿਰ ਉਹ ਕਿਸ ਗਲ ਲਈ ਦੋਸ਼ੀ ਹਨ? ਜੇ ਉਨ੍ਹਾਂ ਦੇ ਦਿਲ ਸਾਫ਼ ਅਤੇ ਪਸ਼ਚਾਤਾਪ ਲਈ ਬਰਗਾੜੀ ਬੇਅਦਬੀ ਸਮੇਤ ਸਰਕਾਰ ਵੇਲੇ ਹੋਈਆਂ ਬੇਅਦਬੀ ਦੀਆਂ ਘਟਨਾਵਾਂ ਲਈ ਮੁਆਫ਼ੀ ਮੰਗਣੀ ਹੈ ਤਾਂ ਉਹ ਪੰਥਕ ਰਵਾਇਤਾਂ ਮੁਤਾਬਕ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਕੋਲ ਪੇਸ਼ ਹੋਣਾ ਜ਼ਰੂਰੀ ਕਿਉਂ ਨਹੀਂ ਸਮਝਦਾ? ਉਨ੍ਹਾਂ ਕਿਹਾ ਕਿ ਸੁਖਬੀਰ ਬਾਦਲ ਵੱਲੋਂ 2018 ’ਚ ਵੀ ਇਸੇ ਤਰਾਂ ਦੀ ਭੁੱਲਾਂ ਬਖ਼ਸ਼ਾਉਣ ਦੀ ਕੀਤੀ ਗਈ ਸਿਆਸਤ ਦੀ ਬੜੀ ਤਿੱਖੀ ਨੁਕਤਾਚੀਨੀ ਹੋਈ ਸੀ। ਸਿੱਖ ਪੰਥ ਨੇ ਇਸ ਤਰਾਂ ਦੇ ਖੋਖਲੇ ਡਰਾਮੇਬਾਜ਼ੀ ਨੂੰ ਨਾ ਪਸੰਦੀ ਦਾ ਜਵਾਬ ਅਕਾਲੀ ਦਲ ਨੂੰ ਉਸ ਤੋਂ ਬਾਅਦ ਦੀਆਂ ਚੋਣਾਂ ਦੌਰਾਨ ਵੱਡੀਆਂ ਹਾਰਾਂ ਦੇ ਕੇ ਦਿੱਤਾ ਸੀ। ਉਨ੍ਹਾਂ ਕਿਹਾ ਕਿ ਸੁਖਬੀਰ ਬਾਦਲ ਸਿੱਖ ਪੰਥ ਨੂੰ ਗੁਮਰਾਹ ਕਰਨ ਲਈ ਹੀ ਪੰਥ ਨੂੰ ਖ਼ਤਰਾ ਵਾਲਾ ਜੁਮਲਾ ਛੱਡ ਰਿਹਾ ਹੈ ਅਤੇ ਮੁਆਫ਼ੀ ਮੰਗਣ ਦਾ ਵਰਤਾਰਾ ਮੁੜ ਦੁਹਰਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਥ ਨੂੰ ਇਹ ਨਹੀਂ ਭੁੱਲਿਆ ਕਿ ਆਪਣੇ ਸਵਾਰਥ ਲਈ 24 ਸਤੰਬਰ 2015 ਨੂੰ ਸੌਦਾ ਸਾਧ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਬਿਨ ਮੰਗਿਆ ਮੁਆਫ਼ੀ ਦਿਵਾਈ ਗਈ ਅਤੇ ਜਦੋਂ ਪੰਥ ਨੇ ਭਾਰੀ ਵਿਰੋਧ ਕੀਤਾ ਤਾਂ 16 ਅਕਤੂਬਰ ਨੂੰ ਮੁਆਫ਼ੀ ਰੱਦ ਕਰਨੀ ਪਈ।



ਪ੍ਰੋ. ਸਰਚਾਂਦ ਸਿੰਘ ਨੇ ਕਿਹਾ ਕਿ ਸੁਖਬੀਰ ਬਾਦਲ ਆਪਣੀਆਂ ਨਾਕਾਮੀਆਂ ਨੂੰ ਦੂਜਿਆਂ ਸਿਰ ਮੜ੍ਹ ਕੇ ਆਪ ਸੁਰਖ਼ਰੂ ਹੋਣਾ ਚਾਹੁੰਦਾ ਹੈ। ਉਨ੍ਹਾਂ ਸਿੱਖ ਪੰਥ ਨੂੰ ਸੁਖਬੀਰ ਬਾਦਲ ਵੱਲੋਂ ਦਿੱਲੀ, ਪਟਨਾ, ਹਜ਼ੂਰ ਸਾਹਿਬ ਅਤੇ ਹਰਿਆਣਾ ਗੁਰਦੁਆਰਾ ਕਮੇਟੀਆਂ ਬਾਰੇ ਕੀਤੀ ਜਾ ਰਹੀ ਗ਼ਲਤ ਬਿਆਨੀ ਬਾਰੇ ਸੁਚੇਤ ਰਹਿਣ ਲਈ ਕਿਹਾ।

## ਪਿਛਲੇ ਗੁਨਾਹਾਂ ਦੀ ਬੇਅਦਬੀ ਦੀ ਸਰਸੇ ਸਾਧ ਨੂੰ ਮੁਆਫੀ ਅਤੇ ਹੋਰ ਕਾਰਜਾਂ ਬਾਰੇ ਸੁਖਬੀਰ ਬਾਦਲ ਨੂੰ ਮੁਆਫੀ ਮੰਗਣੀ ਸੀ : ਬੀਬੀ ਜਗੀਰ ਕੌਰ

ਲੁਧਿਆਣਾ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਤੇ ਸਾਬਕਾ ਕੈਬਨਿਟ ਮੰਤਰੀ ਬੀਬੀ ਜਗੀਰ ਕੌਰ ਨੇ ਅੱਜ ਜਗ ਬਾਣੀ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਲੋਂ ਅਕਾਲੀ ਸਰਕਾਰ ਮੌਕੇ ਹੋਈਆਂ ਬੇਅਦਬੀਆਂ ਅਤੇ ਹੋਰ ਗਲਤੀਆਂ ਲਈ ਮੁਆਫੀ ਮੰਗਣ ਦਾ ਲੰਬਾ-ਚੌੜਾ ਬਿਆਨ ਆਇਆ ਹੈ, ਅਸਲ ਅਰਥਾਂ ਵਿਚ ਉਹ ਰਾਜਨੀਤੀ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਜੇਕਰ ਪਿਛਲੇ ਗੁਨਾਹਾਂ ਦੀ ਬੇਅਦਬੀ ਦੀ ਸਰਸੇ ਸਾਧ ਨੂੰ ਮੁਆਫੀ ਅਤੇ ਹੋਰ ਕਾਰਜਾਂ ਬਾਰੇ ਸੁਖਬੀਰ ਬਾਦਲ ਨੂੰ ਮੁਆਫੀ ਮੰਗਣੀ ਸੀ ਤਾਂ ਉਹ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬ ਨੂੰ ਚਿੱਠੀ ਲਿਖਦੇ ਅਤੇ ਉਨ੍ਹਾਂ ਦੇ ਸੱਦੇ ’ਤੇ ਸਨਮੁੱਖ ਹੋ ਕੇ ਮੁਆਫ਼ੀ ਮੰਗਦੇ ਅਤੇ ਜਥੇਦਾਰਾਂ ਵੱਲੋਂ ਉਨ੍ਹਾਂ ਨੂੰ ਮੁਆਫੀ ਜਾਂ ਤਨਖਾਹੀਆ ਕਰਾਰ ਦਿੰਦੇ ਤਾਂ ਸਿੱਖ ਹਿਰਦਿਆਂ ਵਿਚ ਫੈਲਿਆ ਰੋਸ ਦੂਰ ਹੋ



ਜਾਂਦਾ ਪਰ ਸੁਖਬੀਰ ਬਾਦਲ ਨੇ ਉੱਥੇ ਵੀ ਚਲਾਕੀ ਕਰਕੇ ਪਾਰਟੀ ਦੇ ਸਥਾਪਨਾ ਦਿਵਸ ’ਤੇ ਆਪਣੀ ਪਿਛਲੀ ਸਰਕਾਰ ਦੀਆਂ ਪ੍ਰਾਪਤੀਆਂ ਅਤੇ ਅਕਾਲੀ ਦਲ ਦੀਆਂ ਕੁਰਬਾਨੀਆਂ ਗਿਣਾਉਣ ਦੇ ਨਾਲ ਹੀ ਮੁਆਫੀ ਮੰਗਣ ਵਰਗੀ ਰਾਜਨੀਤੀ ਖੇਡੀ ਹੈ। ਉਨ੍ਹਾਂ ਕਿਹਾ ਕਿ ਕੌਣ ਨਹੀਂ ਜਾਣਦਾ ਕਿ ਪੰਜਾਬ ਵਿਚ ਅਕਾਲੀ ਸਰਕਾਰ ਨੇ ਕਿੰਨੇ ਕੰਮ ਕਰਵਾਏ ਹਨ, ਕੌਣ ਨਹੀਂ ਜਾਣਦਾ ਅਕਾਲੀਆਂ ਦੀਆਂ ਕਿੰਨੀਆਂ ਕੁਰਬਾਨੀਆਂ ਹਨ। ਸਿਰਫ ਸੁਖਬੀਰ ਨੇ ਇਨ੍ਹਾਂ ਗੱਲਾਂ ਨੂੰ ਮੋਹਰਾ ਬਣਾ ਕੇ ਪਿੱਛੇ ‘ਮੁਆਫੀ’ ਸ਼ਬਦ ਫਿੱਟ ਕਰ ਦਿੱਤੇ। ਬੀਬੀ ਜਗੀਰ ਕੌਰ ਨੇ ਕਿਹਾ ਕਿ ਸਿੱਖ ਹੁਣ ਜਾਗਰੂਕ ਹੋ ਚੁੱਕੇ ਹਨ ਅਤੇ ਉਨ੍ਹਾਂ ਨੂੰ ਪਤਾ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਦੀ ਮਰਿਆਦਾ, ਸਿੱਖ ਰਿਵਾਇਤਾਂ ਅਤੇ ਜਥੇਦਾਰ ਸਾਹਿਬ ਦੇ ਸਨਮੁੱਖ ਹੋ ਕੇ ਅਕਾਲ ਤਖਤ ਸਾਹਿਬ ’ਤੇ ਭੁੱਲਾਂ ਬਖਸ਼ਣ ’ਤੇ ਹੀ ਮੁਆਫੀ ਜਾਂ ਧਾਰਮਿਕ ਸਜ਼ਾ ਦਾ ਸਾਹਮਣਾ ਕਰਨਾ ਪੈਂਦਾ ਹੈ। ਜੇਕਰ ਹੁਣ ਤੱਕ ਦੇ ਸਿੱਖ ਇਤਿਹਾਸ ’ਤੇ ਨਿਗ੍ਹਾ ਮਾਰੀਏ ਤਾਂ ਵੱਡੇ-ਵੱਡੇ ਸਿੱਖ ਆਗੂਆਂ ਵੱਲੋਂ ਜਾਣੇ-ਅਣਜਾਣੇ ਵਿਚ ਹੋਏ ਗੁਨਾਹਾਂ ਦੇ ਚੱਲਦੇ ਮੁਆਫੀ ਮੰਗਣ ਅਤੇ ਭੁੱਲਾਂ ਬਖਸ਼ਾਉਣ ਲਈ ਮਜਬੂਰ ਹੋਣਾ ਪਿਆ ਹੈ ਨਾਲ ਹੀ ਸ੍ਰੀ ਅਕਾਲ ਤਖਤ ਸਾਹਿਬ ’ਤੇ ਹੋਏ ਹੁਕਮਾਂ ਦੇ ਮੁਤਾਬਕ ਮੁਆਫੀਆਂ ਜਾਂ ਸਖ਼ਤ ਧਾਰਮਿਕ ਸਜ਼ਾਵਾਂ ਦਾ ਸਾਹਮਣਾ ਕਰਨਾ ਪਿਆ ਹੈ।

## ਚੰਗਾ ਹੁੰਦਾ ਸੁਖਬੀਰ ਬਾਦਲ ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਪੇਸ਼ ਹੋ ਕੇ ਮੁਆਫੀ ਮੰਗਦਾ : ਢੀਂਡਸਾ

ਲੁਧਿਆਣਾ : ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਅਤੇ ਸਾਬਕਾ ਕੇਂਦਰੀ ਮੰਤਰੀ ਸੁਖਦੇਵ ਸਿੰਘ ਢੀਂਡਸਾ ਨੇ ਅੱਜ ਸੁਖਬੀਰ ਸਿੰਘ ਬਾਦਲ ਵੱਲੋਂ ਅਕਾਲੀ ਦਲ ਦੇ ਜਨਮ ਦਿਨ ’ਤੇ ਦਰਬਾਰ ਸਾਹਿਬ ਵਿਖੇ ਕਰਵਾਏ ਸਮਾਗਮ ਦੌਰਾਨ ਮੁਆਫ਼ੀ ਮੰਗੀ ਹੈ। ਚੰਗਾ ਹੁੰਦਾ ਜੇਕਰ ਇਹੀ ਮੁਆਫੀ ਸੁਖਬੀਰ ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਪੇਸ਼ ਹੋ ਕੇ ਮੰਗਦਾ ਤਾਂ ਸਿੱਖ ਹਿਰਦਿਆਂ ’ਚ ਫੈਲਿਆ ਰੋਸ ਕੁਝ ਹੱਦ ਤੱਕ ਸ਼ਾਂਤ ਹੋ ਸਕਦਾ ਸੀ ਪਰ ਢੀਂਡਸਾ ਨੇ ਕਿਹਾ ਕਿ ਉਹ ਪਹਿਲਾਂ ਤੋਂ ਆਖਦੇ ਆ ਰਹੇ ਹਨ ਕਿ ਅਕਾਲੀ ਦਲ ਦੀ ਸਰਕਾਰ ਦੇ ਹੁੰਦਿਆਂ ਹੋਈਆਂ ਬੇਅਦਬੀਆਂ, ਰਾਮ ਰਹੀਮ ਦੀ ਮੁਆਫ਼ੀ ਅਤੇ ਹੋਰ ਕੁਤਾਹੀਆਂ ਹੋਈਆਂ ਹਨ। ਉਨ੍ਹਾਂ ਦੇ ਚਲਦੇ ਬਾਦਲ ਪਰਿਵਾਰ ਮੁਆਫ਼ੀ ਮੰਗੇ। ਢੀਂਡਸਾ ਤੋਂ



ਜਦੋਂ ਪੁੱਛਿਆ ਕਿ ਹੁਣ ਤੁਹਾਡਾ ਅਕਾਲੀ ਦਲ ਕੀ ਕਰੇਗਾ ਤਾਂ ਉਨ੍ਹਾਂ ਨੇ ਕਿਹਾ ਕਿ ਅਸੀਂ ਆਪਣੀ ਪਾਰਟੀ ਦੀ ਮੀਟਿੰਗ ਕਰਕੇ ਆਪਣੇ ਆਗੂਆਂ ਦੇ ਸੁਝਾਅ ਲਵਾਂਗੇ ਅਤੇ ਉਸ ਤੋਂ ਬਾਅਦ ਹੀ ਕੁਝ ਦੱਸਾਂਗੇ। ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਅੱਜ ਜੋ ਅਕਾਲੀ ਦਲ ਦੇ ਹਾਲਾਤ ਹੋਏ ਹਨ, ਉਸ ਦੇ ਲਈ ਇਹ ਲੋਕ ਹੀ ਜਿੰਮੇਵਾਰ ਹਨ, ਜਿਨ੍ਹਾਂ ਨੇ ਮੁਆਫੀਆਂ ਮੰਗਣ ’ਚ ਕਈ ਸਾਲ ਲੰਘਾ ਦਿੱਤੇ।

ਉਨ੍ਹਾਂ ਆਖਰ ’ਚ ਇਹ ਵੀ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਮੁੜ ਸੁਰਜੀਤ ਹੋ ਕੇ ਆਪਣੇ ਉਸੇ ਸਥਾਨ ’ਤੇ ਆ ਸਕਦਾ ਹੈ। ਜੇਕਰ ਸੁਖਬੀਰ ਇਸ ਤੋਂ ਪਾਸੇ ਹਟ ਜਾਵੇ। ਭਾਜਪਾ ਨਾਲ ਗਠਜੋੜ ਬਾਰੇ ਪੁੱਛੇ ਸਵਾਲ ਦੇ ਜਵਾਬ ’ਚ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਅਸੀਂ ਭਾਜਪਾ ਨਾਲ ਖੜ੍ਹੇ ਹਾਂ ਅਤੇ ਭਾਜਪਾ ਪੰਜਾਬ ਪ੍ਰਤੀ ਆਉਣ ਵਾਲੇ ਦਿਨਾਂ ’ਚ ਬਹੁਤ ਕੁਝ ਕਰਨ ਜਾ ਰਹੀ ਹੈ।

# ਭਾਈ ਅੰਮ੍ਰਿਤਪਾਲ ਸਿੰਘ ਤੇ ਸਮੂਹ ਬੰਦੀ ਸਿੰਘਾਂ ਦੀ ਰਿਹਾਈ ਲਈ ਤਖ਼ਤ ਸ਼੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਸੰਗਤਾਂ ਨੇ ਕੀਤੀ ਚੌਥੇ ਪੜਾਅ ਦੀ ਅਰਦਾਸ

## ਬੰਦੀ ਸਿੰਘਾਂ ਨੂੰ ਜੇਲ੍ਹਾਂ ਵਿੱਚ ਬੰਦ ਰੱਖਣ ਲਈ ਜ਼ਾਲਮ ਸਰਕਾਰਾਂ ਵੱਲੋਂ ਬੁਣਿਆ ਜਾਲ ਬੰਦੀ ਛੋੜ ਸਤਿਗੁਰੂ ਅਵੱਸ਼ ਕੱਟਣਗੇ ਇਹ ਸਾਡਾ ਅਟੱਲ ਵਿਸ਼ਵਾਸ ਹੈ : ਮਾਤਾ ਬਲਵਿੰਦਰ ਕੌਰ





ਪਟਨਾ ਸਾਹਿਬ/ਸ਼੍ਰੀ ਅੰਮ੍ਰਿਤਸਰ : ਭਾਈ ਅੰਮ੍ਰਿਤਪਾਲ ਸਿੰਘ ਸਮੇਤ ਸਮੂਹ ਬੰਦੀ ਸਿੰਘਾਂ ਦੀ ਰਿਹਾਈ ਲਈ ਚੌਥੇ ਪੜਾਅ ਦੀ ਅਰਦਾਸ ਤਖ਼ਤ ਸ਼੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਹੋਈ। ਅੱਜ ਇਸ ਤੋਂ ਪਹਿਲਾਂ ਸਵੇਰੇ ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਇਸ ਉਪਰੰਤ ਬੰਦੀ ਸਿੰਘਾਂ ਦੇ ਪਰਿਵਾਰਾਂ ਦੀ ਤਰਫ਼ੋਂ ਭਾਈ ਅੰਮ੍ਰਿਤਪਾਲ ਸਿੰਘ ਦੇ ਮਾਤਾ ਬਲਵਿੰਦਰ ਕੌਰ ਅਤੇ ਪਿਤਾ ਸ. ਤਰਸੇਮ ਸਿੰਘ ਨੇ ਕਿਹਾ ਕਿ ਅਰਦਾਸ ਸਮਾਗਮ ਦੌਰਾਨ ਅਗਾਂਹ ਹੋ ਕੇ ਮਿਲਦੀਆਂ ਉੱਚੀਆਂ ਸੁੱਚੀਆਂ ਰੂਹਾਂ ਵਾਲੇ ਤਪੱਸਵੀ ਸਿੰਘਾਂ ਦਾ ਵਿਸ਼ਵਾਸ ਹੈ ਕਿ ਅੰਮ੍ਰਿਤਪਾਲ ਸਿੰਘ ਬਹੁਤ ਦਹਾਕਿਆਂ ਬਾਦ ਕੌਮ ਨੂੰ ਮਿਲਿਆ ਅਜਿਹਾ ਸਿੰਘ ਹੈ ਜਿਸ ਦੇ ਅਲਫਾਜ (ਲਫ਼ਜ਼) ਹਕੂਮਤ ਨੂੰ ਏ ਕੇ ਸੰਤਾਲੀ ਜਿਹੇ ਆਧੁਨਿਕ ਹਥਿਆਰਾਂ ਤੋਂ ਵੀ ਵੱਧ ਖ਼ਤਰਨਾਕ ਲਗ ਰਹੇ ਸਨ । ਕਿਉਂਕਿ ਉਹ ਕੌਮ ਦੀ ਲੜਾਈ ਦੁਨਿਆਵੀ ਤਾਕਤਾਂ ਦੇ ਸਿਰ ਤੇ ਨਹੀਂ ਬਲਕਿ ਦਸਮ ਪਾਤਸ਼ਾਹ ਵੱਲੋਂ ਬਖ਼ਸ਼ੀ ਤੇਗ਼ ਤੇ ਭਰੋਸਾ ਰੱਖ ਕੇ ਲੜ ਰਿਹਾ ਹੈ ।

ਉਨ੍ਹਾਂ ਕਿਹਾ ਕਿ ਸਮੇਂ ਨਾਲ ਦੁਨਿਆਵੀ ਹਕੂਮਤਾਂ ਤਾਂ ਹਕੂਮਤ ਦੀਆਂ ਏਜੰਸੀਆਂ ਖ਼ਰੀਦ ਸਕਦੀਆਂ। ਏਸੇ ਕਾਰਨ ਹੀ ਅੱਜ ਇਹ ਹਾਲ ਹੈ ਕਿ ਉੱਥੋਂ ਚਲਣ ਵਾਲੀ ਸੂਈ ਵੀ ਸਿੱਖ ਵਿਰੋਧੀ ਹਕੂਮਤਾਂ ਨੂੰ ਅੱਜ ਪਤਾ ਹੁੰਦੀ ਹੈ। ਅੱਜ ਡਰੋਨਾਂ ਰਾਹੀ ਨੌਜਵਾਨੀ ਨੂੰ ਖ਼ਤਮ ਕਰਨ ਲਈ ਸਿਰਫ਼ ਨਸ਼ਾ ਹੀ ਕਥਿਤ ਜੈਡ ਸੁਰੱਖਿਆ ਵਾਲੀਆਂ ਹੂਟਰ ਮਾਰਦੀਆਂ ਗੱਡੀਆਂ ਰਾਹੀ ਅੱਗੇ ਲੰਘਦਾ ਹੈ।

ਉਨ੍ਹਾਂ ਕਿਹਾ ਸੋ ਅੰਮ੍ਰਿਤਪਾਲ ਸਿੰਘ ਦਾ ਵਿਸ਼ਵਾਸ ਦਸਮ ਪਾਤਸ਼ਾਹ ਤੇ ਉਸ ਦੇ ਭਗਤੀ ਤੇ ਸ਼ਕਤੀ ਦੇ ਸੁਮੇਲ ਅਮਰ ਸ਼ਹੀਦ ਬਾਬਾ ਦੀਪ ਸਿੰਘ ਅਮਰ ਸ਼ਹੀਦ ਬਾਬਾ ਗੁਰਬਖ਼ਸ਼ ਸਿੰਘ ਅਮਰ ਸ਼ਹੀਦ ਜਥੇਦਾਰ ਬਾਬਾ ਹਨੂਮਾਨ ਸਿੰਘ ਤੇ ਵੀਹਵੀਂ ਸਦੀ ਦੇ ਮਹਾਨ ਜਰਨੈਲ ਸੰਤ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਿਆਂ ਜਿਹੇ ਮਹਾਂਪੁਰਖਾਂ ਨੂੰ ਕਲਗ਼ੀਧਰ ਪਾਤਸ਼ਾਹ ਵੱਲੋਂ ਬਖ਼ਸ਼ੀ ਮੀਰੀ ਪੀਰੀ ਦੀ ਸ਼ਕਤੀ ਤੇ ਹੈ। ਉਸ ਦਾ ਵਿਸ਼ਵਾਸ ਹੈ ਕਿ ਜੰਗ ਸਿੱਖ ਰੂਹ ਦੇ ਜ਼ੋਰ ਤੇ ਲੜਦਾ ਹੈ ਨਾ ਕਿ ਤਾਕਤਾਂ ਦੇ ਜ਼ੋਰ ਤੇ ਲੜਦਾ ਹੈ। ਇਸ ਲਈ ਹੀ ਅੰਮ੍ਰਿਤਪਾਲ ਸਿੰਘ ਰੂਪੋਸ਼ ਜ਼ਿੰਦਗੀ ਦੌਰਾਨ ਕੁਝ ਭਦਰਪੁਰਸ਼ਾਂ ਵੱਲੋਂ ਗਵਾਂਢੀ ਮੁਲਕਾਂ ਵਿੱਚ ਚਲੇ ਜਾਣ ਦੇ ਸੁਝਾਅ ਨੂੰ ਠੁਕਰਾ ਕੇ ਗਰਜਵੀਂ ਅਵਾਜ਼ ਵਿੱਚ ਕਹਿੰਦਾ ਹੈ ਕਿ ਏਸੇ ਧਰਤੀ ਤੇ ਰਹਿ ਕੇ ਲੜਾਂਗਾ ਮਰਾਂਗਾ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਵੱਲੋਂ ਅਰੰਭੇ ਸੰਘਰਸ਼ ਨੂੰ ਪ੍ਰਚੰਡ ਕਰਾਂਗਾ ।

ਉਹ ਜਦੋਂ ਕਹਿੰਦਾ ਹੈ ਕਿ ਕਿ ਜ਼ਾਲਮ ਹਕੂਮਤ ਦੀ ਹਾਰ ਇਸ ਵਿੱਚ ਹੈ ਕਿ ਕਲਗ਼ੀਧਰ ਪਾਤਸ਼ਾਹ ਵੱਲੋਂ ਬਖ਼ਸ਼ੀ ਖੰਡੇ ਬਾਟੇ ਦੀ ਪਾਹੁਲ ਨੌਜਵਾਨ ਛਕਣ ਤਾਂ ਹਕੂਮਤ ਨੂੰ ਇਸ ਤੋਂ ਕਿਤੇ ਜ਼ਿਆਦਾ ਡਰ ਭਾਂਪਦਾ ਹੈ। ਅੰਮ੍ਰਿਤਪਾਲ ਸਿੰਘ ਦਾ ਦ੍ਰਿੜ੍ਹ ਵਿਸ਼ਵਾਸ ਹੈ ਕਿ ਸਿੱਖ ਨੇ ਆਪਣੀ ਧਰਮ ਦੀ ਲੜਾਈ ਵਿੱਚ ਦੁਨਿਆਵੀ ਹਕੂਮਤਾਂ ਦਾ ਸਹਾਰਾ ਨਾ ਲੈ ਕੇ ਕਲਗ਼ੀਧਰ ਪਾਤਸ਼ਾਹ ਵੱਲੋਂ ਬਖ਼ਸ਼ੇ "ਯਹੈ ਹਮਾਰੇ ਪੀਰ" ਅਤੇ ਭਗਤੀ ਨਾਲ ਪ੍ਰਾਪਤ ਹੋਈ ਰੂਹ ਦੀ ਸ਼ਕਤੀ ਨਾਲ ਜੰਗ ਲੜਨੀ ਹੈ ਤਾਂ ਫਿਰ ਅਰਬਾਂ ਰੁਪੈ ਖ਼ਰਚ ਕਰਕੇ ਵੱਖ ਵੱਖ ਖ਼ੇਤਿਆਂ ਵਿੱਚ ਆਪਣਾ ਜਾਲ ਵਿਛਾਈ ਬੈਠੀਆਂ ਹਕੂਮਤ ਦੀਆਂ ਕਥਿਤ ਏਜੰਸੀਆਂ ਨੂੰ ਆਪਣੀ ਹਾਰ ਸਪਸ਼ਟ ਦਿਖਾਈ ਦੇਂਦੀ ਹੈ। ਇਸ ਦੇ ਤਹਿਤ ਹੀ ਹਕੂਮਤਾਂ ਵੱਲੋਂ ਨੌਜਵਾਨੀ ਨੂੰ ਖ਼ਤਮ ਕਰਨ ਲਈ 1992-93 ਦੇ ਦਹਾਕੇ ਤੋਂ ਬਾਅਦ ਸਿੱਖ ਨੌਜਵਾਨੀ ਨੂੰ ਸਿੱਖੀ ਤੋਂ ਦੂਰ ਕਰਨ ਲਈ ਸਭਿਆਚਾਰ ਦੇ ਨਾਮ ਤੇ ਜੋ ਕਲੀਨ ਸ਼ੇਵ ਕਲਚਰ ਨਸ਼ਾ ਕਲਚਰ ਗੈਂਗਸਟਰ ਕਲਚਰ ਪੰਜਾਬ ਦੀ ਧਰਤੀ ਤੇ ਲਿਆਉਣ ਲਈ ਜਾਲ ਬੁਣਿਆ ਉਹ ਕੱਟਦਾ ਦਿਖਾਈ ਦੇਂਦਾ ਹੈ। ਉਨ੍ਹਾਂ ਕਿਹਾ ਕਿ ਇਹੀ ਕਾਰਨ ਹੈ ਕਿ ਜ਼ਾਲਮ ਸਰਕਾਰਾਂ ਨੂੰ ਪੰਜ ਤਖ਼ਤ ਸਾਹਿਬਾਨਾਂ ਤੇ ਬੰਦੀ ਸਿੰਘਾਂ ਦੀ ਰਿਹਾਈ ਲਈ ਸ਼ੁਰੂ ਕੀਤੇ ਨਿਰੋਲ ਧਾਰਮਿਕ ਅਰਦਾਸ ਸਮਾਗਮਾਂ ਤੋਂ ਡਰ ਲਗ ਰਿਹਾ ਹੈ। ਕਿਉਂਕਿ ਸਰਕਾਰਾਂ ਸਮਝਦੀਆਂ ਕਿ ਇਸ ਨਾਲ ਨੌਜਵਾਨੀ ਧਰਮ ਨਾਲ ਜੁੜਦੀ ਹੈ, ਜਦੋਂ ਨੌਜਵਾਨੀ ਵਿੱਚ ਵੱਧ ਤੋਂ ਵੱਧ ਜਪੁਜੀ ਸਾਹਿਬ ਚੌਪਈ ਸਾਹਿਬ ਦੇ ਪਾਠਾਂ ਨੂੰ ਕਰਨ ਦੀ ਹੋੜ ਲਗ ਜਾਏ ਕਲਗ਼ੀਧਰ ਪਾਤਸ਼ਾਹ ਦੇ ਉਪਰ ਵਿਸ਼ਵਾਸ ਬਣ ਜਾਏ ਦਿਲ ਦਾ ਡਰ ਇਸ ਭਗਤੀ ਨਾਲ ਖੰਭ ਲਾ ਕੇ ਉੱਡ ਜਾਏ ਫਿਰ ਜ਼ਾਲਮ ਹਕੂਮਤਾਂ ਨੂੰ ਕਥਿਤ ਜੈਡ ਸੁਰੱਖਿਆ ਵਾਲੀਆਂ ਗੱਡੀਆਂ ਰਾਹੀਂ ਵਰਤਾਏ ਜਾਂਦੇ ਨਸ਼ਿਆਂ ਰਾਹੀ ਸਿੱਖ ਨੌਜਵਾਨੀ ਨੂੰ ਬਰਬਾਦ ਕਰਨ ਲਈ ਰਚੀ ਸਾਜਿਸ਼ ਖ਼ਤਮ ਹੁੰਦੀ ਨਜ਼ਰ ਆਉਂਦੀ ਹੈ। ਇਸ ਦੀ ਸਪਸ਼ਟ ਮਿਸਾਲ ਹੈ ਕਿ ਉੱਚ ਅਦਾਲਤਾਂ ਵਿੱਚ ਨਸ਼ਿਆਂ ਦੀ ਪੁਸ਼ਤ ਪਨਾਹੀ ਕਰਨ ਵਾਲੇ ਕਥਿਤ ਪੁਲਿਸ ਅਫ਼ਸਰਾਂ ਤੇ ਸਿਆਸੀ ਲੀਡਰਾਂ ਦੇ ਨੈਕਸਜ ਦੀ ਦਿੱਤੀ ਲਿਸਟ ਕਈ ਸਾਲ ਬਾਦ ਵੀ ਜੱਗ ਜ਼ਾਹਰ ਨਹੀਂ ਕੀਤੀ ਗਈ ।


American Freight Corp.

ਡਰਾਈਵਰਾਂ ਅਤੇ ਆਨਰ ਅਪ੍ਰੇਟਰਾਂ (Owner-Operator) ਦੀ ਜ਼ਰੂਰਤ ਹੈ

ਕੈਲੀਫੋਰਨੀਆ ਤੋਂ ਮਿਡਵੈਸਟ, ਕੈਲੀਫੋਰਨੀਆ ਤੋਂ ਈਸਟ ਕੋਸਟ, ਕੈਲੀਫੋਰਨੀਆ ਤੋਂ ਟੈਕਸਸ (Texas)

ਡਰਾਈਵਰ ਦਾ ਘੱਟੋ ਘੱਟ ਦੋ ਸਾਲ ਦਾ ਤਜਰਬਾ ਹੋਵੇ

ਡਰਾਈਵਰਾਂ ਦੀ ਜ਼ਰੂਰਤ ਹੈ

Need Team & Solo Driver With 2 Year Experience





(209) 405-1544

127 Darcy Parkway, Lathrop, CA 95330

# ਭਾਜਪਾ ਪੂਰੇ ਦੇਸ਼ 'ਚ ਮਨਾਏਗੀ ਵੀਰ ਬਾਲ ਦਿਵਸ

## ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਨੂੰ ਪ੍ਰਧਾਨ ਮੰਤਰੀ ਮੋਦੀ ਨੇ ਬਾਲ ਦਿਵਸ ਵਜੋਂ ਮਨਾਉਣ ਦਾ ਕੀਤਾ ਸੀ ਐਲਾਨ



ਚੰਡੀਗੜ੍ਹ: ਗੁਰੂ ਗੋਬਿੰਦ ਸਿੰਘ ਜੀ ਦੇ ਦੋ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫ਼ਤਹਿ ਸਿੰਘ ਜੀ ਦੇ ਸ਼ਹੀਦੀ ਦਿਵਸ 26 ਦਸੰਬਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੀਤੇ ਸਾਲ ਵੀਰ ਬਾਲ ਦਿਵਸ ਵਜੋਂ ਮਨਾਉਣ ਦਾ ਐਲਾਨ ਕੀਤਾ ਸੀ। ਬੀਤੇ ਸਾਲ ਕੇਂਦਰ ਸਰਕਾਰ ਨੇ ਦਿੱਲੀ ਦੇ ਮੇਜਰ ਧਿਆਨ ਚੰਦ ਸਟੇਡੀਅਮ ਵਿਚ ਵੀਰ ਬਾਲ ਦਿਵਸ ਮਨਾਇਆ ਸੀ ਜਿਸ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਸ਼ਾਮਲ ਹੋਏ ਸਨ। ਭਾਜਪਾ ਨੇ ਹੁਣ ਇਸ ਨੂੰ ਪੂਰੇ ਦੇਸ਼ ਵਿਚ ਮਨਾਉਣ ਦਾ ਫ਼ੈਸਲਾ ਕੀਤਾ ਹੈ। ਨਾਲ ਹੀ ਪੰਜਾਬ ਵਿਚ ਵੀਰ ਬਾਲ ਦਿਵਸ ਜ਼ਰੀਏ ਦਿਲਾਂ ਦੀਆਂ ਦੂਰੀਆਂ ਮਿਟਾਉਣ ਦੇ ਰੂਪ ਵਿਚ ਮਨਾਇਆ ਜਾਵੇਗਾ। ਪੰਜਾਬ ਭਾਜਪਾ ਆਪਣੀ ਰਾਸ਼ਟਰੀ ਲੀਡਰਸ਼ਿਪ ਤੋਂ ਇਹ ਮੰਗ ਕਰਨ ਜਾ ਰਹੀ ਹੈ ਕਿ ਕੇਂਦਰੀ ਨੇਤਾ ਪੰਜਾਬ ਵਿਚ ਇਸ ਮੌਕੇ ਮੌਜੂਦ ਹੋਣ।

ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਸਾਰੇ ਜ਼ਿਲ੍ਹਾ ਪ੍ਰਧਾਨਾਂ ਨੂੰ ਇਸ ਮੌਕੇ ਜ਼ਿਲ੍ਹਾ ਪੱਧਰ 'ਤੇ ਸਮਾਗਮ ਕਰਨ ਦੇ ਨਿਰਦੇਸ਼ ਦਿੱਤੇ ਹਨ। ਜਾਖੜ ਖ਼ੁਦ 26 ਦਸੰਬਰ ਨੂੰ ਫਤਹਿਗੜ੍ਹ ਸਾਹਿਬ 'ਚ ਜਾ ਕੇ ਸਾਹਿਬਜ਼ਾਦਿਆਂ ਨੂੰ ਨਮਨ ਕਰਨਗੇ।

ਭਾਜਪਾ ਦੀ ਇਸ ਮੁੱਦੇ 'ਤੇ ਗੰਭੀਰਤਾ ਦਾ ਅੰਦਾਜ਼ਾ ਇਸ ਗੱਲ ਤੋਂ ਵੀ ਲਗਾਇਆ ਜਾ ਸਕਦਾ ਹੈ ਕਿ ਦਿੱਲੀ ਵਿਚ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਨੇ 22-23 ਦਸੰਬਰ ਨੂੰ ਹੋਣ ਵਾਲੀ ਰਾਸ਼ਟਰੀ ਪੱਧਰ ਦੀ ਮੀਟਿੰਗ ਵਿਚ ਵੀਰ ਬਾਲ ਦਿਵਸ ਨੂੰ ਪ੍ਰਮੁੱਖ ਏਜੰਡੇ 'ਚ ਸ਼ਾਮਲ ਕੀਤਾ ਹੈ। ਮੀਟਿੰਗ ਵਿਚ ਭਾਜਪਾ ਦੇ ਸਾਰੇ ਪ੍ਰਦੇਸ਼ ਪ੍ਰਧਾਨ, ਪ੍ਰਦੇਸ਼ ਸੰਗਠਨ ਮਹਾਮੰਤਰੀ ਤੇ ਰਾਸ਼ਟਰੀ ਨੇਤਾ ਸ਼ਾਮਲ ਹੋਣਗੇ। ਇਸ ਵਿਚ ਵਿਕਸਿਤ ਭਾਰਤ ਸੰਕਲਪ ਯਾਤਰਾ, ਲੋਕ ਸਭਾ ਚੋਣਾਂ ਦੀਆਂ ਤਿਆਰੀਆਂ ਅਤੇ ਪੰਜ ਰਾਜਾਂ ਵਿਚ ਮੁਕੰਮਲ ਹੋਈਆਂ ਚੋਣਾਂ ਦੀ ਸਮੀਖਿਆ ਕੀਤੀ ਜਾਵੇਗੀ। ਨਾਲ ਹੀ ਵੀਰ ਬਾਲ ਦਿਵਸ ਦੀਆਂ ਤਿਆਰੀਆਂ 'ਤੇ ਵੀ ਵਿਚਾਰ ਵਟਾਂਦਰਾ ਹੋਵੇਗਾ।

ਪੰਜਾਬ ਭਵਨ ਵਿਚ ਇਸ ਨੂੰ ਸਿੱਖਾਂ ਅਤੇ ਖ਼ਾਸ ਕਰ ਕੇ ਦਿਹਾਤੀ ਖੇਤਰਾਂ ਵਿਚ ਦਿਲਾਂ ਦੀਆਂ ਦੂਰੀਆਂ ਮਿਟਾਉਣ ਵਾਲੇ ਦਿਵਸ ਦੇ ਰੂਪ ਵਿਚ ਦੇਖ ਰਹੀ ਹੈ। ਕਿਸਾਨ ਅੰਦੋਲਨ ਤੋਂ ਬਾਅਦ ਭਾਜਪਾ ਕਿਸਾਨਾਂ ਦੇ ਦਿਲਾਂ ਤੋਂ ਦੂਰ ਹੋ ਗਈ ਹੈ। ਹੁਣ ਭਾਜਪਾ ਇਨ੍ਹਾਂ ਦੂਰੀਆਂ ਨੂੰ ਦੂਰ ਕਰਨਾ ਚਾਹੁੰਦੀ ਹੈ। ਇਹੀ ਕਾਰਨ ਹੈ ਕਿ ਭਾਜਪਾ ਨੇ ਇਸ ਦਿਨ ਰਾਜ ਭਰ ਵਿਚ ਵੱਡੇ ਪੱਧਰ 'ਤੇ ਸਮਾਗਮ ਕਰਨ ਦਾ ਫ਼ੈਸਲਾ ਕੀਤਾ ਹੈ। ਇਸ ਦੇ ਲਈ ਇਕ ਤਿੰਨ ਮੈਂਬਰੀ ਕਮੇਟੀ ਦਾ ਵੀ ਗਠਨ ਕੀਤਾ ਗਿਆ ਹੈ। ਕਿਉਂਕਿ ਵੀਰ ਬਾਲ ਦਿਵਸ 'ਚ ਖ਼ੁਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਅਕਤੀਗਤ ਰੂਪ ਵਿਚ ਜੁੜੇ ਹੋਏ ਹਨ, ਇਸ ਲਈ ਪੰਜਾਬ ਭਾਜਪਾ ਚਾਹੁੰਦੀ ਹੈ ਕਿ 26 ਦਸੰਬਰ ਨੂੰ ਕੇਂਦਰ ਦਾ ਕੋਈ ਵੱਡਾ ਨੇਤਾ ਪੰਜਾਬ ਜ਼ਰੂਰ ਆਵੇ। ਪਾਰਟੀ ਦਿੱਲੀ ਵਿਚ ਹੋਣ ਵਾਲੀ ਮੀਟਿੰਗ 'ਚ ਇਸ ਮੰਗ ਨੂੰ ਰੱਖ ਸਕਦੀ ਹੈ।

# ਸਿੱਖ ਨਸਲਕੁਸ਼ੀ 'ਚ ਨਾਮਜ਼ਦ ਜਗਦੀਸ਼ ਟਾਈਟਲਰ ਦੇ ਸਾਰੇ ਕੇਸਾਂ ਦਾ ਵੇਰਵਾ ਪੇਸ਼ ਕਰਨ ਦੇ ਆਦੇਸ਼



ਨਵੀਂ ਦਿੱਲੀ : ਦਿੱਲੀ ਦੀ ਰੌਊਜ਼ ਐਵੇਨਿਊ ਅਦਾਲਤ ਨੇ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਦੇ ਵਕੀਲ ਨੂੰ ਪੁਲ ਬੰਗਸ਼ ਵਿਖੇ ਕੀਤੇ ਗਏ ਸਿੱਖ ਕਤਲੇਆਮ ਵਿੱਚ ਦਿੱਲੀ ਪੁਲਿਸ ਅਤੇ ਸੀਬੀਆਈ ਵੱਲੋਂ ਦਰਜ ਐਫਆਈਆਰਜ਼ ਅਤੇ ਇਨ੍ਹਾਂ ਸਾਰੇ ਮਾਮਲਿਆਂ ਵਿੱਚ ਜਾਂਚ ਅਤੇ ਮੁਕੱਦਮੇ ਦੇ ਨਤੀਜਿਆਂ ਦਾ ਵੇਰਵਾ ਦੇਣ ਲਈ ਕਿਹਾ ਹੈ। ਜਿਕਰਯੋਗ ਹੈ ਕਿ 31 ਅਕਤੂਬਰ, 1984 ਨੂੰ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਰਾਸ਼ਟਰੀ ਰਾਜਧਾਨੀ ਵਿੱਚ ਹੋਏ ਸਿਖਾਂ ਦੇ ਕਤਲੇਆਮ ਅੰਦਰ ਲਗਭਗ 3,000 ਤੋਂ ਵੱਧ ਸਿੱਖ ਮਾਰੇ ਗਏ ਸਨ। 1 ਨਵੰਬਰ ਨੂੰ ਪੁਲ ਬੰਗਸ਼ ਵਿੱਚ ਤਿੰਨ ਲੋਕ ਮਾਰੇ ਗਏ ਸਨ ਅਤੇ ਇੱਕ ਗੁਰਦੁਆਰੇ ਨੂੰ ਅੱਗ ਲਗਾ ਦਿੱਤੀ ਗਈ ਸੀ। 20 ਮਈ ਨੂੰ ਦਾਇਰ ਆਪਣੀ ਚਾਰਜਸ਼ੀਟ ਵਿੱਚ, ਸੀਬੀਆਈ ਨੇ ਦੋਸ਼ ਲਾਇਆ ਕਿ ਟਾਈਟਲਰ ਨੇ 1 ਨਵੰਬਰ, 1984 ਨੂੰ ਆਜ਼ਾਦ ਮਾਰਕੀਟ ਦੇ ਪੁਲ ਬੰਗਸ਼ ਗੁਰਦੁਆਰੇ ਵਿੱਚ ਇਕੱਠੀ ਹੋਈ ਭੀੜ ਨੂੰ "ਭੜਕਾਇਆ ਅਤੇ ਉਕਸਾਇਆ", ਜਿਸ ਦੇ ਨਤੀਜੇ ਵਜੋਂ ਗੁਰਦੁਆਰੇ ਨੂੰ ਸਾੜ ਦਿੱਤਾ ਗਿਆ ਅਤੇ ਤਿੰਨ ਸਿੱਖ - ਠਾਕੁਰ ਸਿੰਘ, ਬਾਦਲ ਸਿੰਘ ਅਤੇ ਗੁਰੂ ਚਰਨ ਸਿੰਘ ਨੂੰ ਕਤਲ ਕਰ ਦਿੱਤਾ ਗਿਆ ਸੀ। ਅਦਾਲਤ ਅੰਦਰ ਜਗਦੀਸ਼ ਟਾਈਟਲਰ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ ਹੋਏ। ਅਦਾਲਤ ਨੇ ਪੁੱਛਿਆ ਕਿ ਕਿੰਨੀਆਂ ਐਫਆਈਆਰ ਦਰਜ ਕੀਤੀਆਂ ਗਈਆਂ ਅਤੇ ਕਿੰਨੀਆਂ ਚਾਰਜਸ਼ੀਟਾਂ ਦਾਇਰ ਕੀਤੀਆਂ ਗਈਆਂ, ਜਿਸ ਦੇ ਜਵਾਬ ਵਿੱਚ ਵਕੀਲ ਨੇ ਕਿਹਾ ਕਿ ਦਿੱਲੀ ਪੁਲੀਸ ਵੱਲੋਂ ਤਿੰਨ ਐਫਆਈਆਰ ਦਰਜ ਕੀਤੀਆਂ ਗਈਆਂ ਸਨ। ਉਸ ਨੇ ਇਹ ਵੀ ਕਿਹਾ ਕਿ ਇਸ ਮਾਮਲੇ ਵਿੱਚ ਕੁੱਲ ਚਾਰ ਚਾਰਜਸ਼ੀਟਾਂ ਦਾਇਰ ਕੀਤੀਆਂ ਗਈਆਂ ਹਨ। ਅਦਾਲਤ ਨੇ ਟਾਈਟਲਰ ਨੂੰ 5 ਅਗਸਤ ਨੂੰ ਪੁਲ ਬੰਗਸ਼ ਹੱਤਿਆਕਾਂਡ ਦੇ ਮਾਮਲੇ 'ਚ ਤਲਬ ਕੀਤਾ ਸੀ। ਅਦਾਲਤ ਨੇ ਬਚਾਅ ਪੱਖ ਦੇ ਵਕੀਲ ਮਨੂ ਸ਼ਰਮਾ ਨੂੰ ਸੁਣਨ ਤੋਂ ਬਾਅਦ ਮਾਮਲੇ ਦੀ ਅਗਲੀ ਸੁਣਵਾਈ 9 ਜਨਵਰੀ, 2024 ਲਈ ਤੈਅ ਕੀਤੀ, ਜਿਸ ਨੇ ਅਦਾਲਤ ਨੂੰ ਦੱਸਿਆ ਕਿ ਪਿਛਲੀਆਂ ਚਾਰਜਸ਼ੀਟਾਂ ਦੀਆਂ ਪ੍ਰਮਾਣਿਤ ਕਾਪੀਆਂ ਪ੍ਰਾਪਤ ਨਹੀਂ ਹੋਈਆਂ ਹਨ।

# ਨਸ਼ਾ ਤਸਕਰੀ ਮਾਮਲਾ: ਸਿਟ ਵੱਲੋਂ ਬਿਕਰਮ ਮਜੀਠੀਆ ਕੋਲੋਂ ਸੱਤ ਘੰਟੇ ਪੁੱਛ-ਪੜਤਾਲ

## ਅਕਾਲੀ ਆਗੂ ਵੱਲੋਂ ਮੁੱਖ ਮੰਤਰੀ ਖ਼ਿਲਾਫ਼ ਲੜਾਈ ਜਾਰੀ ਰੱਖਣ ਦਾ ਐਲਾਨ



ਪਟਿਆਲਾ : ਨਸ਼ਾ ਤਸਕਰੀ ਸਬੰਧੀ ਦੋ ਸਾਲ ਪਹਿਲਾਂ ਦਰਜ ਹੋਏ ਇੱਕ ਕੇਸ ਦਾ ਸਾਹਮਣਾ ਕਰ ਰਹੇ ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਤੋਂ ਅੱਜ ਏਡੀਜੀਪੀ ਮੁਖਵਿੰਦਰ ਸਿੰਘ ਛੀਨਾ ਦੀ ਅਗਵਾਈ ਹੇਠਲੀ 'ਸਪੈਸ਼ਲ ਇਨਵੈਸਟੀਗੇਸ਼ਨ ਟੀਮ' (ਸਿਟ) ਵੱਲੋਂ ਇੱਥੇ ਆਈਜੀ ਦਫਤਰ ਵਿੱਚ ਲਗਾਤਾਰ ਸੱਤ ਘੰਟੇ ਪੁੱਛ-ਪੜਤਾਲ ਕੀਤੀ ਗਈ। ਸੂਤਰਾਂ ਮੁਤਾਬਕ ਮੀਜੀਠੀਆ ਕੋਲੋਂ 43 ਮੁੱਖ ਸਵਾਲਾਂ ਤੋਂ ਇਲਾਵਾ ਕੁਝ ਹੋਰ ਸਵਾਲ ਵੀ ਪੁੱਛੇ ਗਏ। ਇਸ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮਜੀਠੀਆ ਨੇ ਮੁੱਖ ਮੰਤਰੀ ਭਗਵੰਤ ਮਾਨ ਖ਼ਿਲਾਫ਼ ਲੜਾਈ ਜਾਰੀ ਰੱਖਣ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਹੁਣ ਜਿੰਨਾ ਮਰਜ਼ੀ ਜ਼ੋਰ ਲਾ ਲੈਣ, ਉਹ ਪਿੱਛੇ ਨਹੀਂ ਹਟਣਗੇ। ਮਜੀਠੀਆ ਨੇ ਕਿਹਾ ਕਿ ਉਨ੍ਹਾਂ ਦਾ ਮੂੰਹ ਬੰਦ ਕਰਵਾਉਣ ਦਾ ਇੱਕੋ-ਇੱਕ ਰਸਤਾ ਜੇਲ੍ਹ ਵਿੱਚ ਭੇਜਣਾ ਹੈ। ਪਰ ਭਗਵੰਤ ਮਾਨ ਉਨ੍ਹਾਂ ਨੂੰ ਜੇਲ੍ਹ 'ਚ ਵੀ ਬਹੁਤਾ ਚਿਰ ਨਹੀਂ ਰੱਖ ਸਕਣਗੇ ਕਿਉਂਕਿ ਕਾਨੂੰਨ ਅਤੇ ਪ੍ਰਮਾਤਮਾ ਨਾਮ ਦੀ ਵੀ ਕੋਈ ਚੀਜ਼ ਹੈ, ਜਿਨ੍ਹਾਂ 'ਤੇ ਉਨ੍ਹਾਂ ਨੂੰ ਪੂਰਾ ਭਰੋਸਾ ਹੈ। ਅਕਾਲੀ ਆਗੂ ਨੇ ਕਿਹਾ ਕਿ ਉਹ ਹੁਣ ਆਰ-ਪਾਰ ਦੀ ਲੜਾਈ ਲੜਨਗੇ। ਇਸ ਕੇਸ ਨੂੰ ਸਿਆਸੀ ਕਿੜ ਦਾ ਨਾਮ ਦਿੰਦਿਆਂ ਮਜੀਠੀਆ ਨੇ ਕਿਹਾ ਕਿ ਅਸਲ 'ਚ ਮੁੱਖ ਮੰਤਰੀ ਨੂੰ ਉਨ੍ਹਾਂ ਦੀ ਧੀ ਦੇ ਹੱਕ 'ਚ ਬੋਲਣਾ ਪਸੰਦ ਨਹੀਂ ਆਇਆ ਤੇ ਅਗਲੇ ਦਿਨ ਹੀ ਸੰਮਨ ਭਿਜਵਾ ਦਿੱਤੇ। ਉਨ੍ਹਾਂ ਕਿਹਾ ਕਿ ਇਹ ਉਹੀ ਕੇਸ ਹੈ, ਜਿਸ ਸਬੰਧੀ ਕੇਜਰੀਵਾਲ ਉਨ੍ਹਾਂ ਕੋਲੋਂ ਮੁਆਫੀ ਮੰਗ ਚੁੱਕੇ ਹਨ। ਮਜੀਠੀਆ ਨੇ ਕਿਹਾ ਕਿ ਇਸ ਸਿਟ ਦੇ ਮੁਖੀ ਮੁਖਵਿੰਦਰ ਛੀਨਾ 31 ਦਸੰਬਰ ਨੂੰ ਸੇਵਾਮੁਕਤ ਹੋ ਰਹੇ ਹਨ। ਹੁਣ ਮੁੱਖ ਮੰਤਰੀ ਨੂੰ ਸਿਟ ਦਾ ਅਗਲਾ ਮੁਖੀ ਖੁਦ ਬਣ ਜਾਣਾ ਚਾਹੀਦਾ ਹੈ ਤਾਂ ਜੋ ਅਧਿਕਾਰੀਆਂ ਰਾਹੀਂ ਸਵਾਲ ਪੁੱਛਣ ਦੀ ਜਗ੍ਹਾ ਉਹ ਸਾਹਮਣੇ ਬੈਠ ਕੇ ਖੁਦ ਹੀ ਸਵਾਲ ਪੁੱਛ ਲੈਣ। ਇਸ ਦੇ ਨਾਲ ਹੀ ਉਹ ਆਪਣੇ ਓਐੱਸਡੀ ਰਾਜਵੀਰ ਘਰਾਚੋਂ ਤੇ ਸੁਖਬੀਰ ਖਰਾਚੋਂ ਤੋਂ ਇਲਾਵਾ ਮੀਡੀਆ ਸਲਾਹਕਾਰ ਬਲਤੇਜ ਪੰਨੂ ਨੂੰ ਵੀ ਮੈਂਬਰਾਂ ਵਜੋਂ ਸਿਟ 'ਚ ਸ਼ਾਮਲ ਕਰ ਲੈਣ। ਜਾਣਕਾਰੀ ਅਨੁਸਾਰ ਮਜੀਠੀਆ 12 ਵਜੇ ਸਿਟ ਕੋਲ ਆਈਜੀ ਦਫਤਰ ਪੁੱਜੇ ਅਤੇ ਸ਼ਾਮ ਸਵਾ ਸੱਤ ਵਜੇ ਦੇ ਕਰੀਬ ਬਾਹਰ ਆਏ। ਗੱਡੀ 'ਚ ਉਨ੍ਹਾਂ ਦੇ ਨਾਲ ਆਈਜੀ ਦਫਤਰ ਪੁੱਜੇ ਸਾਬਕਾ ਮੰਤਰੀ ਸੁਰਜੀਤ ਰੱਖੜਾ, ਦਲਜੀਤ ਚੀਮਾ ਅਤੇ ਸਾਬਕਾ ਵਿਧਾਇਕ ਹਰਿੰਦਰਪਾਲ ਚੰਦੂਮਾਜਰਾ ਨੂੰ ਵੱਖਰੇ ਕਮਰੇ 'ਚ ਬਿਠਾਇਆ ਗਿਆ ਪਰ ਵਕੀਲਾਂ ਵਜੋਂ ਅਰਸ਼ਦੀਪ ਕਲੇਰ ਸਮੇਤ ਦੋ ਜਣੇ ਪੁੱਛ-ਪੜਤਾਲ ਵਾਲੇ ਕਮਰੇ 'ਚ ਮੌਜੂਦ ਰਹੇ। ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਸਾਬਕਾ ਵਿਧਾਇਕ ਬੋਨੀ ਅਜਨਾਲਾ, ਬਿੱਟੂ ਔਲਖ ਅਤੇ ਜਗਜੀਤ ਸਿੰਘ ਚਾਹਲ ਨੂੰ ਵੀ ਸਿਟ ਨੇ ਗਵਾਹਾਂ ਵਜੋਂ ਸੱਦਿਆ ਸੀ। ਅਕਾਲੀ ਆਗੂ ਪ੍ਰੇਮ ਸਿੰਘ ਚੰਦੂਮਾਜਰਾ ਤੇ ਸੁਰਜੀਤ ਰੱਖੜਾ ਨੇ ਕਿਹਾ ਕਿ ਸਰਕਾਰ ਧੱਕੇਸ਼ਾਹੀਆਂ ਖ਼ਿਲਾਫ਼ ਬੋਲਣ ਵਾਲਿਆਂ ਦੀ ਆਵਾਜ਼ ਬੰਦ ਕਰ ਕੇ ਜਮਹੂਰੀਅਤ ਦਾ ਘਾਣ ਕਰ ਰਹੀ ਹੈ।

# ਜਮਸ਼ੇਦਪੁਰ 'ਚ ਬਾਬਾ ਜੀਵਨ ਸਿੰਘ ਦੀ ਸ਼ਹੀਦੀ ਨੂੰ ਸਮਰਪਿਤ ਸਮਾਗਮ



ਚੰਡੀਗੜ੍ਹ : ਰੰਘਰੇਟਾ ਮਹਾਸਭਾ ਟਾਟਾਨਗਰ (ਝਾਰਖੰਡ) ਵੱਲੋਂ ਅਦੁੱਤੀ ਜਰਨੈਲ ਸ਼ਹੀਦ ਬਾਬਾ ਜੀਵਨ ਸਿੰਘ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਕਰਵਾਇਆ ਗਿਆ ਦੋ ਰੋਜ਼ਾ ਸਮਾਗਮ ਅੱਜ ਜਮਸ਼ੇਦਪੁਰ (ਝਾਰਖੰਡ) ਵਿੱਚ ਸੰਪੰਨ ਹੋ ਗਿਆ। ਇਸ ਮੌਕੇ ਪੰਜਾਬ ਸਮੇਤ ਹੋਰਨਾਂ ਸੂਬਿਆਂ ਤੋਂ ਸ਼ਰਧਾਲੂਆਂ ਨੇ ਹਾਜ਼ਰੀ ਭਰੀ, ਉਥੇ ਝਾਰਖੰਡ ਦੇ ਤਤਕਾਲੀ ਮੁੱਖ ਮੰਤਰੀ ਅਤੇ ਉੜੀਸਾ ਦੇ ਮੌਜੂਦਾ ਰਾਜਪਾਲ ਸ੍ਰੀ ਰਘੁਵਰ ਦਾਸ ਨੇ ਵੀ ਸ਼ਿਰਕਤ ਕੀਤੀ।

ਰੰਘਰੇਟਾ ਮਹਾਸਭਾ ਦੇ ਪ੍ਰਧਾਨ ਮਨਜੀਤ ਸਿੰਘ ਗਿੱਲ ਨੇ ਦੱਸਿਆ ਕਿ ਸ਼ਹੀਦੀ ਸਮਾਗਮ ਜਮਸ਼ੇਦਪੁਰ ਦੇ ਐਗਰੋ ਮੈਦਾਨ ਵਿੱਚ ਹੋਇਆ। ਰਾਜਪਾਲ ਰਘੁਵਰ ਦਾਸ ਨੇ ਸ਼ਹੀਦ ਬਾਬਾ ਜੀਵਨ ਸਿੰਘ ਵੱਲੋਂ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਦਾ ਸੀਸ ਦਿੱਲੀ ਦੇ ਚਾਂਦਨੀ ਚੌਕ ਤੋਂ ਸ੍ਰੀ ਆਨੰਦਪੁਰ ਸਾਹਿਬ ਲੈ ਕੇ ਜਾਣ ਦਾ ਬਿਰਤਾਂਤ ਦੱਸਿਆ। ਉਨ੍ਹਾਂ ਰੰਘਰੇਟਾ ਮਹਾਸਭਾ ਦੇ ਝਾਰਖੰਡ ਤੋਂ ਪ੍ਰਧਾਨ ਮਨਜੀਤ ਸਿੰਘ ਗਿੱਲ ਦੀ ਸ਼ਲਾਘਾ ਕਰਦਿਆਂ ਦੱਸਿਆ ਕਿ ਇਨ੍ਹਾਂ ਦੇ ਯਤਨਾਂ ਸਦਕਾ ਹੀ ਝਾਰਖੰਡ ਦੇ ਲੋਕ ਸ਼ਹੀਦ ਬਾਬਾ ਜੀਵਨ ਸਿੰਘ ਅਤੇ ਉਨ੍ਹਾਂ ਦੇ ਪਰਿਵਾਰ ਬਾਰੇ ਜਾਣੂ ਹੋਏ ਹਨ। ਇਸ ਮੌਕੇ ਝਾਰਖੰਡ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਸ਼ੈਲੇਂਦਰ ਸਿੰਘ, ਸੈਂਟਰਲ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਭਗਵਾਨ ਸਿੰਘ, ਸ਼ਹੀਦ ਬਾਬਾ ਜੀਵਨ ਸਿੰਘ ਵਿਦਿਅਕ ਭਲਾਈ ਟਰੱਸਟ ਚੰਡੀਗੜ੍ਹ ਦੇ ਚੇਅਰਮੈਨ ਜਸਵੰਤ ਸਿੰਘ, ਕੈਪਟਨ ਸੱਤਪਾਲ ਸਿੰਘ ਤਰਨਤਾਰਨ ਨੇ ਸ਼ਹੀਦ ਬਾਬਾ ਜੀਵਨ ਸਿੰਘ ਜੀ ਦੇ ਜੀਵਨ ਬਾਰੇ ਜਾਣੂ ਕਰਵਾਇਆ। ਦੋ ਰੋਜ਼ਾ ਸਮਾਗਮ ਦੌਰਾਨ ਵੱਖ-ਵੱਖ ਰਾਗੀ ਜਥਿਆਂ ਅਤੇ ਕਥਾਕਾਰਾਂ ਨੇ ਸ਼ਹੀਦ ਬਾਬਾ ਜੀਵਨ ਸਿੰਘ ਦੇ ਜੀਵਨ ਘਟਨਾਕ੍ਰਮ ਤੋਂ ਸੰਗਤ ਨੂੰ ਜਾਣੂ ਕਰਵਾਇਆ। ਇਸ ਤੋਂ ਪਹਿਲਾਂ ਪੰਜਾਬ ਤੋਂ ਗਈਆਂ ਨਾਟਕ ਟੀਮਾਂ 'ਤੇ ਰੰਘਰੇਟੇ ਗੁਰੂ ਕੇ ਬੇਟੇ' ਨਾਟਕ ਖੇਡਿਆ।

# ਆਉਣ ਵਾਲੀ ਪੀੜ੍ਹੀ ਨੂੰ ਨਸ਼ੇ ਤੋਂ ਬਚਾਇਆ ਜਾਵੇ: ਪੁਰੋਹਿਤ

## ਵਿਕਸਤ ਭਾਰਤ ਸੰਕਲਪ ਯਾਤਰਾ ਤਹਿਤ ਪਿੰਡ ਜਟਾਣਾ ਉੱਚਾ ਵਿੱਚ ਰਾਜਪਾਲ ਨੇ ਕੀਤਾ ਸੰਬੋਧਨ



ਖਮਾਣੋਂ : ਪਿੰਡ ਜਟਾਣਾ ਉੱਚਾ ਵਿੱਚ ਪਹੁੰਚੀ 'ਵਿਕਸਿਤ ਭਾਰਤ ਸੰਕਲਪ ਯਾਤਰਾ' ਵਿੱਚ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਸ਼ਮੂਲੀਅਤ ਕੀਤੀ। ਉਨ੍ਹਾਂ ਕਿਹਾ ਕਿ ਆਉਣ ਵਾਲੀ ਪੀੜ੍ਹੀ ਨੂੰ ਨਸ਼ੇ ਤੋਂ ਬਚਾਇਆ ਜਾਵੇ ਅਤੇ ਇਸ ਬਾਰੇ ਹਰ ਨਾਗਰਿਕ ਨੂੰ ਸੁਚੇਤ ਹੋਣਾ ਪਵੇਗਾ। ਇਸ ਮੌਕੇ ਵਿਕਸਤ ਭਾਰਤ ਵਿੱਚ ਸਹਿਯੋਗ ਦੇਣ ਲਈ ਲੋਕਾਂ ਵੱਲੋਂ ਸੰਕਲਪ ਵੀ ਲਿਆ ਗਿਆ। ਸ੍ਰੀ ਪੁਰੋਹਿਤ ਨੇ ਕਿਹਾ ਕਿ ਕੇਂਦਰ ਸਰਕਾਰ ਦੀਆਂ ਲੋਕ ਭਲਾਈ ਯੋਜਨਾਵਾਂ ਬਾਰੇ ਹਰ ਨਾਗਰਿਕ ਨੂੰ ਜਾਗਰੂਕ ਹੋਣਾ ਜ਼ਰੂਰੀ ਹੈ ਅਤੇ ਹੁਣ ਇਹ ਸਾਡੀ ਜ਼ਿੰਮੇਵਾਰੀ ਬਣਦੀ ਹੈ ਕਿ ਅਸੀਂ ਆਪਣੇ ਸਮਾਜ ਨੂੰ ਯੋਜਨਾਵਾਂ ਬਾਰੇ ਜਾਗਰੂਕ ਕਰੀਏ। ਜਦੋਂ ਸਮਾਜ ਦਾ ਹਰ ਨਾਗਰਿਕ ਜਾਗਰੂਕ ਹੋਵੇਗਾ ਉਦੋਂ ਹੀ ਦੇਸ਼ ਵਿਕਸਤ ਹੋ ਕੇ ਵਿਸ਼ਵ ਗੁਰੂ ਬਣੇਗਾ। ਇਸੇ ਮੰਤਵ ਦੀ ਪ੍ਰਾਪਤੀ ਲਈ ਵਿਕਸਤ ਭਾਰਤ ਸੰਕਲਪ ਯਾਤਰਾ ਵੱਖ-ਵੱਖ ਥਾਵਾਂ 'ਤੇ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਯੋਜਨਾਵਾਂ ਦੇ ਲਾਭ ਅਤੇ ਜਾਗਰੂਕਤਾ ਨਾਲ ਔਰਤਾਂ ਖ਼ੁਦ ਦਾ ਬਹੁਤ ਵੱਡਾ ਕਾਰੋਬਾਰ ਸ਼ੁਰੂ ਕਰ ਸਕਦੀਆਂ ਹਨ। ਉਨ੍ਹਾਂ 'ਲਿੱਜਤ' ਪਾਪੜ ਦੀ ਉਦਾਹਰਣ ਦਿੰਦਿਆਂ ਔਰਤਾਂ ਨੂੰ ਉਤਸ਼ਾਹਿਤ ਕੀਤਾ ਕਿ ਇਹ ਪਾਪੜ ਬਣਾਉਣ ਦੀ ਸ਼ੁਰੂਆਤ ਸਿਰਫ ਪੰਜ ਔਰਤਾਂ ਵੱਲੋਂ ਕੀਤੀ ਗਈ ਸੀ ਜਿਸ ਦਾ ਨਾਮ ਅੱਜ ਹਰ ਕੋਈ ਜਾਣਦਾ ਹੈ। ਇਸ ਮੌਕੇ ਸਰਕਾਰ ਦੀਆਂ ਯੋਜਨਾਵਾਂ ਸਬੰਧੀ ਵੱਖ-ਵੱਖ ਵਿਭਾਗਾਂ ਵੱਲੋਂ ਸਟਾਲ ਲਗਾਏ ਗਏ। ਇਸ ਦੌਰਾਨ ਵਾਤਾਵਰਨ ਦੀ ਸੰਭਾਲ ਲਈ ਇੱਕ ਨੁੱਕੜ ਨਾਟਕ ਵੀ ਪੇਸ਼ ਕੀਤਾ ਗਿਆ।

ਜ਼ਿਕਰਯੋਗ ਹੈ ਕਿ ਵਿਕਸਤ ਭਾਰਤ ਸੰਕਲਪ ਯਾਤਰਾ ਤਹਿਤ ਖ਼ਾਸ ਤੌਰ 'ਤੇ ਡਿਜ਼ਾਈਨ ਕੀਤੀਆਂ ਗਈਆਂ ਆਈਈਸੀ (ਸੂਚਨਾ, ਸਿੱਖਿਆ ਅਤੇ ਸੰਚਾਰ) ਵੈਨਾਂ ਰਾਹੀਂ ਕੇਂਦਰ ਸਰਕਾਰ ਦੀਆਂ ਵੱਖ-ਵੱਖ ਫਲੈਗਸ਼ਿਪ ਸਕੀਮਾਂ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਦੌਰਾਨ ਯੋਗ ਲਾਭਪਾਤਰੀਆਂ ਨੂੰ ਮੌਕੇ 'ਤੇ ਹੀ ਇਨ੍ਹਾਂ ਸਕੀਮਾਂ ਨਾਲ ਜੋੜਨ ਲਈ ਉਪਰਾਲੇ ਕੀਤੇ ਜਾ ਰਹੇ ਹਨ। ਇਸ ਮੌਕੇ ਡਿਪਟੀ ਕਮਿਸ਼ਨਰ ਸ੍ਰੀਮਤੀ ਪਰਨੀਤ ਸ਼ੇਰਗਿੱਲ, ਜ਼ਿਲ੍ਹਾ ਪੁਲੀਸ ਮੁਖੀ ਡਾ. ਰਵਜੋਤ ਗਰੇਵਾਲ, ਏਡੀਸੀ (ਵਿਕਾਸ) ਸੁਰਿੰਦਰ ਸਿੰਘ ਧਾਲੀਵਾਲ, ਏਡੀਸੀ (ਜਨਰਲ) ਈਸ਼ਾ ਸਿੰਗਲ ਮੌਜੂਦ ਸਨ।

# ਵਿਰੋਧੀ ਧਿਰ 2024 ਵਿੱਚ ਵੀ ਵਿਰੋਧੀ ਧਿਰ ਹੀ ਬਣੇਗੀ: ਮੋਦੀ



ਨਵੀਂ ਦਿੱਲੀ: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਵਿਰੋਧੀ ਪਾਰਟੀਆਂ ’ਤੇ ਸੰਸਦ ਦੀ ਸੁਰੱਖਿਆ ’ਚ ਸੰਨ੍ਹ ਦੀ ਘਟਨਾ ਨੂੰ ‘ਖਾਮੋਸ਼ ਤੇ ਅਸਿੱਧੀ’ ਹਮਾਇਤ ਦੇਣ ਦਾ ਦੋਸ਼ ਲਾਇਆ ਤੇ ਕਿਹਾ ਕਿ ਜੇਕਰ ਉਨ੍ਹਾਂ ਦਾ ਰਵੱਈਆ ਇਹੀ ਰਿਹਾ ਤਾਂ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਉਹ ਹੋਰ ਵੀ ਘੱਟ ਸੀਟਾਂ ਨਾਲ ਵਿਰੋਧੀ ਧਿਰ ’ਚ ਹੀ ਬੈਠੇ ਰਹਿ ਜਾਣਗੇ। ਇਸ ਸਾਲ ਭਾਰਤੀ ਜਨਤਾ ਪਾਰਟੀ ਸੰਸਦੀ ਪਾਰਟੀ ਦੀ ਆਖਰੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਮੋਦੀ ਨੇ 2024 ’ਚ ਲੋਕ ਸਭਾ ਚੋਣਾਂ ਲਈ ਹਾਕਮ ਧਿਰ ਦੇ ਗੱਠਜੋੜ ਦੀ ਪ੍ਰਚਾਰ ਮੁਹਿੰਮ ਦਾ ਵਿਸ਼ਾ ਤੈਅ ਕੀਤਾ ਅਤੇ ਨਾਲ ਹੀ ‘ਇੰਡੀਅਨ ਨੈਸ਼ਨਲ ਡਿਵੈਲਪਮੈਂਟਲ ਇਨਕਲੂਸਿਵ ਅਲਾਇੰਸ’ (ਇੰਡੀਆ ਗੱਠਜੋੜ) ਨੂੰ ਉਨ੍ਹਾਂ ਦੀ ਮੀਟਿੰਗ ਦੇ ਮੱਦੇਨਜ਼ਰ ਨਿਸ਼ਾਨੇ ’ਤੇ ਲਿਆ। ਸੰਸਦ ਦੀ ਕਾਰਵਾਈ ’ਚ ਅੜਿੱਕਾ ਪਾਉਣ ਲਈ ਵਿਰੋਧੀ ਪਾਰਟੀਆਂ ਦੀ ਆਲੋਚਨਾ ਕਰਦਿਆਂ ਮੋਦੀ ਨੇ ਕਿਹਾ ਕਿ ਉਹ ਪਿੱਛੇ ਜਿਹੇ ਹੋਈਆਂ ਵਿਧਾਨ ਸਭਾ ਚੋਣਾਂ ਵਿੱਚ ਮਿਲੀ ਹਾਰ ਤੋਂ ਨਿਰਾਸ਼ ਹੋ ਕੇ ਇਸ ਘਟਨਾ ਨੂੰ ਸਿਆਸੀ ਰੰਗ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਵਿਰੋਧੀ ਧਿਰ ਦਾ ਟੀਚਾ ਉਨ੍ਹਾਂ ਦੀ ਸਰਕਾਰ ਨੂੰ ਡੇਗਣਾ ਹੈ ਪਰ ਸਰਕਾਰ ਦਾ ਟੀਚਾ ਭਾਰਤ ਦਾ ਰੌਸ਼ਨ ਭਵਿੱਖ ਯਕੀਨੀ ਬਣਾਉਣਾ ਹੈ। ਸੰਸਦੀ ਮਾਮਲਿਆਂ ਬਾਰੇ ਮੰਤਰੀ ਪ੍ਰਹਿਲਾਦ ਜੋਸ਼ੀ ਨੇ ਪ੍ਰਧਾਨ ਮੰਤਰੀ ਦੇ ਹਵਾਲੇ ਨਾਲ ਕਿਹਾ, ‘ਕੁਝ ਲੋਕ ਭਾਜਪਾ ਨੂੰ ਸੱਤਾ ਤੋਂ ਹਟਾਉਣ ਦੇ ਇਰਾਦੇ ਨਾਲ ਇਕਜੁੱਟ ਹੋ ਰਹੇ ਹਨ ਜਦਕਿ ਅਸੀਂ ਦੇਸ਼ ਭਗਤ ਹਾਂ ਅਤੇ ਭਾਰਤ ਦੀ ਬਿਹਤਰੀ ਲਈ ਕੰਮ ਕਰ ਰਹੇ ਹਾਂ। ਉਹ ਸਰਕਾਰ ਨੂੰ ਹਟਾਉਣ ਲਈ ਆਪਣੀ ਤਾਕਤ ਦੀ ਵਰਤੋਂ ਕਰ ਰਹੇ ਹਨ ਜਦਕਿ ਅਸੀਂ ਭਾਰਤ ਦੀ ਭਲਾਈ ਲਈ ਆਪਣੀ ਤਾਕਤ ਦੀ ਵਰਤੋਂ ਕਰ ਰਹੇ ਹਾਂ।’ ਮੋਦੀ ਨੇ ਕਿਹਾ ਕਿ ਸੰਸਦ ’ਚ ਵਿਰੋਧੀ ਧਿਰ ਦਾ ਰਵੱਈਆ ਇਹੀ ਰਿਹਾ ਤਾਂ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਉਨ੍ਹਾਂ ਦੀ ਗਿਣਤੀ ਹੋਰ ਘਟਣੀ ਯਕੀਨੀ ਹੈ ਜਦਕਿ ਭਾਜਪਾ ਦੀਆਂ ਸੀਟਾਂ ਦੀ ਗਿਣਤੀ ਵਧੇਗੀ। ਮੀਟਿੰਗ ਹਾਲ ਵਿੱਚ ਕੁਝ ਖਾਲੀ ਕਤਾਰਾਂ ਵੱਲ ਇਸ਼ਾਰਾ ਕਰਦਿਆਂ ਉਨ੍ਹਾਂ ਕਿਹਾ ਕਿ ਇਨ੍ਹਾਂ ਨੂੰ 2024 ਦੀਆਂ ਚੋਣਾਂ ਮਗਰੋਂ ਭਰਿਆ ਜਾਵੇਗਾ। ਉਨ੍ਹਾਂ 13 ਦਸੰਬਰ ਨੂੰ ਦੋ ਵਿਅਕਤੀਆਂ ਦੇ ਦਰਸ਼ਕ ਗੈਲਰੀ ਤੋਂ ਲੋਕ ਸਭਾ ਚੈਂਬਰ ’ਚ ਛਾਲ ਮਾਰਨ ਅਤੇ ਕੈਨ ਨਾਲ ਧੂੰਆਂ ਫੈਲਾਉਣ ਦੀ ਘਟਨਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਲੋਕਤੰਤਰ ’ਚ ਯਕੀਨ ਰੱਖਣ ਵਾਲਾ ਕੋਈ ਵੀ ਵਿਅਕਤੀ ਅਜਿਹੀ ਕਾਰਵਾਈ ਸਵੀਕਾਰ ਨਹੀਂ ਕਰੇਗਾ। ਉਨ੍ਹਾਂ ਕਿਹਾ ਕਿ ਅਜਿਹੀ ਕਾਰਵਾਈ ਦੀ ਇਕਜੁੱਟ ਹੋ ਕੇ ਆਲੋਚਨਾ ਕੀਤੀ ਜਾਣੀ ਚਾਹੀਦੀ ਹੈ। ਇੱਕ ਸੂਤਰ ਅਨੁਸਾਰ ਮੋਦੀ ਨੇ ਕਿਹਾ, ‘ਬਦਕਿਸਮਤੀ ਨਾਲ ਮੈਂ ਜੋ ਦੇਖ ਰਿਹਾ ਹਾਂ ਉਹ ਇਹ ਹੈ ਕਿ ਵਿਰੋਧੀ ਧਿਰ ਚੋਣਾਂ ’ਚ ਹਾਰ ਦੀ ਆਪਣੀ ਨਿਰਾਸ਼ਾ ਬਾਹਰ ਕੱਢ ਰਹੀ ਹੈ ਅਤੇ ਪੂਰੀ ਘਟਨਾ ਨੂੰ ਸਿਆਸੀ ਰੰਗਤ ਦੇ ਰਹੀ ਹੈ। ਉਹ ਇਸ ਨੂੰ ਖਾਮੋਸ਼ ਤੇ ਅਸਿੱਧੀ ਹਮਾਇਤ ਵੀ ਦੇ ਰਹੇ ਹਨ ਜੋ ਚਿੰਤਾ ਦੀ ਗੱਲ ਹੈ। ਘਟਨਾ ਦੀ ਹਮਾਇਤ ਕਰਨਾ ਅਤੇ ਅਜਿਹੀਆਂ ਗੱਲਾਂ ਕਰਨਾ ਕਿ ਉਹ ਹੋਰ ਕੀ ਕਰ ਸਕਦੇ ਸਨ, ਚਿੰਤਾ ਵਾਲੀ ਤੇ ਨਿੰਦਣਯੋਗ ਗੱਲ ਹੈ। ਮੋਦੀ ਨੇ ਤਨਜ਼ ਕਸਦਿਆਂ ਕਿਹਾ ਕਿ ਇਨ੍ਹਾਂ ਪਾਰਟੀਆਂ ਦਾ ਵਿਹਾਰ ਸਪੱਸ਼ਟ ਤੌਰ ’ਤੇ ਸੰਕੇਤ ਦਿੰਦਾ ਹੈ ਕਿ ਉਨ੍ਹਾਂ ਵਿਰੋਧੀ ਧਿਰ ’ਚ ਰਹਿਣ ਦਾ ਮਨ ਬਣਾ ਲਿਆ ਹੈ।

## ਜੇਕਰ ਸਾਡੇ ਨਾਗਰਿਕ ਨੇ ਕੁਝ ਬੁਰਾ ਕੀਤਾ ਹੈ ਤਾਂ ਅਸੀਂ ਇਸ ’ਤੇ ਵਿਚਾਰ ਲਈ ਤਿਆਰ ਹਾਂ

# ਗੁਰਪਤਵੰਤ ਸਿੰਘ ਪੰਨੂੰ ਖ਼ਿਲਾਫ਼ ਮਿਲੀ ਕਿਸੇ ਵੀ ਜਾਣਕਾਰੀ ਦੀ ਕਰਾਂਗੇ ਜਾਂਚ : ਮੋਦੀ



ਨਵੀਂ ਦਿੱਲੀ: ਅਮਰੀਕਾ ’ਚ ਭਾਰਤੀ ਅਧਿਕਾਰੀ ਗੁਰਪਤਵੰਤ ਸਿੰਘ ਪੰਨੂ ਦੇ ਕਤਲ ਦੀ ਸਾਜ਼ਿਸ਼ ਰਚਣ ਦੇ ਦੋਸ਼ ਲੱਗਣ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਹਿਲੀ ਵਾਰ ਪ੍ਰਤੀਕਿਰਿਆ ਦਿੱਤੀ ਹੈ। ਪ੍ਰਧਾਨ ਮੰਤਰੀ ਮੋਦੀ ਨੇ ਸਪੱਸ਼ਟ ਕਿਹਾ ਹੈ ਕਿ ਜੇਕਰ ਕਿਸੇ ਭਾਰਤੀ ਸਾਜ਼ਿਸ਼ ਬਾਰੇ ਕੋਈ ਸਬੂਤ ਦਿੱਤਾ ਜਾਂਦਾ ਹੈ, ਤਾਂ ਉਹ ਯਕੀਨੀ ਤੌਰ ’ਤੇ ਇਸ ’ਤੇ ‘ਵਿਚਾਰ’ ਕਰਨਗੇ। ਉਨ੍ਹਾਂ ਇਹ ਵੀ ਕਿਹਾ ਕਿ ‘ਕੁਝ ਘਟਨਾਵਾਂ’ ਭਾਰਤ ਅਤੇ ਅਮਰੀਕਾ ਦੀ ਦੋਸਤੀ ਨੂੰ ਪਟੜੀ ਤੋਂ ਨਹੀਂ ਉਤਾਰ ਸਕਦੀਆਂ। ਬ੍ਰਿਟਿਸ਼ ਅਖਬਾਰ ਫਾਈਨੈਂਸ਼ੀਅਲ ਟਾਈਮਜ਼ ਨੂੰ ਦਿੱਤੇ ਇੰਟਰਵਿਊ ’ਚ ਪ੍ਰਧਾਨ ਮੰਤਰੀ ਮੋਦੀ ਨੇ ਸਾਫ ਕਿਹਾ ਕਿ ਜੇਕਰ ਸਾਡੇ ਕਿਸੇ ਨਾਗਰਿਕ ਨੇ ਕੁਝ ਚੰਗਾ ਜਾਂ ਬੁਰਾ ਕੀਤਾ ਹੈ ਤਾਂ ਅਸੀਂ ਇਸ ’ਤੇ ਵਿਚਾਰ ਕਰਨ ਲਈ ਤਿਆਰ ਹਾਂ। ਸਾਡੀ ਵਚਨਬੱਧਤਾ ਕਾਨੂੰਨ ਦੇ ਰਾਜ ਪ੍ਰਤੀ ਹੈ।

ਇਸ ਦੌਰਾਨ ਪ੍ਰਧਾਨ ਮੰਤਰੀ ਮੋਦੀ ਨੇ ਵਿਦੇਸ਼ਾਂ ’ਚ ਮੌਜੂਦ ਕੁਝ ਕੱਟੜਪੰਥੀ ਸਮੂਹਾਂ ਦੀਆਂ ਗਤੀਵਿਧੀਆਂ ’ਤੇ ਗੰਭੀਰ ਚਿੰਤਾ ਜ਼ਾਹਰ ਕੀਤੀ। ਮੋਦੀ ਨੇ ਕਿਹਾ ਕਿ ਕੱਟੜਪੰਥੀ ਤੱਤ ਪ੍ਰਗਟਾਵੇ ਦੀ ਆਜ਼ਾਦੀ ਦੇ ਨਾਂ ’ਤੇ ਧਮਕੀਆਂ ਦੇਣ ਅਤੇ ਹਿੰਸਾ ਭੜਕਾਉਣ ’ਚ ਲੱਗੇ ਹੋਏ ਹਨ।’ ਇਸ ਤੋਂ ਪਹਿਲਾਂ ਭਾਰਤੀ ਨਾਗਰਿਕ ਨਿਖਿਲ ਗੁਪਤਾ ’ਤੇ ਪੰਨੂ ਦੇ ਕਤਲ ਦੀ ਸਾਜ਼ਿਸ਼ ਰਚਣ ਦੇ ਦੋਸ਼ ਲੱਗ ਚੁੱਕੇ ਹਨ। ਅਮਰੀਕਾ ਉਸ ਦੀ ਹਵਾਲਗੀ ਦੀ ਮੰਗ ਕਰ ਰਿਹਾ ਹੈ। ਸਾਲ 2020 ’ਚ ਭਾਰਤ ਨੇ ਸਿੱਖ ਫਾਰ ਜਸਟਿਸ ਦੀ ਅਗਵਾਈ ਕਰਨ ਵਾਲੇ ਪੰਨੂ ਨੂੰ ਅੱਤਵਾਦੀ ਐਲਾਨ ਦਿੱਤਾ ਸੀ। ਭਾਰਤ ਨੇ ਵਾਰ-ਵਾਰ ਕਿਹਾ ਹੈ ਕਿ ਪੱਛਮੀ ਦੇਸ਼ ਅੱਤਵਾਦ ਨੂੰ ਗੰਭੀਰਤਾ ਨਾਲ ਨਹੀਂ ਲੈ ਰਹੇ ਹਨ।

ਭਾਰਤ ਅਤੇ ਅਮਰੀਕਾ ਦੀ ਦੋਸਤੀ ’ਤੇ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਸੁਰੱਖਿਆ ਅਤੇ ਅੱਤਵਾਦ ਵਿਰੋਧੀ ਸਹਿਯੋਗ ਸਾਡੀ ਸਾਂਝੇਦਾਰੀ ਦੇ ਮੁੱਖ ਤੱਤ ਹਨ। ਉਨ੍ਹਾਂ ਕਿਹਾ ਕਿ ਮੈਨੂੰ ਨਹੀਂ ਲੱਗਦਾ ਕਿ ਕੁਝ ਘਟਨਾਵਾਂ ਭਾਰਤ ਅਤੇ ਅਮਰੀਕਾ ਦੀ ਦੋਸਤੀ ਨੂੰ ਪ੍ਰਭਾਵਿਤ ਕਰਨਗੀਆਂ। ਦੋ ਦੇਸ਼ਾਂ ਦੇ ਕੂਟਨੀਤਕ ਸਬੰਧਾਂ ਨਾਲ ਜੋੜਨਾ ਉਚਿਤ ਹੋਵੇਗਾ। ਬਾਈਡੇਨ ਵੱਲੋਂ ਪੰਨੂ ਦੇ ਕਤਲ ਦੀ ਕਥਿਤ ਸਾਜ਼ਿਸ਼ ’ਤੇ ਚਿੰਤਾ ਜ਼ਾਹਰ ਕਰਨ ਤੋਂ ਬਾਅਦ ਮੋਦੀ ਨੇ ਕਿਹਾ ਕਿ ਆਪਸੀ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਦੋਵਾਂ ਦੇਸ਼ਾਂ ਦਾ ਮਜ਼ਬੂਤ ਸਮਰਥਨ ਹੈ। ਇਹ ਇੱਕ ਪਰਿਪੱਕ ਅਤੇ ਸਥਿਰ ਸਾਂਝੇਦਾਰੀ ਦਾ ਸੰਕੇਤ ਹੈ। ਤੁਹਾਨੂੰ ਦੱਸ ਦੇਈਏ ਕਿ ਹਾਲ ਹੀ ਵਿੱਚ ਨਰਿੰਦਰ ਮੋਦੀ ਰਾਜਕੀ ਦੌਰੇ ’ਤੇ ਅਮਰੀਕਾ ਗਏ ਸਨ ਅਤੇ ਬਾਈਡੇਨ ਨੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਸੀ। ਇਸ ਤੋਂ ਬਾਅਦ ਬਾਈਡੇਨ ਜੀ-20 ਸੰਮੇਲਨ ’ਚ ਹਿੱਸਾ ਲੈਣ ਲਈ ਭਾਰਤ ਆਏ ਸਨ। ਅਮਰੀਕਾ ਅਤੇ ਭਾਰਤ ਦੋਵੇਂ ਉੱਚ ਤਕਨੀਕ ਤੋਂ ਲੈ ਕੇ ਰੱਖਿਆ ਤੱਕ ਦੇ ਖੇਤਰਾਂ ਵਿੱਚ ਸਹਿਯੋਗ ਵਧਾਉਣ ਲਈ ਸਹਿਮਤ ਹੋਏ ਹਨ। ਇਸ ਤੋਂ ਪਹਿਲਾਂ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਵੀ ਭਾਰਤੀ ਖੁਫੀਆ ਏਜੰਟਾਂ ’ਤੇ ਹਰਦੀਪ ਸਿੰਘ ਨਿੱਝਰ ਨੂੰ ਮਾਰਨ ਦਾ ਦੋਸ਼ ਲਗਾਇਆ ਸੀ। ਭਾਰਤ ਤੋਂ ਵਾਰ-ਵਾਰ ਸਬੂਤ ਮੰਗਣ ਦੇ ਬਾਵਜੂਦ ਕੈਨੇਡੀਅਨ ਪ੍ਰਧਾਨ ਮੰਤਰੀ ਅੱਜ ਤੱਕ ਕੋਈ ਵੀ ਠੋਸ ਸਬੂਤ ਨਹੀਂ ਦੇ ਸਕੇ ਹਨ। ਅਮਰੀਕੀ ਨਿਆਂ ਵਿਭਾਗ ਨੇ ਕਿਹਾ ਹੈ ਕਿ 52 ਸਾਲਾ ਭਾਰਤੀ ਨਾਗਰਿਕ ਨਿਖਿਲ ਗੁਪਤਾ ਜੋ ਕਿ ਭਾਰਤ ਸਰਕਾਰ ਦਾ ਕਰਮਚਾਰੀ ਵੀ ਹੈ, ਨੇ ਨਿਊਯਾਰਕ ਸਿਟੀ ਨਿਵਾਸੀ ਦੇ ਕਤਲ ਦੀ ਸਾਜ਼ਿਸ਼ ਰਚੀ ਸੀ। ਵਿਭਾਗ ਨੇ ਗੁਰਪਤਵੰਤ ਸਿੰਘ ਪੰਨੂ ਦਾ ਨਾਂ ਨਹੀਂ ਲਿਆ ਪਰ ਉਸ ਦਾ ਇਸ਼ਾਰਾ ਪੰਨੂ ਵੱਲ ਹੀ ਹੈ ਕਿਉਂਕਿ ਪੰਨੂ ਅਮਰੀਕੀ ਸ਼ਹਿਰ ਨਿਊਯਾਰਕ ਵਿੱਚ ਰਹਿੰਦਾ ਹੈ। ਵਿਭਾਗ ਮੁਤਾਬਕ ਇਹ ਭਾਰਤੀ ਨਾਗਰਿਕ (ਨਿਖਿਲ ਗੁਪਤਾ) ਸੁਰੱਖਿਆ ਪ੍ਰਬੰਧਨ ਅਤੇ ਖੁਫੀਆ ਜਾਣਕਾਰੀਆਂ ਦੀ ਦੇਖ-ਰੇਖ ਕਰਦਾ ਸੀ। ਨਿਖਿਲ ਗੁਪਤਾ ’ਤੇ ਪੰਨੂ ਦੇ ਕਤਲ ਲਈ ਇਕ ਲੱਖ ਡਾਲਰ ਦੇਣ ਦਾ ਵਾਅਦਾ ਕਰਨ ਦਾ ਵੀ ਦੋਸ਼ ਹੈ। ਇਸ ਵਿੱਚੋਂ 9 ਜੂਨ 2023 ਨੂੰ 15 ਹਜ਼ਾਰ ਡਾਲਰ ਦੀ ਪੇਸ਼ਗੀ ਅਦਾਇਗੀ ਕੀਤੀ ਗਈ ਸੀ ਪਰ ਜਿਸ ਵਿਅਕਤੀ ਨੂੰ ਇਸ ਕੰਮ ਲਈ ਰੱਖਿਆ ਗਿਆ ਸੀ, ਉਹ ਇੱਕ ਅਮਰੀਕੀ ਏਜੰਸੀ ਦਾ ਖੁਫੀਆ ਏਜੰਟ ਸੀ

# ਮੋਦੀ ਨੇ ਉਪ ਰਾਸ਼ਟਰਪਤੀ ਨੂੰ ਫੋਨ ਕਰਕੇ ਕੁੱਝ ਸੰਸਦ ਮੈਂਬਰਾਂ ਦੇ ‘ਮਾੜੇ ਵਿਵਹਾਰ’ ’ਤੇ ਦੁੱਖ ਪ੍ਰਗਟਾਇਆ



ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਉਪ ਪ੍ਰਧਾਨ ਜਗਦੀਪ ਧਨਖੜ ਨੂੰ ਫੋਨ ਕਰਕੇ ਸੰਸਦ ਕੰਪਲੈਕਸ ਵਿੱਚ ਕੁਝ ਸੰਸਦ ਮੈਂਬਰਾਂ ਵੱਲੋਂ ‘ਮਾੜਾ ਵਿਵਹਾਰ’ ਕਰਦਿਆਂ ਉਨ੍ਹਾਂ ਦਾ ਮਜ਼ਾਕ ਉਡਾਉਣ ’ਤੇ ਡੂੰਘਾ ਦੁੱਖ ਪ੍ਰਗਟਾਇਆ। ਉਪ ਰਾਸ਼ਟਰਪਤੀ ਸਕੱਤਰੇਤ ਦੀ ਤਰਫੋਂ ਸੋਸ਼ਲ ਮੀਡੀਆ ਪਲੇਟਫਾਰਮ ‘ਐਕਸ’ ‘ਤੇ ਕੀਤੀ ਪੋਸਟ ਵਿਚ ਸ੍ਰੀ ਧਨਖੜ ਨੇ ਕਿਹਾ, ‘ਮੈਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਦਾ ਫੋਨ ਆਇਆ। ਉਨ੍ਹਾਂ ਨੇ ਕੱਲ੍ਹ ਕੁਝ ਮਾਣਯੋਗ ਸੰਸਦ ਮੈਂਬਰਾਂ ਵੱਲੋਂ ਪਵਿੱਤਰ ਸੰਸਦ ਕੰਪਲੈਕਸ ਵਿੱਚ ਕੀਤੇ ਡਰਾਮੇ ‘ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ।’ ਪੋਸਟ ਅਨੁਸਾਰ ਪ੍ਰਧਾਨ ਮੰਤਰੀ ਨੇ ਸ੍ਰੀ ਧਨਖੜ ਨੂੰ ਕਿਹਾ ਕਿ ਉਹ ਖੁਦ ਵੀ ਕਰੀਬ ਵੀਹ ਸਾਲਾਂ ਤੋਂ ਇਸ ਤਰ੍ਹਾਂ ਦੇ ਅਪਮਾਨ ਦਾ ਸਾਹਮਣਾ ਕਰ ਰਹੇ ਹਨ ਅਤੇ ਇਹ ਹਾਲੇ ਵੀ ਜਾਰੀ ਹੈ।

# ਵਿਰੋਧੀ ਪਾਰਟੀਆਂ ਵਲੋਂ ਸੰਸਦ ਦੀ ਸੁਰੱਖਿਆ ’ਚ ਕੁਤਾਹੀ ਦਾ ਸਮਰਥਨ ਘਾਤਕ : ਮੋਦੀ

## ਭਾਜਪਾ ਦੀ ਸੰਸਦੀ ਦਲ ਦੀ ਮੀਟਿੰਗ ’ਚ ਉੱਠਿਆ ਮੁਅੱਤਲ ਸੰਸਦ ਮੈਂਬਰਾਂ ਦਾ ਮੁੱਦਾ



ਨਵੀਂ ਦਿੱਲੀ : ਸੰਸਦ ਦੇ ਸਰਦ ਰੁੱਤ ਇਜਲਾਸ ਦਰਮਿਆਨ ਵਿਰੋਧੀ ਧਿਰਾਂ ਦੇ ਸੰਸਦ ਮੈਂਬਰਾਂ ਦੀ ਮੁਅੱਤਲੀ ਦੇ ਸਿਲਸਿਲੇ ਦਰਮਿਆਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਾਜਪਾ ਸੰਸਦੀ ਦਲ ਦੀ ਮੀਟਿੰਗ ਦਰਮਿਆਨ ਵਿਰੋਧੀ ਧਿਰਾਂ ਦੇ ਰਵੱਈਏ ਦੀ ਨਿਖੇਧੀ ਕਰਦਿਆਂ ਕਿਹਾ ਕਿ ਸਦਨ ਦੇ ਅੰਦਰ ਆਲੋਚਨਾ ਦਾ ਜਵਾਬ ਮਰਿਆਦਾ ’ਚ ਦਿੱਤਾ ਜਾਣਾ ਚਾਹੀਦਾ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਜਿਸ ਤਰ੍ਹਾਂ ਕੁਝ ਪਾਰਟੀਆਂ ਸੰਸਦ ਦੀ ਸੁਰੱਖਿਆ ’ਚ ਕੁਤਾਹੀ ਦਾ ਸਮਰਥਨ ਕਰ ਰਹੀਆਂ ਹਨ। ਉਹ ਸੁਰੱਖਿਆ ’ਚ ਕੁਤਾਹੀ ਜਿੰਨਾ ਹੀ ਖ਼ਤਰਨਾਕ ਹੈ, ਮੋਦੀ ਨੇ ਤਲਖ ਟਿੱਪਣੀ ਕਰਦਿਆਂ ਕਿਹਾ ਕਿ ਵਿਰੋਧੀ ਧਿਰਾਂ ਮਰਿਆਦਾ ਦੀ ਸੀਮਾ ਰੇਖਾ ਲੰਘ ਕੇ ਸੰਸਦ ਦੇ ਅੰਦਰ ਦਾਖ਼ਲ ਹੋਏ ਦੋਸ਼ੀਆਂ ਤੋਂ ਵੀ ਵੱਡੀ ਗਲਤੀ ਕਰ ਰਹੀਆਂ ਹਨ। ਹਲਕਿਆਂ ਮੁਤਾਬਿਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵਿਰੋਧੀ ਧਿਰਾਂ ’ਤੇ ਤਨਜ਼ ਕਰਦਿਆਂ ਕਿਹਾ ਕਿ ਅਸੀਂ ਦੇਸ਼ ਬਣਾਉਣ ਦੀ ਸੋਚ ਰਹੇ ਹਾਂ, ਉਹ ਸਰਕਾਰ ਉਖਾੜਣ ਦੀ ਸੋਚ ਰਹੇ ਹਨ। ਉਨ੍ਹਾਂ ਕਿਹਾ ਕਿ ਵਿਰੋਧੀ ਧਿਰਾਂ ਦਾ ਰਵੱਈਆ ਇਹ ਯਕੀਨੀ ਬਣਾਏਗਾ ਕਿ 2024 ਦੀਆਂ ਚੋਣਾਂ ’ਚ ਉਨ੍ਹਾਂ ਦੀ ਤਦਾਦ ਘੱਟ ਹੋਵੇਗੀ ਅਤੇ ਭਾਜਪਾ ਦੀ ਗਿਣਤੀ ’ਚ ਵਾਧਾ ਹੋਵੇਗਾ। ਮੋਦੀ ਨੇ ਹਾਲ ’ਚ ਹੋਈਆਂ ਵਿਧਾਨ ਸਭਾ ਚੋਣਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਵਿਧਾਨ ਸਭਾ ਚੋਣਾਂ ’ਚ ਹੋਈ ਹਾਰ ਤੋਂ ਵਿਰੋਧੀ ਧਿਰਾਂ ਹੜਬੜਾ ਰਹੀਆਂ ਹਨ ਅਤੇ ਨਿਰਾਸ਼ਾ ’ਚ ਸੰਸਦੀ ਕਾਰਵਾਈ ’ਚ ਰੁਕਾਵਟ ਪਾ ਰਹੀਆਂ ਹਨ। ਭਾਜਪਾ ਸੰਸਦੀ ਦਲ ਦੀ ਬੈਠਕ ਮੰਗਲਵਾਰ ਨੂੰ ਸੰਸਦ ਦੇ ਲਾਇਬ੍ਰੇਰੀ ਭਵਨ ’ਚ ਹੋਈ। ਜਿਸ ’ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਰੱਖਿਆ ਮੰਤਰੀ ਰਾਜਨਾਥ ਸਿੰਘ ਅਤੇ ਪਾਰਟੀ ਪ੍ਰਧਾਨ ਜੇ. ਪੀ. ਨੱਢਾ ਅਤੇ ਹੋਰ ਆਗੂ ਹਾਜ਼ਰ ਸਨ।


# ਧਨਖੜ ਦੀ ਨਕਲ ਲਾਹੇ ਜਾਣ ਤੋਂ ਰਾਸ਼ਟਰਪਤੀ ਵੀ ਦੁਖੀ



ਨਵੀਂ ਦਿੱਲੀ : ਰਸ਼ਟਰਪਤੀ ਦਰੋਪਦੀ ਮੁਰਮੂ ਨੇ ਅੱਜ ਕਿਹਾ ਹੈ ਕਿ ਸੰਸਦ ਕੰਪਲੈਕਸ ਵਿੱਚ ਜਿਸ ਤਰ੍ਹਾਂ ਉਪ ਰਾਸ਼ਟਰਪਤੀ ਜਗਦੀਸ਼ ਧਨਖੜ ਦਾ ਅਪਮਾਨ ਕੀਤਾ ਗਿਆ, ਉਸ ਤੋਂ ਉਹ ਬਹੁਤ ਦੁਖੀ ਹਨ। ਰਾਸ਼ਟਰਪਤੀ ਨੇ ਕਿਹਾ ਕਿ ਚੁਣੇ ਹੋਏ ਨੁਮਾਇੰਦੇ ਆਪਣੇ ਵਿਚਾਰ ਪ੍ਰਗਟ ਕਰਨ ਲਈ ਆਜ਼ਾਦ ਹਨ ਪਰ ਉਨ੍ਹਾਂ ਦਾ ਪ੍ਰਗਟਾਵਾ ਮਰਿਆਦਾ ਦੇ ਦਾਇਰੇ ਵਿੱਚ ਹੋਣਾ ਚਾਹੀਦਾ ਹੈ। ਰਾਸ਼ਟਰਪਤੀ ਦਾ ਇਹ ਬਿਆਨ ਤ੍ਰਿਣਮੂਲ ਕਾਂਗਰਸ ਦੇ ਸੰਸਦ ਮੈਂਬਰ ਕਲਿਆਣ ਬੈਨਰਜੀ ਵੱਲੋਂ ਸੰਸਦ ਮੈਂਬਰਾਂ ਦੀ ਮੁਅੱਤਲੀ ਵਿਰੁੱਧ ਮੰਗਲਵਾਰ ਨੂੰ ਸੰਸਦ ਦੀਆਂ ਪੌੜੀਆਂ ‘ਤੇ ਵਿਰੋਧੀ ਮੈਂਬਰਾਂ ਦੇ ਪ੍ਰਦਰਸ਼ਨ ਦੌਰਾਨ ਧਨਖੜ ਦੀ ਨਕਲ ਲਾਹੇ ਜਾਣ ਤੋਂ ਇਕ ਦਿਨ ਬਾਅਦ ਆਇਆ ਹੈ।

# ਸ਼ਹੀਦਾਨਿ ਵਫ਼ਾ

## ਪਹਲੇ ਪਿਤਾ ਕਟਾਯਾ ਅਬ ਬੇਟੇ ਕਟਾਊਂਗਾ
## ਨਾਨਕ ਕਾ ਬਾਗ਼ ਖ਼ੂਨ-ਏ-ਜਿਗਰ ਸੇ ਖਿਲਾਊਂਗਾ




ਸਿੱਖ ਇਤਿਹਾਸ ਵਿੱਚ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਅਤੇ ਨੌਂਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਉਪਰੰਤ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ, ਆਪਣੇ ਸਮੁੱਚੇ ਸਰਬੰਸ ਨੂੰ ਕੁਰਬਾਨ ਕਰਕੇ ਸਿੱਖੀ ਦੇ ਬਾਗ ਨੂੰ ਸਦਾ ਸਦਾ ਲਈ ਪ੍ਰਫੁੱਲਤ ਕੀਤਾ। ਦੁਨੀਆਂ ਦੇ ਇਤਿਹਾਸ ਵਿੱਚ ਸੱਤ ਤੇ ਨੌਂ ਸਾਲ ਦੀ ਉਮਰ ਵਿੱਚ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਹਿ ਸਿੰਘ ਜੀ ਦੀ ਲਾਸਾਨੀ ਸ਼ਹਾਦਤ ਦੇ ਸੋਗਮਈ ਪ੍ਰਸੰਗ ਨੂੰ 19ਵੀਂ 20ਵੀਂ ਸਦੀ ਦੇ ਮੁਸਲਮਾਨ ਕਵੀ ਅੱਲ੍ਹਾ ਯਾਰ ਖਾਂ ਜੋਗੀ ਨੇ ਆਪਣੀ ਸ਼ਾਇਰੀ ਦੀ ਉਰਦੂ ਭਾਸ਼ਾ ਵਿੱਚ ਰਚਿਤ ਪੁਸਤਕ ਸ਼ਹੀਦਾਨਿ ਵਫ਼ਾ ਵਿੱਚ ਬਿਆਨ ਕੀਤਾ ਹੈ। ਮਰਸੀਏ ਦੇ ਰੂਪ ਵਿੱਚ ਪਰਸ਼ੀਅਨ ਤੇ ਉਰਦੂ ਭਾਸ਼ਾ ਵਿੱਚ ਰਚਿਤ ਇਹ ਪੁਸਤਕ ਪੰਥਕ ਸਫ਼ਾਂ ਵਿੱਚ ਪਰਚੱਲਿਤ ਤੇ ਪਰਵਾਣਿਤ ਹੈ। ਵਿਸ਼ਵ ਪ੍ਰਸਿਧ ਗੁਰਮਤਿ ਸੰਗੀਤ ਵਿਦਵਾਨ ਅਤੇ ਕੀਰਤਨੀਏ ਡਾ. ਗੁਰਨਾਮ ਸਿੰਘ ਜੀ ਨੇ ਪੂਰਨ ਅਦਬ ਸਹਿਤ ਛੋਟੇ ਸਾਹਿਬਜ਼ਾਦਿਆਂ ਨੂੰ ਆਪਣੀ ਸ਼ਰਧਾਂਜਲੀ ਅਰਪਿਤ ਕਰਦਿਆਂ ਇਸ ਨਿਵੇਕਲੀ ਤੇ ਲੰਮੇਰੀ ਕਾਵਿ ਰਚਨਾ ਦਾ ਸੋਜ਼ ਭਰਪੂਰ ਅੰਦਾਜ਼ ਵਿੱਚ ਸੰਗੀਤਮਈ ਗਾਇਨ ਕੀਤਾ ਹੈ। ਅਸੀਂ ਇਸ ਸ਼ਾਹਕਾਰ ਰਚਨਾ ਨੂੰ ਇਕ ਆਡੀਓ, ਵੀਡਿਓ ਸੰਗੀਤਕ ਰਚਨਾ ਵਜੋਂ ਪੇਸ਼ ਕਰਨ ਦੇ ਨਾਲ ਨਾਲ ਪੰਜਾਬੀ, ਹਿੰਦੀ, ਅੰਗਰੇਜ਼ੀ ਤੇ ਉਰਦੂ ਭਾਸ਼ਾ ਵਿੱਚ ਇਤਿਹਾਸ ਦਰਸਾਉਂਦੇ ਚਿੱਤਰਾਂ ਸਹਿਤ ਪੁਸਤਕ ਰੂਪ ਵਿੱਚ ਵੀ ਭੇਟ ਕਰ ਰਹੇ ਹਾਂ। ਗੁਰੂ ਪਿਆਰਿਓ ! ਦੁਨੀਆਂ ਦੇ ਇਤਿਹਾਸ ਦੀ ਇਸ ਲਾਸਾਨੀ ਸ਼ਹਾਦਤ ਨੂੰ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਦੇ ਦਿਲਾਂ ਵਿਚ ਸਦਾ ਸਦਾ ਲਈ ਵਸਾਉਣ ਵਾਸਤੇ ਆਓ ! ਇਸ ਇਤਿਹਾਸਿਕ ਵਡਮੁੱਲੀ ਰਚਨਾ ਨੂੰ ਪੜ੍ਹੀਏ, ਸੁਣੀਏ, ਵੇਖੀਏ ਅਤੇ ਰਹਿੰਦੀ ਦੁਨੀਆਂ ਤੱਕ ਇਸ ਦਾ ਬਿਆਨ ਜਾਰੀ ਰੱਖਦਿਆਂ ਆਪਣੀ ਪੂਰਨ ਸ਼ਰਧਾਂਜਲੀ ਭੇਟ ਕਰੀਏ।

# ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਹਿ ਸਿੰਘ ਜੀ ਸੇਵਾ ਸੁਸਾਇਟੀ ਕੈਲੀਫੋਰਨੀਆ ਵਲੋਂ ਗੁਰਦੁਆਰਾ ਸਾਹਿਬ ਸੈਨਹੋਜੇ ਵਿਖੇ ਸਲਾਨਾ ਸ਼ਹੀਦੀ ਸਮਾਗਮ ਸਫ਼ਰ-ਏ-ਸ਼ਹਾਦਤ 22-23-24 ਦਸੰਬਰ ਨੂੰ

## ਪੰਥ ਦੇ ਉਘੇ ਵਿਦਵਾਨ ਡਾ. ਗੁਰਨਾਮ ਸਿੰਘ ਵਲੋਂ ਸਫਰ-ਏ-ਸ਼ਹਾਦਤ 'ਤੇ ਸਪੈਸ਼ਲ ਡਾਕੂਮੈਂਟਰੀ ਸ਼ਨੀਵਾਰ ਸ਼ਾਮ 730:PM ਤੇ ਦਿਖਾਈ ਜਾਵੇਗੀ

ਸੈਨਹੋਜ਼ੇ/ਕੈਲੀਫੋਰਨੀਆ : ਚਾਰ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਗੁਰਦੁਆਰਾ ਸਾਹਿਬ, ਸੈਨਹੋਜੇ ਕੈਲੀਫੋਰਨੀਆ ਵਿਖੇ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਹਿ ਸਿੰਘ ਜੀ ਸੇਵਾ ਸੁਸਾਇਟੀ ਕੈਲੀਫੋਰਨੀਆ ਅਤੇ ਸ੍ਰੀ ਫਤਹਿਗੜ੍ਹ ਸਾਹਿਬ ਇਲਾਕੇ ਦੀਆਂ ਸਮੂਹ ਸੰਗਤਾਂ ਵਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ੍ਰੀ ਗੁਰਦੁਆਰਾ ਸਾਹਿਬ ਸੈਨਹੋਜੇ ਕੈਲੀਫੋਰਨੀਆ ਵਿਖੇ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਹਿ ਸਿੰਘ ਜੀ ਅਤੇ ਮਾਤਾ ਗੁਜਰ ਕੌਰ ਜੀ ਦਾ ਸ਼ਹੀਦੀ ਦਿਵਸ 22 ਤੋਂ 24 ਦਸੰਬਰ ਤੱਕ ਮਨਾਇਆ ਜਾ ਰਿਹਾ ਹੈ। 22 ਦਸੰਬਰ 2023 ਦਿਨ ਸ਼ੁੱਕਰਵਾਰ ਸਵੇਰੇ 11.00 ਵਜੇ ਸ੍ਰੀ ਅਖੰਡ ਪਾਠ ਸਾਹਿਬ ਜੀ ਪਾਠ ਅਰੰਭ ਹੋਣਗੇ ਜਿਨ੍ਹਾਂ ਦੇ ਭੋਗ



24 ਦਸੰਬਰ 2023 ਦਿਨ ਐਤਵਾਰ ਨੂੰ ਪਾਏ ਜਾਣਗੇ। ਇਸ ਦੌਰਾਨ ਕੀਰਤਨ, ਕਥਾ, ਢਾਡੀ, ਜਥੇ ਅਤੇ ਬੱਚਿਆਂ ਵਲੋਂ ਕੀਰਤਨ ਹੋਵੇਗਾ। 24 ਦਸੰਬਰ ਨੂੰ ਗੁਰੂ ਘਰ ਦੀ ਹਦੂਦ ਅੰਦਰ ਸ਼ਹੀਦਾਂ ਦੀ ਯਾਦ ਵਿਚ 1.00 ਵਜੇ ਨਗਰ ਕੀਰਤਨ ਹੋਵੇਗਾ। ਇਸ ਮੌਕੇ ਡਾ. ਗੁਰਨਾਮ ਸਿੰਘ ਵਲੋਂ 23 ਦਸੰਬਰ ਦਿਨ ਸ਼ਨੀਵਾਰ ਨੂੰ ਸਫ਼ਰ-ਏ-ਸ਼ਹਾਦਤ ਉਪਰ ਸਪੈਸ਼ਲ ਡਾਕੂਮੈਂਟਰੀ ਸ਼ਾਮ 7.30 PM ਤੋਂ 8.30 PM ਤੱਕ ਦਿਖਾਈ ਜਾਵੇਗੀ। ਸਮੂਹ ਸੰਗਤਾਂ ਨੂੰ ਬੇਨਤੀ ਹੈ ਜੀ ਵੱਧ ਤੋਂ ਵੱਧ ਪਹੁੰਚ ਕੇ ਗੁਰੂ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ। ਇਥੇ ਇਹ ਜਿਕਰਯੋਗ ਹੈ ਕੀ ਪੰਥ ਦੇ ਉਘੇ ਵਿਦਵਾਨ ਡਾਕਟਰ ਗੁਰਨਾਮ ਸਿੰਘ ਵਲੋਂ ਸਫਰ ਏ ਸ਼ਹਾਦਤ ਉਪਰ ਸਪੈਸ਼ਲ ਡਾਕੂਮੈਂਟਰੀ ਸ਼ਨੀਵਾਰ ਸ਼ਾਮ 730:PM ਤੇ ਦਿਖਾਈ ਜਾਵੇਗੀ

# ਨਵਜੋਤ ਸਿੱਧੂ ਤੇ ਪ੍ਰਤਾਪ ਬਾਜਵਾ ਵਿਚਾਲੇ ਸ਼ਬਦੀ ਜੰਗ ਭਖੀ

ਪਟਿਆਲਾ : ਕਾਂਗਰਸ ਵਿੱਚ ਦਿਨੋ-ਦਿਨ ਵਧ ਰਹੀ ਖ਼ਾਨਾਜੰਗੀ ਰੁਕਣ ਦਾ ਨਾਮ ਨਹੀਂ ਲੈ ਰਹੀ। ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਅਤੇ ਪ੍ਰਤਾਪ ਸਿੰਘ ਬਾਜਵਾ ਵਿਚਾਲੇ ਸੋਸ਼ਲ ਮੀਡੀਆ 'ਤੇ ਚੱਲੀ ਗੱਲਬਾਤ ਨੂੰ ਅੱਜ ਕਈ ਕਾਂਗਰਸੀ ਵਿਧਾਇਕਾਂ ਨੇ ਚਰਚਾ ਵਿੱਚ ਲਿਆਂਦਾ ਹੈ। ਸਾਬਕਾ ਵਿਧਾਇਕ ਨਾਜ਼ਰ ਸਿੰਘ ਮਾਨਸ਼ਾਹੀਆ, ਰਾਜਿੰਦਰ ਸਿੰਘ ਸਮਾਣਾ, ਮਹੇਸ਼ਇੰਦਰ ਸਿੰਘ, ਰਾਮਿੰਦਰ ਆਮਲਾ, ਜਗਦੇਵ ਸਿੰਘ ਕਮਾਲੂ, ਹਲਕਾ ਇੰਚਾਰਜ ਗੁਰੂਹਰਸਹਾਏ ਵਿਜੈ ਕਾਲੜਾ, ਹਲਕਾ ਇੰਚਾਰਜ ਬਠਿੰਡਾ (ਦਿਹਾਤੀ) ਹਰਵਿੰਦਰ ਸਿੰਘ ਲਾਡੀ ਅਤੇ ਹੋਰ ਸੀਨੀਅਰ ਆਗੂਆਂ ਤੇ ਵਰਕਰ ਨਵਜੋਤ ਸਿੱਧੂ ਦੇ ਹੱਕ ਵਿੱਚ ਆ ਗਏ ਹਨ। ਇਨ੍ਹਾਂ ਆਗੂਆਂ ਨੇ ਸੋਸ਼ਲ ਮੀਡੀਆ 'ਤੇ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ 'ਤੇ ਸਵਾਲਾਂ ਦੀ ਝੜੀ ਲਗਾ ਦਿੱਤੀ ਹੈ। ਸਵਾਲ ਪੁੱਛਣ ਵਾਲਿਆਂ ਵਿੱਚ ਸਾਬਕਾ ਮੰਤਰੀ ਲਾਲ ਸਿੰਘ ਦੇ ਪੁੱਤਰ ਅਤੇ ਸਾਬਕਾ ਵਿਧਾਇਕ ਕਾਕਾ ਰਾਜਿੰਦਰ ਸਿੰਘ ਵੀ ਸ਼ਾਮਲ ਹਨ।

ਜ਼ਿਕਰਯੋਗ ਹੈ ਕਿ ਪ੍ਰਤਾਪ ਸਿੰਘ ਬਾਜਵਾ ਨੇ ਨਵਜੋਤ ਸਿੱਧੂ ਵੱਲੋਂ ਕੀਤੀ ਗਈ ਇੱਕ ਰੈਲੀ ਸਬੰਧੀ ਕਿਹਾ ਸੀ ਕਿ ਉਹ ਵੱਖਰੀਆਂ ਰੈਲੀਆਂ ਕਰਨ ਦੀ ਬਜਾਏ ਸਾਂਝੇ ਮੰਚ 'ਤੇ ਆਉਣ ਅਤੇ 21 ਤੇ 22 ਨੂੰ ਜਗਰਾਉਂ ਵਿੱਚ ਹੋ ਰਹੇ ਕਾਂਗਰਸ ਦੇ ਪ੍ਰਦਸ਼ਨ ਵਿੱਚ ਸ਼ਾਮਲ ਹੋ ਕੇ ਆਪਣੀ ਗੱਲ ਰੱਖਣ।



ਸ੍ਰੀ ਬਾਜਵਾ ਨੇ ਇਹ ਵੀ ਕਿਹਾ ਸੀ ਕਿ ਸਿੱਧੂ ਦੀ ਪ੍ਰਧਾਨਗੀ ਹੇਠ ਕਾਂਗਰਸ 78 ਵਿਧਾਇਕਾਂ ਤੋਂ 18 'ਤੇ ਸਿਮਟ ਗਈ ਹੈ। ਹੁਣ ਸਿੱਧੂ ਦਾ ਫ਼ਰਜ਼ ਬਣਦਾ ਹੈ ਕਿ ਉਹ ਪਾਰਟੀ ਨਾਲ ਚੱਲਣ।

ਇਸ 'ਤੇ ਪ੍ਰਤੀਕਿਰਿਆ ਦਿੰਦਿਆਂ ਨਵਜੋਤ ਸਿੱਧੂ ਨੇ ਕਈ ਸਵਾਲ ਖੜ੍ਹੇ ਕੀਤੇ ਹਨ। ਉਨ੍ਹਾਂ ਬਾਜਵਾ ਨੂੰ ਪੁੱਛਿਆ, "ਤੁਸੀਂ ਇੰਡੀਆ ਗੱਠਜੋੜ ਦੀ ਸਿਆਸਤ ਨੂੰ ਨਕਾਰੋ ਤੇ ਬੋਲੋ ਕਿ ਅਸੀਂ ਕਾਂਗਰਸ ਹਾਈਕਮਾਂਡ ਵੱਲੋਂ ਇਸ ਗੱਠਜੋੜ ਦੇ ਸਿਆਸੀ ਫ਼ੈਸਲਿਆਂ ਨੂੰ ਲਾਗੂ ਨਹੀਂ ਕਰਾਂਗੇ ਤਾਂ ਇਹ ਵੱਖਰਾ ਅਖਾੜਾ ਨਹੀਂ ਹੈ? ਪਰ ਜੇ ਕੋਈ ਹੋਰ ਇਹ ਆਖੇ ਕਿ ਹਾਈਕਮਾਂਡ ਨਾਲ ਖੜ੍ਹਾਂਗਾ ਅਤੇ ਪੰਜਾਬ ਲਈ ਲੜਾਂਗਾ ਤਾਂ ਇਹ ਵੱਖਰਾ ਅਖਾੜਾ ਕਿਵੇਂ ਹੋ ਗਿਆ?" ਸਿੱਧੂ ਦੀ ਹਮਾਇਤ ਵਿੱਚ ਆਏ ਸਾਬਕਾ ਵਿਧਾਇਕਾਂ ਤੇ ਹਲਕਾ ਇੰਚਾਰਜਾਂ ਨੇ ਕਿਹਾ, "ਅਸੀਂ ਪੁੱਛਣਾ ਚਾਹੁੰਦੇ ਹਾਂ ਕਿ ਨਾ ਸਾਨੂੰ ਅਤੇ ਨਾ ਹੀ ਨਵਜੋਤ ਸਿੱਧੂ ਨੂੰ ਪੰਜਾਬ ਕਾਂਗਰਸ ਦੇ ਸਮਾਗਮਾਂ ਵਿੱਚ ਸੱਦਿਆ ਜਾਂਦਾ ਹੈ ਅਤੇ ਜੇ ਅਸੀਂ ਕਾਂਗਰਸ ਦੀ ਬਿਹਤਰੀ ਲਈ ਪਾਰਟੀ ਵਰਕਰਾਂ ਦੇ ਸੱਦੇ 'ਤੇ ਰੈਲੀ ਰੱਖ ਕੇ ਅੱਠ ਹਜ਼ਾਰ ਤੋਂ ਵੱਧ ਦਾ ਇਕੱਠ ਕੀਤਾ ਤਾਂ ਸਾਡਾ ਹੌਸਲਾ ਵਧਾਉਣ ਦੀ ਬਜਾਏ ਸਾਨੂੰ ਮਾੜਾ ਕਿਹਾ ਜਾ ਰਿਹਾ ਹੈ।" ਉਨ੍ਹਾਂ ਕਿਹਾ, "ਨਵਜੋਤ ਸਿੱਧੂ ਨਾਲ ਨੇੜਤਾ ਕਰ ਕੇ ਸਾਡੇ ਨਾਲ ਪਾਰਟੀ ਵਿੱਚ ਪੱਖਪਾਤ ਕਿਉਂ ਕੀਤਾ ਜਾ ਰਿਹਾ ਹੈ।" ਕਾਂਗਰਸੀ ਆਗੂਆਂ ਨੇ ਕਿਹਾ ਕਿ ਪਿਛਲੇ ਲਗਪਗ ਇੱਕ ਮਹੀਨੇ ਤੋਂ ਪ੍ਰਤਾਪ ਬਾਜਵਾ ਨੇ ਵਿਰੋਧੀ ਧਿਰ ਵਜੋਂ ਕੋਈ ਵੱਡਾ ਸਮਾਗਮ ਨਹੀਂ ਕੀਤਾ ਜਦਕਿ ਉਹ ਖੁੱਲ੍ਹੀ ਰੈਲੀ ਰਾਹੀਂ ਲੋਕਾਂ ਦੇ ਸਵਾਲ ਸਰਕਾਰ ਅੱਗੇ ਰੱਖ ਰਹੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਕਾਂਗਰਸੀ ਕਾਰਕੁਨਾਂ ਨੂੰ ਮਾਣ-ਸਤਿਕਾਰ ਤੇ ਨੁਮਾਇੰਦਗੀ ਨਹੀਂ ਮਿਲ ਰਹੀ।

# ਕੈਲੀਫੋਰਨੀਆ ਦੇ ਉਘੇ ਸਿੱਖ ਆਗੂਆਂ ਨੂੰ ਮਿਲ ਰਹੀਆਂ ਧਮਕੀਆਂ ਉਪਰ ਭਾਈਚਾਰੇ ’ਚ ਚਿੰਤਾ, ਅਮਰੀਕਾ ਸਰਕਾਰ ਦੇ ਵੱਖ-ਵੱਖ ਵਿਭਾਗਾਂ ਵਲੋਂ ਸਿੱਖ ਆਗੂਆਂ ਨਾਲ ਮੁਲਾਕਾਤ

## ਭਾਰਤ ਅੰਤਰਾਸ਼ਟਰੀ ਕਾਨੂੰਨਾਂ ਦੀ ਉਲੰਘਣਾ ਕਰਕੇ ਸਾਡਾ ਸਬਰ ਨਾ ਪਰਖੇ : ਸ੍ਰ. ਹਰਮਿੰਦਰ ਸਿੰਘ ਸਮਾਣਾ



ਮਨਟੀਕਾ/ ਕੈਲੀਫੋਰਨੀਆ:- ਕੈਲੀਫੋਰਨੀਆ ਦੇ ਉਘੇ ਸਿੱਖ ਆਗੂਆਂ ਨੂੰ ਮਿਲ ਰਹੀਆਂ ਜਾਨ ਤੋਂ ਮਾਰਨ ਦੀਆਂ ਧਮਕੀਆ ਉਪਰ ਸਿੱਖ ਭਾਈਚਾਰੇ ’ਚ ਜਿਥੇ ਚਿੰਤਾ ਪਾਈ ਜਾ ਰਹੀ ਹੈ, ਉਥੇ ਅਮਰੀਕਾ ਸਰਕਾਰ ਵਲੋਂ ਸਿੱਖ ਆਗੂਆਂ ਨਾਲ ਇਸ ਵਿਸ਼ੇ ਉਪਰ ਲਗਾਤਾਰ ਮੁਲਾਕਾਤ ਕੀਤੀ ਜਾ ਰਹੀ ਹੈ। ਪਿਛਲੇ ਹਫਤੇ ਇਸ ਵਿਸ਼ੇ ਉਪਰ ਸਿੱਖ ਲੀਡਰਸ਼ਿੱਪ ਦਾ ਇੱਕ ਉੱਚ ਪੱਧਰ ਵਫਦ ਡਾ. ਸਿੱਖ ਕਾਕਸ ਦੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਦੀ ਅਗਵਾਈ ’ਚ ਪ੍ਰੈਜੀਡੈਂਟ ਜੋਅ ਬਾਈਡਨ ਅਤੇ ਅਮਰੀਕਾ ਦੀਆਂ ਹੋਰ ਏਜੰਸੀਆਂ ਨੂੰ ਮਿਲਿਆ ਸੀ ਜਿਸ ਵਿੱਚ ਅਮਰੀਕਾ ਸਰਕਾਰ ਨੇ ਹਰ ਤਰ੍ਹਾਂ ਦੀ ਸੁਰੱਖਿਆ ਦਾ ਭਰੋਸਾ ਦਿੱਤਾ ਸੀ। ਇਸ ਪ੍ਰਤੀ ਅਮਰੀਕਨ ਸੈਨਟ ’ਚ ਸਿੱਖਾਂ ਦੇ ਕਤਲ ਅਤੇ ਸੰਭਾਵੀ ਹਮਲਿਆਂ ਨੂੰ ਲੈ ਕੇ ਸਵਾਲ ਉਠਾਏ ਗਏ ਸਨ। ਇਥੇ ਇਹ ਜ਼ਿਕਰਯੋਗ ਹੈ ਕਿ ਭਾਰਤੀ ਕਤਲ ਦੀ ਸਾਜ਼ਿਸ਼ ਵਿੱਚ ਕਥਿਤ ਤੌਰ ’ਤੇ ਨਿਸ਼ਾਨਾ ਬਣਾਏ ਗਏ ਅਮਰੀਕੀ ਵਕੀਲ ਨੂੰ ਅਜੇ ਵੀ ਜਾਨੋਂ ਮਾਰਨ ਦੀਆਂ ਧਮਕੀਆਂ ਮਿਲ ਰਹੀਆਂ ਹਨ।

ਅਮਰੀਕੀ ਸਿੱਖ ਗੁਰਪਤਵੰਤ ਸਿੰਘ ਪੰਨੂ ਦੀ ਹੱਤਿਆ ਦੀ ਕੋਸ਼ਿਸ਼ ਨੂੰ ਕਾਨੂੰਨ ਲਾਗੂ ਕਰਨ ਵਾਲੇ ਏਜੰਟਾਂ ਨੇ ਨਾਕਾਮ ਕਰ ਦਿੱਤਾ।

ਇੱਕ ਅਮਰੀਕੀ ਸਿੱਖ ਜੋ ਕਿ ਇੱਕ ਭਾਰਤੀ ਸਰਕਾਰੀ ਅਧਿਕਾਰੀ ਦੁਆਰਾ ਰਚੀ ਗਈ ਕਥਿਤ ਹੱਤਿਆ ਦੀ ਸਾਜਿਸ਼ ਦਾ ਨਿਸ਼ਾਨਾ ਸੀ, ਨੇ ਕਿਹਾ ਹੈ ਕਿ ਉਸਨੂੰ ਅਜੇ ਵੀ ਇੱਕ ਦਿਨ ਵਿੱਚ ਸੈਂਕੜੇ ਧਮਕੀਆਂ ਮਿਲ ਰਹੀਆਂ ਹਨ, ਭਾਵੇਂ ਕਿ ਭਾਰਤ ਨੇ ਦਾਅਵਾ ਕੀਤਾ ਹੈ ਕਿ ਉਹ ਕਿਰਾਏ ਲਈ ਕਤਲ ਦੀ ਸਾਜ਼ਿਸ਼ ਦੀ ਜਾਂਚ ਕਰ ਰਿਹਾ ਹੈ।

ਨਿਊਯਾਰਕ-ਅਧਾਰਤ ਵਕੀਲ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਕਿ ਸੋਸ਼ਲ ਮੀਡੀਆ ਅਤੇ ਹੋਰ ਫੋਰਮਾਂ ’ਤੇ ਧਮਕੀਆਂ ਦਾ ਸਿਲਸਿਲਾ ਉਦੋਂ ਤੋਂ ਜਾਰੀ ਹੈ ਜਦੋਂ ਤੋਂ ਨਿਆਂ ਵਿਭਾਗ ਨੇ ਦੋਸ਼ ਲਗਾਇਆ ਹੈ ਕਿ ਖੁਫੀਆ ਤੰਤਰ ਨਾਲ ਸਬੰਧ ਰੱਖਣ ਵਾਲੇ ਇੱਕ ਅਣਪਛਾਤੇ ਭਾਰਤੀ ਸਰਕਾਰੀ ਅਧਿਕਾਰੀ - ਇੱਕ ਅਮਰੀਕੀ ਦੋਸ਼ ਵਿੱਚ ਸੀਸੀ-1 ਵਜੋਂ ਜਾਣਿਆ ਜਾਂਦਾ ਹੈ - ਅਮਰੀਕਾ ਦੀ ਧਰਤੀ ’ਤੇ ਸਿੱਖ ਕਾਰਕੁਨ ਨੂੰ ਮਾਰਨ ਦਾ ਪ੍ਰਬੰਧ ਕੀਤਾ। ਸੀਸੀ-1 ਨੇ ਪਿਛਲੇ ਜੂਨ ਵਿੱਚ ਕੈਨੇਡਾ ਵਿੱਚ ਇੱਕ ਹੋਰ ਕਾਰਕੁਨ ਹਰਦੀਪ ਸਿੰਘ ਨਿੱਝਰ ਦੇ ਕਤਲ ਵਿੱਚ ਵੀ ਭੂਮਿਕਾ ਨਿਭਾਈ ਜਾਪਦੀ ਹੈ।

“ਉਹ ਮੈਨੂੰ ਮਰਨਾ ਚਾਹੁੰਦੇ ਹਨ। ਮੈਨੂੰ ਪਤਾ ਹੈ ਕਿ ਕਿਉਂਕਿ ਮੈਂ ਪੰਜਾਬ ਨੂੰ ਭਾਰਤੀ ਕਬਜੇ ਤੋਂ ਆਜ਼ਾਦ ਕਰਵਾਉਣ ਲਈ ਖਾਲਿਸਤਾਨ ਰਾਏਸ਼ੁਮਾਰੀ ਦਾ ਆਯੋਜਨ ਕਰ ਰਿਹਾ ਹਾਂ, “ਪੰਨੂ ਨੇ ਇੱਕ ਫੋਨ ਇੰਟਰਵਿਊ ਵਿੱਚ ਕਿਹਾ। ਕੁਝ ਮਾਮਲਿਆਂ ਵਿੱਚ, ਪੰਨੂ ਨੇ ਕਿਹਾ ਕਿ ਸੋਸ਼ਲ ਮੀਡੀਆ ਪੋਸਟਾਂ ’ਤੇ ਉਸਦੀ ਤੁਲਨਾ ਈਰਾਨੀ ਜਨਰਲ ਕਾਸਿਮ ਸੁਲੇਮਾਨੀ ਨਾਲ ਕੀਤੀ ਜਾ ਰਹੀ ਹੈ, ਜੋ 2020 ਵਿੱਚ ਡੋਨਾਲਡ ਟਰੰਪ ਦੇ ਅਧੀਨ ਵ੍ਹਾਈਟ ਹਾਊਸ ਦੁਆਰਾ ਆਦੇਸ਼ ਦਿੱਤੇ ਗਏ ਇੱਕ ਹਵਾਈ ਹਮਲੇ ਵਿੱਚ ਮਾਰਿਆ ਗਿਆ ਸੀ।

ਅਮਰੀਕਾ ਦੇ ਦੋਸ਼ਾਂ ਨੇ ਸਿੱਖ ਕਾਰਕੁਨ ਦੀ ਹੱਤਿਆ ਦੇ ਪਿੱਛੇ ਟਰੂਡੋ ਦੇ ਭਾਰਤ ਦੇ ਦੋਸ਼ਾਂ ਨੂੰ ਹੋਰ ਵਧਾ ਦਿੱਤਾ ਹੈ।

“ਉਹ ਕਹਿ ਰਹੇ ਹਨ ਕਿ ਜੇਕਰ ਅਮਰੀਕਾ ਉਸਨੂੰ ਮਾਰ ਸਕਦਾ ਹੈ ਤਾਂ ਭਾਰਤ ਮੈਨੂੰ ਕਿਉਂ ਨਹੀਂ ਮਾਰ ਸਕਦਾ ?” ਪੰਨੂ ਨੇ ਕਿਹਾ। 56 ਸਾਲਾ ਕਾਰਕੁਨ, ਜੋ ਪੰਜਾਬ ਵਿੱਚ ਪੈਦਾ ਹੋਇਆ ਸੀ ਪਰ ਅਮਰੀਕਾ ਚਲਾ ਗਿਆ ਅਤੇ ਇੱਕ ਅਟਾਰਨੀ ਬਣ ਗਿਆ, ਨੂੰ ਭਾਰਤ ਦੀ ਘਰੇਲੂ ਸੁਰੱਖਿਆ ਨੂੰ ਕਥਿਤ ਤੌਰ ’ਤੇ ਚੁਣੌਤੀ ਦੇਣ ਲਈ 2020 ਵਿੱਚ ਭਾਰਤ ਦੁਆਰਾ ਇੱਕ ਅੱਤਵਾਦੀ ਵਜੋਂ ਸੂਚੀਬੱਧ ਕੀਤਾ ਗਿਆ ਸੀ।

ਅਮਰੀਕਾ ਵਿੱਚ ਉਹ ਖਾਲਿਸਤਾਨ ਵਜੋਂ ਜਾਣੇ ਜਾਂਦੇ ਇੱਕ ਵੱਖਰੇ ਸਿੱਖ ਰਾਜ ਦੀ ਸਿਰਜਨਾ ਦੀ ਮੰਗ ਦੀ ਅਗਵਾਈ ਕਰ ਰਿਹਾ ਹੈ ਅਤੇ ਸਿੱਖ ਵੋਟਰਾਂ ਲਈ ਅਗਲੇ ਮਹੀਨੇ ਕੈਲੀਫੋਰਨੀਆ ਵਿੱਚ ਹੋਣ ਵਾਲੇ ਪ੍ਰਤੀਕਾਤਮਕ ਜਨਮਤ ਸੰਗ੍ਰਹਿ ਦਾ ਆਯੋਜਨ ਕਰ ਰਿਹਾ ਹੈ। ਉਸਨੇ ਅਤੀਤ ਵਿੱਚ ਹੋਰ ਸਿੱਖ ਕਾਰਕੁੰਨਾਂ ਨਾਲ ਨੇੜਿਓਂ ਕੰਮ ਕੀਤਾ ਹੈ, ਜਿਸ ਵਿੱਚ ਅਵਤਾਰ ਸਿੰਘ ਖੰਡਾ, ਇੱਕ ਯੂਕੇ-ਅਧਾਰਤ ਸਿੱਖ ਕਾਰਕੁਨ ਵੀ ਸ਼ਾਮਲ ਹੈ, ਜਿਸ ਦੀ ਅਚਾਨਕ ਅਤੇ ਸੰਖੇਪ ਬਿਮਾਰੀ ਤੋਂ ਬਾਅਦ ਉਸੇ ਸਮੇਂ ਮੌਤ ਹੋ ਗਈ ਸੀ ਜਦੋਂ ਭਾਰਤੀ ਅਧਿਕਾਰੀ ਕਥਿਤ ਤੌਰ ’ਤੇ ਪੰਨੂ ਨੂੰ ਮਾਰਨ ਦੀ ਸਾਜ਼ਿਸ਼ ਰਚ ਰਹੇ ਸਨ ਅਤੇ ਨਿੱਝਰ ਦਾ ਕਤਲ ਕਰ ਰਹੇ ਸਨ।

ਪੰਨੂ ਨੇ ਉਸ ਦੇ ਖਿਲਾਫ ਪਹਿਲਾਂ ਦੀਆਂ ਧਮਕੀਆਂ ਵੱਲ ਵੀ ਇਸ਼ਾਰਾ ਕੀਤਾ ਜੋ ਭਾਰਤੀ ਸੰਸਦ ਦੇ ਅੰਦਰ ਦਿੱਤੀਆਂ ਗਈਆਂ ਸਨ, ਜਿਸ ਵਿੱਚ ਇੱਕ ਐਮਪੀ ਦੁਆਰਾ ਵੀ ਸ਼ਾਮਲ ਹੈ ਜਿਸ ਨੇ ਕਥਿਤ ਤੌਰ ’ਤੇ ਅਮਰੀਕੀ ਕਾਰਕੁਨ ਦੇ ਖਿਲਾਫ “ਸਰਜੀਕਲ ਸਟ੍ਰਾਈਕ” ਦੀ ਮੰਗ ਕੀਤੀ ਸੀ।

ਅਮਰੀਕਾ ਵੱਲੋਂ ਕਥਿਤ ਕਤਲ ਦੀ ਸਾਜ਼ਿਸ਼ ਦੇ ਵੇਰਵਿਆਂ ਦਾ ਪਰਦਾਫਾਸ਼ ਕਰਨ ਤੋਂ ਹਫ਼ਤਿਆਂ ਬਾਅਦ - ਜਿਸ ਨੂੰ ਗੁਪਤ ਕਾਨੂੰਨ ਲਾਗੂ ਕਰਨ ਵਾਲੇ ਏਜੰਟਾਂ ਦੁਆਰਾ ਨਾਕਾਮ ਕਰ ਦਿੱਤਾ ਗਿਆ ਸੀ - ਹੋਰ ਸਿੱਖ ਕਾਰਕੁਨਾਂ ਨਾਲ ਮੁਲਾਕਾਤਾਂ ਨੇ ਉਨ੍ਹਾਂ ਦੀ ਸੁਰੱਖਿਆ ਬਾਰੇ ਨਿਰੰਤਰ ਬੇਚੈਨੀ ਅਤੇ ਚਿੰਤਾਵਾਂ ਦਾ ਖੁਲਾਸਾ ਕੀਤਾ ਹੈ ਕਿ ਭਾਰਤ ਨੂੰ ਆਖਰਕਾਰ ਮੁਹਿੰਮ ਚਲਾਉਣ ਲਈ ਜਵਾਬਦੇਹ ਨਹੀਂ ਠਹਿਰਾਇਆ ਜਾਵੇਗਾ।

ਪਿਛਲੇ ਹਫ਼ਤੇ ਕਾਂਗਰਸ ਦੇ ਭਾਰਤੀ-ਅਮਰੀਕੀ ਮੈਂਬਰਾਂ ਦੇ ਇੱਕ ਸਮੂਹ, ਜਿਸ ਵਿੱਚ ਅਮਰੀਕੀ ਰਾਸ਼ਟਰਪਤੀ ਜੋ ਬਿਡੇਨ ਦੇ ਪ੍ਰਭਾਵਸ਼ਾਲੀ ਸਮਰਥਨ ਸ਼ਾਮਲ ਹਨ, ਨੇ ਕਥਿਤ ਭਾਰਤੀ ਕਤਲ ਦੀ ਸਾਜ਼ਿਸ਼ ਦੀ ਨਿੰਦਾ ਕਰਦੇ ਹੋਏ ਇੱਕ ਬਿਆਨ ਜਾਰੀ ਕੀਤਾ, ਜਿਸ ਨੂੰ ਉਨ੍ਹਾਂ ਨੇ “ਡੂੰਘੀ ਚਿੰਤਾ” ਕਿਹਾ। ਉਹ ਭਾਰਤ ਦੀ ਤਾਜ਼ਾ ਘੋਸ਼ਣਾ ਦਾ ਸੁਆਗਤ ਕਰਦੇ ਹਨ ਕਿ ਉਹ ਇਸ ਮਾਮਲੇ ਦੀ ਜਾਂਚ ਕਮੇਟੀ ਸਥਾਪਤ ਕਰੇਗਾ।

ਉਨ੍ਹਾਂ ਨੇ ਕਿਹਾ, “ਇਹ ਮਹੱਤਵਪੂਰਨ ਹੈ ਕਿ ਭਾਰਤ ਪੂਰੀ ਤਰ੍ਹਾਂ ਜਾਂਚ ਕਰੇ, ਜ਼ਿੰਮੇਵਾਰ ਲੋਕਾਂ ਨੂੰ, ਜਿਨ੍ਹਾਂ ਵਿੱਚ ਭਾਰਤ ਦੇ ਸਰਕਾਰੀ ਅਧਿਕਾਰੀਆਂ ਵੀ ਸ਼ਾਮਲ ਹਨ, ਨੂੰ ਜਵਾਬਦੇਹ ਠਹਿਰਾਇਆ ਜਾਵੇ, ਅਤੇ ਭਰੋਸਾ ਦਿਵਾਇਆ ਜਾਵੇ ਕਿ ਅਜਿਹਾ ਦੁਬਾਰਾ ਨਹੀਂ ਹੋਵੇਗਾ।” ਕਾਰਵਾਈ ਕਰਨ ਵਿੱਚ ਕੋਈ ਵੀ ਅਸਫਲਤਾ ਅਮਰੀਕਾ-ਭਾਰਤ ਸਬੰਧਾਂ ਨੂੰ “ਮਹੱਤਵਪੂਰਨ ਨੁਕਸਾਨ” ਦਾ ਖਤਰਾ ਬਣ ਸਕਦੀ ਹੈ।

ਅਮੀ ਬੇਰਾ, ਪ੍ਰਮਿਲਾ ਜੈਪਾਲ, ਰੋ ਖੰਨਾ, ਰਾਜਾ ਕ੍ਰਿਸ਼ਨਾਮੂਰਤੀ ਅਤੇ ਸ਼੍ਰੀ ਥਾਣੇਦਾਰ ਦੇ ਬਿਆਨ ਦੇ ਜਵਾਬ ਵਿੱਚ, ਅਮਰੀਕਨ ਸਿੱਖ ਗੁਰਦੁਆਰਿਆਂ ਦੇ ਨੁਮਾਇੰਦਿਆਂ ਅਤੇ ਹੋਰ ਕਮਿਊਨਿਟੀ ਕਾਰਕੁਨਾਂ ਨੇ ਕਿਹਾ ਕਿ ਉਨ੍ਹਾਂ ਦਾ ਮੰਨਣਾ ਹੈ ਕਿ ਕਾਨੂੰਨਸਾਜ਼ਾਂ ਨੂੰ ਸਿੱਖ ਅਮਰੀਕੀਆਂ ਨਾਲ ਵਧੇਰੇ ਇਕਮੁੱਠਤਾ ਦਿਖਾਉਣ ਦੀ ਲੋੜ ਹੈ, ਜੋ ਸਪੱਸ਼ਟ ਤੌਰ ’ਤੇ ਨਹੀਂ ਸਨ। ਕਾਂਗਰਸ ਦੇ ਬਿਆਨ ਵਿੱਚ ਨਾਮ ਦਿੱਤਾ ਗਿਆ ਹੈ।

ਖੰਡਾ ਦੀ “ਸ਼ੱਕੀ” ਮੌਤ, ਨਿੱਝਰ ਦੇ ਕਤਲ ਅਤੇ ਪੰਨੂ ਦੇ ਕਤਲ ਦੀ ਕੋਸ਼ਿਸ਼ ਦਾ ਹਵਾਲਾ ਦਿੰਦੇ ਹੋਏ, ਉਹਨਾਂ ਨੇ ਅੱਗੇ ਕਿਹਾ: “ਇਹ ਇਕੱਲੀਆਂ ਘਟਨਾਵਾਂ ਨਹੀਂ ਹਨ। ਉਹ ਇੱਕ ਪ੍ਰੇਸ਼ਾਨ ਕਰਨ ਵਾਲੇ ਪੈਟਰਨ ਦਾ ਹਿੱਸਾ ਹਨ - ਇੱਕ ਅੰਤਰਰਾਸ਼ਟਰੀ ਕਤਲੇਆਮ ਪ੍ਰੋਗਰਾਮ ਜੋ ਸਿੱਖਾਂ ’ਤੇ ਨਿਰਦੇਸ਼ਿਤ ਹੈ। ਅਸੀਂ ਤੁਹਾਨੂੰ ਇਹ ਪਛਾਣਨ ਲਈ ਬੇਨਤੀ ਕਰਦੇ ਹਾਂ ਕਿ ਇਹ ਹਿੰਸਾ ਦੀਆਂ ਕਾਰਵਾਈਆਂ ਕੋਈ ਬੱਗ ਨਹੀਂ ਹਨ; ਇਹ ਭਾਰਤੀ ਵਿਦੇਸ਼ ਨੀਤੀ ਦੀ ਜਾਣਬੁੱਝ ਕੇ ਵਿਸ਼ੇਸ਼ਤਾ ਅਤੇ ਨਮੂਨਾ ਹਨ।


ਪੱਤਰ ਦੀ ਇੱਕ ਜਨਤਕ ਕਾਪੀ, ਜੋ ਗਾਰਡੀਅਨ ਦੁਆਰਾ ਦੇਖੀ ਗਈ ਸੀ, ਨੇ ਉਹਨਾਂ ਗੁਰਦੁਆਰਾ ਆਗੂਆਂ ਦੀ ਪੂਰੀ ਪਛਾਣ ਨੂੰ ਰੋਕ ਦਿੱਤਾ ਜਿਨ੍ਹਾਂ ਨੇ ਆਪਣੀ ਗੋਪਨੀਯਤਾ ਦੀ ਰਾਖੀ ਲਈ ਇਸ ’ਤੇ ਦਸਤਖਤ ਕੀਤੇ ਸਨ।

ਖੰਨਾ, ਕੈਲੀਫੋਰਨੀਆ ਤੋਂ ਇੱਕ ਪ੍ਰਗਤੀਸ਼ੀਲ ਡੈਮੋਕਰੇਟ ਪਹਿਲਾਂ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਸਮਰਥਨ ਕਰਦਾ ਰਿਹਾ ਹੈ। ਮਈ ਵਿੱਚ, ਖੰਨਾ ਨੇ ਰਿਪਬਲਿਕਨ ਕਾਂਗਰਸਪਰਸਨ ਮਾਈਕਲ ਵਾਲਟਜ਼ ਨਾਲ ਉਸ ਸਮੇਂ ਦੇ ਸਦਨ ਦੇ ਸਪੀਕਰ ਕੇਵਿਨ ਮੈਕਕਾਰਥੀ ਨੂੰ ਮੋਦੀ ਨੂੰ ਕਾਂਗਰਸ ਵਿੱਚ ਇੱਕ ਸੰਯੁਕਤ ਸੰਬੋਧਨ ਕਰਨ ਲਈ ਸੱਦਾ ਦੇਣ ਲਈ ਬੁਲਾਇਆ ਅਤੇ ਕਿਹਾ ਕਿ ਅਜਿਹਾ ਕਰਨ ਨਾਲ ਅਮਰੀਕਾ-ਭਾਰਤ ਸਬੰਧ ਮਜ਼ਬੂਤ ਹੋਣਗੇ। ਇੱਕ ਪੱਤਰ ਵਿੱਚ, ਉਸਨੇ ਕਿਹਾ ਕਿ ਅਜਿਹਾ ਸੱਦਾ “ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਦੇ ਨੇਤਾ ਅਤੇ 21ਵੀਂ ਸਦੀ ਵਿੱਚ ਚੀਨ ਦਾ ਮੁਕਾਬਲਾ ਕਰਨ ਲਈ ਸ਼ਾਇਦ ਸਭ ਤੋਂ ਮਹੱਤਵਪੂਰਨ ਸਾਥੀ” ਲਈ ਇੱਕ ਸਮਾਨ ਸਨਮਾਨ ਹੋਵੇਗਾ।

ਇੱਕ ਮਹੀਨੇ ਬਾਅਦ ਇਹ ਸਾਹਮਣੇ ਆਇਆ ਕਿ ਕਈ ਸਿੱਖ ਕਾਰਕੁਨਾਂ ਨੂੰ ਐਫਬੀਆਈ ਦੁਆਰਾ ਚੇਤਾਵਨੀ ਦਿੱਤੀ ਗਈ ਸੀ ਕਿ ਕੈਨੇਡਾ ਵਿੱਚ ਨਿੱਝਰ ਦੇ ਕਤਲ ਦੇ ਮੱਦੇਨਜ਼ਰ ਇੱਕ ਰਾਜ-ਸਮਰਥਿਤ ਮੁਹਿੰਮ ਦੁਆਰਾ ਉਨ੍ਹਾਂ ਦੀ ਜਾਨ ਨੂੰ ਖ਼ਤਰਾ ਹੈ।

ਕੈਲੀਫੋਰਨੀਆ ਵਿੱਚ ਸਿੱਖ ਭਾਈਚਾਰੇ ਦੇ ਆਗੂ ਸਰਦਾਰ ਹਰਮਿੰਦਰ ਸਿੰਘ ਸਮਾਣਾ ਨੇ ਯੂਕੇ ਦੇ ਅੰਤਰਰਾਸ਼ਟਰੀ ਅਖਬਾਰ ’ਚ ਗਾਰਡੀਅਨ ਨੂੰ ਦਿੱਤੇ ਇੱਕ ਬਿਆਨ ਵਿੱਚ ਕਿਹਾ ਕਿ ਨਵੰਬਰ ਵਿੱਚ ਦੋ ਵਿਅਕਤੀਆਂ ਨੇ ਉਸ ਨਾਲ ਸੰਪਰਕ ਕੀਤਾ ਸੀ ਜਿਨ੍ਹਾਂ ਨੇ ਐਫਬੀਆਈ ਏਜੰਟ ਹੋਣ ਦਾ ਦਾਅਵਾ ਕੀਤਾ ਸੀ ਅਤੇ ਚੇਤਾਵਨੀ ਦਿੱਤੀ ਸੀ ਕਿ ਇੱਕ ਹੋਰ ਕਾਰਕੁਨ ਦਾ ਪੁੱਤਰ ਪ੍ਰਿਤਪਾਲ ਸਿੰਘ ਭਾਰਤ ਵਿੱਚ ਸੀ। “ਕਾਤਲ ਦੀ ਸੂਚੀ” ਹਰਮਿੰਦਰ ਨੇ ਕਿਹਾ ਕਿ ਉਸਨੇ ਪਹੁੰਚ ਤੋਂ ਬਾਅਦ ਸਿੱਧੇ ਐਫਬੀਆਈ ਨਾਲ ਸੰਪਰਕ ਕੀਤਾ ਅਤੇ ਦੱਸਿਆ ਗਿਆ ਕਿ ਵਿਅਕਤੀ ਨਕਲੀ ਸਨ ਅਤੇ ਉਹ ਘਟਨਾ ਦੀ ਜਾਂਚ ਕਰਨਗੇ।

ਇਸ ਪ੍ਰਤੀ ਕੇ ਐਫ ਸੀ ਦੇ ਅਮਰੀਕਾ ’ਚ ਸਾਬਕਾ ਬੁਲਾਰੇ ਸਰਦਾਰ ਹਰਮਿੰਦਰ ਸਿੰਘ ਸਮਾਣਾ ਨੇ ‘ਸਾਡੇ ਲੋਕ’ ਅਖਬਾਰ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਅਸੀਂ ਅਮਰੀਕਾ ’ਚ ਅਮਰੀਕੀ ਕਾਨੂੰਨਾਂ ਦੀ ਪਾਲਣਾ ਕਰਦੇ ਹੋਏ ਆਪਣੀ ਅਜ਼ਾਦੀ ਦੀ ਲੜਾਈ ਸ਼ਾਂਤੀਪੂਰਵਕ ਲੜ ਰਹੇ ਹਾਂ ਪਰ ਸਾਡੇ ਉਪਰ ਭਾਰਤ ਸਰਕਾਰ ਅੱਤਵਾਦੀਆਂ ਵਾਂਗ ਕਾਰਵਾਈਆਂ ਕਰ ਰਹੀਆਂ ਹਨ ਸਾਡੇ ਨੌਜਵਾਨ ਜਿਹੜੇ ਸ਼ਾਂਤੀਪੂਰਵਕ ਰੋਸ ਮੁਜਾਹਰੇ ਕਰਦੇ ਅਤੇ ਕੌਮ ਦੀ ਅਗਵਾਈ ਕਰ ਰਹੇ ਸਨ ਉਨ੍ਹਾਂ ਨੂੰ ਮਿਥਕੇ ਭਾਰਤ ’ਚ, ਪਾਕਿਸਤਾਨ ’ਚ ਯੂਕੇ ’ਚ, ਕਨੇਡਾ ’ਚ ਕਤਲ ਕੀਤਾ ਗਿਆ ਅਤੇ ਹੁਣ ਅਮਰੀਕਾ ’ਚ ਕੋਸਿਸ਼ ਕਰ ਰਹੇ ਹਨ ਉਨ੍ਹਾਂ ਕਿਹਾ ਕਿ ਸਾਨੂੰ ਮੌਤ ਦਾ ਡਰ ਦੇ ਕੇ ਸਾਡੇ ਨਿਸ਼ਾਨੇ ਤੋਂ ਪਿਛੇ ਨਹੀਂ ਹਟਾਇਆ ਜਾ ਸਕਦਾ ਅਤੇ ਇਸ ਬਾਰੇ ਸਿੱਖ ਕਾਕਸ ਦੇ ਕੋਆਡੀਨੇਟਰ ਡਾ. ਪ੍ਰਿਤਪਾਲ ਸਿੰਘ ਜੋ ਪਿਛਲੇ ਹਫਤੇ ਅਮਰੀਕਾ ਦੇ ਪ੍ਰੈਜੀਡੈਂਟ ਜੋਅ ਬਾਈਡਨ ਨੂੰ ਮਿਲੇ ਸਨ ਨੇ ਕਿਹਾ ਕਿ “ਮੈਂ ਐਫਬੀਆਈ ਏਜੰਟ ਦੀ ਨਕਲ ਕਰਨ ਅਤੇ ਮੇਰੇ ਪਰਿਵਾਰ ਨੂੰ ਨਿਸ਼ਾਨਾ ਬਣਾਉਣ ਵਾਲੇ ਵਿਅਕਤੀਆਂ ਬਾਰੇ ਬਹੁਤ ਚਿੰਤਤ ਹਾਂ। ਮੈਨੂੰ ਭਰੋਸਾ ਹੈ ਕਿ ਸਾਡੇ ਕਾਨੂੰਨ ਲਾਗੂ ਕਰਨ ਵਾਲੇ ਲੋਕ ਸਾਡੇ ਭਾਈਚਾਰੇ ਵਿੱਚ ਅਰਾਜਕਤਾ ਪੈਦਾ ਕਰਨ ਦੀ ਕੋਸ਼ਿਸ਼ ਕਰਨ ਵਾਲੇ ਦੋਸ਼ੀਆਂ ਨੂੰ ਫੜ ਲੈਣਗੇ।


ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥
ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥
ਛੋਟੋ ਸ਼ਾਹਿਬਜ਼ਾਦਿਆਂ ਅਤੇ
ਮਾਤਾ ਗੁਜਰੀ ਜੀ
ਦੀ ਲਾਸਾਨੀ ਸ਼ਹਾਦਤ ਨੂੰ
ਕੋਟਿ-ਕੋਟਿ ਪ੍ਰਣਾਮ
ਅਮਰੀਕਾ ਦੇ ਉਘੇ ਸਿੱਖ ਆਗੂ ਅਤੇ ਕੈਲੀਫੋਰਨੀਆ ਤੋਂ ਪੰਥਕ ਆਵਾਜ਼
ਸ:ਹਰਮਿੰਦਰ ਸਿੰਘ ਸਮਾਣਾ
(209) 481-7750

## 21-23, ਦਸੰਬਰ 1704 'ਤੇ ਵਿਸ਼ੇਸ਼

# ਚਮਕੌਰ ਸਾਹਿਬ ਦੀ ਜੰਗ



ਮੁਗ਼ਲ ਬਾਦਸ਼ਾਹ ਅਕਬਰ ਤੋਂ ਬਾਅਦ 3 ਨਵੰਬਰ, 1605 ਨੂੰ ਤਖ਼ਤ 'ਤੇ ਬੈਠਾ। ਉਸਦੇ ਜਬਰੀ ਧਰਮ ਪ੍ਰੀਵਰਤਨ ਦੇ ਖ਼ੂਨੀ ਇਰਾਦੇ ਹੇਠ ਗੁਰੂ ਅਰਜਨ ਦੇਵ ਸਾਹਿਬ ਜੀ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ। ਜ਼ੁਲਮ ਦੇ ਟਾਕਰੇ ਲਈ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ। ਇਕ ਰੂਹਾਨੀ ਅਗਵਾਈ ਦੂਸਰੀ ਸੰਸਾਰਕ ਅਗਵਾਈ ਦੀ। ਉਨ੍ਹਾਂ ਨੇ ਸਿੱਖ ਕੌਮ ਨੂੰ ਹਥਿਆਰਬੰਦ ਹੋ ਕੇ ਸੰਤ ਸਿਪਾਹੀ ਦਾ ਸਿਧਾਂਤ ਦਿੱਤਾ। ਸਿੱਖ ਕੌਮ ਨੂੰ ਬਕਾਇਦਾ ਸੰਗਠਤ ਫੌਜ ਵਜੋਂ ਜਥੇਬੰਦ ਕੀਤਾ। ਜਿਸ ਹੇਠ ਗੁਰੂ ਸਾਹਿਬ ਜੀ ਨੇ ਜੰਗਾਂ ਵੀ ਜਿੱਤੀਆਂ।

ਮਾਰਚ 30, 1664 ਨੂੰ ਗੁਰੂ ਤੇਗ ਬਹਾਦਰ ਸਾਹਿਬ ਜੀ ਗੁਰਗੱਦੀ 'ਤੇ ਬੈਠੇ। ਮੁਗਲ ਬਾਦਸ਼ਾਹ ਔਰੰਗਜ਼ੇਬ ਦੇ ਦੂਸਰੇ ਧਰਮਾਂ ਪ੍ਰਤੀ ਜ਼ੁਲਮ ਵਧਦੇ ਗਏ। ਉਸਨੇ ਗੁਰੂ ਸਾਹਿਬ ਜੀ ਦੇ ਧਰਮ ਪ੍ਰਚਾਰ ਨੂੰ ਖਤਮ ਕਰਨ ਦੀ ਨੀਤੀ ਅਪਣਾਈ ਹੋਈ ਸੀ। ਜ਼ੁਲਮ ਦਾ ਭਿਆਨਕ ਸਮਾਂ ਆਉਂਦਾ ਜਾਣ ਕੇ ਉਨ੍ਹਾਂ ਆਪਣੇ ਸਾਹਿਬਜ਼ਾਦੇ ਗੋਬਿੰਦ ਰਾਏ ਜੀ ਨੂੰ ਸ਼ਸਤਰ ਅਤੇ ਸ਼ਾਸਤਰ ਅਭਿਆਸ ਵਿਚ ਨਿਪੁੰਨ ਕੀਤਾ। ਇਕ ਅਜਿਹੀ ਦ੍ਰਿੜ੍ਹ ਸ਼ਖ਼ਸੀਅਤ ਬਣਾਇਆ ਕਿ ਆਪਣੇ ਗੁਰ ਪਿਤਾ ਜੀ ਨੂੰ ਧਰਮ ਦੀ ਰੱਖਿਆ ਕਰਨ ਲਈ ਕੁਰਬਾਨ ਹੋਣ ਭੇਜਿਆ। ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਵਿਸ਼ਵਾਸ ਹੋ ਗਿਆ ਕਿ ਉਨ੍ਹਾਂ ਦਾ ਸਾਹਿਬਜ਼ਾਦਾ ਸਿੱਖ ਕੌਮ ਦੀ ਅਗਵਾਈ ਕਰਨ ਦੇ ਸਮਰੱਥ ਹੋਵੇਗਾ। ਗੁਰੂ ਤੇਗ ਬਹਾਦਰ ਸਾਹਿਬ ਜੀ ਨੇ 11 ਨਵੰਬਰ, 1675 ਨੂੰ ਦਿੱਲੀ ਦੇ ਚਾਂਦਨੀ ਚੌਕ ਵਿਚ ਧਰਮ ਦੀ ਰੱਖਿਆ ਲਈ ਸ਼ਹੀਦੀ ਦਿੱਤੀ। ਇਸ ਲਾਸਾਨੀ ਸ਼ਹੀਦੀ ਨਾਲ ਮੁਗਲਾਂ ਦਾ ਪਤਨ ਸ਼ੁਰੂ ਹੋਇਆ। ਨਵੰਬਰ 24, 1675 ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਗੁਰਗੱਦੀ 'ਤੇ ਬਿਰਾਜਮਾਨ ਹੋਏ। ਉਨ੍ਹਾਂ ਜਾਣ ਲਿਆ ਕਿ ਹੁਣ ਧਰਮ ਅਤੇ ਸਵੈ ਰੱਖਿਆ ਲਈ ਹਥਿਆਰਬੰਦ ਹੋ ਕੇ ਜ਼ੁਲਮ ਦੇ ਖਿਲਾਫ਼ ਜੂਝਣ ਤੋਂ ਬਿਨਾਂ ਕੋਈ ਚਾਰਾ ਨਹੀਂ।

ਗੁਰੂ ਸਾਹਿਬ ਜੀ ਨੇ ਗੁਰਬਾਣੀ ਅਤੇ ਸਿੱਖ ਇਤਿਹਾਸ ਦੀਆਂ ਕੁਰਬਾਨੀਆਂ ਦਾ ਡੂੰਘਾ ਅਧਿਐਨ ਕੀਤਾ। ਉਹ ਮੁਗਲਾਂ ਦੇ ਸਮੇਂ ਸਮੇਂ ਕੀਤੇ ਜ਼ੁਲਮਾਂ ਤੋਂ ਜਾਣੂ ਹੋਏ। ਗੁਰੂ ਸਾਹਿਬ ਜੀ ਨੇ ਅਜਿਹੇ ਹਾਲਾਤ ਵਿਚ ਦੁਸ਼ਮਣ ਨਾਲ ਟੱਕਰ ਲੈਣ ਲਈ ਵਕਤ ਸੰਭਾਲਣਾ ਸੀ। ਸਿੱਖ ਕੌਮ ਵਿਚ ਚੜ੍ਹਦੀ ਕਲਾ ਦਾ ਜਜ਼ਬਾ ਭਰਨ ਲਈ 1699 ਈ. ਵਿਚ ਖਾਲਸਾ ਪੰਥ ਸਜਿਆ। ਮਨੁੱਖ ਦੀ ਪੂਰਨ ਅਜ਼ਾਦੀ 'ਤੇ ਪਹਿਰਾ ਦਿੱਤਾ। ਸਿੱਖ ਧਰਮ ਦੇ ਗਣਰਾਜੀਆਂ ਨੂੰ ਖਾਲਸਾ ਫੌਜ ਬਣਾਉਣਾ ਸੀ। ਵਿਉਂਤਬੰਦੀ ਲਈ ਸ਼ਾਂਤ ਵਾਤਾਵਰਣ ਦੀ ਤਲਾਸ਼ ਸੀ। ਉਹ ਪਾਉਂਟਾ ਸਾਹਿਬ ਜੀ ਠਹਿਰੇ। ਨਾਹਨ ਦੇ ਰਾਜੇ ਨੇ ਗੁਰੂ ਸਾਹਿਬਜੀ ਨੂੰ ਉਥੇ ਹੀ ਟਿਕ ਜਾਣ ਲਈ ਜਗ੍ਹਾ ਦਿੱਤੀ। ਗੁਰੂ ਸਾਹਿਬ ਜੀ ਨੇ ਪਾਉਂਟਾ ਕਿਲ੍ਹਾ ਉਸਾਰ ਲਿਆ। ਗੁਰੂ ਸਾਹਿਬ ਜੀ ਦੀ ਵੱਧਦੀ ਫੌਜੀ ਤਾਕਤ ਤੋਂ ਮੁਗਲਾਂ ਦੇ ਨਾਲ ਨਾਲ ਬਾਈਧਾਰ ਦੇ ਪਹਾੜੀ ਰਾਜੇ ਵੀ ਭੈ-ਭੀਤ ਸਨ। ਮੁਗਲ ਬਾਦਸ਼ਾਹ ਔਰੰਗਜ਼ੇਬ ਨੇ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਦਾ ਖ਼ੂਨੀ-ਇਰਾਦਾ ਬਣਾ ਲਿਆ। ਇਸ ਲਈ ਜ਼ੁਲਮ ਖਿਲਾਫ਼ ਟੱਕਰ ਹੋਣੀ ਲਾਜ਼ਮੀ ਸੀ। ਗੁਰੂ ਸਾਹਿਬ ਜੀ ਨੂੰ ਜੰਗਾਂ ਸਹੇੜਨੀਆਂ ਪਈਆਂ। ਜਿਵੇਂ ਭੰਗਾਣੀ, ਨੰਦੌਨ, ਗੁਲੇਰ ਹੁਸੈਨੀ, ਅਨੰਦਪੁਰ ਦੀ ਪਹਿਲੀ ਜੰਗ, ਨਿਰਮੋਹ, ਸੁਤਲੁਜ, ਬਸੌਲੀ, ਅਨੰਦਪੁਰ ਦੀ ਦੂਜੀ ਜੰਗ, ਸ਼ਾਹੀ ਟਿੱਬੇ, ਸਿਰਸਾ, ਖਿਦਰਾਣਾ ਅਤੇ ਵਿਸ਼ੇ ਅਧੀਨ ਚਮਕੌਰ ਸਾਹਿਬ ਦੀ ਜੰਗ। ਚਲਦੀਆਂ ਜੰਗਾਂ ਵਿਚ ਅਨੰਦਪੁਰ ਦੀ 1704 ਦੀ ਜੰਗ ਤੋਂ ਮੁਗਲ ਸੈਨਿਕ ਤੰਗ ਆ ਚੁੱਕੇ ਸਨ। ਮੁਗ਼ਲ ਫੌਜਾਂ ਨੇ ਅਨੰਦਪੁਰ ਦਾ ਕਿਲ੍ਹਾ ਗੁਰੂ ਸਾਹਿਬ ਪਾਸੋਂ ਖਾਲੀ ਕਰਵਾਉਣ ਲਈ ਖਾਸ ਸਿਖਲਾਈ ਪ੍ਰਾਪਤ ਕੀਤੀ ਹੋਈ ਸੀ। ਫੌਜ ਦੇ ਘੇਰੇ ਵਿਚ ਗੁਰੂ ਸਾਹਿਬ ਜੀ ਕਿਲ੍ਹੇ ਵਿਚ ਡਟੇ ਰਹੇ। ਲੰਮੀ ਉਡੀਕ ਤੋਂ ਬਾਅਦ ਵੈਰੀ ਮਕਾਰੀ ਤੇ ਉਤਰ ਆਏ। ਉਨ੍ਹਾਂ ਨੇ ਆਪਣੇ ਧਰਮਾਂ ਦੀਆਂ ਕਸਮਾਂ ਖਾ ਕੇ ਸ਼ਰਤ ਰੱਖੀ ਕਿ ਜੇਕਰ ਗੁਰੂ ਸਾਹਿਬ ਜੀ ਅਨੰਦਪੁਰ ਛੱਡ ਦੇਣ ਤਾਂ ਉਨ੍ਹਾਂ ਨੂੰ ਸੁਰੱਖਿਅਤ ਜਾਣ ਦਿੱਤਾ ਜਾਵੇਗਾ। ਗੁਰੂ ਸਾਹਿਬ ਜੀ ਨੇ 20 ਦਸੰਬਰ 1704 ਦੀ ਸਰਦ ਰਾਤ ਨੂੰ 400 ਸਿੰਘਾਂ ਸਮੇਤ ਅਨੰਦਪੁਰ ਛੱਡ ਦਿੱਤਾ।

ਸਿਆਸ ਦੀ ਕਕਰੀਲੀ ਤੂਫ਼ਾਨੀ 20-21 ਦਸੰਬਰ ਵਿਚਲੀ ਰਾਤ ਨੂੰ ਗੁਰੂ ਸਾਹਿਬ ਜੀ 25 ਕਿਲੋਮੀਟਰ ਹੀ ਲੰਘੇ ਸਨ ਕਿ ਵੈਰੀ ਦੀਆਂ ਫੌਜਾਂ ਨੇ ਹਮਲਾ ਕਰ ਦਿੱਤਾ। ਸਰਸਾ ਨਦੀ ਦੇ ਕੰਢੇ ਘਮਸਾਨ ਦੀ ਜੰਗ ਹੋਈ। ਸਿੰਘ ਬੜੀ ਬਹਾਦਰੀ ਨਾਲ ਮੁਕਾਬਲਾ ਕਰਦੇ ਗਏ। ਕਈ ਸਿੰਘ ਸ਼ਹੀਦੀਆਂ ਪਾਉਂਦੇ ਗਏ। ਸਿੰਘ ਫੌਜਾਂ ਦਾ ਰਾਹ ਰੋਕਦੇ ਲੜਦੇ ਗਏ। ਬਾਕੀਆਂ ਨੂੰ ਸਿਰਸਾ ਪਾਰ ਲੰਘਾਉਂਦੇ ਗਏ। ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਨਾਲ ਭਾਈ ਉਦੈ ਸਿੰਘ ਅਤੇ ਭਾਈ ਜੀਵਨ ਸਿੰਘ ਇਸ ਜੰਗ ਵਿਚ ਡੱਟੇ ਹੋਏ ਸਨ। ਮੁਗਲਾਂ ਨਾਲ ਭਾਰੀ ਲਸ਼ਕਰ ਸੀ। ਇਸ ਅਸਾਵੇਂ ਮੁਕਾਬਲੇ ਵਿਚ ਭਾਈ ਉਦੈ ਸਿੰਘ ਅਤੇ ਭਾਈ ਜੀਵਨ ਸਿੰਘ ਸ਼ਹੀਦੀਆਂ ਪਾ ਗਏ। ਇਸ ਅਸਥਾਨ 'ਤੇ ਉਨ੍ਹਾਂ ਦੀ ਯਾਦਗਾਰ ਬਣੀ ਹੈ। ਗੁਰੂ ਸਾਹਿਬ ਜੀ ਦਾ ਪਰਿਵਾਰ ਵੀ ਵਿਛੜ ਗਿਆ, ਉਥੇ ਗੁਰਦੁਆਰਾ ਸਾਹਿਬ ਪਰਿਵਾਰ ਵਿਛੋੜਾ ਸੁਸ਼ੋਭਿਤ ਹੈ। ਸਰਸਾ ਦੇ ਪਾਰ ਗੁਰੂ ਸਾਹਿਬ ਜੀ ਨਾਲ ਦੋ ਵੱਡੇ ਸਾਹਿਬਜ਼ਾਦੇ ਅਤੇ 40 ਸਿੰਘ ਸਨ। ਕਾਫ਼ਲਾ ਰੋਪੜ ਵਲ ਵਧਿਆ ਅਤੇ ਰੋਪੜ ਦੇ ਕੋਲ ਹੀ ਜਾ ਠਹਿਰ ਬਣਾਈ।

ਚੌਧਰੀ ਬੁੱਧੀਚੰਦ ਜਿੰਮੀਦਾਰ ਨੇ ਕਿਹਾ ਗੁਰੂ ਜੀ ਵੈਰੀ ਦੀਆਂ ਫੌਜਾਂ ਵਾਹੋ-ਦਾਹੀ ਪਿਛਾ ਕਰ ਰਹੀਆਂ ਹਨ। ਤੁਸੀਂ ਮੇਰੀ ਕੱਚੀ ਹਵੇਲੀ ਵਿਚ ਚਲੇ ਜਾਉ। ਗੁਰੂ ਸਾਹਿਬ ਜੀ ਇਸ ਉਚੀ ਕੱਚੀ ਗੜ੍ਹੀ ਨੂੰ ਵੇਖਕੇ ਮੁਸਕਰਾਏ ਕਿ ਇਥੋਂ ਖਾਲਸੇ ਦੇ ਸਾਹਸ ਅਤੇ ਸੂਰਬੀਰਤਾ ਦਾ ਇਤਿਹਾਸ ਰਚਿਆ ਜਾਣਾ ਹੈ। ਹੁਣ ਫੈਸਲਾਕੁੰਨ ਜੰਗ ਸੰਭਵ ਹੈ। ਗੁਰੂ ਸਾਹਿਬ ਜੀ ਨੇ ਆਪਣੀ ਰਣਨੀਤੀ ਦੀ ਸੂਝ ਨਾਲ ਕੱਚੀ ਗੜ੍ਹੀ ਨੂੰ ਇਕ ਫੌਜੀ ਕਿਲ੍ਹੇ ਵਿਚ ਬਦਲ ਦਿੱਤਾ। ਮੋਰਚਾਬੰਦੀ ਕਰਦਿਆਂ ਗੁਰੂ ਸਾਹਿਬ ਜੀ ਨੇ ਸਿੰਘ ਨੂੰ ਹਥਿਆਰਬੰਦ ਦਸਤਿਆਂ ਵਿਚ ਵੰਡ ਲਿਆ। ਵੈਰੀ ਦੀਆਂ ਫੌਜਾਂ ਨਾਲ ਲੱਗਦੇ ਮੈਦਾਨ ਵਿਚ ਪਹੁੰਚ ਗਈਆਂ। ਇਕ ਪਾਸੇ ਗੁਰੂ ਸਾਹਿਬ ਜੀ ਨਾਲ ਸਾਲਾਂ ਭਰ ਦੀ ਲਗਾਤਾਰ ਜੰਗ ਦੇ ਭੰਨੇ ਹੋਏ ਭੁੱਖਣ ਭਾਣੇ 40 ਸਿੰਘ ਸਨ। ਦੂਸਰੇ ਪਾਸੇ ਸਿਖਲਾਈ ਪ੍ਰਾਪਤ ਗੁਰੂ ਜੀ ਦੇ ਕਥਨ ਅਨੁਸਾਰ ਦੱਸ ਲੱਖ ਦੀ ਫੌਜ ਸੀ। ਜੋ ਨਵਾਬ ਵਜ਼ੀਰ ਖਾਨ ਦੀ ਅਗਵਾਈ ਹੇਠ ਸੀ। ਗੁਰੂ ਸਾਹਿਬ ਜੀ ਨੇ ਇਥੋਂ ਤੀਰਾਂ ਦੀ ਬੁਛਾੜ ਨਾਲ ਜੰਗ ਦਾ ਐਲਾਨ ਕਰ ਦਿੱਤਾ।

ਮੁਗਲ ਫੌਜਾਂ ਨੇ ਵੀ ਗੋਲੀਆਂ ਵਰਸਾਉਣੀਆਂ ਸ਼ੁਰੂ ਕਰ ਦਿੱਤੀਆਂ। ਪਰ ਕੱਚੀ ਗੜ੍ਹੀ ਦੇ ਨੇੜੇ ਆਉਣ ਦੀ ਮੁਗਲ ਸੈਨਿਕਾਂ ਦੀ ਹਿੰਮਤ ਨਹੀਂ ਪੈ ਰਹੀ ਸੀ। ਗੁਰੂ ਸਾਹਿਬ ਜੀ ਨੇ ਪੈਂਤੜਾ ਦੱਸਿਆ ਕਿ ਮੁਗਲ ਫੌਜ ਦੇ ਸਰਦਾਰਾਂ ਨੂੰ ਸਿੱਧਾ ਨਿਸ਼ਾਨਾ ਬਣਾਇਆ ਜਾਵੇ। ਮੁਗਲ ਜਰਨੈਲ ਨਾਹਰ ਖਾਨ ਨੇ ਕੱਚੀ ਗੜ੍ਹੀ ਦੀ ਕੰਧ ਨਾਲ ਪੌੜੀ ਲਗਾ ਕੇ ਮਮਟੀ ਤੱਕ ਪਹੁੰਚਣ ਦੀ ਕੋਸ਼ਿਸ਼ ਕੀਤੀ। ਗੁਰੂ ਸਾਹਿਬ ਜੀ ਨੇ ਤੀਰ ਦੇ ਨਿਸ਼ਾਨੇ ਨਾਲ ਉਸ ਨੂੰ ਮਾਰ ਮੁਕਾਇਆ। ਫਿਰ ਗਨੀ ਖਾਨ ਅੱਗੇ ਵਧਿਆ ਗੁਰੂ ਸਾਹਿਬ ਜੀ ਨੇ ਉਸ ਨੂੰ ਵੀ ਚਿੱਤ ਕਰ ਦਿੱਤਾ। ਜਰਨੈਲ ਮਹਿਮੂਦ ਅਲੀ ਨੇ ਆਪਣੇ ਸਾਥੀਆਂ ਨੂੰ ਮਰਦੇ ਵੇਖਿਆ ਤਾਂ ਉਹ ਕੰਧ ਦੀ ਓਟ ਵਿਚ ਭੱਜ ਗਿਆ। ਵੈਰੀ ਦੀਆਂ ਫੌਜਾਂ ਭੈ-ਭੀਤ ਹੋ ਗਈਆਂ।



ਪ੍ਰਮਿੰਦਰ ਸਿੰਘ 'ਪ੍ਰਵਾਨਾ'
ਕੈਲੀਫੋਰਨੀਆ
ਯੂ.ਐਸ.ਏ.)
(510) 415-9377


ਨਵਾਬ ਸਰਹਿੰਦ ਨੇ ਹੁਕਮ ਦਿੱਤਾ ਕਿ ਇਕੋ ਹਲੇ ਨਾਲ ਗੜ੍ਹੀ ਸਰ ਕਰ ਲਈ ਜਾਵੇ। ਜੋ ਫੈਸਲਾਕੁੰਨ ਜੰਗ ਲੜਿਆ ਜਾ ਸਕੇ। ਹੁਣ ਜਰਨੈਲ ਹਦਾਇਤ ਖਾਂ, ਇਜ਼ਮਾਇਲ ਖਾਂ, ਫੌਲਾਦ ਖਾਨ, ਸੁਲਤਾਨ ਖਾਂ, ਜਹਾਨ ਖਾਂ, ਅਸਮਾਇਲ ਖਾਂ, ਭੂਰੇ ਖਾਂ ਦੀਆਂ ਫੌਜਾਂ ਕੱਚੀ ਗੜ੍ਹੀ ਵੱਧ ਵਧੀਆਂ। ਗੁਰੂ ਸਾਹਿਬ ਜੀ ਬਾਹਰ ਦਾ ਜੰਗੀ ਦ੍ਰਿਸ਼ ਵੇਖ ਰਹੇ ਸਨ। ਆਪ ਹੁਣ ਗੜ੍ਹੀ ਦੀ ਉਚੀ ਮਮਟੀ 'ਤੇ ਚਲੇ ਗਏ। ਦੋਨੋਂ ਸਾਹਿਬਜ਼ਾਦੇ ਵੀ ਨਾਲ ਸਨ। ਸਿੰਘਾਂ ਨੇ ਵੀ ਚੌਹੀਂ ਪਾਸੀਂ ਮੋਰਚੇ ਸੰਭਾਲ ਲਏ। ਭਾਈ ਮਦਨ ਸਿੰਘ ਅਤੇ ਭਾਈ ਗੰਡਾ ਸਿੰਘ ਜੀ ਗੜ੍ਹੀ ਦੇ ਮੁੱਖ ਦੁਆਰ 'ਤੇ ਤਾਇਨਾਤ ਸਨ। ਸਿੰਘ ਤਲਵਾਰ, ਤੀਰ, ਨੇਜ਼ੇ ਭਾਲੇ ਲੈ ਕੇ ਮੁਕਾਬਲੇ ਲਈ ਤਿਆਰ ਹੋ ਗਏ। ਸਿੰਘ ਚੜ੍ਹਦੀ ਕਲਾ ਵਿਚ ਸਨ। ਉਨ੍ਹਾਂ ਨੂੰ ਮਾਣ ਸੀ ਕਿ ਇਸ ਧਰਮੀ ਜੰਗ ਵਿਚ ਉਹ ਗੁਰੂ ਸਾਹਿਬ ਜੀ ਦਾ ਸਾਥ ਦੇ ਰਹੇ ਹਨ। ਵੈਰੀ ਦੀਆਂ ਫੌਜਾਂ ਆਣ ਪੁੱਜੀਆਂ।

22 ਦਸੰਬਰ 1704 ਨੂੰ ਚਮਕੌਰ ਸਾਹਿਬ ਦਾ ਹੋਇਆ ਜੰਗ ਸੰਸਾਰ ਦੀਆਂ ਮਿਸਾਲੀ ਜੰਗਾਂ ਵਿਚ ਸ਼ਾਮਲ ਹੈ। ਜਦੋਂ ਵੈਰੀ ਦੀ ਵੱਡੀ ਫੌਜ ਗੜ੍ਹੀ ਦੇ ਨੇੜੇ ਆਈ ਤਾਂ ਗੁਰੂ ਸਾਹਿਬ ਜੀ ਨੇ ਅਜੇ ਹੀ ਵਿਉਂਤ ਬਣਾਈ ਕਿ ਪੰਜ-ਪੰਜ ਸਿੰਘਾਂ ਦਾ ਜਥਾ ਮੈਦਾਨ ਵਿਚ ਉਤਾਰਿਆ। ਸਿੰਘ ਜੈਕਾਰਿਆਂ ਦੀ ਗੂੰਜ ਵਿਚ ਵੈਰੀ 'ਤੇ ਟੁੱਟ ਪਏ। ਉਪਰੋਂ ਗੁਰੂ ਸਾਹਿਬ ਜੀ ਅਤੇ ਸਾਹਿਬਜ਼ਾਦਿਆਂ ਨੇ ਵੀ ਤੀਰਾਂ ਦੀ ਝੜੀ ਲਗਾ ਦਿੱਤੀ। ਦੋ ਘੰਟੇ ਘਮਸਾਨ ਦਾ ਜੰਗ ਹੋਇਆ। ਖੰਡਾ ਖੜਕਿਆ, ਤੀਰ ਨੇਜ਼ੇ ਤਲਵਾਰਾਂ ਭਾਲੇ ਚਲੇ। ਸਰਦੀ ਦੀ ਸਵੇਰ ਵਿਚ ਜੰਗ ਦਾ ਮੈਦਾਨ ਭਖ ਗਿਆ। ਕੱਚੀ ਗੜ੍ਹੀ ਤੋਂ ਆਉਂਦੇ ਤੀਰਾਂ ਨੇ ਵੈਰੀਆਂ ਨੂੰ ਵਿੰਨ੍ਹ ਕੇ ਰੱਖ ਦਿੱਤਾ। ਵੈਰੀ ਹੈਰਾਨ ਸੀ ਕਿ ਮੁੱਠੀ ਭਰ ਸਿੰਘਾਂ ਦਾ ਮੁਕਾਬਲਾ ਏਨਾ ਭਿਆਨਕ ਕਿਵੇਂ ਹੋ ਸਕਿਆ। ਚਮਕੌਰ ਦੀ ਧਰਤੀ ਖ਼ੂਨ ਨਾਲ ਰੰਗੀ ਗਈ। ਖ਼ੂਨ ਦੇ ਘਾਣ ਮੱਚ ਗਏ। ਸਿੰਘਾਂ ਨੇ ਬੇਮਿਸਾਲ ਬੀਰਤਾ ਦ੍ਰਿੜ੍ਹਤਾ ਨਾਲ ਟਾਕਰਾ ਕੀਤਾ। ਬਹਾਦਰੀ ਦੇ ਜੌਹਰ ਵਿਖਾਉਂਦਾ ਪੰਜ ਸਿੰਘਾਂ ਦਾ ਜਥਾ ਸ਼ਹੀਦ ਹੋ ਗਿਆ। ਗੁਰੂ ਸਾਹਿਬ ਜੀ ਨੇ ਦੂਸਰਾ ਸਿੰਘਾਂ ਦਾ ਜਥਾ ਮੈਦਾਨ ਵਿਚ ਉਤਾਰਿਆ। ਉਹ ਵੀ ਅਨੇਕਾਂ ਵੈਰੀਆਂ ਦਾ ਮੁਕਾਬਲਾ ਕਰਦੇ ਵੈਰੀਆਂ ਨੂੰ ਮਾਰ ਮੁਕਾਉਂਦਿਆਂ ਅੰਤ ਵਿਚ ਸ਼ਹੀਦੀ ਪਾ ਗਿਆ। ਹੁਣ ਸਿੰਘ ਜਾਣ ਗਏ ਸਨ ਕਿ ਏਨੇ ਵਿਸ਼ਾਲ ਲਾਮ-ਲਸ਼ਕਰ ਦਾ ਸਾਹਮਣਾ ਕਰਦਿਆਂ ਸ਼ਹੀਦੀਆਂ ਨਿਸ਼ਚਿਤ ਹਨ। ਉਨ੍ਹਾਂ ਗੁਰੂ ਸਾਹਿਬ ਜੀ ਨੂੰ ਬੇਨਤੀ ਕੀਤੀ ਕਿ ਸਾਹਿਬਜ਼ਾਦਿਆਂ ਨੂੰ ਨਾਲ ਲੈ ਕੇ ਸੁਰੱਖਿਅਤ ਨਿਕਲ ਜਾਓ। ਗੁਰੂ ਸਾਹਿਬ ਜੀ ਨੇ ਕਿਹਾ ਕਿ ਇਸ ਰਣਤੱਤੇ ਵਿਚ ਹਰ ਸਿੱਖ ਮੇਰਾ ਸਾਹਿਬਜ਼ਾਦਾ ਹੈ। ਅਸੀਂ ਇਕੱਠੇ ਲੜਾਂਗੇ ਅਤੇ ਜਿੱਤ ਸਾਡੀ ਹੋਵੇਗੀ। ਇਹ ਸੁਣ ਕੇ ਸਿੰਘ ਫਿਰ ਜੋਸ਼ ਵਿਚ ਆ ਕੇ ਤਿਆਰ-ਬਰ-ਤਿਆਰ ਹੋ ਗਏ। ਸਾਹਿਬਜ਼ਾਦਾ ਅਜੀਤ ਸਿੰਘ ਨੇ ਗੁਰਪਿਤਾ ਤੋਂ ਜੰਗ ਦੇ ਮੈਦਾਨ ਵਿਚ ਜਾਣ ਦੀ ਆਗਿਆ ਮੰਗੀ। ਗੁਰੂ ਸਾਹਿਬ ਜੀ ਨੇ ਆਪਣੇ ਹੱਥੀਂ ਸ਼ਸਤਰ ਸਜਾ ਕੇ ਨਾਲ ਅੱਠ ਸਿੰਘਾਂ ਦਾ ਜਥਾ ਭੇਜਿਆ। ਜੈਕਾਰਿਆਂ ਦੀ ਗੂੰਜ ਵਿਚ ਜੰਗ ਦੇ ਮੈਦਾਨ ਵਿਚ ਆ ਨਿੱਤਰੇ। ਵੈਰੀ ਦੀਆਂ ਫੌਜਾਂ ਨੇ ਚਾਰੋਂ ਪਾਸਿਉਂ ਤੋਂ ਘੇਰ ਲਿਆ। ਸਾਹਿਬਜ਼ਾਦੇ ਨੇ ਬੜੀ ਵੀਰਤਾ ਨਾਲ ਤੀਰਾਂ ਦੇ ਵਾਰ ਵੈਰੀ 'ਤੇ ਕੀਤੇ ਕਿ ਛਾਤੀਆਂ ਵਿੰਨ੍ਹ ਦਿੱਤੀਆਂ। ਦੁਸ਼ਮਣ ਨੂੰ ਵੰਗਾਰਿਆ ਕਿ ਆਓ ਨਿਕਲੋ ਸਾਹਮਣੇ ਤੋਂ ਵਾਰ ਕਰੋ। ਵੈਰੀ ਦੇ ਸੈਨਿਕਾਂ ਨੇ ਹਲਾ ਕੀਤਾ ਪਰ ਸਾਹਿਬਜ਼ਾਦੇ ਦੇ ਅੱਗੇ ਬਹੁਤੀ ਦੇਰ ਟਿੱਕ ਨਾ ਸਕੇ। ਵੈਰੀ ਪਿਛੇ ਹਟਣ ਲੱਗਾ। ਦੁਸ਼ਮਣ ਸਰਦਾਰ ਦੇ ਵਾਰ ਨਾਲ ਘੋੜਾ ਜ਼ਖ਼ਮੀ ਹੋ ਗਿਆ। ਸਾਹਿਬਜ਼ਾਦਾ ਪੈਦਲ ਹੀ ਮੈਦਾਨ ਵਿਚ ਡਟ ਗਿਆ। ਜੰਗ ਜਾਰੀ ਸੀ ਕਿ ਉਨ੍ਹਾਂ ਦੇ ਸਿੰਘ ਸ਼ਹੀਦ ਹੋ ਗਏ ਤੇ ਸਾਹਿਬਜ਼ਾਦਾ ਇਕੱਲਾ ਪੈ ਗਿਆ। ਵੈਰੀ ਦੇ ਇਕੋ ਵੱਡੇ ਹਮਲੇ ਵਿਚ ਸਾਹਿਬਜ਼ਾਦਾ ਸ਼ਹੀਦ ਹੋ ਗਏ। ਗੁਰੂ ਸਾਹਿਬ ਜੀ ਮਮਟੀ ਤੋਂ ਸਾਹਿਬਜ਼ਾਦੇ ਨੂੰ ਸ਼ਹੀਦ ਹੁੰਦਾ ਵੇਖ ਰਹੇ ਸਨ। ਪਰ ਸਾਹਿਬਜ਼ਾਦੇ ਦੇ ਜੰਗੀ ਜੌਹਰ 'ਤੇ ਉਨ੍ਹਾਂ ਨੂੰ ਮਾਣ ਸੀ। ਉਨ੍ਹਾਂ ਅਕਾਲ ਪੁਰਖ ਦਾ ਸ਼ੁਕਰ ਮਨਾਇਆ।

ਸਾਹਿਬਜ਼ਾਦਾ ਜੁਝਾਰ ਸਿੰਘ ਨੂੰ ਇਸ ਸ਼ਹੀਦੀ ਨੇ ਪ੍ਰਭਾਵਿਤ ਕੀਤਾ ਕਿ ਉਹ ਵੀ ਜੰਗ ਵਾਸਤੇ ਆਪਣਾ ਫਰਜ਼ ਨਿਭਾਉਣ ਲਈ ਤਿਆਰ ਹੋ ਗਏ। ਉਨ੍ਹਾਂ ਗੁਰੂ ਸਾਹਿਬ ਜੀ ਤੋਂ ਜੰਗ ਦੇ ਮੈਦਾਨ ਵਿਚ ਜਾਣ ਦੀ ਆਗਿਆ ਮੰਗੀ। ਗੁਰੂ ਸਾਹਿਬ ਜੀ ਨੇ ਪੰਜ ਸਿੰਘ ਦੇ ਕੇ ਜੰਗ ਦੇ ਮੈਦਾਨ ਵਿਚ ਤੋਰਿਆ। ਜੈਕਾਰਿਆਂ ਦੀ ਗੂੰਜ ਵਿਚ ਜੰਗ ਦੇ ਮੈਦਾਨ ਵਿਚ ਜਾ ਉਤਰੇ। ਜੰਗ ਦਾ ਮੈਦਾਨ ਇਕ ਵਾਰ ਫਿਰ ਤੋਂ ਮੱਘ ਉਠਿਆ। ਲਾਸ਼ਾਂ ਦੇ ਢੇਰ ਤੇ ਜੰਗ ਲੜਿਆ ਗਿਆ। ਸਾਹਿਬਜ਼ਾਦਾ ਅਜੀਤ ਸਿੰਘ ਦੀ ਸ਼ਹੀਦੀ ਤੋਂ ਬਾਅਦ ਵੈਰੀ ਹੋਰ ਸਰਗਰਮ ਹੋ ਉਠਿਆ। ਵੈਰੀ ਦੀ ਗਿਣਤੀ ਬਹੁਤ ਜ਼ਿਆਦਾ ਸੀ। ਵੈਰੀ ਨੇ ਸਾਹਿਬਜ਼ਾਦੇ ਦੇ ਜਥੇ ਨੂੰ ਆਣ ਘੇਰਿਆ। ਸਾਹਿਬਜ਼ਾਦੇ ਨੇ ਨੇਜ਼ਾ ਸੂਤ ਲਿਆ ਉਹ ਜਿਧਰ ਵੀ ਨੇਜ਼ਾ ਘੁੰਮਾਉਂਦੇ ਵੈਰੀ ਨੂੰ ਮਾਰ ਮੁਕਾਉਂਦੇ। 'ਸਵਾ ਲਾਖ ਸੇ ਏਕ ਲੜਾਊ' ਦਾ ਪ੍ਰਮਾਣ ਪ੍ਰਤੱਖ ਕਰ ਵਿਖਾਇਆ। ਵੈਰੀਆਂ ਨੇ ਹੁਣ ਸਾਹਿਬਜ਼ਾਦੇ ਨੂੰ ਪੂਰੀ ਤਰ੍ਹਾਂ ਘੇਰ ਲਿਆ ਸੀ। ਸਾਹਿਬਜ਼ਾਦੇ ਨੇ ਤਲਵਾਰ ਚਲਾਉਂਦੇ ਬੜੀ ਬਹਾਦਰੀ ਨਾਲ ਮੁਕਾਬਲਾ ਕੀਤਾ। ਸੂਰਜ ਛਿਪਣ ਤੱਕ ਜੰਗ ਜਾਰੀ ਸੀ। ਇਸ ਅਸਾਵੀਂ ਜੰਗ ਵਿਚ ਸਾਹਿਬਜ਼ਾਦਾ ਜੁਝਾਰ ਸਿੰਘ ਸ਼ਹੀਦੀ ਦਾ ਜਾਮ ਪੀ ਗਏ। ਗੁਰੂ ਸਾਹਿਬ ਜੀ ਨੇ ਕਿਹਾ ਕਿ ਅਮਾਨਤ ਪੂਰੀ ਹੋਈ ਹੈ। ਕੌਮ ਦਾ ਕਰਜ਼ ਅਦਾ ਹੋਇਆ।

ਸੂਰਜ ਛਿਪਣ 'ਤੇ ਜੰਗ ਖਤਮ ਹੋਇਆ। ਸਿੰਘ ਗੁਰੂ ਸਾਹਿਬ ਜੀ ਨਾਲ ਗੜ੍ਹੀ ਵਿਚ ਜਾ ਬੈਠੇ। ਗੁਰੂ ਸਾਹਿਬ ਜੀ ਨੇ ਕਿਹਾ ਕਿ ਵੈਰੀ ਨਾਲ ਆਖਰੀ ਦਮ ਤੱਕ ਜੰਗ ਜਾਰੀ ਰਹੇਗਾ। ਸਾਡਾ ਹੁਣ ਸੂਰਮਿਆਂ ਵਾਂਗ ਸ਼ਹੀਦੀ ਪਾਉਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ। ਖਾਲਸੇ ਹੁਣ ਅਕਾਲ ਪੁਰਖ ਦੀ ਹੀ ਓਟ ਹੈ। ਰਣਭੂਮੀ ਵਿਚ ਪਿੱਠ ਨਹੀਂ ਵਿਖਾਉਣੀ। ਧਰਮ ਲਈ ਕੁਰਬਾਨ ਹੋਣਾ ਹੈ। ਗੜ੍ਹੀ ਵਿਚ ਬਚੇ 11 ਸਿੰਘਾਂ ਨੇ ਗੁਰੂ ਸਾਹਿਬ ਜੀ ਨੂੰ ਕਿਹਾ ਕਿ ਗੜ੍ਹੀ ਛੱਡ ਜਾਵੋ। ਪੰਜ ਪਿਆਰਿਆਂ ਦੀ ਉਸੇ ਵੇਲੇ ਚੋਣ ਕਰਕੇ ਭਾਈ ਦਯਾ ਸਿੰਘ ਜੀ ਦੀ ਅਗਵਾਈ ਹੇਠ ਗੁਰੂ ਸਾਹਿਬ ਜੀ ਨੂੰ ਕਿਹਾ ਕਿ ਆਪ ਜੀ ਦੀ ਸ਼ਹੀਦੀ ਨਾਲ ਸਿੱਖ ਪੰਥ ਦਾ ਭਵਿੱਖ ਖਤਰੇ ਵਿਚ ਪੈ ਜਾਵੇਗਾ। ਸਿੱਖ ਪੰਥ ਨੂੰ ਆਪ ਜੀ ਦੀ ਅਗਵਾਈ ਦੀ ਹੋਮਸ਼ਾ ਜ਼ਰੂਰਤ ਹੈ। ਇਸ ਲਈ ਸੁਰੱਖਿਅਤ ਨਿਕਲ ਜਾਓ। ਪੰਜਾਂ ਪਿਆਰਿਆਂ ਦਾ ਪੰਥਕ ਹੁਕਮ ਗੁਰੂ ਸਾਹਿਬ ਜੀ ਨੂੰ ਮੰਨਣਾ ਪਿਆ। ਉਨ੍ਹਾਂ ਕਿਹਾ ਕਿ ਉਹ ਪਿੱਠ ਵਿਖਾ ਕੇ ਨਹੀਂ ਜਾਣਗੇ, ਸਗੋਂ ਵੈਰੀ ਨੂੰ ਵੰਗਾਰ ਕੇ ਜਾਣਗੇ।

ਕਲਗੀਆਂ ਵਾਲੇ ਪਾਤਸ਼ਾਹ ਨੇ ਭਾਈ ਦਯਾ ਸਿੰਘ, ਭਾਈ ਧਰਮ ਸਿੰਘ ਅਤੇ ਭਾਈ ਮਾਨ ਸਿੰਘ ਨੂੰ ਨਾਲ ਲੈ ਕੇ ਜਾਣ ਦਾ ਫੈਸਲਾ ਕੀਤਾ। ਆਪਣੇ ਹਮਸ਼ਕਲ ਭਾਈ ਸੰਗਤ ਸਿੰਘ ਜੀ ਨੂੰ ਕਲਗੀ ਸਜਾ ਕੇ ਆਪਣੀ ਪੁਸ਼ਾਕ ਸਜਾ ਕੇ ਉਚੀ ਮਮਟੀ ਵਿਚ ਬਿਠਾ ਦਿੱਤਾ। ਅੱਧੀ ਰਾਤ ਲੰਘੀ ਤੇ ਗੁਰੂ ਸਾਹਿਬ ਜੀ ਨੇ ਬੁਰਜ 'ਤੇ ਖੜ੍ਹ ਹੋ ਕੇ ਨਰਸਿੰਙਾ ਵਜਾ ਕੇ ਕੱਚੀ ਗੜ੍ਹੀ ਤੋਂ ਬਾਹਰ ਨਿਕਲੇ ਤੇ ਉਚੇ ਟਿੱਬੇ ਤੋਂ ਤਿੰਨ ਵਾਰ ਕਿਹਾ ਕਿ 'ਪੀਰੇ ਹਿੰਦ ਮੇ ਰਵੱਦ'-ਹਿੰਦ ਦਾ ਪੀਰ ਚਲਾ ਗਿਆ।

ਵੈਰੀ ਦੀਆਂ ਫੌਜਾਂ ਵਿਚ ਹਫ਼ਰਾਤਫ਼ਰੀ ਮੱਚ ਗਈ। ਉਹ ਬੌਖਲਾਅ ਉਠੇ। ਮਿਸਾਲਚੀ ਰਾਹ ਵਿਚ ਸੀ। ਗੁਰੂ ਸਾਹਿਬ ਜੀ ਨੇ ਨਿਸ਼ਾਨਾ ਲੱਗਾ ਕਿ ਮਿਸ਼ਾਲ ਬੁੱਝਾ ਦਿੱਤਾ। ਦਸੰਬਰ 23, 1704 ਨੂੰ ਗੜ੍ਹੀ 'ਤੇ ਸਵੇਰ ਨੂੰ ਵੈਰੀ 'ਤੇ ਹਮਲਾ ਕਰ ਦਿੱਤਾ। ਸਿੰਘ ਮੁਕਾਬਲੇ ਲਈ ਬਾਹਰ ਨਿਕਲ ਆਏ। ਟਾਕਰਾ ਹੋਇਆ। ਸਿੰਘਾਂ ਨੇ ਫਿਰ ਕਈਆਂ ਨੂੰ ਮਾਰ ਮੁਕਾਇਆ। ਗੁਰੂ ਜੀ ਦੇ ਦੱਸੇ ਰਾਹ 'ਤੇ ਵੈਰੀ ਨਾਲ ਮੁਕਾਬਲਾ ਕਰਦਿਆਂ ਸ਼ਹੀਦੀਆਂ ਪਾ ਗਏ। ਉਨ੍ਹਾਂ ਦੀ ਲਾਸਾਨੀ ਕੁਰਬਾਨੀ ਸਿੱਖ ਕੌਮ ਲਈ ਵੱਡੀ ਮਿਸਾਲ ਹੈ। ਜਰਨੈਲਾਂ ਨੂੰ ਖ਼ਬਰ ਹੋਈ ਕਿ ਗੁਰੂ ਸਾਹਿਬ ਜੀ ਵੀ ਸ਼ਹੀਦੀ ਪਾ ਗਏ ਹਨ। ਪਰ ਇਹ ਤਾਂ ਇਕ ਭੁਲੇਖਾ ਸੀ। ਗੁਰੂ ਸਾਹਿਬ ਜੀ ਤਾਂ ਮਾਛੀਵਾੜਾ ਦੇ ਜੰਗਲਾਂ ਵਿਚ ਜਾ ਪਹੁੰਚੇ ਸਨ। ਦੋ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਖ਼ਬਰ ਗੁਰੂ ਸਾਹਿਬ ਜੀ ਨੂੰ ਮਿਲ ਗਈ। ਗੁਰੂ ਸਾਹਿਬ ਜੀ ਨੇ ਕਾਹੀ ਦੇ ਬੂਟੇ ਨੂੰ ਉਖਾੜ ਕੇ ਕਿਹਾ ਕਿ ਇਹ ਮੁਗਲ ਸਾਮਰਾਜ ਹੁਣ ਜੜ੍ਹੋਂ ਪੁੱਟਿਆ ਗਿਆ। ਗੁਰੂ ਸਾਹਿਬ ਜੀ ਨੇ ਮੁਗਲ ਬਾਦਸ਼ਾਹ ਔਰੰਗਜ਼ੇਬ ਨੂੰ ਫਾਰਸੀ ਵਿਚ ਚਿੱਠੀ ਲਿਖੀ ਜਿਸ ਨੂੰ 'ਜ਼ਫ਼ਰਨਾਮਾ' ਕਿਹਾ ਜਾਂਦਾ ਹੈ। ਉਸ ਵਿਚ ਵੀ ਚਮਕੌਰ ਦੀ ਜੰਗ ਦਾ ਬਿਰਤਾਂਤ ਹੈ।

# ਗੌਰਵਮਈ ਵਿਰਸਾ ਸਾਕਾ ਚਮਕੌਰ ਸਾਹਿਬ





ਦੁਨੀਆ ਦੇ ਇਤਿਹਾਸਾਂ ਵਿਚ ਜਿੰਨੇ ਵੀ ਯੁੱਧ ਲੜੇ ਗਏ ਉਹ ਸਭ ਜ਼ਰ, ਜ਼ੋਰੂ ਜਾਂ ਜ਼ਮੀਨ ਖ਼ਾਤਰ ਜਾਂ ਆਪਣੇ ਨਿੱਜੀ ਫ਼ਾਇਦੇ ਖ਼ਾਤਰ ਹੀ ਲੜੇ ਗਏ ਪ੍ਰੰਤੂ ਸਿੱਖ ਇਤਿਹਾਸ ਹੀ ਇਕ ਅਜਿਹਾ ਸ਼ਹੀਦਾਂ ਦੇ ਖ਼ੂਨ ਨਾਲ ਰੰਗਿਆ ਹੋਇਆ ਇਤਿਹਾਸ ਹੈ। ਜਿੱਥੇ ਸਾਰੇ ਹੀ ਯੁੱਧ ਅਤੇ ਸ਼ਹਾਦਤਾਂ ਸਮੁੱਚੀ ਮਨੁੱਖਤਾ ਦੇ ਭਲੇ ਲਈ, ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ ਅਤੇ ਗ਼ਰੀਬ ਮਜ਼ਲੂਮਾਂ ਉੱਤੇ ਹੁੰਦੇ ਜ਼ੁਲਮਾਂ ਵਿਰੁੱਧ ਲੜੇ ਗਏ ਪ੍ਰੰਤੂ ਵਿਸ਼ੇਸ਼ਕਰ ਦਸੰਬਰ ਮਹੀਨੇ ਵਿਚ ਹੋਈਆਂ ਮਾਸੂਮ ਅਤੇ ਗੌਰਵਮਈ ਸ਼ਹਾਦਤਾਂ ਦੀ ਗਾਥਾ ਇੰਨੀ ਵੈਰਾਗਮਈ ਹੈ ਕਿ ਦੁਨੀਆ ਦਾ ਹਰ ਜਾਗਦੀ ਜਮੀਰ ਵਾਲਾ ਇਨਸਾਨ ਇਹ ਗਾਥਾ ਸੁਣ ਕੇ ਅੱਜ ਸ਼ਰਧਾ ਨਾਲ ਸੀਸ ਝੁਕਾਉਂਦਾ ਹੈ। ਦਸੰਬਰ ਮਹੀਨੇ ਦੀਆਂ ਇਨ੍ਹਾਂ ਸ਼ਹਾਦਤਾਂ ਦੀ ਗੌਰਵਮਈ ਗਾਥਾ ਜੋ 19-20 ਦਸੰਬਰ 1704 ਤੋਂ ਸ਼ੁਰੂ ਹੁੰਦੀ ਹੈ ਦਾ ਜ਼ਿਕਰ ਬਹੁਤ ਹੀ ਦੁਖਦਾਈ ਹੈ।

ਇਤਿਹਾਸਕਾਰ ਲਿਖਦੇ ਹਨ ਕਿ 15 ਮਈ ਤੋਂ ਲੈ ਕੇ 18 ਦਸੰਬਰ 1704 ਈ. ਤਕ 10 ਲੱਖ ਮੁਗ਼ਲ ਫ਼ੌਜਾਂ ਦਾ ਘੇਰਾ ਅਨੰਦਗੜ੍ਹ ਕਿਲ੍ਹੇ ਨੂੰ ਪਿਆ ਰਿਹਾ। ਅੰਦਰ ਬੈਠੇ ਸੂਰਮੇ ਸਿੰਘ ਭੁੱਖ ਭਾਣੇ ਜਾਨਾਂ ਤੋੜ ਕੇ ਲੜੇ ਪਰ ਦੁਸ਼ਮਣ ਨੂੰ ਕਿਲ੍ਹੇ ਵਿਚ ਦਾਖ਼ਲ ਨਹੀਂ ਹੋਣ ਦਿੱਤਾ। ਆਖ਼ਰ ਦੁਸ਼ਮਣ ਹਾਕਮਾਂ ਵੱਲੋਂ ਕਸਮਾਂ ਖਾਣ ਤੇ ਗੁਰੂ ਜੀ ਨੇ ਆਪਣੇ ਪਰਿਵਾਰ ਅਤੇ ਬਾਕੀ ਸਿੱਖਾਂ ਸਮੇਤ 19-20 ਦਸੰਬਰ 1704 ਦੀ ਰਾਤ ਨੂੰ ਅਨੰਦਗੜ੍ਹ ਕਿਲ੍ਹਾ ਛੱਡਣ ਉਪਰੰਤ ਰੋਪੜ ਵੱਲ ਚਾਲੇ ਪਾ ਦਿੱਤੇ ਪਰ ਦੁਸ਼ਮਣ ਕਸਮਾਂ ਤੋੜ ਕੇ ਪਿੱਛੋਂ ਹਮਲਾਵਰ ਹੋ ਗਏ। ਰਸਤੇ ਵਿਚ ਪੈਂਦੀ ਹੜ੍ਹ ਨਾਲ ਨੱਕੋ ਨੱਕ ਭਰੀ ਸਰਸਾ ਨਦੀ ਦੇ ਕੰਢੇ ਉੱਤੇ 20 ਦਸੰਬਰ 1704 ਦੀ ਰਾਤ ਨੂੰ ਘਮਸਾਨ ਦੇ ਹੋਏ ਯੁੱਧ ਵਿਚ ਕਈ ਸਿੰਘ ਲੜਦੇ ਹੋਏ ਸ਼ਹੀਦ ਹੋ ਗਏ। ਬਹੁਤ ਸਾਰੇ ਔਰਤਾਂ ਬੱਚੇ ਤੇ ਗੁਰੂ ਜੀ ਵੱਲੋਂ ਰਚਿਤ ਕਈ ਗ੍ਰੰਥ ਵੀ ਹੜ੍ਹ ਵਿਚ ਰੁੜ੍ਹ ਗਏ ਅਤੇ ਇੱਥੇ ਹੀ ਗੁਰੂ ਜੀ ਦਾ ਪਰਿਵਾਰ ਵਿਛੜ ਕੇ ਖੇਰੂੰ ਖੇਰੂੰ ਹੋ ਗਿਆ ਸੀ।;

ਗੁਰੂ ਜੀ 40 ਸਿੰਘਾਂ ਸਮੇਤ 21 ਦਸੰਬਰ ਦੀ ਸ਼ਾਮ ਨੂੰ ਚਮਕੌਰ ਸਾਹਿਬ ਪੁੱਜ ਗਏ ਅਤੇ ਇੱਥੇ ਇਕ ਕੱਚੀ ਹਵੇਲੀ ਜੋ ਇਤਿਹਾਸ ਵਿਚ ਚਮਕੌਰ ਦੀ ਗੜ੍ਹੀ ਵਜੋਂ ਜਾਣੀ ਜਾਂਦੀ ਹੈ ਇੱਥੇ ਮੋਰਚੇ ਸੰਭਾਲ ਲਏ। ਜਿੱਥੇ 22 ਦਸੰਬਰ ਦੀ ਸਵੇਰ ਨੂੰ 40 ਸਿੰਘਾਂ ਅਤੇ 10 ਲੱਖ ਮੁਗ਼ਲ ਫ਼ੌਜਾਂ ਵਿਚ ਸੰਸਾਰ ਦਾ ਅਨੋਖਾ ਯੁੱਧ ਹੋਇਆ ਜਿਸ ਵਿਚ ਹੋਰ ਸਿੰਘਾਂ ਦੇ ਨਾਲ ਦੋ ਵੱਡੇ ਸਾਹਿਬਜ਼ਾਦੇ ਅਜੀਤ ਸਿੰਘ 18 ਸਾਲ ਅਤੇ ਜੁਝਾਰ ਸਿੰਘ 14 ਸਾਲ ਜੰਗ ਵਿਚ ਜੂਝਦੇ ਸ਼ਹੀਦ ਹੋ ਗਏ। ਚਮਕੌਰ ਗੜ੍ਹੀ ਦੀ ਨਾਜ਼ੁਕ ਸਥਿਤੀ ਨੂੰ ਵੇਖ ਕੇ ਪੰਜ ਸਿੰਘਾਂ ਵੱਲੋਂ ਸਿੱਖੀ ਦੇ ਭਵਿੱਖ ਲਈ ਦਿੱਤੇ ਆਦੇਸ਼ ਅਨੁਸਾਰ ਗੁਰੂ ਜੀ 22 ਦਸੰਬਰ ਦੀ ਰਾਤ ਨੂੰ 3 ਸਿੰਘਾਂ ਸਮੇਤ ਗੜ੍ਹੀ ਛੱਡ ਕੇ ਮਾਛੀਵਾੜੇ ਵੱਲ ਚਲੇ ਗਏ ਸਨ।

ਸਾਕਾ ਚਮਕੌਰ ਸਾਹਿਬ ਤੋਂ ਕੁਝ ਦਿਨ ਬਾਅਦ ਸਾਕਾ ਸਰਹੰਦ ਦੀ ਅਤਿ ਦਰਦਨਾਕ ਅਤੇ ਦਿਲ ਕੰਬਾਊ ਘਟਨਾ ਵਾਪਰੀ ਗਈ। ਇਹ ਗਾਥਾ ਸੁਣ ਕੇ ਹਰ ਇਨਸਾਨ ਦੇ ਲੂੰ-ਕੰਡੇ ਖੜ੍ਹੇ ਹੋ ਜਾਂਦੇ ਹਨ ਕਿ ਕਿਵੇਂ ਸਰਸਾ ਨਦੀ 'ਤੇ ਰਾਤ ਨੂੰ ਵਿਛੜੇ ਦਾਦੀ ਮਾਤਾ ਤੇ ਛੋਟੇ ਸਾਹਿਬਜ਼ਾਦੇ ਨਦੀ ਦੇ ਨਾਲ ਨਾਲ ਜਾ ਰਹੇ ਸਨ। ਦਸੰਬਰ (ਪੋਹ) ਮਹੀਨੇ ਦੀ ਅਤਿ ਠੰਢੀ,

**- ਦਲਬੀਰ ਸਿੰਘ ਧਾਲੀਵਾਲ**

ਕਿਣਮਿਣ ਕਰਦੀ ਕਾਲੀ ਬੋਲ਼ੀ ਰਾਤ ਸੀ, ਉਨ੍ਹਾਂ ਦੇ ਬਸਤਰ ਵੀ ਭਿੱਜ ਚੁੱਕੇ ਸਨ। ਦਾਦੀ ਮਾਂ ਛੋਟੇ ਲਾਲਾਂ ਜ਼ੋਰਾਵਰ ਸਿੰਘ 9 ਸਾਲ, ਫ਼ਤਹਿ ਸਿੰਘ 7 ਸਾਲ, ਮਾਸੂਮ ਉਮਰ ਪਰ ਉੱਚੇ ਹੌਸਲੇ ਵਾਲੀਆਂ ਇਹ ਜਿੰਦਾਂ ਨੂੰ ਦੋਵੇਂ ਪਾਸੇ ਆਪਣੇ ਨਾਲ ਲਾ ਕੇ ਉਂਗਲਾਂ ਫੜ ਕੇ ਲਈ ਜਾ ਰਹੀ ਸੀ। ਕਿਤੇ ਜੇ ਪਾਣੀ ਆ ਜਾਂਦਾ ਤਾਂ ਦਾਦੀ ਚੁੱਕ ਵੀ ਲੈਂਦੀ ਸੀ, ਇਹ ਸੀਨ ਬੜਾ ਦਰਦਨਾਕ ਸੀ। ਜ਼ਰਾ ਕਲਪਨਾ ਕਰੀਏ ਉਸ ਅਵਸਥਾ ਦੀ ਜੋ ਦਾਦੀ ਮਾਂ ਨੂੰ ਆਪਣੇ ਇਨ੍ਹਾਂ ਪਿਆਰੇ ਪੋਤਿਆਂ ਨਾਲ ਬਿਤਾਉਣੀ ਪਈ ਤੇ ਵਾਹਿਗੁਰ ਦਾ ਭਾਣਾ ਮੀਠਾ ਕਰ ਕੇ ਮੰਨਿਆ ਪਰ ਹਾਰ ਨਹੀਂ ਕਬੂਲੀ। ਛੋਟੇ ਸਾਹਿਬਜ਼ਾਦੇ ਤੇ ਦਾਦੀ ਮਾਂ ਦੀਆਂ ਸ਼ਹਾਦਤਾਂ ਦੇ ਇਸ ਦੁਖਦਾਈ ਪੰਨੇ ਨੂੰ ਜਦੋਂ ਹੋਰ ਅੱਗੇ ਫਰੋਲਿਆਂ ਪਤਾ ਲੱਗਦਾ ਹੈ ਕਿ ਅਸਲ ਵਿਚ ਇਸ ਸਭ ਦੇ ਮੁੱਖ ਗੁਨਾਹਗਾਰ ਗੰਗੂ ਤੇ ਸੁੱਚਾ ਨੰਦ ਹੀ ਸਨ। ਅਚੰਭਾ ਤਾਂ ਇਹ ਹੈ ਕਿ ਜਿਨ੍ਹਾਂ ਲੋਕਾਂ ਦੇ ਤਿਲਕ ਜੰਞੂ ਦੀ ਖ਼ਾਤਰ ਇਨ੍ਹਾਂ ਲਾਲਾਂ ਦੇ ਦਾਦਾ ਗੁਰੂ ਤੇਗ ਬਹਾਦਰ ਜੀ ਨੇ ਆਪਣਾ ਬਲੀਦਾਨ ਦਿੱਤਾ ਸੀ ਉਨ੍ਹਾਂ ਵਿੱਚੋਂ ਹੀ ਇਕ ਗੰਗੂ ਰਸੋਈਏ ਨੇ ਇਨ੍ਹਾਂ ਨੂੰ ਘਰ ਰਾਤ ਰੱਖ ਕੇ ਧੋਖੇ ਨਾਲ ਗਿ ?ਰਫ਼ਤਾਰ ਕਰਵਾਇਆ ਅਤੇ ਉਨ੍ਹਾਂ ਲੋਕਾਂ 'ਚੋ ਹੀ ਇਕ ਸੁੱਚਾ ਨੰਦ ਨੇ ਗੁਰੂ ਜੀ ਦੇ ਲਾਲਾਂ ਨੂੰ ਸੱਪ ਦੇ ਬੱਚੇ ਕਹਿ ਕੇ ਖ਼ਤਮ ਕਰ ਦੇਣ ਦੀ ਚੁੱਕਣਾ ਸੂਬਾ ਸਰਹਿੰਦ ਨੂੰ ਦਿੱਤੀ ਸੀ। ਵੇਖੋ, ਧੰਨ ਹੈ ਦਾਦੀ ਮਾਤਾ ਜਿਸ ਨੇ ਬੱਚਿਆਂ ਨੂੰ ਅਜਿਹੀ ਪ੍ਰੇਰਣਾ ਤੇ ਅਡੋਲ ਦਿ ?ੜਤਾ ਦਾ ਪਾਠ ਪੜ੍ਹਾਇਆ ਕਿ ਉਹ ਠੰਢੇ ਬੁਰਜ ਦੀ ਕੈਦ ਵੇਲੇ ਕਸ਼ਟ ਵਿਚ ਰਹਿ ਕੇ ਵੀਂ ;25-26-27 ਦਸੰਬਰ ਨੂੰ ਵਜ਼ੀਰ ਖਾਂ ਦੀ ਕਚਹਿਰੀ ਵਿਚ ਅਨੇਕਾਂ ਡਰਾਂ, ਲਾਲਚਾਂ ਤੋਂ ਬਿਲਕੁਲ ਨਾ ਡੋਲੇ ਅਤੇ ਆਖ਼ਰ 27 ਦਸੰਬਰ ਨੂੰ ਹਕੂਮਤ ਵੱਲੋਂ ਕੰਧਾਂ ਵਿਚ ਚਿਣਵਾ ਕੇ ਦਿੱਤੀ ਗਈ ਸ਼ਹੀਦੀ ਨੂੰ ਵੀ ਚੜ੍ਹਦੀ ਕਲਾ ਵਿਚ ਰਹਿੰਦੇ ਹੋਏ ਪਰਵਾਨ ਕੀਤਾ। ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਉਪਰੰਤ ਮਾਤਾ ਗੁਜਰੀ ਜੀ ਵੀ ਸਵਾਸ ਤਿਆਗ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ ਸਨ।

ਇਕ ਲਿਖਾਰੀ ਭਾਈ ਦੁਨਾ ਸਿੰਘ ਹਡੂਰੀਆ ਨੇ ਆਪਣੀ ਪੁਸਤਕ 'ਕਥਾ ਗੁਰੂ ਜੀ ਕੇ ਸੁਤਨ ਕੀ' ਵਿਚ ਲਿਖਿਆ ਹੈ 'ਰਜ ਕੋ ਪਾਇ ਪੀਪਲਹ ਬਾਂਧੇ, ਦੁਸ਼ਟ ਗੁਲੇਲੇ ਤੀਰ ਸੁ ਸਾਂਧੇ' ਭਾਵ ਕਿ ਜ਼ਾਲਮਾਂ ਨੇ ਸ਼ਹਾਦਤ ਤੋਂ ਪਹਿਲਾਂ ਇਨ੍ਹਾਂ ਮਾਸੂਮ ਬੱਚਿਆਂ ਨੂੰ ਪਿੱਪਲ ਨਾਲ ਬੰਨ੍ਹ ਕੇ ਉਨ੍ਹਾਂ ਦੀਆਂ ਅੱਖਾਂ ਵਿਚ ਗੁਲੇਲੇ ਮਾਰੇ ਸਨ ਅਤੇ ਉਨ੍ਹਾਂ ਨੂੰ ਚਾਬਕ ਅਤੇ ਕੋਰੜੇ ਵੀ ਮਾਰੇ ਸਨ। ਇਕ ਇਤਿਹਾਸਕਾਰ ਨੇ ਆਪਣੀ ਲਿਖਤ 'ਗੁਰਪ੍ਰਣਾਲੀ ਗੁਲਾਬ ਸਿੰਘ' ਵਿਚ ਲਿਖਿਆ ਹੈ ਕਿ 'ਸਵਾ ਪਹਰ ਦਿਨ ਚੜ੍ਹੇ ਕਾਮ ਭਯੋ ਹੈ' ਭਾਵ ਸਵਾ ਪਹਿਰ ਦਿਨ ਚੜ੍ਹੇ ਸਾਹਿਬਜ਼ਾਦਿਆਂ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ ਸੀ ਜੋ ਸਮਾਂ ਸਵੇਰੇ 9.45 ਤੋਂ 11 ਵਜੇ ਤਕ ਇਤਿਹਾਸਕਾਰਾਂ ਨੇ ਬਣਾਇਆ ਅਤੇ ਇਹ ਸਮਾਂ ਸਮੁੱਚੀ ਸਿੱਖ ਕੌਮ ਅਤੇ ਨਾਨਕ ਨਾਮ ਲੇਵਾ ਸ਼ਰਧਾਲੂਆਂ ਲਈ ਗੁਰਬਾਣੀ ਨਾਲ ਜੁੜਣ ਅਤੇ ਗੰਭੀਰਤਾ ਨਾਲ ਇਨ੍ਹਾਂ ਦਰਦਨਾਕ ਪਲਾਂ ਦਾ ਅਹਿਸਾਸ ਕਰਨ ਦਾ ਸਮਾਂ ਹੁੰਦਾ ਹੈ।

ਇਸ ਸ਼ਹੀਦੀ ਸਥਾਨ ਉਪਰ ਅੱਜ ਗੁਰਦੁਆਰਾ ਸਾਹਿਬ ਜੋਤੀ ਸਰੂਪ ਸੁਸ਼ੋਭਤ ਹੈ ਜਿੱਥੇ ਲੱਖਾਂ ਹੀ ਸੰਗਤਾਂ ਸ਼ਹੀਦੀ ਦਿਨਾਂ ਵਿਚ ਸੀਸ ਝੁਕਾ ਦੇ ਸ਼ਰਧਾ ਦੇ ਫੁੱਲ ਭੇਟ ਕਰਦੀਆਂ ਹਨ ਪਰ ਦੂਜੇ ਪਾਸੇ ਗੰਗੂ ਅਤੇ ਸੁੱਚਾ ਨੰਦ ਜਿਹੇ ਵਿਸ਼ਵਾਸਘਾਤੀਆਂ ਦੇ ਕਿਤੇ ਨਾਮੋ ਨਿਸ਼ਾਨ ਹੀ ਨਹੀਂ ਲੱਭਦੇ। ਇੱਥੇ ਹੀ ਧੰਨ ਹਨ ਉਹ ਸੱਚੇ ਤੇ ਗੁਰੂ ਹਮਦਰਦੀ ਵਿਚ ਰੰਗੇ ਇਨਸਾਨ ਬਾਬਾ ਮੋਤੀ ਰਾਮ ਮਹਿਰਾ ਅਤੇ ਦੀਵਾਨ ਟੋਡਰ ਮਲ ਜਿਨ੍ਹਾਂ ਨੇ ਮੁਗ਼ਲ ਸਲਤਨਤ ਦੇ ਨੌਕਰ ਹੁੰਦੇ ਹੋਏ ਵੀ ਆਪਣੀਆਂ ਜਾਨਾਂ ਖ਼ਤਰੇ ਵਿਚ ਪਾ ਕੇ ਮਾਤਾ ਗੁਜਰੀ ਅਤੇ ਇਨ੍ਹਾਂ ਲਾਲਾਂ ਦੀ ਸੇਵਾ ਕੀਤੀ। ਬਾਬਾ ਮੋਤੀ ਰਾਮ ਮਹਿਰਾ ਮਾਤਾ ਅਤੇ ਬੱਚਿਆਂ ਨੂੰ ਠੰਢੇ ਬੁਰਜ ਵਿਚ ਚੋਰੀ ਦੁੱਧ ਪਿਲਾਉਂਦੇ ਰਹੇ ਜਿਸਦੀ ਸਜ਼ਾ ਵਜੋਂ ਹਕੂਮਤ ਨੇ ਉਨ੍ਹਾਂ ਨੂੰ ਪਰਿਵਾਰ ਸਮੇਤ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਸੀ, ਉਨ੍ਹਾਂ ਦੀ ਯਾਦਗਾਰ ਵਜੋਂ ਇੱਥੇ ਗੁਰਦੁਆਰਾ ਬਣਿਆ ਹੋਇਆ ਹੈ ਜਿੱਥੇ ਸੰਗਤਾਂ ਨਤਮਸਤਕ ਹੁੰਦੀਆਂ ਹਨ। ਇਵੇਂ ਹੀ ਮਾਤਾ ਜੀ ਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਉਪਰੰਤ ਕੋਈ ਵੀ ਪਰਿਵਾਰ ਉਨ੍ਹਾਂ ਦੀ ਅੰਤਿਮ ਸੰਸਕਾਰ ਕਰਨ ਦੀ ਹਿੰਮਤ ਹਕੂਮਤ ਦੇ ਡਰੋਂ ਨਹੀਂ ਕਰ ਰਿਹਾ ਸੀ ਪਰ ਦੀਵਾਨ ਟੋਡਰ ਮਲ ਨੇ ਸੰਸਕਾਰ ਲਈ ਜ਼ਮੀਨ ਸੋਨੇ ਦੀਆਂ ਮੋਹਰਾਂ ਵਿਛਾ ਕੇ ਸਭ ਤੋਂ ਮਹਿੰਗੇ ਮੁੱਲ ਖ਼ਰੀਦੀ ਸੀ ਅਤੇ ਪਰਿਵਾਰ ਨੂੰ ਨਾਲ ਲੈ ਕੇ ਇਨ੍ਹਾਂ ਸ਼ਹੀਦਾਂ ਦਾ ਸੰਸਕਾਰ ਕੀਤਾ ਸੀ। ਉਸਦੀ ਯਾਦ ਵਿਚ ਵੀ ਅੱਜ 'ਦੀਵਾਨ ਟੋਡਰ ਮਲ ਹਾਲ' ਬਣਿਆ ਹੋਇਆ ਹੈ ਜੋ ਉਸਦੀ ਸੇਵਾ ਸ਼ਰਧਾ ਦੀ ਯਾਦ ਤਾਜ਼ਾ ਕਰਦਾ ਹੈ ਅਤੇ ਹਰ ਇਨਸਾਨ ਨੂੰ ਇਕ ਸਿੱਖਿਆ ਵੀ ਦਿੰਦਾ ਹੈ। ਇਸੇ ਤਰ੍ਹਾਂ ਇਕ ਹੋਰ ਸੱਚੇ ਮੁਸਲਮਾਨ ਨਵਾਬ ਮਲੇਰਕੋਟਲਾ ਸ਼ੇਰ ਖਾਂ ਦਾ ਜ਼ਿਕਰ ਕਰਨਾ ਵੀ ਅਤਿ ਫ਼ਖ਼ਰਯੋਗ ਹੈ ਜਿਸ ਨੇ ਇਨ੍ਹਾਂ ਛੋਟੇ ਲਾਲਾਂ ਨੂੰ ਕੰਧਾਂ ਵਿਚ ਚਿਣੇ ਜਾਣ ਦਾ ਵਿਰੋਧ ਕਰਦੇ ਹੋਏ ਵਜ਼ੀਰ ਖਾਂ ਨਾਲ ਇਸ ਗੱਲੋਂ ਬਹਿਸ ਵੀ ਕੀਤੀ ਸੀ ਕਿ ਸਾਡਾ ਕੁਰਾਨ ਸ਼ਰੀਫ ਗ੍ਰੰਥ ਨਿਹੱਥੇ ਔਰਤਾਂ ਅਤੇ ਬੱਚਿਆਂ ਉੱਪਰ ਅਜਿਹਾ ਜ਼ੁਲਮ ਕਰਨ ਦੀ ਆਗਿਆ ਨਹੀਂ ਦਿੰਦਾ। ਇਸ ਰੋਸ ਵਜੋਂ ਉਹ ਉਠ ਕੇ ਚਲੇ ਗਏ ਸਨ। ਵੇਖਿਆ ਜਾਵੇ ਤਾਂ ਅੱਜ ਇਨ੍ਹਾਂ ਲਹੂ ਭਿੱਜੀਆਂ ਵੈਰਾਗਮਈ ਸ਼ਹਾਦਤਾਂ ਨੂੰ ਪੜ੍ਹ ਸੁਣ ਕੇ ਕੋਈ ਵੀ ਇਨਸਾਨ ਭਾਵੇਂ ਉਹ ਗ਼ੈਰ ਸਿੱਖ, ਗ਼ੈਰ ਪੰਜਾਬੀ, ਭਾਰਤੀ ਜਾਂ ਵਿਦੇਸ਼ੀ ਕਿਉਂ ਨਾ ਹੋਵੇ ਆਪਣੀਆਂ ਅੱਖਾਂ ਦੇ ਹੰਝੂ ਰੋਕ ਨਹੀਂ ਸਕਦਾ ਜਿਸ ਤੱਥ ਦੀ ਗਵਾਹੀ ਇਹ ਹੈ ਕਿ ਕੁੱਝ ਸਾਲ ਪਹਿਲਾਂ ਪੰਜਾਬ ਦੇ ਇਕ ਵਿਦਵਾਨ ਨੇ ਦੱਸਿਆ ਕਿ ਉਸ ਨੂੰ ਆਪਣੀ ਅਮਰੀਕਾ ਯਾਤਰਾ ਦੌਰਾਨ ਉਥੋਂ ਦੇ ਇਕ ਸੈਮੀਨਾਰ ਹਾਲ ਵਿਚ ਪ੍ਰਭੂ ਯਿਸੂ-ਮਸੀਹ ਦੇ ਸ਼ਹੀਦੀ ਦਿਹਾੜੇ ਉੱਪਰ ਬੋਲਣ ਦਾ ਜਦੋਂ ਮੌਕਾ ਮਿਲਿਆ ਸੀ ਤਾਂ ਉਨ੍ਹਾਂ ਨੇ ਇਸ ਪ੍ਰਤੀ ਬੋਲਦੇ ਹੋਏ ਆਪਣੇ ਭਾਸ਼ਣ ਨੂੰ ਸਰਹਿੰਦ ਦੀ ਸ਼ਹੀਦੀ ਦਾਸਤਾਨ



ਦੱਸਣੀ ਸ਼ੁਰੂ ਕੀਤੀ ਤਾਂ ਸਾਹਮਣੇ ਬੈਠੇ ਸਰੋਤੇ ਬਹੁਤ ਭਾਵੁਕ ਤੇ ਹੰਝੂਗ੍ਰਸਤ ਹੋ ਗਏ ਸਨ ਅਤੇ ਔਰਤਾਂ ਆਪਣੇ ਬੱਚਿਆਂ ਨੂੰ ਵਾਰ-ਵਾਰ ਆਪਣੀ ਛਾਤੀ ਨਾਲ ਘੁੱਟਦੇ ਹੋਏ ਅੱਖਾਂ ਵਿੱਚ ਹੰਝੂ ਭਰੀ ਬੈਠੀਆਂ ਸਨ ਅਤੇ ਉਥੇ ਸੰਨਾਟਾ ਛਾਇਆ ਹੋਇਆ ਸੀ। ਜਾਪਦਾ ਸੀ ਕਿ ਉਹ ਲੋਕ ਪ੍ਰਭੂ ਯਿਸ-ਮਸੀਹ ਦੀ ਸ਼ਹਾਦਤ ਨਾਲੋਂ ਸਾਹਿਬਜ਼ਾਦਿਆਂ ਦੀ ਸ਼ਹੀਦੀ ਗਾਥਾ ਪ੍ਰਤੀ ਜ਼ਿਆਦਾ ਪੀੜਾ ਮਹਿਸੂਸ ਕਰ ਰਹੇ ਸਨ। ਭਾਸ਼ਣ ਖ਼ਤਮ ਹੋਣ ਉਪਰੰਤ ਉਹ ਸਾਰੇ ਬੜੇ ਭਾਵੁਕ ਹੋ ਕੇ ਇਹ ਪੁੱਛਣ ਲਗੇ ਕਿ ਕਿ ?ਰਪਾ ਕਰਕੇ ਦੱਸੋ ਕਿ ਗੁਰੂ ਜੀ ਦੇ ਇਹ ਸਾਹਿਬਜ਼ਾਦੇ ਇਸ ਤੋਂ ਪਹਿਲਾਂ ਅਜਿਹੀ ਕਿਹੜੀ ਸੰਗਤ ਵਿਚ ਰਹੇ ਜਿੱਥੋਂ ਇਨ੍ਹਾਂ ਨੂੰ ਇੰਨੇ ਤਿਆਗ ਅਤੇ ਅਟੱਲ ਇਰਾਦੇ ਵਾਲੀ ਸਿੱਖਿਆ ਮਿਲੀ। ਦੂਜਾ ਸਵਾਲ ਉਨ੍ਹਾਂ ਦਾ ਇਹ ਸੀ ਕਿ ਤੁਸੀਂ ਸਿੱਖ ਕੌਮ ਇਸ ਸ਼ਹਾਦਤ ਦੇ ਦਿਹਾੜੇ ਵੇਲੇ ਇਨ੍ਹਾਂ ਪਲਾਂ ਨੂੰ ਕਿਸ ਤਰ੍ਹਾਂ ਬਿਤਾਉਂਦੇ ਹੋ। ਉਸ ਵਿਦਵਾਨ ਨੇ ਕਿਹਾ ਕਿ ਪਹਿਲਾ ਜੁਆਬ ਤਾਂ ਮੈਂ ਬੜੇ ਅਰਾਮ ਨਾਲ ਦੇ ਦਿੱਤਾ ਕਿ ਦਾਦੀ ਮਾਤਾ ਗੁਜਰੀ ਜੀ ਇਨ੍ਹਾਂ ਨੂੰ ਆਪਣੇ ਦਾਦੇ ਦੇ ਦਾਦੇ ਗੁਰੂ ਅਰਜਨ ਦੇਵ ਜੀ ਅਤੇ ਦਾਦਾ ਗੁਰੂ ਤੇਗ ਬਹਾਦਰ ਜੀ ਹੋਰਾਂ ਦੇ ਬਲੀਦਾਨਾਂ ਬਾਰੇ ਅਤੇ ਹੋਰ ਸਿੱਖੀ ਸਿੱਦਕ ਵਾਲੇ ਸ਼ਹੀਦਾਂ ਬਾਰੇ ਸਿੱਖਿਆ ਦਿੰਦੇ ਰਹੇ ਸਨ ਪ੍ਰੰਤੂ ਦੂਜੇ ਸਵਾਲ ਦਾ ਜਵਾਬ ਮੈਂ ਕਿਵੇਂ ਦਿੰਦਾ ਕਿ ਸਾਡੀ ਸਿੱਖ ਕੌਮ ਇਨ੍ਹਾਂ ਪਲਾਂ ਨੂੰ ਕਿਵੇਂ ਮਨਾਉਂਦੀ ਹੈ ਕਿਉਂਕਿ ਅੱਜ ਸਾਡੇ ਸ਼ਹੀਦੀ ਅਸਥਾਨ ਫਤਿਹਗੜ੍ਹ ਸਾਹਿਬ (ਸਰਹਿੰਦ) ਵਿਖੇ ਨਤਮਸਤਕ ਹੁੰਦੀਆਂ ਸੰਗਤਾਂ ਦਰਮਿਆਨ ਸਾਡੇ ਸਿੱਖ ਅਖਵਾਉਣ ਵਾਲੇ ਪਰਿਵਾਰਾਂ ਦੇ ਬਹੁ-ਗਿਣਤੀ ਨੌਜਵਾਨ ਓਨੀ ਸ਼ਰਧਾ ਨਾਲ ਨਹੀਂ ਸਗੋਂ ਇਕ ਸਮਾਗਮ ਵਾਂਗ ਮਨਾਉਂਦੇ ਹਨ ਤੇ ਸਿੱਖੀ ਤੋਂ ਦੂਰ ਜਾ ਰਹੇ ਹਨ। ਇਹ ਸੱਚ ਹੈ ਕਿ ਪਿੰਡ ਖੇੜੀ ਗੰਗੂ ਰਸੋਈਏ ਦਾ ਪਿੰਡ ਸੀ ਜਿੱਥੋਂ ਉਸ ਨੇ ਆਪਣੇ ਘਰੋਂ ਮਾਤਾ ਜੀ ਤੇ ਛੋਟੇ ਸ਼ਾਹਿਬਜਾਦਿਆਂ ਨੂੰ ਗਿਫ਼ਤਾਰ ਕਰਵਾਇਆ ਸੀ, ਕੋਤਵਾਲੀ ਮੋਰਿੰਡਾ ਜਿੱਥੇ ਉਨ੍ਹਾਂ ਨੂੰ ਰਾਤ ਰੱਖਿਆ ਗਿਆ ਸੀ ਅਤੇ ਸਰਹਿੰਦ ਜਿੱਥੇ ਇਹ ਸ਼ਹੀਦ ਹੋਏ ਸਨ, ਇਨ੍ਹਾਂ ਦੇ ਆਸ ਪਾਸ ਵਾਲੇ ਪਿੰਡਾਂ ਦੇ ਲੋਕ ਇਨ੍ਹਾਂ ਸ਼ਹੀਦੀ ਦਿਨਾਂ ਵਿਚ ਸੋਗ ਵਜੋਂ ਕੋਈ ਵਿਆਹ ਜਾਂ ਖ਼ੁਸ਼ੀ ਸਮਾਰੋਹ ਨਹੀਂ ਸੀ ਕਰਦੇ ਪਰ ਅੱਜ ਤਾਂ ਸਭ ਕੁਝ ਹੋ ਰਿਹਾ ਹੈ। ਅੱਜ ਤਾਂ ਸਾਡੇ ਕਈ ਧਾਰਮਿਕ ਆਗੂ ਵੀ ਸਿਆਸਤ ਦੇ ਪ੍ਰਭਾਵ ਵਿੱਚ ਇੱਥੇ ਹੁੰਦੀਆਂ ਕਾਨਫੰਰਸਾਂ ਵੇਲੇ ਇਕ ਦੂਜੇ ਉੱਪਰ ਦੂਸ਼ਣਬਾਜ਼ੀ ਦਾ ਚਿੱਕੜ ਜ਼ਿਆਦਾ ਸੁਟੱਦੇ ਹਨ ਪਰ ਸ਼ਹੀਦੀ ਇਤਿਹਾਸ ਦਾ ਜ਼ਿਕਰ ਘੱਟ ਕਰਦੇ ਹਨ ਜਦੋਂ ਕਿ ਇਸਾਈ ਧਰਮ ਦੇ ਲੋਕ ਅੱਜ ਕਰੀਬ ਦੋ ਹਜ਼ਾਰ ਸਾਲਾਂ ਬਾਅਦ ਵੀ ਆਪਣੇ ਪ੍ਰਭੂ ਯਿਸੂ-ਮਸੀਹ ਨੂੰ ਸਲੀਬ ਉਪਰ ਟੰਗੇ ਹੋਏ ਮਹਿਸੂਸ ਕਰਦੇ ਹਨ । ਇਵੇਂ ਹੀ ਮੁਸਲਿਮ ਲੋਕ ਅੱਜ 1322 ਸਾਲ ਬਾਅਦ ਵੀ ਮੁਹਰਮ ਵਾਲੇ ਦਿਨ ਆਪਣੇ ਆਪ ਨੂੰ 'ਕਰਬਲਾ' ਦੀ ਦਰਦਨਾਕ ਸ਼ਹੀਦੀ ਘਟਨਾ ਦੇ ਦਰਦ ਦਾ ਦਿਲੋਂ ਅਹਿਸਾਸ ਕਰਦੇ ਹਨ ਕਿਉਂਕਿ ਇਸ ਦਿਨ ਉਨ੍ਹਾਂ ਦੇ ਪੈਗੰਬਰ ਮੁਹੰਮਦ ਸਾਹਿਬ ਦੇ ਦੋ ਛੋਟੇ ਮਾਸੂਮ ਬੱਚਿਆਂ ਨੂੰ ਕਈ ਦਿਨ ਭੁੱਖੇ ਰੱਖ ਕੇ ਤੇ ਬੜੇ ਤਸੀਹੇ ਦੇ ਕੇ ਇਥੇ ਸ਼ਹੀਦ ਕੀਤਾ ਗਿਆ ਸੀ। ਸਰਬੰਦਾਨੀ ਦਸਮੇਸ਼ ਗੁਰੂ ਜੀ ਨੇ ਤਾਂ ਇਨ੍ਹਾਂ ਸ਼ਹਾਦਤਾਂ ਉਪਰੰਤ ਅਕਾਲ ਪੁਰਖ ਦਾ ਸ਼ੁਕਰਾਨਾ ਹੀ ਕੀਤਾ ਸੀ ਕਿ :

**ਮੁਝ ਤੇ ਆਜ ਤੇਰੀ ਅਮਾਨਤ**
**ਅਦਾ ਹੁਈ।**
ਬੇਟੋਂ ਕੀ ਜਾਂਅ ਧਰਮ ਕੀ ਖਾਤਰ ਫ਼ਿਦਾ ਹੁਈ।



ਗੁਰੂ ਜੀ ਨੇ ਤਾਂ ਇਹ ਵੀ ਫਰਮਾਇਆ ਸੀ ਕਿ :

**ਇਨ ਪੁਤਰਨ ਕੇ ਨਾਮ ਪਰ ਵਾਰ**
**ਦੀਏ ਸੁਤ ਚਾਰ,**
**ਚਾਰ ਮੂਏ ਤੋਂ ਕਿਆ ਹੂਆ ਜੀਵਤ ਕਈ ਹਜ਼ਾਰ।**

ਅੱਜ ਜਦੋਂ ਇਸ ਸ਼ਹੀਦੀ ਅਸਥਾਨ ਦੇ ਦਰਸ਼ਨ ਕਰਦੇ ਹਾਂ ਤਾਂ ਇੰਝ ਮਹਿਸੂਸ ਹੁੰਦਾ ਹੈ ਜਿਵੇਂ ਸ਼ਹੀਦੀ ਦੀਵਾਰ 'ਚੋਂ ਇਹ ਅਵਾਜ਼ਾਂ ਆ ਰਹੀਆਂ ਹੋਣ :

**ਹਮ ਜਾਨ ਦੇਕਰ ਦੇਸ਼ ਕੌਮ ਕੀ ਜਾਨੇ ਬਚਾ ਚਲੇ,**
**ਸਿੱਖੀ ਕੀ ਨੀਂਵ ਹਮ ਸਰੋਂ ਪਰ ਉਠਾ ਚਲੇ।**

ਸੋ ਅੱਜ ਅਸੀਂ ਦੇਖਣਾ ਹੈ ਕਿ ਜੋ ਗੁਰੂ ਜੀ ਨੇ ਸਾਨੂੰ ਆਪਣੇ ਪੁੱਤਰ ਬਣਾਇਆ ਸੀ ਤਾਂ ਅਸੀਂ ਉਨ੍ਹਾਂ ਦੀ ਪ੍ਰਤੀ ਆਪਣਾ ਕੀ ਫ਼ਰਜ਼ ਨਿਭਾ ਰਹੇ ਹਾਂ।

# ਮਾਤਾ ਗੁਜਰੀ ਜੀ



ਜਗਤ ਮਾਤਾ ਗੁਜਰੀ ਜੀ ਦੀ ਮਹਾਨ ਜੀਵਨ ਗਾਥਾ, ਪ੍ਰੇਮ, ਤਪ, ਸੇਵਾ ਸਿਦਕ, ਸਿਮਰਨ, ਵਿਸ਼ਵਾਸ, ਸਹਿਣਸ਼ੀਲਤਾ, ਤਿਆਗ, ਕੁਰਬਾਨੀ, ਖ਼ਿਮਾ, ਸੰਤੋਖ, ਦਇਆ ਅਤੇ ਧੀਰਜ ਦੀ ਉਹ ਅਲੌਕਿਕ ਮਿਸਾਲ ਹੈ ਜੋ ਹਮੇਸ਼ਾ ਸਾਡੇ ਰਾਹ ਰੁਸ਼ਨਾਉਂਦੀ ਰਹੇਗੀ। ਕਾਰਨਾਮਿਆਂ, ਸਾਕਿਆਂ, ਘੱਲੂਘਾਰਿਆਂ ਦੇ ਵਿਲੱਖਣ ਸਿੱਖ ਇਤਿਹਾਸ ਵਿਚ ਮਾਤਾ ਜੀ ਨੂੰ ਇਸਤਰੀ ਜਾਮੇ ਦੇ ਪ੍ਰਥਮ ਸ਼ਹੀਦ ਹੋਣ ਦਾ ਮਾਣ ਪ੍ਰਾਪਤ ਹੈ। ਆਪ ਜੀ ਇਕੋ ਇਕ ਸ਼ਖ਼ਸੀਅਤ ਹਨ ਜਿਨ੍ਹਾਂ ਦੇ ਪਤੀ, ਪੁੱਤਰ, ਪੋਤਰੇ, ਭਰਾ, ਨਨੋਤਰੇ ਧਰਮ, ਅਣਖ, ਮਨੁੱਖੀ ਅਧਿਕਾਰਾਂ ਲਈ ਸ਼ਹੀਦ ਹੋਏ। ਸਰਬੰਸਦਾਨੀ ਮਾਤਾ ਜੀ ਦੇ ਬੇਮਿਸਾਲ ਹੌਸਲੇ, ਸੰਘਰਸ਼, ਦਲੇਰੀ, ਸੰਜਮ ਅਤੇ ਇਬਾਦਤ ਸ਼ਹਾਦਤ ਅੱਗੇ ਅਸੀਂ ਸਾਰੇ ਨਤਮਸਤਕ ਹਾਂ। ਆਪ ਜੀ ਦਾ ਜਨਮ ਮਾਤਾ ਬਿਸ਼ਨ ਕੌਰ ਜੀ ਅਤੇ ਭਾਈ ਲਾਲ ਚੰਦ ਜੀ ਦੇ ਘਰ ਸ੍ਰੀ ਕਰਤਾਰਪੁਰ ਸਾਹਿਬ (ਜਲੰਧਰ) ਵਿਖੇ ਹੋਇਆ। ਬੱਚੀ ਦੇ ਮੁੱਖ 'ਤੇ ਚੜ੍ਹਦੇ ਸੂਰਜ ਜਿਹਾ ਤੇਜ ਅਤੇ ਸ਼ਾਂਤ ਮੁਸਕਰਾਹਟ ਸੀ, ਜਿਸ ਕਰਕੇ ਇਨ੍ਹਾਂ ਦਾ ਨਾਮ ਗੁਜਰੀ ਰੱਖਿਆ ਗਿਆ, ਜਿਸ ਦਾ ਅਰਥ ਹੈ ਸੁਖ ਦੇਣ ਵਾਲੀ-

ਗੁਜਰੀ ਨਾਮ ਜਹਿ ਸੁਖਦਾਈ॥

ਆਪ ਜੀ ਬਚਪਨ ਤੋਂ ਹੀ ਲੱਜਿਆ, ਨਿਮਰਤਾ, ਸੁੰਦਰਤਾ, ਹਲੀਮੀ ਅਤੇ ਮਿੱਠਤ ਦੀ ਮੂਰਤ ਸਨ। ਇਨ੍ਹਾਂ ਦਾ ਸਾਰਾ ਪਰਿਵਾਰ ਗੁਰੂ ਘਰ 'ਤੇ ਅਤੁੱਟ ਸ਼ਰਧਾ ਰੱਖਦਾ ਸੀ। ਬੱਚੀ ਨੂੰ ਸ਼ੁਭ ਸੰਸਕਾਰ, ਪਾਠ, ਸੇਵਾ, ਸਿਮਰਨ ਅਤੇ ਗੁਰੂ ਘਰ ਦੇ ਪਿਆਰ ਸਤਿਕਾਰ ਵਾਲਾ ਮਾਹੌਲ ਮਿਲਿਆ। ਭਾਈ ਲਾਲ ਚੰਦ ਜੀ ਦੀ ਬੇਨਤੀ 'ਤੇ ਛੇਵੇਂ ਪਾਤਸ਼ਾਹ ਜੀ ਨੇ ਆਪਣੇ ਸਭ ਤੋਂ ਛੋਟੇ ਸਪੁੱਤਰ ਸ੍ਰੀ (ਗੁਰੂ) ਤੇਗ ਬਹਾਦਰ ਜੀ ਲਈ ਸ੍ਰੀ ਗੁਜਰੀ ਜੀ ਦਾ ਰਿਸ਼ਤਾ ਪਰਵਾਨ ਕੀਤਾ। ਅਨੰਦ ਕਾਰਜ ਸਮੇਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਅਸੀਸ ਦਿੱਤੀ ਕਿ ਇਹ ਬੱਚੀ ਵੱਡੀ ਉਮਰ ਵਾਲੀ ਅਤੇ ਬਿਬੇਕ ਬੁੱਧੀ ਵਾਲੀ ਹੋਵੇਗੀ। ਵਿਆਹ ਤੋਂ ਬਾਅਦ ਆਪ ਕੁਝ ਸਮਾਂ ਗੁਰੂ ਕੇ ਮਹਿਲ ਸ੍ਰੀ ਅੰਮ੍ਰਿਤਸਰ ਸਾਹਿਬ ਵਿਚ ਲਾਡ-ਪਿਆਰ ਨਾਲ ਰਹੇ। ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਸ੍ਰੀ ਕੀਰਤਪੁਰ ਸਾਹਿਬ ਵਿਖੇ ਛੇਵੇਂ ਪਾਤਸ਼ਾਹ ਜੀ ਨੇ ਆਪਣੇ ਮਹਿਲ ਮਾਤਾ ਨਾਨਕੀ ਜੀ, ਸਪੁੱਤਰ ਸ੍ਰੀ ਤੇਗ ਬਹਾਦਰ ਸਾਹਿਬ ਜੀ ਅਤੇ ਨੂੰਹ ਬੀਬੀ ਗੁਜਰੀ ਜੀ ਨੂੰ ਬਾਬਾ ਬਕਾਲੇ ਭੇਜ ਦਿੱਤਾ। ਇਥੇ ਨੌਵੇਂ ਪਾਤਸ਼ਾਹ ਜੀ ਨੇ ਬੰਦਗੀ ਲਈ ਇਕ ਭੋਰਾ ਸਾਹਿਬ ਬਣਵਾਇਆ ਅਤੇ ਹਰ ਸਮੇਂ ਆਪਣੇ ਨਿੱਜ ਸਰੂਪ ਵਿਚ ਲੀਨ ਰਹਿਣ ਲੱਗੇ। ਬੀਬੀ ਗੁਜਰੀ ਜੀ ਨੇ 26 ਸਾਲ 9 ਮਹੀਨੇ 13 ਦਿਨ ਸਬਰ, ਰਜਾ ਅਤੇ ਹੁਕਮ ਵਿਚ ਰਹਿ ਕੇ ਪਤੀ ਦੀ ਅਣਥੱਕ ਸੇਵਾ ਕੀਤੀ। ਇਮਤਿਹਾਨ ਦੀ ਇਸ ਘੜੀ ਵਿਚ ਆਪ ਨੇ ਆਪਣਾ ਚਿੱਤ ਨਾ ਡੁਲਾਇਆ ਅਤੇ ਪਰਮਾਤਮਾ ਦੇ ਸ਼ੁਕਰ ਵਿਚ ਰਹਿ ਕੇ ਬੰਦਗੀ ਕੀਤੀ। ਸਮਾਂ ਆਉਣ 'ਤੇ ਜਦੋਂ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਪ੍ਰਗਟ ਰੂਪ ਵਿਚ ਗੁਰਗੱਦੀ 'ਤੇ ਬਿਰਾਜਮਾਨ ਹੋਏ ਤਾਂ ਸੋਢੀਆਂ ਦੀ ਈਰਖਾ ਨੇ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ। ਧੀਰਮੱਲ ਦੇ ਭੇਜੇ ਮਸੰਦਾਂ ਨੇ ਸਤਿਗੁਰੂ ਜੀ 'ਤੇ ਗੋਲੀ ਚਲਾ ਦਿੱਤੀ। ਨਿਰਵੈਰ ਪਾਤਸ਼ਾਹ ਜੀ ਜਗਤ ਉਧਾਰ ਲਈ ਚੱਲ ਪਏ। ਪਰਿਆਗ (ਇਲਾਹਾਬਾਦ) ਦੇ ਸਥਾਨ ਉਤੇ ਮਾਤਾ ਜੀ ਦੀ ਕ੍ਰਿਸ਼ਮਈ ਕੁੱਖ ਨੂੰ ਭਾਗ ਲੱਗੇ। ਨੌਵੇਂ ਪਾਤਸ਼ਾਹ ਜੀ ਮਾਤਾ ਨਾਨਕੀ ਜੀ ਅਤੇ ਧਰਮਪਤਨੀ ਗੁਜਰੀ ਜੀ ਨੂੰ ਪਟਨਾ ਸਾਹਿਬ ਵਿਖੇ ਛੱਡ ਕੇ ਉੱਤਰ ਪ੍ਰਦੇਸ਼, ਬਿਹਾਰ, ਬੰਗਾਲ, ਆਸਾਮ ਆਦਿ ਧਰਤੀਆਂ ਨੂੰ ਨਿਵਾਜਦੇ ਰਹੇ। ਪਟਨਾ ਸਾਹਿਬ ਵਿਖੇ ਮਹਾਨ ਦਇਆਵੀਰ, ਧਰਮਵੀਰ ਸਾਹਿਬੇ ਕਮਾਲ ਸ੍ਰੀ ਦਸਮੇਸ਼ ਜੀ ਦਾ ਪ੍ਰਕਾਸ਼ ਹੋਇਆ। ਨੌਵੇਂ ਪਾਤਸ਼ਾਹ ਜੀ ਨੇ ਆਪਣੇ ਲਾਡਲੇ ਦਾ ਮੁੱਖ ਉਦੋਂ ਦੇਖਿਆ ਜਦੋਂ ਉਹ ਚਾਰ ਸਾਲ ਦੇ ਹੋ ਚੁੱਕੇ ਸਨ। ਜਦੋਂ ਸ੍ਰੀ ਦਸਮੇਸ਼ ਜੀ ਸਿਰਫ਼ ਨੌਂ ਸਾਲਾਂ ਦੇ ਸਨ ਤਾਂ ਮਜ਼ਲੂਮ, ਨਿਆਸਰਿਆਂ ਦੀ ਧਰਮ ਰੱਖਿਆ ਲਈ ਨੌਵੇਂ ਪਾਤਸ਼ਾਹ ਜੀ ਸ਼ਹਾਦਤ ਦਾ ਜਾਮ ਪੀ ਗਏ। ਮਾਤਾ ਗੁਜਰੀ ਜੀ ਨੇ ਪਤੀ ਗੁਰੂ ਦਾ ਸੀਸ ਝੋਲੀ ਵਿਚ ਲੈ ਕੇ ਅਰਦਾਸ ਕੀਤੀ ਕਿ ਤੁਹਾਡੀ ਨਿਭ ਗਈ ਹੈ, ਮੇਰੀ ਵੀ ਨਿਭ ਜਾਵੇ। ਮਾਤਾ ਜੀ ਨੂੰ ਆਪਣੇ ਮਹਾਨ ਪਤੀ ਦਾ ਸਾਥ ਬਹੁਤ ਥੋੜ੍ਹਾ ਸਮਾਂ ਮਿਲਿਆ। ਆਪ ਨੇ ਰਜ਼ਾ ਵਿਚ ਰਾਜ਼ੀ ਰਹਿੰਦਿਆਂ ਬਹੁਤ ਸੂਝ-ਬੂਝ, ਸਬਰ ਅਤੇ ਸਿਆਣਪ ਨਾਲ ਆਪਣੇ ਸਪੁੱਤਰ ਦੀ ਪਾਲਣਾ

**ਡਾ. ਸਰਬਜੀਤ ਕੌਰ ਸੰਧਾਵਾਲੀਆ**

ਕੀਤੀ। ਛੋਟੇ ਸਾਹਿਬਜ਼ਾਦਿਆਂ ਦੇ ਮਾਤਾ ਜੀਤੋ ਜੀ ਚਲਾਣਾ ਕਰ ਗਏ ਤਾਂ ਮਾਤਾ ਗੁਜਰੀ ਜੀ ਨੇ ਕਈ ਹੁਕਮਨਾਮੇ ਜਾਰੀ ਕਰਕੇ ਸੰਗਤ ਦੀ ਯੋਗ ਅਗਵਾਈ ਕੀਤੀ। ਆਪ ਜੀ ਇਕ ਕੁਸ਼ਲ ਪ੍ਰਬੰਧਕ ਅਤੇ ਦੂਰਅੰਦੇਸ਼ ਹਸਤੀ ਸਨ। ਜੀਵਨ ਦੇ ਮਹਾਨ ਸੰਘਰਸ਼ਾਂ ਸਾਹਮਣੇ ਉਹ ਨਿਰਭੈ ਹੋ ਕੇ ਡਟੇ ਰਹੇ। ਫਿਰ ਐਸੀ ਕਾਲੀ ਬੋਲ਼ੀ ਭਿਆਨਕ ਠੰਢੀ ਰਾਤ ਆਈ, ਜਦੋਂ ਸਰਸਾ ਦੇ ਕਿਨਾਰੇ ਪਰਿਵਾਰ ਵਿਛੋੜਾ ਪੈ ਗਿਆ। ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦੇ ਗੰਗੂ ਨੇ ਫੜਾ ਦਿੱਤੇ। ਜ਼ਾਲਮਾਂ ਦੀ ਕੈਦ ਵਿਚ ਅਨੇਕਾਂ ਤਸੀਹੇ ਸਹਿ ਕੇ ਵੀ ਮਾਤਾ ਜੀ ਦੀ ਗੁੜ੍ਹਤੀ ਅਤੇ ਸਿੱਖਿਆ ਸਦਕਾ ਸਾਹਿਬਜ਼ਾਦੇ ਅਡੋਲ ਰਹੇ। ਦਾਦੀ ਅਤੇ ਪੋਤਿਆਂ ਦਾ ਅਥਾਹ ਪਿਆਰ ਸੀ। ਜਦੋਂ ਸਾਹਿਬਜ਼ਾਦਿਆਂ ਨੂੰ ਪੇਸ਼ੀ ਲਈ ਬੁਲਾਇਆ ਗਿਆ ਤਾਂ ਮਾਤਾ ਜੀ ਨੇ ਧੀਰਜ ਨਾਲ ਲਾਡਲਿਆਂ ਨੂੰ ਤਿਆਰ ਕੀਤਾ ਅਤੇ ਸਮਝਾਇਆ ਕਿ ਸ਼ੇਰਾਂ ਦੇ ਬੱਚੇ ਸ਼ੇਰ ਹੁੰਦੇ ਹਨ। ਤੁਸੀਂ ਕਚਹਿਰੀ ਜਾ ਕੇ ਗੱਜ ਕੇ ਫ਼ਤਹਿ ਬੁਲਾਉਣਾ, ਚੜ੍ਹਦੀ ਕਲਾ ਵਿਚ ਰਹਿਣਾ ਅਤੇ ਸੀਸ ਵਾਰ ਕੇ ਵੀ ਆਪਣੀ ਮਹਾਨ ਵੰਸ਼ ਮਰਿਆਦਾ ਕਾਇਮ ਰੱਖਣੀ। ਅੱਗੋਂ ਨਿੱਕੇ ਬਾਲਾਂ ਨੇ ਵੀ ਦਾਦੀ ਮਾਂ ਦਾ ਮਾਣ ਰਖਦਿਆਂ ਕਿਹਾ:

ਧੰਨ ਭਾਗ ਹਮਰੇ ਹੈਂ ਮਾਈ
ਧਰਮ ਹੇਤਿ ਤਨ ਜੇ ਕਰ ਜਾਈ॥

ਅੰਤ 13 ਪੋਹ, 1704 ਈ. ਨੂੰ ਫੁੱਲਾਂ ਵਰਗੇ ਕੋਮਲ ਲਾਲ ਨੀਹਾਂ ਵਿਚ ਚਿਣ ਦਿੱਤੇ ਗਏ। ਮਾਤਾ ਜੀ ਨੇ ਵੀ ਸਮਾਧੀ ਸਥਿਤ ਹੋ ਕੇ ਪ੍ਰਾਣ ਤਿਆਗ ਦਿੱਤੇ। ਸੇਠ ਟੋਡਰ ਮੱਲ ਨੇ ਮੋਹਰਾਂ ਵਿਛਾ ਕੇ ਦੁਨੀਆ ਦੀ ਸਭ ਤੋਂ ਕੀਮਤੀ ਜ਼ਮੀਨ 'ਤੇ 28 ਦਸੰਬਰ, 1704 ਈ. ਨੂੰ ਜਯੋਤੀ ਸਰੂਪ ਵਾਲੇ ਅਸਥਾਨ 'ਤੇ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਦਾ ਸਸਕਾਰ ਕੀਤਾ। ਜਦੋਂ ਸਮਾਧਾਂ ਬਣਾਈਆਂ ਗਈਆਂ ਤਾਂ ਸਾਹਿਬਜ਼ਾਦਿਆਂ ਦੀਆਂ ਅੰਦਰ ਚਾਰਦੀਵਾਰੀ ਵਿਚ ਅਤੇ ਮਾਤਾ ਜੀ ਦੀ ਬਾਹਰ ਦਹਿਲੀਜ਼ 'ਤੇ ਬਣਾਈ ਗਈ। ਇਉਂ ਜਾਪਦਾ ਹੈ ਕਿ ਦਾਦੀ ਮਾਂ ਅੱਜ ਵੀ ਸਰਦਲ 'ਤੇ ਬੈਠੀ ਮਾਸੂਮ ਪੋਤਰਿਆਂ ਦੀ ਰਾਖੀ ਕਰ ਰਹੀ ਹੈ ਅਤੇ ਸੰਦੇਸ਼ ਦੇ ਰਹੀ ਹੈ ਕਿ ਦਾਦੀ ਦਾ ਕੀ ਫ਼ਰਜ਼ ਹੁੰਦਾ ਹੈ। ਮਾਤਾ ਜੀ ਦੁਨੀਆ ਦੀਆਂ ਸਾਰੀਆਂ ਮਾਵਾਂ ਲਈ ਪੂਰਨੇ ਪਾ ਗਏ। ਆਪ ਜੀ ਇਕ ਆਦਰਸ਼ ਸਪੁੱਤਰੀ, ਆਦਰਸ਼ ਨੂੰਹ, ਆਦਰਸ਼ ਸੁਪਤਨੀ, ਆਦਰਸ਼ ਮਾਂ ਅਤੇ ਆਦਰਸ਼ ਦਾਦੀ ਸਨ। ਆਪਾਂ ਵੀ ਇਸ ਮਹਾਨ ਮਾਂ ਦੇ ਵੰਸ਼ਜ਼ ਹਾਂ ਅਤੇ ਹੰਝੂਆਂ ਭਰੀ ਸ਼ਰਧਾਂਜਲੀ ਭੇਟ ਕਰਦੇ ਹਾਂ:

ਦੁਨੀਆ ਦੇ ਦਿਲ ਤੋਂ ਵੱਖਰਾ ਹੀ,
ਮਾਤਾ ਗੁਜਰੀ ਤੇਰਾ ਦਿਲ ਹੈ।
ਫੌਲਾਦ ਤੋਂ ਵੱਧ ਇਹ ਤਕੜਾ ਹੈ,
ਫੁੱਲਾਂ ਤੋਂ ਵੀ ਇਹ ਕੋਮਲ ਹੈ।
ਮਾਤਾ! ਜਦ ਤੇਰੇ ਸੋਹਣੇ ਦਿਲ ਦੇ,
ਚਾਰੇ ਖਾਨੇ ਮਿਣੇ ਗਏ,
ਦੋ ਚਮਨ ਪਏ ਚਮਕੌਰ ਅੰਦਰ,
ਦੋ ਨੀਹਾਂ ਅੰਦਰ ਚਿਣੇ ਗਏ।

# ਸਾਕਾ ਸਰਹਿੰਦ-ਜਾ ਠਹਰੇ ਸਰ ਪੇ ਮੌਤ ਕੇ ਫਿਰ ਭੀ ਨਾ ਥਾ ਖ਼ਿਆਲ

## ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੁਨੀਆਂ ਦੇ ਇਤਿਹਾਸ ਵਿਚ ਦਿਲ ਕੰਬਾਅ ਦੇਣ ਵਾਲੀ ਦਰਦਨਾਕ ਘਟਨਾ ਹੈ

ਸਿੱਖ ਧਰਮ ਵਿਚ ਸ਼ਹੀਦੀ ਪ੍ਰੰਪਰਾ ਦੇ ਆਗ਼ਾਜ਼ ਦਾ ਪ੍ਰਮਾਣ ਬਾਬਾ ਨਾਨਕ ਜੀ ਵਲੋਂ ਉਚਾਰਨ ਕੀਤੀ ਪਾਵਨ ਗੁਰਬਾਣੀ ਦੇ ਬਚਨਾਂ "ਜਉ ਤਉ ਪ੍ਰੇਮ ਖੇਲਨ ਕਾ ਚਾਉ। ਸਿਰ ਧਰਿ ਤਲੀ ਗਲੀ ਮੇਰੀ ਆਉ। ਇਤੁ ਮਾਰਗਿ ਪੈਰੁ ਧਰੀਜੈ। ਸਿਰੁ ਦੀਜੈ ਕਾਣਿ ਨਾ ਕੀਜੈ।" ਤੋਂ ਮਿਲ ਜਾਂਦਾ ਹੈ। ਤਸੀਹੇ ਤੇ ਤਬਾਹੀਆਂ ਪੱਖੋਂ ਜੇਕਰ ਵੇਖਿਆ ਜਾਵੇ ਤਾਂ ਸਾਰੇ ਸ਼ਹੀਦਾਂ ਦੀ ਸ਼ਹਾਦਤ ਅਪਣੀ-ਅਪਣੀ ਵਿਲੱਖਣਤਾ ਪੇਸ਼ ਕਰਦੀ ਹੈ ਪਰ ਅਨੰਦਪੁਰ ਸਾਹਿਬ ਦੀ ਜੰਗ, ਸਰਸਾ ਦੀ ਜੰਗ ਤੋਂ ਪਿੱਛੋਂ ਸਾਕਾ ਸਰਹਿੰਦ ਤੇ ਸਾਕਾ ਚਮਕੌਰ ਸਾਹਿਬ ਨੇ ਸਿੱਖ ਹਿਰਦਿਆਂ ਨੂੰ ਵਲੂੰਧਰ ਕੇ ਰੱਖ ਦਿਤਾ ਕਿਉਂਕਿ ਇਨ੍ਹਾਂ ਸਾਕਿਆਂ ਦੌਰਾਨ ਦਸਮ ਗੁਰੂ ਜੀ ਦੇ ਚਾਰੇ ਸਾਹਿਬਜ਼ਾਦਿਆਂ, ਮਾਤਾ ਗੁਜਰੀ ਜੀ, ਤਿੰਨ ਪਿਆਰੇ ਤੇ ਬਹੁਤ ਸਾਰੇ ਸਿਰਕੱਢ ਯੋਧੇ ਸ਼ਹਾਦਤਾਂ ਪਾ ਗਏ।

ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੁਨੀਆਂ ਦੇ ਇਤਿਹਾਸ ਵਿਚ ਦਿਲ ਕੰਬਾਅ ਦੇਣ ਵਾਲੀ ਦਰਦਨਾਕ ਘਟਨਾ ਹੈ। ਇਹ ਵੀ ਵਰਨਣ ਯੋਗ ਹੈ ਕਿ ਕਿਸੇ ਇਕ ਵਿਅਕਤੀ ਦੀ ਕਾਲੀ ਕਰਤੂਤ ਪਿੱਛੇ ਉਸ ਦੇ ਸਾਰੇ ਸਮਾਜ ਨੂੰ ਬੁਰਾ ਸਮਝਣਾ ਵੀ ਕੋਈ ਸਿਆਣਪ ਵਾਲੀ ਗੱਲ ਨਹੀਂ ਹੁੰਦੀ। ਮੁਸਲਿਮ ਤੇ ਹਿੰਦੂ ਸਮਾਜ ਦਾ ਵੀ ਸਿੱਖ ਇਤਿਹਾਸ ਵਿਚ ਅਹਿਮ ਯੋਗਦਾਨ ਅਸੀ ਇਤਿਹਾਸ ਵਿਚ ਵਾਚਦੇ ਹਾਂ। ਅਸੀ ਸਦੀਆਂ ਤੋਂ ਹਿੰਦੂਆਂ ਤੇ ਸਿੱਖਾਂ ਤੇ ਹੁੰਦੇ ਜ਼ੁਲਮਾਂ ਦੀਆਂ ਇਤਿਹਾਸਕ ਗਾਥਾਵਾਂ ਪੜ੍ਹਦੇ ਤੇ ਸੁਣਦੇ ਆ ਰਹੇ ਹਾਂ। ਦਸਮ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਮਨੁੱਖੀ ਦਰਿੰਦਗੀ ਦਾ ਅਤੀ ਘਿਨਾਉਣਾ ਦ੍ਰਿਸ਼ ਪੇਸ਼ ਕਰਦੀ ਹੈ। ਗੁਰੂ ਜੀ ਦੇ ਚਾਰੋਂ ਸਾਹਿਬਜ਼ਾਦਿਆਂ ਨੇ ਜੋ ਲਾਸਾਨੀ ਸ਼ਹਾਦਤਾਂ ਪ੍ਰਾਪਤ ਕੀਤੀਆਂ, ਉਨ੍ਹਾਂ ਦੀ ਮਿਸਾਲ ਵਿਸ਼ਵ ਦੇ ਕਿਸੇ ਵੀ ਇਤਿਹਾਸ ਵਿਚ ਨਹੀਂ ਮਿਲਦੀ।

ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 20 ਦਸੰਬਰ 1704 ਈਸਵੀ ਨੂੰ ਅਨੰਦਪੁਰ ਸਾਹਿਬ ਦਾ ਕਿਲ੍ਹਾ ਖ਼ਾਲੀ ਕਰ ਦਿਤਾ ਸੀ। ਸ੍ਰੀ ਅਨੰਦਪੁਰ ਸਾਹਿਬ ਛੱਡਣ ਸਮੇਂ ਗੁਰੂ ਸਾਹਿਬ ਨਾਲ ਗਿਣਤੀ ਦੇ ਸਿੰਘ ਹੀ ਸਨ। ਜਦੋਂ ਸਰਸਾ



ਨਦੀ ਪਾਰ ਕਰਨ ਲੱਗੇ ਤਾਂ ਨਦੀ ਅਪਣੇ ਪੂਰੇ ਜੋਬਨ ਉਤੇ ਸੀ ਤੇ ਪਾਣੀ ਛੱਲਾਂ ਮਾਰ ਰਿਹਾ ਸੀ। ਮੁਗ਼ਲ ਫ਼ੌਜਾਂ ਤੇ ਪਹਾੜੀ ਰਾਜਿਆਂ ਨੇ ਸਾਰੀਆਂ ਝੂਠੀਆਂ ਕਸਮਾਂ ਤੋੜ ਕੇ ਦਸਮ ਪਾਤਸ਼ਾਹ ਦੇ ਸਿੰਘਾਂ ਉਤੇ ਹਮਲਾ ਕਰ ਦਿਤਾ, ਘਮਸਾਨ ਦਾ ਯੁੱਧ ਹੋਇਆ। ਗੁਰੂ ਜੀ ਦੇ ਅਨੇਕਾਂ ਸਿੰਘ, ਸਾਹਿਤ ਦਾ ਅਨਮੋਲ ਖ਼ਜ਼ਾਨਾ ਹੱਥ ਲਿਖਤ ਗ੍ਰੰਥ ਤੇ ਕਵੀਆਂ ਦੀਆਂ ਰਚਨਾਵਾਂ ਆਦਿ ਇਸ ਯੁਧ ਤੇ ਨਦੀ ਦੇ ਤੇਜ਼ ਵਹਾਅ ਦੀ ਭੇਟ ਚੜ੍ਹ ਗਏ। ਹਫੜਾ-ਤਫੜੀ ਵਿਚ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਜੀ (ਜਨਮ 17 ਨਵੰਬਰ 1696), ਬਾਬਾ ਫ਼ਤਹਿ ਸਿੰਘ ਜੀ (ਜਨਮ 26 ਫ਼ਰਵਰੀ 1699) ਅਤੇ ਮਾਤਾ ਗੁਜਰੀ ਜੀ ਗੁਰੂ ਸਾਹਿਬ ਦੇ ਜਥੇ ਤੋਂ ਵੱਖ ਹੋ ਗਏ। ਹਕੀਮ ਅੱਲ੍ਹਾ ਯਾਰ ਖਾਂ ਜੋਗੀ ਇੰਜ ਲਿਖਦੇ ਹਨ:-

**ਜ਼ੋਰਾਵਰ ਔਰ ਫ਼ਤਹ ਜੋ ਦਾਦੀ ਕੇ ਸਾਥ ਥੇ।**
**ਦਾਯੇਂ ਕੀ ਜਗਹ ਚਲ ਦੀਏ ਵੁਹ ਬਾਯੇਂ ਹਾਥ ਥੇ।**

ਜੰਗ ਸਰਸਾ ਤੋਂ 139 ਸਾਲ ਬਾਅਦ ਕਵੀ ਸੰਤੋਖ ਸਿੰਘ ਦੀ ਰਚਨਾ ਗੁਰਪ੍ਰਤਾਪ ਸੂਰਜ ਗ੍ਰੰਥ

**ਗੁਰਮੇਲ ਸਿੰਘ ਗਿੱਲ**

ਅਨੁਸਾਰ ਬਹੁਤੇ ਉਤਰਕਾਲੀ ਇਤਿਹਾਸਕਾਰ ਲਿਖਦੇ ਹਨ ਕਿ ਗੁਰੂ ਘਰ ਵਿਚ ਲੰਗਰ-ਪ੍ਰਸ਼ਾਦਿਆਂ ਦੀ ਸੇਵਾ ਕਰਨ ਵਾਲਾ ਗੰਗੂ ਨਾਂ ਦਾ ਰਸੋਈਆ ਇਸੇ ਮੌਕੇ ਤੇ ਮਾਤਾ ਜੀ ਤੇ ਛੋਟੇ ਸਾਹਿਬਜ਼ਾਦਿਆਂ ਨੂੰ ਮਿਲਿਆ। ਉਸ ਨੇ ਮਾਤਾ ਜੀ ਨੂੰ ਕਿਹਾ ਕਿ ਇਸ ਬਿਪਤਾ ਦੀ ਘੜੀ ਵਿਚ ਤੁਸੀ ਮੇਰੇ ਘਰ ਟਿਕਾਣਾ ਕਰ ਲਉ, ਇਸੇ ਟਿਕਾਣੇ ਉਪਰੰਤ ਲਾਲਚ ਕਾਰਨ ਉਸ ਤੇ ਗ੍ਰਿਫ਼ਤਾਰ ਕਰਵਾਉਣ ਦਾ ਦੋਸ਼ ਲਗਦਾ ਆਇਆ ਹੈ ਪਰ ਸਮਕਾਲੀ ਕਵੀ ਦੁੰਨਾਂ ਸਿੰਘ ਹੰਡੂਰੀਆ ਦੀ ਕ੍ਰਿਤ 'ਕਥਾ ਗੁਰ ਕੇ ਸੂਤਨ ਕੀ' ਅਨੁਸਾਰ ਚਮਕੌਰ ਦੀ ਜੰਗ ਸਮੇਂ ਮਾਤਾ ਗੁਜਰੀ ਜੀ, ਦੋਵੇਂ ਛੋਟੇ ਸਾਹਿਬਜ਼ਾਦੇ, ਇਕ ਦਾਸੀ ਤੇ ਖ਼ੁਦ ਕਵੀ ਦੁੰਨਾ ਸਿੰਘ ਹੰਡੂਰੀਆ ਸਮੇਤ ਉਹ ਪੰਜੇ ਕੁੰਮੇ ਮਾਸ਼ਕੀ ਦੇ ਘਰ ਠਹਿਰੇ ਹੋਏ ਸਨ। ਇਥੇ ਉਨ੍ਹਾਂ ਨੂੰ ਇਕ ਲਛਮੀ ਨਾਂ ਦੀ ਬ੍ਰਹਮਣ ਲੜਕੀ ਰੋਟੀ ਬਣਾ ਕੇ ਛਕਾਉਂਦੀ ਸੀ। ਇਸ ਗੱਲ ਦਾ ਪਤਾ ਸਹੇੜੀ ਦੇ ਰਹਿਣ ਵਾਲੇ ਦੋ ਮਸੰਦਾਂ ਧੁੰਮੇ ਤੇ ਦਰਬਾਰੀ (ਜੋ ਕਿ ਬੀਤੇ ਸਮੇਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਵਲੋਂ ਦਰਬਾਰ ਵਿਚੋਂ ਕੱਢ ਦਿਤੇ ਗਏ ਸਨ) ਨੂੰ ਲੱਗਾ। ਉਹ ਮਾਤਾ ਜੀ ਤੇ ਦੋਵੇਂ ਛੋਟੇ ਸਾਹਿਬਜ਼ਾਦਿਆਂ ਨੂੰ ਨਾਲ ਲੈ ਗਏ। ਉਨ੍ਹਾਂ ਨੂੰ ਪਤਾ ਲੱਗ ਗਿਆ ਕਿ ਮਾਤਾ ਜੀ ਕੋਲ ਸੋਨੇ ਦੀਆਂ ਮੋਹਰਾਂ ਹਨ।

ਮਸੰਦਾਂ ਦਾ ਮਨ ਲਾਲਚ ਵੱਸ ਬੇਈਮਾਨ ਹੋ ਗਿਆ। ਉਨ੍ਹਾਂ ਨੇ ਰਾਤ ਨੂੰ ਸੌਂ ਰਹੇ ਮਾਤਾ ਜੀ ਤੇ ਸਾਹਿਬਜ਼ਾਦਿਆਂ ਦੀਆਂ ਮੋਹਰਾਂ ਚੁਰਾ ਲਈਆਂ। ਸਵੇਰ ਹੋਈ ਤਾਂ ਮਾਤਾ ਜੀ ਵਲੋਂ ਮੋਹਰਾਂ ਦੇ ਗੁੰਮ ਹੋ ਜਾਣ ਬਾਰੇ ਪੁੱਛਣ ਤੇ ਉਹ ਕਹਿਣ ਲੱਗੇ ਕਿ "ਅਸੀ ਤੁਹਾਨੂੰ ਰਾਤ ਨੂੰ ਰਹਿਣ ਲਈ ਨਿਵਾਸ ਦਿਤਾ ਹੈ, ਫਿਰ ਤੁਸੀ ਹੀ ਸਾਡੇ ਤੇ ਚੋਰੀ ਦਾ ਇਲਜ਼ਾਮ ਲਗਾ ਰਹੇ ਹੋ।" ਉਨ੍ਹਾਂ ਮੋਰਿੰਡੇ ਦੇ ਕੋਤਵਾਲ ਨੂੰ ਸੱਦਿਆ ਤੇ ਮਾਤਾ ਜੀ ਤੇ ਦੋਵਾਂ ਸਾਹਿਬਜ਼ਾਦਿਆਂ ਨੂੰ ਘਰੋਂ ਕੱਢ ਕੇ ਗ੍ਰਿਫ਼ਤਾਰ ਕਰਵਾ ਦਿਤਾ। ਕੋਤਵਾਲ ਨੇ ਉਨ੍ਹਾਂ ਨੂੰ 23 ਦਸੰਬਰ 1704 ਈਸਵੀ ਨੂੰ ਸਰਹਿੰਦ ਦੇ ਨਵਾਬ ਵਜ਼ੀਰ ਖਾਂ ਦੇ ਹਵਾਲੇ ਕਰ ਦਿਤਾ। ਪੋਹ ਦਾ ਮਹੀਨਾ ਅੰਤਾਂ ਦੀ ਠੰਢ, ਧੁੰਦ ਤੇ ਕੋਹਰੇ ਦੇ ਮੌਸਮ ਵਿਚ ਸਰਹਿੰਦ ਦੇ ਨਵਾਬ ਨੇ ਦਾਦੀ ਤੇ ਦੋਹਾਂ ਪੋਤਰਿਆਂ ਨੂੰ 'ਠੰਢੇ ਬੁਰਜ' ਵਿਚ ਕੈਦ ਕਰ ਦਿਤਾ। ਇਸ ਸਮੇਂ ਹੀ ਗੁਰੂ ਘਰ ਦਾ ਇਕ ਪ੍ਰੇਮੀ ਭਾਈ ਮੋਤੀ ਰਾਮ ਮਹਿਰਾ ਜੋ ਕਿ ਵਜ਼ੀਰ ਖਾਂ ਦੇ ਲੰਗਰ ਵਿਚ ਨੌਕਰੀ ਕਰਦਾ ਸੀ, ਦੁਧ ਦਾ ਗੜਵਾ ਲੈ ਕੇ ਬੁਰਜ ਵਿਚ ਪਹੁੰਚਿਆ। ਰਸਤੇ ਵਿਚ ਕਿਸੇ ਪਹਿਰੇਦਾਰ ਨੇ ਭਾਈ ਸਾਹਬ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੂੰ ਮੋਹਰਾਂ ਤੇ ਪੈਸੇ ਦੇਣੇ ਪਏ। ਮਾਤਾ ਗੁਜਰੀ ਜੀ ਨੇ ਦੁਧ ਪੋਤਰਿਆਂ ਨੂੰ ਛਕਾਇਆ ਤੇ ਮੋਤੀ ਰਾਮ ਮਹਿਰਾ ਨੂੰ ਅਸੀਸ ਦਿੱਤੀ:-

**ਪਿਖ ਕੇ ਪ੍ਰੇਮ ਸੁ ਮੋਤੀ ਕੇਰਾ,**
**ਮਾਤਾ ਕਹਯੋ ਭਲਾ ਹੋਵੇ ਤੇਰਾ।**

ਕੈਦ ਸਮੇਂ ਦੌਰਾਨ ਦਾਦੀ ਮਾਂ ਨੇ ਅਪਣੇ ਪੋਤਰਿਆਂ ਨੂੰ ਉਨ੍ਹਾਂ ਦੇ ਦਾਦਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜ਼ਨ ਦੇਵ ਜੀ ਤੇ ਹੋਰ ਸ਼ਹੀਦ ਸਿੰਘਾਂ ਦੀਆਂ ਕਹਾਣੀਆਂ ਸੁਣਾ ਕੇ ਉਨ੍ਹਾਂ ਨੂੰ ਹਮੇਸ਼ਾਂ ਦਲੇਰਾਨਾਂ ਸੋਚ ਰੱਖਣ ਦੀ ਪ੍ਰੇਰਨਾ ਦਿਤੀ। ਬਹਾਦਰੀ ਤੇ ਨਸੀਹਤਾਂ ਭਰੀਆਂ ਕਹਾਣੀਆਂ ਸੁਣ ਕੇ ਸਾਹਿਬਜ਼ਾਦਿਆਂ ਨੇ ਵੀ ਦਾਦੀ ਮਾਂ ਨੂੰ ਇਹੋ ਵਿਸ਼ਵਾਸ ਦਿਵਾਇਆ ਕਿ ਉਹ ਦਸਮ ਗੁਰੂ ਪਿਤਾ ਦੇ ਲਾਲ ਹਨ, ਉਹ ਵੀ ਸਿਰ ਦੇ ਕੇ ਸਿੱਖੀ ਸਿੱਦਕ ਦੀ ਰਾਖੀ ਕਰਨਗੇ। 24 ਦਸੰਬਰ 1704 ਦਾ ਦਿਨ ਆਇਆ, ਠੰਢੇ ਬੁਰਜ ਵਿਚੋਂ ਦੋਵਾਂ ਸਾਹਿਬਜ਼ਾਦਿਆਂ ਨੂੰ ਲੈਣ ਲਈ ਮੁਗ਼ਲ ਹਕੂਮਤ ਦੇ ਸਿਪਾਹੀ ਆਏ। ਸਾਹਿਬਜ਼ਾਦਿਆਂ ਨੂੰ ਵਜ਼ੀਰ ਖਾਂ ਦੀ ਕਚਹਿਰੀ ਵਿਚ ਪੇਸ਼ ਕੀਤਾ ਗਿਆ। ਬਹਾਦਰ ਪਿਤਾ ਦੇ ਬਹਾਦਰ ਪੁਤਰਾਂ ਨੇ ਕਚਹਿਰੀ ਵਿਚ ਵਜ਼ੀਰ ਖਾਂ ਦੇ ਸਾਹਮਣੇ ਖਲੋ ਕੇ ਪੂਰੇ ਜੋਸ਼ ਨਾਲ ਗੱਜ ਕੇ 'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਫ਼ਤਹਿ' ਆਖ ਕੇ ਫਤਹਿ ਬੁਲਾਈ ਤੇ ਅਪਣੇ ਜੋਸ਼ ਤੇ ਚੜ੍ਹਦੀਕਲਾ ਦਾ ਇਜ਼ਹਾਰ ਕੀਤਾ। ਨਿੱਕੇ-ਨਿੱਕੇ ਬੱਚਿਆਂ ਤੋਂ ਇਹ ਸੁਣ ਤੇ ਵੇਖ ਕੇ ਇਕ ਵਾਰ ਸੂਬਾ ਸਰਹਿੰਦ ਕੰਬ ਗਿਆ। ਉਸ ਨੇ ਸਾਹਿਬਜ਼ਾਦਿਆਂ ਤੋਂ ਧਰਮ ਛੁਡਾਉਣ ਲਈ ਅਨੇਕਾਂ ਯਤਨ ਕੀਤੇ, ਲਾਲਚ ਤੇ ਅਨੇਕਾਂ ਸਬਜ਼ਬਾਗ ਵੀ ਵਿਖਾਏ ਗਏ ਤਾਕਿ ਉਹ ਅਪਣੇ ਪਿਤਾ ਅਤੇ ਦਾਦੇ ਵਾਲਾ ਸਿੱਖ ਧਰਮ ਛੱਡ ਕੇ ਇਸਲਾਮ ਧਰਮ ਕਬੂਲ ਲੈਣ। ਇਸੇ ਵਾਰਤਾਲਾਪ ਦੌਰਾਨ ਡਰਾਇਆ ਧਮਕਾਇਆ ਵੀ ਗਿਆ।

**'ਸਾਹਿਬਜ਼ਾਦਿਓ ਪਿਤਾ ਤੁਹਾਰਾ। ਗਢ ਚਮਕੌਰ ਘੇਰ ਗਹਿ ਮਾਰਾ। ਤਹਿ ਤੁਮਰੇ ਦੈ ਭ੍ਰਾਤ ਪ੍ਰਹਾਰੇ। ਸੰਗੀ ਸਿੰਘ ਸਕਲ ਸੋ ਮਾਰੇ।'**
**(ਸੂਰਜ ਪ੍ਰਕਾਸ਼, ਕਵੀ ਭਾਈ ਸੰਤੋਖ ਸਿੰਘ ਜੀ)**

ਸੂਬਾ ਸਰਹਿੰਦ ਦੇ ਡਰਾਵਿਆਂ ਨੂੰ ਸੁਣ ਕੇ ਨਿਡਰ ਤੇ ਨਿਰਭੈ ਸਾਹਿਬਜ਼ਾਦਿਆਂ ਨੇ ਉਸ ਨੂੰ ਮੋੜਵਾਂ ਜਵਾਬ ਦਿਤਾ :-

**'ਸ੍ਰੀ ਸਤਿਗੁਰੂ ਜੋ ਪਿਤਾ ਹਮਾਰਾ। ਜਗ ਮਹਿੰ ਕੌਨ ਸਕੇ ਤਿੰਹ ਮਾਰਾ। ਜਿਮ ਆਕਾਸ਼ ਕੋ ਕਿਆ ਕੋਈ ਮਾਰਹਿ। ਕੌਨ ਅੰਧੇਰੀ ਕੋ ਨਿਰਵਾਰਹਿ।'**
**(ਸੂਰਜ ਪ੍ਰਕਾਸ਼, ਕਵੀ ਭਾਈ ਸੰਤੋਖ ਸਿੰਘ ਜੀ)**

ਸਾਹਿਬਜ਼ਾਦਿਆਂ ਦੇ ਨੱਕ ਮੋੜਵੇਂ ਜਵਾਬ ਸੁਣ ਕੇ ਸੂਬਾ ਸਰਹਿੰਦ ਨੇ ਸੋਚਿਆ ਕਿ ਉਸ ਦੀ ਕੋਈ ਵੀ ਗੱਲ ਨਹੀਂ ਬਣ ਰਹੀ ਤਾਂ ਉਸ ਨੇ ਕਚਿਹਰੀ ਬਰਖ਼ਾਸਤ ਕਰ ਕੇ ਅਗਲੇ ਦਿਨ ਫਿਰ ਪੇਸ਼ੀ ਲਈ ਕਿਹਾ ਤੇ ਸਾਹਿਬਜ਼ਾਦਿਆਂ ਨੂੰ ਫਿਰ ਠੰਢੇ ਬੁਰਜ ਵਿਚ ਦਾਦੀ ਮਾਂ ਕੋਲ ਰੱਖਣ ਦਾ ਹੁਕਮ ਦਿਤਾ ਗਿਆ।

ਅਗਲੇ ਦਿਨ 25 ਦਸੰਬਰ 1704 ਈਸਵੀ ਨੂੰ ਫਿਰ ਦੋਵੇਂ ਸਾਹਿਬਜ਼ਾਦੇ ਪੇਸ਼ ਕਰਨ ਉਪਰੰਤ ਗੱਜ ਕੇ ਫ਼ਤਹਿ ਬੁਲਾਉਂਦੇ ਹੋਏ ਚੜ੍ਹਦੀਕਲਾ ਵਿਚ ਸੂਬਾ ਸਰਹਿੰਦ ਦੀ ਕਚਿਹਰੀ ਵਿਚ ਪੇਸ਼ ਹੋਏ। ਫਿਰ ਅਨੇਕਾਂ ਲਾਲਚ ਦਿਤੇ ਗਏ, ਇਸਲਾਮ ਕਬੂਲਣ ਲਈ ਪ੍ਰੇਰਿਆ ਗਿਆ। ਸਾਹਿਬਜ਼ਾਦਿਆਂ ਦੇ ਨਾ ਮੰਨਣ ਤੇ ਹਾਜ਼ਰ ਕਾਜ਼ੀ ਨੂੰ ਫ਼ਤਵਾ ਸੁਣਾਉਣ ਦਾ ਹੁਕਮ ਦਿਤਾ ਗਿਆ। ਇਸਲਾਮ ਦੀ ਮਰਿਯਾਦਾ ਅਨੁਸਾਰ ਕਾਜ਼ੀ ਨੇ ਕਿਹਾ ਕਿ 'ਬੱਚਿਆਂ ਤੇ ਬਜ਼ੁਰਗਾਂ ਤੇ



ਕੋਈ ਫਤਵਾ ਨਹੀਂ ਲਗਾਇਆ ਜਾ ਸਕਦਾ।' ਤਾਂ ਕੋਲ ਬੈਠੇ ਦੀਵਾਨ ਸੁੱਚਾ ਨੰਦ ਨੇ ਸੂਬਾ ਸਰਹਿੰਦ ਨੂੰ ਭੜਕਾਉਂਦਿਆਂ ਫਤਵਾ ਸੁਣਾਉਣ ਲਈ ਉਕਸਾਇਆ ਗਿਆ। ਗੁਰੂ ਦੇ ਲਾਲਾਂ ਨੇ ਕਿਹਾ ਕਿ 'ਅਸੀ ਗੁਰੂ ਗੋਬਿੰਦ ਸਿੰਘ ਦੇ ਸੇ ਪੁੱਤਰ ਹਾਂ, ਸਾਨੂੰ ਅਪਣਾ ਧਰਮ ਤੇ ਸਿੱਖੀ ਸਿੱਦਕ ਜਾਨ ਤੋਂ ਵੱਧ ਪਿਆਰਾ ਹੈ, ਅਸੀ ਕਿਸੇ ਤੋਂ ਵੀ ਡਰਦੇ ਨਹੀਂ ਤੇ ਨਾ ਹੀ ਅਸੀ ਇਸਲਾਮ ਕਬੂਲ ਕਰਾਂਗੇ। ਪੇਸ਼ੀ ਫਿਰ ਅਗਲੇ ਦਿਨ ਦੀ ਪਾ ਦਿਤੀ ਗਈ।

26 ਦਸੰਬਰ 1704 ਨੂੰ ਵੀ ਸੂਬਾ ਸਰਹਿੰਦ ਦੀ ਕਚਿਹਰੀ ਸਾਹਿਬਜ਼ਾਦਿਆਂ ਨੂੰ ਪੇਸ਼ ਕਰਨ ਲਈ ਸਿਪਾਹੀ ਠੰਢੇ ਬੁਰਜ਼ ਪਹੁੰਚੇ। ਫਿਰ ਉਸੇ ਤਰ੍ਹਾਂ ਪੇਸ਼ੀ ਪਈ ਸਾਹਿਬਜ਼ਾਦੇ ਅਪਣੇ ਇਰਾਦਿਆਂ ਤੇ ਦ੍ਰਿੜ ਰਹੇ। ਪੇਸ਼ੀ ਫਿਰ ਅਗਲੇ ਦਿਨ ਦੀ ਪਾ ਦਿਤੀ ਗਈ।

27 ਦਸੰਬਰ 1704 ਨੂੰ ਫਿਰ ਪੇਸ਼ੀ ਲਈ ਸਿਪਾਹੀ ਸਾਹਿਬਜ਼ਾਦਿਆਂ ਨੂੰ ਲੈਣ ਵਾਸਤੇ ਆਏ। ਦਾਦੀ ਮਾਂ ਨੇ ਪੋਤਰਿਆਂ ਨੂੰ ਲਾਡਾਂ ਨਾਲ ਤਿਆਰ ਕੀਤਾ। ਇਨ੍ਹਾਂ ਅਹਿਮ ਪਲਾਂ ਨੂੰ ਕਵੀ ਨੇ ਅਪਣੇ ਸ਼ਬਦਾਂ ਵਿਚ ਇੰਜ ਬਿਆਨ ਕੀਤਾ ਹੈ :-

**ਜਾਨੇ ਸੇ ਪਹਲੇ, ਆਓ ਗਲੇ ਸੇ ਲਗਾ ਤੋ ਲੂੰ,**
**ਕੇਸੋਂ ਕੋ ਕੰਘੀ ਕਰ ਦੂੰ, ਜ਼ਰਾ ਮੂੰਹ ਧੁਲਾ ਤੋ ਲੂੰ,**
**ਪਯਾਰੇ ਸਰੋਂ ਪੇ ਨੰਨ੍ਹੀ ਸੀ ਕਲਗੀ ਸਜਾ ਤੋ ਲੂੰ,**
**ਮਰਨੇ ਸੇ ਪਹਲੇ ਤੁਮ ਕੋ ਦੂਲਾਹ ਬਨਾ ਤੋ ਲੂੰ।**
('**ਸ਼ਹੀਦਾਨਿ-ਵਫ਼ਾ**' ਬੰਦ ਨੰ :72, **ਕਵੀ ਹਕੀਮ ਅੱਲਾ ਯਾਰ ਖਾਂ ਜੋਗੀ**)

ਕਚਿਹਰੀ ਪੇਸ਼ ਕਰਨ ਸਮੇਂ ਫਿਰ ਉਹੀ ਲਾਲਚ ਤੇ ਫਿਰ ਡਰਾਵਿਆਂ ਦਾ ਦੌਰ ਚਲਾਇਆ ਗਿਆ। ਗੁਰੂ ਜੀ ਦੇ ਲਾਡਲੇ ਅਪਣੇ ਇਰਾਦਿਆਂ ਤੇ ਦ੍ਰਿੜ ਰਹੇ। ਕਚਿਹਰੀ ਵਿਚ ਸਾਰੇ ਵਜ਼ੀਰ, ਸਲਾਹਕਾਰ ਤੇ ਦੀਵਾਨ ਹਾਜ਼ਰ ਸਨ। ਮਲੇਰਕੋਟਲੇ ਦਾ ਨਵਾਬ ਸ਼ੇਰ ਮੁਹੰਮਦ ਖਾਂ ਵੀ ਹਾਜ਼ਰ ਸੀ ਤਾਂ ਉਸ ਨੂੰ ਉਕਸਾਉਂਦਿਆਂ ਕਿਹਾ ਕਿ ਇਨ੍ਹਾਂ ਦੇ ਪਿਤਾ ਨੇ ਤੇਰੇ ਭਰਾ ਨੂੰ ਕਤਲ ਕਰ ਦਿਤਾ ਹੈ, ਤੇਰੇ ਲਈ ਹੁਣ ਉਸ ਦਾ ਬਦਲਾ ਲੈਣ ਦਾ ਇਕ ਢੁਕਵਾਂ ਮੌਕਾ ਹੈ। ਪਰ ਨਵਾਬ ਸ਼ੇਰ ਮੁਹੰਮਦ ਖਾਂ ਨੇ 'ਹਾਅ ਦਾ ਨਾਅਰਾ' ਮਾਰਦਿਆਂ, ਅਜਿਹਾ ਕਰਨ ਤੋਂ ਕੋਰਾ ਇਨਕਾਰ ਕਰ ਦਿਤਾ ਤੇ ਕਿਹਾ :-

**'ਬਦਲਾ ਹੀ ਲੇਨਾ ਹੋਗਾ ਤੋ ਹਮ ਲੇਂਗੇ ਬਾਪ ਸੇ।**
**ਮਹਿਫ਼ੂਜ਼ ਰੱਖੇ ਹਮ ਕੋ ਖ਼ੁਦਾ ਐਸੇ ਪਾਪ ਸੇ।'**
(**ਬੰਦ ਨੰ**.104)

ਉਕਤ ਜਵਾਬ ਦਿੰਦਿਆਂ ਅੱਲ੍ਹਾ ਦਾ ਖ਼ੌਫ਼ ਮੰਨਣ ਵਾਲਾ ਇਨਸਾਨ ਨਵਾਬ ਸੇ ਮੁਹੰਮਦ ਖਾਂ ਕਚਹਿਰੀ ਵਿਚੋਂ ਉਠ ਕੇ ਬਾਹਰ ਚਲਾ ਗਿਆ। ਦੀਵਾਨ ਸੁੱਚਾ ਨੰਦ ਨੇ ਸੂਬਾ ਸਰਹਿੰਦ ਨੂੰ ਫਿਰ ਭੜਕਾਉਂਦਿਆਂ ਕਿਹਾ ਕਿ 'ਇਹ ਸੱਪ ਦੇ ਬੱਚੇ ਸਪੋਲੀਏ ਹਨ, ਇਨ੍ਹਾਂ ਨੂੰ ਜਲਦੀ ਤੋਂ ਜਲਦੀ ਖ਼ਤਮ ਕੀਤਾ ਜਾਵੇ।' ਦੀਵਾਨ ਸੁੱਚਾ ਨੰਦ ਤੇ ਸੂਬਾ ਸਰਹਿੰਦ ਨੇ ਜ਼ੋਰ ਦੇ ਕੇ ਕਾਜ਼ੀ ਪਾਸੋਂ ਫ਼ਤਵਾ ਜਾਰੀ ਕਰਵਾ ਦਿਤਾ ਕਿ ਇਹ ਬੱਚੇ ਭਵਿੱਖ ਵਿਚ ਬਗ਼ਾਵਤ ਕਰਨ ਲਈ ਤੁਲੇ ਹੋਏ ਹਨ, ਇਸ ਲਈ ਇਨ੍ਹਾਂ ਨੂੰ ਜਿਊਂਦਾ ਦੀਵਾਰ ਵਿਚ ਚਿਣ ਕੇ ਸ਼ਹੀਦ ਕਰ ਦਿਤਾ ਜਾਏ। ਮੌਕੇ ਦਾ ਦ੍ਰਿਸ਼ ਕਵੀ ਨੇ ਅਪਣੀਆਂ ਕਾਵਿ ਸਤਰਾਂ ਵਿਚ ਇੰਜ ਬਿਆਨ ਕੀਤਾ ਹੈਃ-

**ਹਾਥੋਂ ਮੇਂ ਹਾਥ ਡਾਲ ਕੇ ਦੋਨੋਂ ਵਹ ਨੌਨਿਹਾਲ।**
**ਕਹਤੇ ਹੂਏ ਜ਼ਬਾਂ ਸੇ ਬੜੇ ਸਤਿ ਸ੍ਰੀ ਅਕਾਲ।**
**ਚਿਹਰੋਂ ਪੇ ਗ਼ਮ ਕਾ ਨਾਮ ਨਾ ਥਾ ਔਰ ਨਾ ਥਾ ਮਲਾਲ।**
**ਜਾ ਠਹਰੇ ਸਰ ਪੇ ਮੌਤ ਕੇ ਫਿਰ ਭੀ ਨਾ ਥਾ ਖ਼ਯਾਲ।**
(**ਬੰਦ ਨੰ**:107)

ਅੰਤਮ ਘੜੀਆਂ ਆ ਗਈਆਂ। 27 ਦਸੰਬਰ 1704 ਨੂੰ ਫਿਰ ਲਾਲਚ ਤੇ ਡਰਾਵੇ ਦੀ ਗੱਲ ਫਿਰ ਕੀਤੀ ਗਈ ਜਿਸ ਉਤੇ ਸਾਹਿਬਜ਼ਾਦੇ ਪੂਰੇ ਨਾ ਉਤਰੇ। ਸਾਹਿਬਜ਼ਾਦਿਆਂ ਨੂੰ ਜਿਊਂਦਾ ਨੀਹਾਂ ਵਿਚ ਚਿਣਵਾ ਦਿਤਾ ਗਿਆ। ਅਜੇ ਕੰਧ ਦੀ ਚਿਣਾਈ ਛਾਤੀ ਤੇ ਮੋਢਿਆਂ ਤਕ ਹੀ ਪਹੁੰਚੀ ਸੀ ਕਿ ਇੱਟਾਂ ਦਾ ਸਾਰਾ ਢਾਂਚਾ ਡਿੱਗ ਪਿਆ। ਸਾਹਿਬਜ਼ਾਦੇ ਬੇਹੋਸ਼ੀ ਦੀ ਹਾਲਤ ਵਿਚ ਜ਼ਮੀਨ ਤੇ ਪਏ ਸਨ। ਗਿਆਨੀ ਗਿਆਨ ਸਿੰਘ ਅਨੁਸਾਰ ਸਯਦ ਸਾਸ਼ਲ ਬੇਗ ਤੇ ਸਯਦ ਬਾਸ਼ਲ ਬੇਗ ਨਾਂ ਦੇ ਦੋ ਜਲਾਦਾਂ, ਜਿਨ੍ਹਾਂ ਨਾਲ ਸਾਹਿਬਜ਼ਾਦਿਆਂ ਨੂੰ ਕੰਧ ਵਿਚ ਚਿਣ ਕੇ ਮੌਤ ਦੀ ਸਜ਼ਾ ਦੇਣ ਦੇ ਵਾਅਦੇ ਬਦਲੇ ਉਨ੍ਹਾਂ ਦੀ ਕਿਸੇ ਹੋਰ ਚਲਦੇ ਮੁਕੱਦਮੇ ਵਿਚ ਕੈਦ ਦੀ ਸਜ਼ਾ ਮਾਫ਼ ਕਰਨ ਦਾ ਵਾਅਦਾ ਕੀਤਾ ਗਿਆ। ਉਨ੍ਹਾਂ ਜਲਾਦ ਭਰਾਵਾਂ ਨੇ ਹੀ ਬੇਹੋਸ਼, ਸਹਿਕਦੇ ਤੇ ਤੜਫ਼ਦੇ ਸਾਹਿਬਜ਼ਾਦਿਆਂ ਦੇ ਸਿਰ ਕਲਮ ਕਰ ਕੇ ਉਨ੍ਹਾਂ ਨੂੰ ਸ਼ਹੀਦ ਕਰ ਦਿਤਾ :-


**ਸਾਸ਼ਲ ਬੇਗ ਅਰ ਬਾਸ਼ਲ ਬੇਗ।**
**ਉਭੈ ਜਲਾਦਨ ਖਿਚ ਕੈ ਤੇਗ।**
**ਤਿਸਹੀ ਠੋਰ ਖਰਿਓ ਕੇ ਸੀਸ।**
**ਤੁਰਤ ਉਤਾਰੇ ਦੁਸਟੈ ਰੀਸ।**
(**ਪੰਥ ਪ੍ਰਕਾਸ਼ ਗਿਆਨੀ ਗਿਆਨ ਸਿੰਘ**)

**ਹੁਤੋ ਉਹਾਂ ਥੋ ਛੁਰਾ ਇੱਕ ਵਾਰੋ,**
**ਦੈ ਗੋਡੇ ਹੇਠ, ਕਰ ਜ਼ਿਬਹ ਡਾਰੋ,**
**ਤੜਫ ਤੜਫ ਗਈ ਜਿੰਦ ਉਡਾਇ,**
**ਇਮ ਸ਼ੀਰ ਖੋਰ ਦੁਇ ਦਏ ਕਤਲਾਇ।**
(**ਭਾਈ ਰਤਨ ਸਿੰਘ ਭੰਗੂ**)

ਸ਼ਹਾਦਤ ਸਮੇਂ ਬਾਬਾ ਜ਼ੋਰਾਵਰ ਸਿੰਘ ਜੀ ਦੀ ਉਮਰ 8 ਸਾਲ 40 ਦਿਨ ਸੀ ਤੇ ਬਾਬਾ ਫ਼ਤਿਹ ਸਿੰਘ ਜੀ ਦੀ ਉਮਰ 5 ਸਾਲ 9 ਮਹੀਨੇ 29 ਦਿਨਾਂ ਦੀ ਸੀ। ਮਾਸੂਮ ਜਿੰਦਾਂ ਦੀ ਸ਼ਹਾਦਤ ਦੀ ਖ਼ਬਰ ਸੁਣ ਕੇ ਦਾਦੀ ਮਾਂ ਨੇ ਆਕਾਲ ਪੁਰਖ਼ ਨੂੰ ਯਾਦ ਕੀਤਾ। ਉਹ ਅਟੱਲ ਸਮਾਧੀ ਵਿਚ ਲੀਨ ਹੋ ਗਏ ਅਤੇ ਜੋਤੀ ਜੋਤ ਸਮਾ ਗਏ। ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦਿਆਂ ਦੇ ਅੰਤਮ ਸਸਕਾਰ ਲਈ ਦੀਵਾਨ ਟੋਡਰ ਮੱਲ ਜੀ ਨੇ ਸੂਬਾ ਸਰਹਿੰਦ ਅੱਗੇ ਸੋਨੇ ਦੀਆਂ ਮੋਹਰਾਂ ਖੜਵੇਂ ਪਾਸੇ ਤੋਂ ਰੱਖ ਕੇ ਸਸਕਾਰ ਲਈ ਲੋੜੀਂਦੀ ਤੇ ਸੰਸਾਰ ਦੀ ਸੱਭ ਤੋਂ ਮਹਿੰਗਾ ਮੁੱਲ ਪਾ ਕੇ ਜ਼ਮੀਨ ਖ਼ਰੀਦੀ। 27 ਦਸੰਬਰ 1704 ਈਸਵੀ ਨੂੰ ਇਨ੍ਹਾਂ ਤਿੰਨਾਂ ਰੂਹਾਂ ਦਾ ਸਸਕਾਰ ਕੀਤਾ ਗਿਆ, ਇਸੇ ਪਾਵਨ ਅਸਥਾਨ ਤੇ ਅਜਕਲ ਗੁਰਦਵਾਰਾ ਸ੍ਰੀ ਜੋਤੀ ਸਰੂਪ ਸਾਹਿਬ ਬਣਿਆ ਹੋਇਆ ਹੈ। ਸਦੀਆਂ ਬੀਤ ਜਾਣ ਤੇ ਅੱਜ ਇਹ ਸ਼ਹਾਦਤਾਂ ਸਿੱਖ ਇਤਿਹਾਸ ਦੇ ਸੁਨਹਿਰੀ ਪੰਨਿਆਂ ਤੇ ਦਰਜ ਹਨ ਤੇ ਹਮੇਸ਼ਾ ਦਰਜ ਰਹਿਣਗੀਆਂ।

# ਰਬਾਬ-ਦੀ-ਤਾਰ-ਜਾਂ-ਤੇਗ-ਦੀ-ਧਾਰ





ਡਾ:ਸੁਖਪ੍ਰੀਤ ਸਿੰਘ ਉਦੋਕੇ

ਅੱਧੀ ਰਾਤ ਦਾ ਸਮਾਂ......ਘੁੱਪ ਹਨੇਰਾ... ਸਾਂਅ ਸਾਂਅ ਦੀ ਆਵਾਜ ਰਾਤ ਦੇ ਸੰਨਾਟੇ ਦੀ ਖਾਮੋਸੀ ਤੋੜਦੀ .. ਤੇ ਕਿਤੇ ਕਿਤੇ ਕਿਸੇ ਜਾਨਵਰ ਦੀ ਹੂਕ ਟੁੱਟਦੇ ਤਾਰੇ ਦੀ ਰੋਸਨੀ ਵਾਂਗ ਧਿਆਨ ਖਿੱਚਦੀ ..... ਨੀਲੇ ਦਾ ਸਾਹ ਸਵਾਰ ਅਨੰਦਗੜ੍ਹ ਦੇ ਕਿਲ੍ਹੇ ਨੂੰ ਆਖਰੀ ਅਲਵਿਦਾ ਕਹਿਣ ਵਾਲੇ ਪਲਾਂ ਦੀ ਬਹਰ ਨਿਹਾਰ ਰਿਹਾ ਸੀ... ਨੇਹੁ ਭਿੱਜੇ ਨੈਣਾਂ ਦੀ ਮੋਹ ਅਤੇ ਅਣਖ ਭਰੀ ਤੱਕਣੀ ਨਾਲ ਸੀਸ ਗੰਜ ਵੱਲ ਤੱਕਿਆ ਅਤੇ ਮਨੋਭਾਵਾਂ ਨਾਲ ਹੀ ਅਕੀਦਤ ਦਾ ਸਿਜਦਾ ਕਰ ਦਿੱਤਾ....ਨੀਲੇ ਸਾਹਸਵਾਰ ਨੇ ਆਪਣੇ ਸਿੰਘਾਂ ਦੇ ਵਹੀਰ ਸਮੇਤ ਅਨੰਦਗੜ੍ਹ ਦਾ ਕਿਲ੍ਹਾ ਛੱਡ ਦਿਤਾ.... ਆਪ ਆਪਣੇ ਕੁਝ ਮੁਖੀ ਸਿੰਘਾਂ ਦੇ ਹਮਰਕਾਬ ਸਨ... ਵਹੀਰ ਦੀ ਅਗਵਾਈ ਸਾਹਿਬ ਅਜੀਤ ਸਿੰਘ ਅਤੇ ਭਾਈ ਬੁੱਢਾ ਸਿੰਘ ਕਰ ਰਹੇ ਸਨ...ਨੀਲਾ ਵੀ ਸਹਿਜ ਸੁਭਾਅ ਗਾਮ ਚਾਲ ਚਲ ਰਿਹਾ ਸੀ... ਕਿਤੇ ਕਿਤੇ ਆਪਣੀ ਚਾਲ ਹਰਵਾਲ ਵਿੱਚ ਬਦਲਣ ਲਗਦਾ ਤਾਂ ਵਕਤ ਦੀ ਨਜਾਕਤ ਨੂੰ ਸਮਝਾਉਂਦੀ ਕਲਗੀਆਂ ਵਾਲੇ ਵਲੋਂ ਉਸ ਦੀ ਗਰਦਨ ਉਪਰ ਮਿੱਠੀ ਜਿਹੀ ਥਾਪੀ ਉਸਦੇ ਕਦਮਾਂ ਨੂੰ ਸਹਿਜ ਗਾਮ ਵਿੱਚ ਲੈ ਆਉਂਦੀ।

ਨੀਲੇ ਦੀ 'ਤੁਰੰਗ ਹਿਣਾਖ ਵਿਸੇਖਾ' ਵੀ ਸਹਿਜ ਫੁਰਾਹਟ ਵਿੱਚ ਬਦਲ ਗਈ .... ਇਕ ਦਮ ਬਾਦਸਾਹ ਦਰਵੇਸ ਨੇ ਲਗਾਮ ਖਿੱਚੀ ਅਤੇ ਨੀਲੇ ਸਮੇਤ ਬਾਕੀ ਹਮਰਕਾਬ ਸਵਾਰਾਂ ਦੇ ਤੁਰੰਗ ਵੀ ਸਹਿਜ ਥਿਰ ਹੋ ਗਏ... ਬਾਦਸਾਹ ਦਰਵੇਸ ਨੇ ਸਾਰੇ ਪਾਸੇ ਨੂੰ ਘੋਖਵੀਂ ਤੱਕਣੀ ਨਾਲ ਤੱਕਿਆ ਅਤੇ ਇਕ ਦਮ ਬਾਜ ਵੀ ਆ ਕੇ ਮੋਢੇ ਉਪਰ ਆ ਬੈਠ ਖੰਭ ਛੰਡਣ ਲੱਗਾ.... ਸਭ ਸਾਹ ਰੋਕੀ ਖੜੇ ਸਨ ਕਿ ਬੜੇ ਹੀ ਸਹਿਜ ਸੁਭਾਅ ਬਾਦਸਾਹ ਦਰਵੇਸ ਦੇ ਮੁਖਾਰਬਿੰਦ ਵਿੱਚੋਂ ਕੁਝ ਅਲਫਾਜ ਨਿਕਲੇ ਅਤੇ ਵੱਡੀ ਇਬਾਰਤ ਨੂੰ ਜਨਮ ਦੇ ਗਏ... ਪਾਤਸਾਹ ਨੇ ਕਿਹਾ, "ਆਲਮ ਸਿੰਘ".... ਸੁਣਦਿਆਂ ਹੀ ਆਲਮ ਸਿੰਘ ਨੇ ਆਪਣੇ ਘੋੜੇ ਦੀ ਕਾਠੀ ਨਾਲ ਟੰਗੀ ਇਕ ਗੱਠੜੀ ਲਿਆਂਦੀ ਅਤੇ ਕਿਹਾ, "ਜੀ ਹਜੂਰ... ਹੁਕਮ?"

ਪਾਤਸਾਹ ਨੇ ਇਕ ਛੋਟੀ ਜਿਹੀ ਪਹਾੜੀ ਵੱਲ ਤੱਕਦੇ ਕਿਹਾ," ਉਦੈ ਸਿੰਘ...ਹਥੌਤ ਵਾਲਾ ਪਾਸਾ ਆ ਗਿਆ.. (ਉੱਚਾ ਕੱਦ ਸੰਘਣਾ ਹਾਥੀ ਘਾਹ ਹੋਣ ਕਰਕੇ ਇਸ ਨੂੰ ਹਥੌਤ ਦਾ ਇਲਾਕਾ ਆਖਦੇ ਸਨ) ..ਸਾਹਮਣੇ ਸ਼ਿਆਹੀ ਟਿੱਬੀ ਹੈ.... (ਸੰਘਣੇ ਰੁੱਖਾਂ ਦੀ ਹਨੇਰਮਈ ਚਾਦਰ ਵਿੱਚ ਢੱਕੀ ਹੋਣ ਕਰਕੇ ਇਸ ਘਣਘੋਰ ਕਾਲੀ ਚੋਟੀ ਨੂੰ ਸ਼ਿਆਹੀ ਟਿੱਬੀ ਆਖਦੇ ਸਨ)....ਉਦੈ ਸਿੰਘ ਜੀ... ਤੁਸੀਂ ਆਲਮ ਸਿੰਘ ਕੋਲੋਂ ਗੱਠੜੀ ਵਿੱਚੋਂ ਲੈ ਕੇ ਮੇਰੀ ਪੌਸਾਕ ਪਹਿਨ ਲਵੋ.... ਪੰਜਾਹ ਕੁ ਸਿੰਘ ਲੈ ਕੇ ਤੁਸੀਂ ਇਥੇ ਪਹਾੜੀ ਦਲ ਦਾ ਟਾਕਰਾ ਕਰੋਗੇ.... ਮੈਂ ਅੱਗੇ ਕੂਚ ਕਰ ਰਿਹਾ ਹਾਂ... ਪਿਛੇ ਵਹੀਰ ਦੀ ਅਗਵਾਈ ਕਰਦੇ ਅਜੀਤ ਸਿੰਘ ਅਤੇ ਭਾਈ ਬੁੱਢਾ ਸਿੰਘ ਆ ਰਹੇ ਹਨ... ਉਹਨਾਂ ਨੂੰ ਕਹਿਣਾ ਇਥੇ ਨਾ ਰੁਕਣ ... ਝੱਖੀਆਂ ਪਿੰਡ ਵਾਲੇ ਪਾਸੇ ਆ ਜਾਣ.....।" ਬਾਦਸਾਹ ਦਰਵੇਸ ਨੇ ਭਾਈ ਉਦੈ ਸਿੰਘ ਨੂੰ ਜਿੰਮੇਵਾਰੀ ਸਮਝਾਈ ਅਤੇ ਅਤੇ ਭਾਈ ਉਦੈ ਸਿੰਘ ਚੁੱਪ ਚਾਪ ਹੀ ਮਾਣ ਮੱਤਾ ਸੀਸ ਝੁਕਾ ਸਤਿ ਬਚਨ ਦਾ ਇਕਰਾਰ ਕੀਤਾ ਅਤੇ ਰੁੱਖਾਂ ਦੇ ਹਨੇਰੇ ਵਿੱਚ ਜਾ ਗੁਰੂ ਦੀ ਬਖਸੀ ਹੋਈ ਪੌਸਾਕ ਪਹਿਨ ਗੁਰੂ ਸਨਮੁੱਖ ਆਣ ਖੜਾ ਹੋਇਆ....ਗੁਰੂ ਦਾ ਬਾਣਾ ਪਹਿਨ ਖਾਲਸਾ ਗੁਰੂ ਰੂਪ ਹੋ ਸਾਹਵੇਂ ਖੜਾ ਸੀ...ਸਹਾਦਤ ਦੇ ਮਾਰਗ ਉਪਰ ਤੁਰ ਰਹੇ ਪਾਂਧੀ ਦੀ ਸੁਰਤ ਬਾਦਸਾਹ ਦਰਵੇਸ ਨਾਲ ਇਕਮਿਕ ਹੋ ਗਈ.... ਚਿਹਰੇ ਉਪਰ ਜਲਾਲੀ ਨੂਰ ਅਤੇ ਮੌਤ ਨੂੰ ਗਲਵੱਕੜੀ ਪਾ ਕੇ ਸਹੀਦ ਹੋਣ ਦਾ ਚਾਅ....।

ਆਪਣੇ ਲਾਡਲੇ ਨੂੰ ਤੱਕ ਬਾਦਸਾਹ ਦਰਵੇਸ ਨੇ ਕਿਹਾ, ਉਦੈ ਸਿੰਘ...ਫਿਰ ਤਿਆਰ ਹੋ.. ਕੋਈ ਸੰਕਾ ਜਾਂ ਸਵਾਲ?

ਸੀਸ ਝੁਕਾ ਬੜੀ ਹੀ ਮਿੱਠਬੋਲੜੀ ਅਵਾਜ ਵਿੱਚ ਉਦੈ ਸਿੰਘ ਨੇ ਕਿਹਾ, "ਓ.... ਸਾਈਆਂ ਤੇਰੇ ਹੱਥਾਂ ਦੀ ਕੱਠਪੁਤਲੀ ਹਾਂ .. ਸੰਕਾਂ ਜਾਂ ਸਵਾਲ ਕੈਸਾ... ਚਾਹੇ ਰਬਾਬ ਦੀ ਤਾਰ ਉਪਰ ਨਚਾ ਲੈ ਤੇ ਚਾਹੇ ਤੇਗ ਦੀ ਧਾਰ ਉਪਰ..... "

ਨੀਲੇ ਦਾ ਸਵਾਰ ਬਾਦਸਾਹ ਦਰਵੇਸ ਸਿੱਖ ਦਾ ਸਿਦਕ ਵੇਖ ਬਿਸਮ ਬਿਸਮਾਦ ਹੋਇਆਂ ਅਤੇ ਅੱਡੀ ਦਾ ਇਸਾਰਾ ਪਾ ਕੇ ਨੀਲਾ ਆਪਣੇ ਸਾਹ ਸਵਾਰ ਦਾ ਹੁਕਮ ਮੰਨਦਾ ਗਾਮ ਚਾਲ ਅਗਾਂਹ ਤੁਰਿਆ ਅਤੇ ਭਾਈ ਉਦੈ ਸਿੰਘ ਨੇ ਪਹਾੜੀ ਰਾਜਿਆਂ ਨਾਲ ਜੂਝ ਆਪਣੇ ਸਾਥੀ ਪੰਜਾਹ ਸਿੰਘਾਂ ਸਹਿਤ ਸਹਾਦਤ ਪਰਾਪਤ ਕੀਤੀ ਅਤੇ ਹਨੇਰਮਈ ਸ਼ਿਆਹੀ ਟਿੱਬੀ ਸਹਾਦਤਾਂ ਦੇ ਰੂਹਾਨੀ ਸਿਜਦੇ ਨਾਲ ਸਾਹੀ ਟਿੱਬੀ ਹੋ ਗਈ... ਹਨੇਰਮਈ ਪੱਖ ਪ੍ਰਕਾਸਮਾਨ ਹੋ ਗਿਆ ਅਤੇ ਸਾਹ ਸਵਾਰ ਦੀ ਛੋਹ ਪਾ ਸ਼ਿਆਹ ਤੋਂ ਸਾਹ ਬਣੀ ਇਸ ਮਿੱਟੀ ਨੂੰ ਹਰ ਸਿੱਖ ਸਿਜਦਾ ਕਰਦਾ ਹੈ।

# ਸਾਕਾ ਸਰਹਿੰਦ ਦਾ ਇੱਕ ਮਹਾਨ ਨਾਇਕ ਦੀਵਾਨ ਟੋਡਰ ਮੱਲ



ਦੀਵਾਨ ਟੋਡਰ ਮੱਲ ਸਿੱਖ ਇਤਿਹਾਸ ਦਾ ਉਹ ਮਹਾਨ ਪਾਤਰ ਹੈ ਜਿਸ ਨੇ ਆਪਣੇ ਇਸ਼ਟ ਦੇ ਲਖਤੇ ਜਿਗਰਾਂ ਦੇ ਅੰਤਿਮ ਸੰਸਕਾਰ ਲਈ ਸੰਸਾਰ ਦੀ ਸਭ ਤੋਂ ਕੀਮਤੀ ਜ਼ਮੀਨ ਖ਼ਰੀਦੀ। ਇਸ ਅਦੁੱਤੀ ਕਾਰਜ ਨਾਲ ਉਹ ਰਾਤੋ ਰਾਤ ਸਿੱਖ ਪੰਥ ਦੀਆਂ ਅਤਿ ਆਦਰਯੋਗ ਸ਼ਖ਼ਸੀਅਤਾਂ ਵਿੱਚ ਸ਼ਾਮਲ ਹੋ ਗਏ।

ਦੀਵਾਨ ਟੋਡਰ ਮੱਲ ਦੇ ਜਨਮ ਸਥਾਨ, ਖ਼ਾਨਦਾਨ, ਜੀਵਨ ਅਤੇ ਵਾਰਸਾਂ ਬਾਰੇ ਇਤਿਹਾਸ ਵਿੱਚ ਜ਼ਿਆਦਾ ਜਾਣਕਾਰੀ ਨਹੀਂ ਮਿਲਦੀ। ਮੰਨਿਆ ਜਾਂਦਾ ਹੈ ਕਿ ਉਹ ਜ਼ਾਤ ਦੇ ਜੈਨ ਸਨ ਤੇ ਗੁਰੂ ਘਰ ਦੇ ਅਤਿਅੰਤ ਸ਼ਰਧਾਲੂ ਸਨ। ਉਹ ਉਸ ਵੇਲੇ ਸਰਹਿੰਦ ਸੂਬੇ ਦੇ ਅਮੀਰ ਵਪਾਰੀ ਤੇ ਮੁਅੱਜਜ਼ ਦਰਬਾਰੀ ਸਨ।

ਪਟਿਆਲਾ ਸਟੇਟ ਗਜ਼ਟੀਅਰ ਮੁਤਾਬਕ ਉਨ੍ਹਾਂ ਦਾ ਜੱਦੀ ਪਿੰਡ ਕਾਕੜਾ ਸੀ ਜੋ ਹੁਣ ਥਾਣਾ ਸਦਰ ਸਮਾਣਾ ਅਧੀਨ ਆਉਂਦਾ ਹੈ। ਉਨ੍ਹਾਂ ਦੇ ਜਨਮ ਤੋਂ ਪਹਿਲਾਂ ਹੀ ਉਨ੍ਹਾਂ ਦੇ ਪੁਰਖੇ ਕਾਰੋਬਾਰ ਕਾਰਨ ਪਿੰਡ ਛੱਡ ਕੇ ਸਰਹਿੰਦ ਵਸ ਗਏ ਸਨ। ਉਨ੍ਹਾਂ ਦੀ ਅਮੀਰੀ, ਸਰਕਾਰੀ ਪ੍ਰਭਾਵ ਅਤੇ ਸ਼ਾਨੋ ਸ਼ੌਕਤ ਇਸ ਗੱਲ ਤੋਂ ਸਾਹਮਣੇ ਆਉਂਦੀ ਹੈ ਕਿ ਉਨ੍ਹਾਂ ਦੀ ਰਿਹਾਇਸ਼ (ਜਹਾਜ਼ ਹਵੇਲੀ) ਸਰਹਿੰਦ ਦੇ ਸੂਬੇਦਾਰ ਵਜ਼ੀਰ ਖ਼ਾਨ ਦੇ ਮਹਿਲ ਦੇ ਨਜ਼ਦੀਕ ਸੀ। 13 ਦਸੰਬਰ 1704 ਨੂੰ ਵਜ਼ੀਰ ਖ਼ਾਨ ਦੇ ਹੁਕਮ ਨਾਲ ਸਾਹਿਬਜ਼ਾਦਾ ਜ਼ੋਰਾਵਰ ਸਿੰਘ, ਸਾਹਿਬਜ਼ਾਦਾ ਫ਼ਤਹਿ ਸਿੰਘ ਅਤੇ ਮਾਤਾ ਗੁਜਰੀ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ। ਉਨ੍ਹਾਂ ਦੀ ਸ਼ਹੀਦੀ ਤੋਂ ਬਾਅਦ ਕਿਸੇ ਦੀ ਇਹ ਹਿੰਮਤ ਨਾ ਪਈ ਕਿ ਉਨ੍ਹਾਂ ਦਾ ਵਿਧੀ ਪੂਰਵਕ ਅੰਤਿਮ ਸੰਸਕਾਰ ਕਰ ਸਕਣ।

ਸਰਕਾਰੀ ਕਹਿਰ ਦੇ ਡਰ ਕਾਰਨ ਸਰਹਿੰਦ ਦੇ ਕਿਸੇ ਜ਼ਿਮੀਂਦਾਰ ਦੀ ਜ਼ਮੀਨ ਦੇਣ ਦੀ ਹਿੰਮਤ ਨਾ ਪਈ। ਅਖੀਰ ਇੱਕ ਜ਼ਿਮੀਂਦਾਰ ਚੌਧਰੀ ਅੱਤਾ ਜ਼ਮੀਨ ਵੇਚਣ ਲਈ ਤਿਆਰ ਹੋ ਗਿਆ, ਪਰ ਉਸ ਨੇ ਸ਼ਰਤ ਰੱਖੀ ਕਿ ਜ਼ਮੀਨ ਦੀ ਕੀਮਤ ਸੋਨਾ ਵਿਛਾ ਕੇ ਦੇਣੀ ਪਵੇਗੀ। ਕਿਹਾ ਜਾਂਦਾ ਹੈ ਕਿ ਉਸ ਨੇ ਸੋਨੇ ਦੇ ਸਿੱਕੇ ਖੜ੍ਹੇ ਕਰ ਕੇ ਕੀਮਤ ਲਈ ਸੀ। ਉਸ ਵੇਲੇ ਸੋਨੇ ਦੀ ਅਸ਼ਰਫ਼ੀ ਦਾ ਸਾਈਜ਼ ਕਰੀਬ ਸਵਾ ਇੰਚ ਅਤੇ ਭਾਰ ਕਰੀਬ ਇੱਕ ਤੋਲਾ ਹੁੰਦਾ ਸੀ।

ਸਾਹਿਬਜ਼ਾਦਿਆਂ ਦੇ ਅੰਤਿਮ ਸੰਸਕਾਰ ਲਈ 2-2 ਮੀਟਰ ਅਤੇ ਮਾਤਾ ਜੀ ਲਈ 2-1.5 ਮੀਟਰ ਦੇ ਕਰੀਬ ਜਗ੍ਹਾ ਲਈ ਗਈ ਹੋਵੇਗੀ। ਇਸ ਲਈ ਕਰੀਬ 7800 ਅਸ਼ਰਫ਼ੀਆਂ (78 ਕਿੱਲੋ ਸੋਨਾ) ਵਿਛਾਈਆਂ ਗਈਆਂ ਹੋਣਗੀਆਂ। ਜੇ ਅਸ਼ਰਫ਼ੀਆਂ ਖੜ੍ਹੇ ਰੁਖ ਰੱਖੀਆਂ ਗਈਆਂ ਹੋਣਗੀਆਂ ਤਾਂ 78000 ਦੇ ਕਰੀਬ ਅਸ਼ਰਫ਼ੀਆਂ (780 ਕਿੱਲੋ ਸੋਨਾ) ਵਿਛਾਉਣੀਆਂ ਪਈਆਂ ਹੋਣੀਆਂ। ਇਸ ਕਾਰਨ ਦੀਵਾਨ ਦੀ ਸਾਰੀ ਪੂੰਜੀ ਜ਼ਮੀਨ ਖ਼ਰੀਦਣ ਵਿੱਚ ਲੱਗ ਗਈ ਤੇ ਘਰ ਬਾਰ ਗਹਿਣੇ ਪੈ ਗਿਆ, ਪਰ ਉਨ੍ਹਾਂ ਨੇ ਆਪਣੇ ਨੁਕਸਾਨ ਦੀ ਕੋਈ ਪ੍ਰਵਾਹ ਨਹੀਂ ਕੀਤੀ ਅਤੇ ਗੁਰੂ ਜੀ ਅਤੇ ਸਿੱਖੀ ਦੀ ਮਹਾਨ ਸੇਵਾ ਕੀਤੀ। ਬਾਬਾ ਬੰਦਾ ਸਿੰਘ ਬਹਾਦਰ ਨੇ ਜਦੋਂ ਮਈ 1710 ਵਿੱਚ ਸਰਹਿੰਦ ਫ਼ਤਹਿ ਕੀਤੀ ਤਾਂ ਉਨ੍ਹਾਂ ਨੂੰ ਵੀ ਦੀਵਾਨ ਟੋਡਰ ਮੱਲ ਦੀ ਇਸ ਕੁਰਬਾਨੀ ਬਾਰੇ ਪਤਾ ਸੀ। ਦੀਵਾਨ ਟੋਡਰ ਮੱਲ ਦੇ ਘਰ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ ਗਿਆ। ਵਜ਼ੀਰ ਖ਼ਾਨ ਜ਼ਾਲਮ ਤੇ ਬੇਰਹਿਮ ਇਨਸਾਨ ਸੀ। ਉਸ ਨੇ ਬਾਬਾ ਮੋਤੀ ਰਾਮ ਮਹਿਰਾ ਦਾ ਸਾਰਾ ਪਰਿਵਾਰ ਸਿਰਫ਼ ਇਸ ਲਈ ਵੇਲਣੇ ਵਿੱਚ ਪੀੜ ਕੇ ਸ਼ਹੀਦ ਕਰ ਦਿੱਤਾ ਸੀ ਕਿ ਉਨ੍ਹਾਂ ਨੇ ਮਾਤਾ ਗੁਜਰੀ ਜੀ ਤੇ ਸਾਹਿਬਜ਼ਾਦਿਆਂ ਦੀ ਠੰਢੇ ਬੁਰਜ ਵਿੱਚ ਦੁੱਧ ਨਾਲ ਸੇਵਾ ਕੀਤੀ ਸੀ। ਇਸ ਲਈ ਉਹ ਇਹ ਕਿਵੇਂ ਬਰਦਾਸ਼ਤ ਕਰ ਸਕਦਾ ਸੀ ਕਿ ਕੋਈ ਉਨ੍ਹਾਂ ਦਾ ਅੰਤਿਮ ਸੰਸਕਾਰ ਕਰੇ? ਜਦੋਂ ਉਸ ਨੂੰ ਦੀਵਾਨ ਟੋਡਰ ਮੱਲ ਦੇ ਇਸ 'ਗੁਨਾਹ' ਬਾਰੇ ਪਤਾ ਚੱਲਿਆ ਤਾਂ ਉਸ ਦਾ ਕਹਿਰ ਦੀਵਾਨ 'ਤੇ ਟੁੱਟ ਪਿਆ।

ਆਪਣੇ ਪਰਿਵਾਰ ਦੀ ਸੁਰੱਖਿਆ ਲਈ ਦੀਵਾਨ ਨੂੰ ਆਪਣਾ ਘਰ-ਬਾਰ ਅਤੇ ਕਾਰੋਬਾਰ ਛੱਡ ਕੇ ਕਿਧਰੇ ਜਾਣਾ ਪਿਆ। ਇਸ ਤੋਂ ਬਾਅਦ ਉਨ੍ਹਾਂ ਦੇ ਪਰਿਵਾਰ ਜਾਂ ਉਨ੍ਹਾਂ ਦੇ ਆਖ਼ਰੀ ਦਿਨਾਂ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ। ਉਨ੍ਹਾਂ ਦੀ ਜਹਾਜ਼ ਹਵੇਲੀ ਨੂੰ ਬਾਬਾ ਬੰਦਾ ਸਿੰਘ ਬਹਾਦਰ ਅਤੇ ਉਸ ਤੋਂ ਬਾਅਦ ਸਿੱਖ ਮਿਸਲਾਂ ਦੇ ਸਰਹਿੰਦ 'ਤੇ ਹਮਲਿਆਂ ਦੌਰਾਨ ਪੂਰੀ ਇੱਜ਼ਤ ਬਖ਼ਸ਼ੀ ਗਈ, ਪਰ ਲਾਵਾਰਿਸ ਪਈ ਹਵੇਲੀ ਨਾਜਾਇਜ਼ ਕਬਜ਼ਿਆਂ ਕਾਰਨ ਢਹਿਣ ਲੱਗੀ। ਹੁਣ ਪੰਜਾਬ ਸਰਕਾਰ ਦੀ ਮਦਦ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਜਹਾਜ਼ ਹਵੇਲੀ ਦੀ ਮੁਰੰਮਤ ਦਾ ਬੀੜਾ ਚੁੱਕਿਆ ਹੈ।

ਉਨ੍ਹਾਂ ਦੀ ਯਾਦ ਵਿੱਚ ਗੁਰਦੁਆਰਾ ਫ਼ਤਹਿਗੜ੍ਹ ਸਾਹਿਬ (ਸਰਹਿੰਦ) ਵਿਖੇ ਦੀਵਾਨ ਟੋਡਰ ਮੱਲ ਦੀਵਾਨ ਹਾਲ ਬਣਿਆ ਹੋਇਆ ਹੈ। ਗੁਰਦੁਆਰਾ ਫ਼ਤਹਿਗੜ੍ਹ ਸਾਹਿਬ ਅਤੇ ਗੁਰਦੁਆਰਾ ਜੋਤੀ ਸਰੂਪ ਵਿਚਕਾਰਲੀ ਸੜਕ ਦਾ ਨਾਮ ਦੀਵਾਨ ਟੋਡਰ ਮੱਲ ਮਾਰਗ ਹੈ। ਜੀ.ਟੀ. ਰੋਡ ਤੋਂ ਸਰਹਿੰਦ ਨੂੰ ਆਉਣ ਵਾਲੀ ਸੜਕ 'ਤੇ ਦੀਵਾਨ ਟੋਡਰ ਮੱਲ ਸਵਾਗਤੀ ਦੁਆਰ ਵੀ ਉਸਾਰਿਆ ਗਿਆ ਹੈ। ਇਤਿਹਾਸਕਾਰਾਂ ਨੂੰ ਦੀਵਾਨ ਟੋਡਰ ਮੱਲ ਦੇ ਵਾਰਸਾਂ ਬਾਰੇ ਖੋਜ ਕਰ ਕੇ ਉਨ੍ਹਾਂ ਨੂੰ ਦੁਨੀਆਂ ਦੇ ਸਾਹਮਣੇ ਲਿਆਉਣਾ ਚਾਹੀਦਾ ਹੈ। ਇਹ ਉਸ ਨੇਕ ਇਨਸਾਨ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।



ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥
ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥
ਛੋਟੇ ਸ਼ਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ
ਲਾਸਾਨੀ ਸ਼ਹਾਦਤ ਨੂੰ ਕੋਟਿ-ਕੋਟਿ ਪ੍ਰਣਾਮ
ਜਥੇਦਾਰ ਪਾਖਰ ਸਿੰਘ ਅਕਾਲੀ
Manhamir Singh Nijjar
ਜਥੇਦਾਰ ਸੌਦਾਗਰ ਸਿੰਘ ਅਕਾਲੀ
ਸ. ਅੰਮ੍ਰਿਤਪਾਲ ਸਿੰਘ ਨਿੱਝਰ, ਜਥੇਦਾਰ ਅਵਤਾਰ ਸਿੰਘ ਅਕਾਲੀ, ਸ. ਸੁਰਿੰਦਰ ਸਿੰਘ ਨਿੱਝਰ
Varinder Singh Nijjar
Jagbir Singh Nijjar
ਸੁਰਿੰਦਰ ਸਿੰਘ ਨਿੱਝਰ, ਅੰਮ੍ਰਿਤਪਾਲ ਸਿੰਘ ਨਿੱਝਰ
ਟਕਸਾਲੀ ਅਕਾਲੀ ਆਗੂ, ਪਿੰਡ ਭਾਗ ਸਿੰਘਪੁਰਾ, ਫਿਲੌਰ, (ਜਲੰਧਰ)
ਪਿਛਲੀਆਂ ਚਾਰ ਪੀੜ੍ਹੀਆਂ ਤੋਂ ਪੰਥ ਦੇ ਵਫ਼ਾਦਾਰ ਸਿਪਾਹੀ ਜਿਨ੍ਹਾਂ ਜੈਤੋਂ ਦੇ ਮੋਰਚੇ ਤੋਂ ਲੈ ਕੇ ਧਰਮ ਯੁੱਧ ਅਤੇ ਪੰਜਾਬੀ ਸੂਬੇ ਲਈ ਜੇਲ੍ਹਾਂ ਕੱਟੀਆਂ। ਪਿੰਡ ਭਾਗਸਿੰਘ ਪੁਰਾ, ਹਲਕਾ ਫਿਲੌਰ ਦੇ ਜੰਮਪਲ ਜਥੇਦਾਰ ਸੌਦਾਗਰ ਸਿੰਘ ਅਕਾਲੀ, ਜਥੇਦਾਰ ਪਾਖਰ ਸਿੰਘ ਅਕਾਲੀ, ਜਥੇਦਾਰ ਅਵਤਾਰ ਸਿੰਘ ਅਕਾਲੀ ਦੇ ਵਾਰਸ
ਨਿੱਝਰ ਬ੍ਰਦਰਜ਼ ਤੇ ਪਰਿਵਾਰ
ਮਡੇਰਾ, ਫਰਿਜ਼ਨੋ, ਕੈਲੀਫੋਰਨੀਆ (ਅਮਰੀਕਾ) ਫੋਨ : 559-479-1804, 1-800-317-2577

## ਸਿੱਖੀ ਲਈ ਸਾਰਾ ਪਰਿਵਾਰ ਲੇਖੇ ਲਾਉਣ ਵਾਲੇ

# ਸ਼ਹੀਦ ਬਾਬਾ ਜੀਵਨ ਸਿੰਘ



ਦਲਬੀਰ ਸਿੰਘ ਸੱਖੋਵਾਲੀਆ

ਸ਼੍ਰੋਮਣੀ ਜਰਨੈਲ ਸ਼ਹੀਦ ਬਾਬਾ ਜੀਵਨ ਸਿੰਘ (ਭਾਈ ਜੈਤਾ ਜੀ) ਦਾ ਸਿੱਖ ਧਰਮ ਵਿਚ ਵਿਲੱਖਣ ਸਥਾਨ ਹੈ। ਉਨ੍ਹਾਂ ਦਾ ਪਰਿਵਾਰ ਗੁਰੂ ਸਾਹਿਬਾਨ ਨਾਲ ਪੀੜ੍ਹੀ ਦਰ ਪੀੜ੍ਹੀ ਜੁੜਿਆ ਹੋਇਆ ਸੀ। ਉਨ੍ਹਾਂ ਦੇ ਪਿਤਾ ਭਾਈ ਸਦਾਨੰਦ ਦੇ ਪੜਦਾਦਾ ਭਾਈ ਕਲਿਆਣਾ ਦਾ ਜ਼ਿਕਰ ਛੇਵੇਂ ਪਾਤਸ਼ਾਹੀ ਦੁਆਰਾ ਜਾਰੀ ਹੁਕਮਨਾਮਿਆਂ ਵਿਚ ਵੀ ਮਿਲਦਾ ਹੈ। ਉਨ੍ਹਾਂ ਦਾ ਪਰਿਵਾਰ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਆਖ਼ਿਰੀ ਸਾਹਾਂ ਤੱਕ ਸਾਥ ਰਿਹਾ। ਉਹ ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਹੋਏ ਹਨ। ਉਹ ਯੁੱਧ ਵਿੱਦਿਆ ਦੇ ਮਾਹਿਰ, ਰਹਿਤਨਾਮਾਕਾਰ, ਕਵੀ ਅਤੇ ਵਿਦਵਾਨ ਸਨ। ਉਨ੍ਹਾਂ ਰਚਿਤ ਕਿਰਤ 'ਸ੍ਰੀ ਗੁਰੂ ਕਥਾ' ਵਿਚ ਆਪਣੇ ਸਮੇਂ ਦੇ ਧਾਰਮਿਕ, ਸਮਾਜਿਕ, ਰਾਜਸੀ ਹਾਲਾਤ ਬਾਰੇ ਬੜੀ ਗਿਆਨ ਭਰਪੂਰ ਜਾਣਕਾਰੀ ਮਿਲਦੀ ਹੈ।

ਬਾਬਾ ਜੀਵਨ ਸਿੰਘ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਨਾਲ ਵੱਖ ਵੱਖ ਜੰਗਾਂ ਵਿਚ ਹਿੱਸਾ ਲਿਆ। ਤਲਵਾਰ ਦੇ ਧਨੀ, ਘੋੜਸਵਾਰੀ 'ਚ ਨਿਪੁੰਨ ਅਤੇ ਵਫਾਦਾਰ ਯੋਧਾ ਬਾਬਾ ਜੀਵਨ ਸਿੰਘ ਦੇ ਜਨਮ ਬਾਰੇ ਤਾਂ ਵੱਖ ਵੱਖ ਇਤਿਹਾਸਕਾਰਾਂ ਦੇ ਵੱਖ ਵੱਖ ਵਿਚਾਰ ਹਨ। ਉਨ੍ਹਾਂ ਦਾ ਜਨਮ ਪਿਤਾ ਸਦਾਨੰਦ ਅਤੇ ਮਾਤਾ ਲਾਜਵੰਤੀ ਦੇ ਘਰ ਹੋਇਆ। ਜਦੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਆਪਣੀ ਦੂਸਰੀ ਯਾਤਰਾ ਪਟਨਾ (ਬਿਹਾਰ) ਗਏ ਸਨ ਤਾਂ ਉਸ ਸਮੇਂ ਗੁਰੂ ਕੇ ਮਹਿਲ (ਮਾਤਾ ਗੁਜਰੀ ਜੀ) ਭਾਈ ਸਦਾਨੰਦ ਅਤੇ ਉਨ੍ਹਾਂ ਦੀ ਪਤਨੀ ਪ੍ਰੇਮੋ (ਮਾਤਾ ਲਾਜਵੰਤੀ) ਵੀ ਨਾਲ ਗਏ ਸਨ ਜਿੱਥੇ ਭਾਈ ਜੈਤਾ ਦਾ ਜਨਮ ਹੋਇਆ। ਦਲਬੀਰ ਸਿੰਘ ਦੀ ਕਿਤਾਬ 'ਵਰਿਆਮ ਇਕੇਲਾ' ਅਨੁਸਾਰ: ਭਾਈ ਕਲਿਆਣਾ ਕੱਥੂਨੰਗਲ (ਜ਼ਿਲ੍ਹਾ ਅੰਮ੍ਰਿਤਸਰ) ਦੇ ਰਹਿਣ ਵਾਲੇ ਸਨ। ਭਾਈ ਕਲਿਆਣਾ ਦੇ ਪੁੱਤਰ ਸੁੱਖਭਾਨ ਹੋਏ, ਅੱਗੋਂ ਉਸ ਦੇ ਪੁੱਤਰ ਜਸਭਾਨ ਹੋਏ ਸਨ ਜਿਸ ਦੇ ਦੋ ਪੁੱਤਰ ਆਗਿਆ ਰਾਮ ਅਤੇ ਭਾਈ ਸਦਾਨੰਦ ਹੋਏ। ਭਾਈ ਸਦਾਨੰਦ ਬਚਪਨ ਤੋਂ ਸਾਧੂ ਸੁਭਾਅ ਦੇ ਹੋਣ ਕਰ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਰਨ ਵਿਚ ਆ ਗਏ ਸਨ। ਨੌਵੇਂ ਗੁਰੂ ਅਤੇ ਮਾਤਾ ਗੁਜਰੀ ਜੀ ਵੱਲੋਂ ਉਸ ਸਮੇਂ ਵੀ ਜਾਤ-ਪਾਤ ਮਿਟਾਉਣ ਦੀ ਪਹਿਲਕਦਮੀ ਕਰਦਿਆਂ ਭਾਈ ਸਦਾਨੰਦ ਦੀ ਸ਼ਾਦੀ ਦਿੱਲੀ ਦੇ ਸੰਗੀਤ ਘਰਾਣੇ ਦੇ ਪੰਡਿਤ ਸ਼ਿਵ ਨਰਾਇਣ ਦੀ ਪੁੱਤਰੀ ਬੀਬੀ ਲਾਜਵੰਤੀ ਨਾਲ ਕੀਤੀ ਗਈ। ਮਾਤਾ ਨਾਨਕੀ (ਨੌਵੇਂ ਗੁਰੂ ਜੀ ਦੇ ਮਾਤਾ) ਅਤੇ ਮਾਤਾ ਗੁਜਰੀ ਨੇ ਲਾਜਵੰਤੀ ਦਾ ਨਾਮ ਬਾਅਦ ਵਿਚ ਪ੍ਰੇਮੋ ਰੱਖਿਆ ਜਿਸ ਦੀ ਕੁੱਖੋਂ ਦੋ ਪੁੱਤਰ ਜੈਤਾ (ਬਾਬਾ ਜੀਵਨ ਸਿੰਘ) ਅਤੇ ਸੰਗਤਾ (ਭਾਈ ਸੰਗਤ ਸਿੰਘ) ਹੋਏ।

ਬਾਬਾ ਜੀਵਨ ਸਿੰਘ ਦੀ ਰਚਨਾ 'ਸ੍ਰੀ ਗੁਰੂ ਕਥਾ' ਵਿਚ ਦੋਹਿਰਾ 'ਜਯਤੇ ਤਾਰਣਹਾਰ ਗੁਰ ਤਾਰ ਦੀਏ ਰੰਘਰੇਟੜੋ। ਗੁਰ ਪਾਰਸ ਨੇ ਕਰ ਦੀਏ ਰੰਘਰੇਟੇ ਗੁਰ ਬੇਟੜੇ' ਦਰਜ ਹੈ। ਇਸੇ ਰਚਨਾ ਵਿਚ ਉਸ ਸਮੇਂ ਦੀ ਇਤਿਹਾਸਿਕ ਜਾਣਕਾਰੀ ਵੀ ਲਿਖੀ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦਾ ਸਬਬ ਕਿਵੇਂ ਬਣਿਆ? ਔਰੰਗਜ਼ੇਬ ਦੀ ਕੂਟਨੀਤੀ ਕੀ ਸੀ? ਦਸਵੇਂ ਗੁਰੂ ਜੀ ਨਾਲ ਪਹਾੜੀ ਰਾਜੇ ਕਿਸ ਤਰ੍ਹਾਂ ਅਤੇ ਕਿਉਂ ਸਾੜਾ ਕਰਦੇ ਸਨ। ਇਸ ਤੋਂ ਇਲਾਵਾ ਦਸਮੇਸ਼ ਪਿਤਾ ਜੀ ਦੀਆਂ ਨਿੱਤ ਦੀਆਂ ਗਤੀਵਿਧੀਆਂ ਸਮੇਤ ਹੋਰ ਧਾਰਮਿਕ ਜਾਣਕਾਰੀ ਵੀ ਇਸ ਰਚਨਾ ਤੋਂ ਮਿਲਦੀ ਹੈ।

ਨਿਸ਼ਾਨ ਸਿੰਘ ਗੰਡੀਵਿੰਡ ਦੀ ਪੁਸਤਕ 'ਸ਼ਹੀਦ ਬਾਬਾ ਜੀਵਨ ਸਿੰਘ- ਜੀਵਨ, ਰਚਨਾ ਅਤੇ ਵਿਆਖਿਆ' ਨੂੰ ਘੋਖਣ 'ਤੇ ਉਨ੍ਹਾਂ ਰਚਿਤ ਸਾਹਿਤ ਵਿਚ ਖ਼ਾਲਸੇ ਦੀ ਸਾਜਨਾ ਦਾ ਜ਼ਿਕਰ ਮਿਲਦਾ ਹੈ। ਇਸ ਵਿਚ ਦਸਵੇਂ ਗੁਰੂ ਦੇ ਰੋਜ਼ਾਨਾ ਦੇ ਕਾਰਜ- ਸੇਵਾ, ਭਗਤੀ, ਕੁਰਬਾਨੀ ਤੇ ਆਤਮਿਕ ਸਚਾਈਆਂ ਵੀ ਕਲਮਬੱਧ ਹਨ। ਉਨ੍ਹਾਂ ਦੇ ਨਿਪੁੰਨ ਜਰਨੈਲ ਤੇ ਨੀਤੀਵਾਨ ਹੋਣ ਅਤੇ ਯੋਜਨਾਬੱਧ ਤਰੀਕੇ ਨਾਲ ਕੰਮ ਕਰਨ ਦਾ ਪਤਾ ਇਕ ਅਹਿਮ ਘਟਨਾ ਤੋਂ ਲੱਗਦਾ ਹੈ। ਜਦੋਂ ਨੌਵੇਂ ਗੁਰੂ ਜੀ ਨੂੰ ਦਿੱਲੀ ਵਿਚ ਗ੍ਰਿਫ਼ਤਾਰ ਕੀਤਾ ਗਿਆ ਤਾਂ ਗੁਰੂ ਜੀ ਨੇ ਕੈਦ ਵਿਚ ਹੀ ਭਾਈ ਜੈਤਾ ਜੀ ਨੂੰ 57 ਸਲੋਕ, ਪੰਜ ਪੈਸੇ, ਨਾਰੀਅਲ ਅਤੇ ਹੋਰ ਸਮੱਗਰੀ ਦੇ ਕੇ ਆਨੰਦਪੁਰ ਸਾਹਿਬ ਭੇਜਿਆ ਅਤੇ ਇਉਂ ਬਾਲ ਗੋਬਿੰਦ ਰਾਏ (ਸ੍ਰੀ ਗੁਰੂ ਗੋਬਿੰਦ ਸਿੰਘ) ਨੂੰ ਦਸਵੇਂ ਗੁਰੂ ਦੇ ਰੂਪ ਵਿਚ ਗੁਰਗੱਦੀ ਦਿੱਤੀ ਗਈ। ਇਉਂ ਦਸਮੇਸ਼ ਪਿਤਾ ਜੀ ਦੀ ਗੁਰਗੱਦੀ ਲਈ ਜਿੱਥੇ ਬਾਬਾ ਜੀਵਨ ਸਿੰਘ ਨੇ ਅਹਿਮ ਭੂਮਿਕਾ ਨਿਭਾਈ, ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨਤਾ ਨਾਲ ਵੀ ਉਹ ਨੇੜਿਓਂ ਜੁੜੇ ਹੋਏ ਸਨ। 1675 ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਦਿੱਲੀ ਦੇ ਚਾਂਦਨੀ ਚੌਕ ਵਿਚ ਸ਼ਹੀਦ ਹੋਣ ਤੋਂ ਬਾਅਦ ਭਾਈ ਜੈਤਾ ਜੀ ਜਦੋਂ ਗੁਰੂ ਜੀ ਦਾ ਸੀਸ ਲੈ ਕੇ ਆਨੰਦਪੁਰ ਸਾਹਿਬ ਪਹੁੰਚੇ ਤਾਂ ਬਾਲ ਗੁਰੂ ਗੋਬਿੰਦ ਰਾਏ ਨੇ ਭਾਈ ਜੈਤਾ ਨੂੰ ਛਾਤੀ ਨਾਲ ਲਗਾ ਕੇ 'ਰੰਘਰੇਟੇ ਗੁਰੂ ਕੇ ਬੇਟੇ' ਦਾ ਖਿਤਾਬ ਦਿੱਤਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਵਿਚ ਜਦੋਂ ਸ੍ਰੀ ਆਨੰਦਪੁਰ ਸਾਹਿਬ ਵਿਚ ਖ਼ਾਲਸਾ ਪੰਥ ਦੀ ਸਾਜਨਾ ਕੀਤੀ ਤਾਂ ਉਸ ਸਮੇਂ ਗੁਰੂ ਜੀ ਨੇ ਚਾਰ ਸਾਹਿਬਜ਼ਾਦਿਆਂ ਨਾਲ ਭਾਈ ਜੈਤਾ ਜੀ ਨੂੰ ਅੰਮ੍ਰਿਤ ਛਕਾ ਕੇ ਉਨ੍ਹਾਂ ਦਾ ਨਾਮ ਬਾਬਾ ਜੀਵਨ ਸਿੰਘ ਰੱਖਿਆ।

ਬਾਬਾ ਜੀਵਨ ਸਿੰਘ ਨੂੰ ਸਾਹਿਬਜ਼ਾਦਾ ਅਜੀਤ ਸਿੰਘ ਨੂੰ ਗਤਕਾ, ਘੋੜਸਵਾਰੀ ਅਤੇ ਯੁੱਧ ਦੇ ਹੋਰ ਦਾਅ-ਪੇਚ ਸਿਖਾਉਣ ਦਾ ਮਾਣ ਮਿਲਿਆ। ਉਹ ਇੱਕੋ-ਇੱਕ ਅਜਿਹੇ ਯੋਧੇ ਹੋਏ ਜੋ ਆਪਣੀਆਂ ਦੋ ਬੰਦੂਕਾਂ- ਨਾਗਣੀ ਅਤੇ ਬਾਗਣੀ ਨੂੰ ਇੱਕੋ ਸਮੇਂ ਚਲਾਉਣ ਦੀ ਮੁਹਾਰਤ ਰੱਖਦੇ ਸਨ। ਬਲਦੇਵ ਸਿੰਘ ਸੜਕਨਾਮਾ ਦੇ ਨਾਵਲ 'ਪੰਜਵਾਂ ਸਾਹਿਬਜ਼ਾਦਾ' ਵਿਚ ਜ਼ਿਕਰ ਹੈ ਕਿ 'ਭਾਈ ਜੈਤਾ ਜੀ ਨੇ ਚਾਂਦਨੀ ਚੌਕ ਦਿੱਲੀ ਵਿਚ ਗੁਰੂ ਜੀ ਦਾ ਸੀਸ ਚੁੱਕਣ ਤੋਂ ਪਹਿਲਾਂ ਆਪਣੇ ਪਿਤਾ ਸਦਾਨੰਦ ਨੂੰ ਸ਼ਹੀਦ ਕਰ ਕੇ ਉਸ ਦਾ ਸੀਸ ਗੁਰੂ ਜੀ ਦੇ ਧੜ ਨਾਲ ਟਿਕਾਇਆ।' ਬਾਬਾ ਜੀਵਨ ਸਿੰਘ ਅਤੇ ਉਨ੍ਹਾਂ ਦਾ ਸਮੁੱਚਾ ਪਰਿਵਾਰ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਨਾਲ ਆਖ਼ਿਰੀ ਦਮ ਤੱਕ ਬਿਖੜੇ ਰਾਹਾਂ ਦੇ ਪਾਂਧੀ ਬਣਿਆ ਰਿਹਾ। ਬਾਬਾ ਜੀਵਨ ਸਿੰਘ ਦੇ ਛੋਟੇ ਪੁੱਤਰ ਭਾਈ ਗੁਲਜ਼ਾਰ ਸਿੰਘ ਅਤੇ ਭਾਈ ਗੁਰਦਿਆਲ ਸਿੰਘ ਸਿਰਸਾ ਨਦੀ ਕੰਢੇ ਸ਼ਹੀਦ ਹੋ ਗਏ। ਉਨ੍ਹਾਂ ਦੇ ਮਾਤਾ ਪ੍ਰੇਮੋ, ਪਤਨੀ ਰਾਜ ਕੌਰ ਵੀ ਸਿਰਸਾ ਨਦੀ ਕੰਢੇ ਜਾਂ ਸ਼ਹੀਦ ਹੋ ਗਏ ਜਾਂ ਨਦੀ ਵਿਚ ਵਹਿ ਗਏ। ਉਨ੍ਹਾਂ ਦੇ ਵੱਡੇ ਪੁੱਤਰ ਸੇਵਾ ਸਿੰਘ ਅਤੇ ਸੁੱਖਾ ਸਿੰਘ, ਭਰਾ ਭਾਈ ਸੰਗਤ ਸਿੰਘ ਅਤੇ ਸਹੁਰਾ ਭਾਈ ਖਜ਼ਾਨ ਸਿੰਘ ਰਿਆੜ (ਵਾਸੀ ਪੱਟੀ) ਚਮਕੌਰ ਦੀ ਗੜ੍ਹੀ ਦੀ ਅਸਾਵੀਂ ਜੰਗ ਦੌਰਾਨ ਸ਼ਹੀਦ ਹੋ ਗਏ।

ਜਦੋਂ ਚਮਕੌਰ ਦੀ ਗੜ੍ਹੀ ਵਿਚ ਸਿੰਘਾਂ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਗੜ੍ਹੀ ਛੱਡਣ ਦੀ ਸਲਾਹ ਦਿੱਤੀ ਤਾਂ ਗੁਰੂ ਜੀ ਨੇ ਬਾਬਾ ਜੀਵਨ ਸਿੰਘ ਜੀ ਨੂੰ ਆਪਣੀ ਦਸਤਾਰ, ਖ਼ੁਦ ਕਲਗੀ ਸਜਾ ਕੇ ਗੜ੍ਹੀ ਦੀ ਮਮਟੀ 'ਤੇ ਬੈਠਾਇਆ ਤਾਂ ਜੋ ਦੁਸ਼ਮਣ ਫੌਜਾਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਯੁੱਧ ਵਿਚ ਹਾਜ਼ਰ ਹੋਣ ਦਾ ਭੁਲੇਖਾ ਪੈਦਾ ਰਹੇ। ਬਾਬਾ ਜੀਵਨ ਸਿੰਘ ਮਮਟੀ 'ਤੇ ਫੌਜਾਂ ਨੂੰ ਟੱਕਰ ਦਿੰਦੇ ਰਹੇ ਅਤੇ ਅੰਤ ਨੂੰ ਸ਼ਹੀਦ ਹੋ ਗਏ। ਉਹ ਚਮਕੌਰ ਦੀ ਗੜ੍ਹੀ ਦੇ ਆਖ਼ਿਰੀ ਅੱਠ ਸਿੰਘਾਂ ਵਿਚੋਂ ਸਨ ਜੋ 23 ਦਸੰਬਰ 1704 ਨੂੰ ਦੁਸ਼ਮਣ ਫ਼ੌਜਾਂ ਨਾਲ ਜੰਗ ਕਰਦਿਆਂ ਸ਼ਹੀਦ ਹੋਏ।

## ਸ਼ਹੀਦੀ ਦਿਹਾੜੇ 'ਤੇ ਵਿਸ਼ੇਸ਼

# ਸ਼੍ਰੋਮਣੀ ਸ਼ਹੀਦ ਭਾਈ ਸੰਗਤ ਸਿੰਘ ਜੀ

ਸਿੱਖ ਇਤਿਹਾਸ ਵਿਚ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਵਲੋਂ ਲੜੀਆਂ ਗਈਆਂ ਲੜਾਈਆਂ ਦਾ ਵਿਸ਼ੇਸ਼ ਸਥਾਨ ਹੈ ਪਰ ਚਮਕੌਰ ਦੀ ਜੰਗ ਇਤਿਹਾਸ ਵਿਚ ਇਕ ਵੱਖਰਾ ਮਹੱਤਵ ਰੱਖਦੀ ਹੈ। ਇਸ ਜੰਗ ਵਿਚ ਮੁਗਲਾਂ ਦੀਆਂ ਲੱਖਾਂ ਫੌਜਾਂ ਨਾਲ ਮੁਕਾਬਲਾ ਕਰਦੇ ਹੋਏ ਪੰਜਾਂ ਪਿਆਰਿਆਂ 'ਚੋਂ ਤਿੰਨ ਪਿਆਰੇ, ਵੱਡੇ ਸਾਹਿਬਜ਼ਾਦੇ, ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ, ਭਾਈ ਸੰਗਤ ਸਿੰਘ ਅਤੇ ਬਹੁਤ ਸਾਰੇ ਸਿੰਘ ਸ਼ਹੀਦ ਹੋ ਗਏ ਸਨ। ਗੜ੍ਹੀ ਚਮਕੌਰ ਦੀ ਜੰਗ ਦਾ ਜ਼ਿਕਰ ਗੁਰੂ ਗੋਬਿੰਦ ਸਿੰਘ ਵਲੋਂ ਔਰੰਗਜ਼ੇਬ ਨੂੰ ਲਿਖੇ 'ਜ਼ਫ਼ਰਨਾਮਾ' ਅਤੇ ਬਾਅਦ ਦੇ ਇਤਿਹਾਸਕਾਰਾਂ ਨੇ ਬਾਖੂਬੀ ਬਿਆਨ ਕੀਤਾ ਹੈ। ਕਵੀਸ਼ਰ ਬਰਕਤ ਸਿੰਘ ਆਨੰਦ, ਮੇਵਾ ਸਿੰਘ ਮੁਹਾਲੀ ਅਤੇ ਨਰਿੰਜਨ ਸਿੰਘ ਸਾਥੀ ਨੇ ਆਪਣੀਆਂ ਲਿਖਤਾਂ ਵਿਚ ਗੜ੍ਹੀ ਚਮਕੌਰ ਦੀ ਸ਼ਰਨ ਤੋਂ ਪਹਿਲਾਂ ਜਿਗ੍ਹਾ ਕਲਗੀ ਸਜਾਉਣ ਦਾ ਬੜੇ ਸੁਚੱਜੇ ਢੰਗ ਨਾਲ ਜ਼ਿਕਰ ਕੀਤਾ ਹੈ। ਇਸ ਜੰਗ ਵਿਚ ਗੁਰੂ ਗੋਬਿੰਦ ਸਿੰਘ ਜੀ ਵਲੋਂ ਅੰਮ੍ਰਿਤ ਛਕਾਉਣ ਵੇਲੇ ਕੀਤੇ ਬਚਨ 'ਖਾਲਸਾ ਮੇਰੋ ਰੂਪ ਹੈ ਖਾਸ ਖਾਲਸੇ ਮਹਿ ਹੌ ਕਰੌ ਨਿਵਾਸ' ਨੂੰ ਸਾਰਥਿਕ ਰੂਪ ਵਿਚ ਪੂਰਾ ਕੀਤਾ। ਬਾਈ ਧਾਰ ਦੇ ਰਾਜਿਆਂ ਨੇ ਕਸਮਾਂ ਤੋੜ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਸਰਸਾ ਕੰਢੇ ਭਾਰੀ ਹਮਲਾ ਕੀਤਾ। ਜਿਸ ਦੌਰਾਨ ਜਿਥੇ ਗੁਰੂ ਜੀ ਦਾ ਪਰਿਵਾਰ ਵਿਛੜ ਗਿਆ, ਉਥੇ ਬਹੁਤ ਸਾਰੇ ਸਿੰਘ ਸ਼ਹੀਦ ਹੋ ਗਏ।



ਵੱਡੇ ਸਾਹਿਬਜ਼ਾਦੇ ਅਤੇ ਗਿਣਤੀ ਦੇ ਸਿੰਘਾਂ ਸਮੇਤ ਗੁਰੂ ਜੀ ਚਮਕੌਰ ਦੀ ਗੜ੍ਹੀ ਵਿਚ ਪਹੁੰਚ ਗਏ। ਸਾਰਾ ਦਿਨ ਦੁਸ਼ਮਣ ਦੀਆਂ ਫੌਜਾਂ ਨਾਲ ਜੰਗ ਹੁੰਦੀ ਰਹੀ। ਇਸ ਜੰਗ ਵਿਚ ਵੱਡੇ ਸਾਹਿਬਜ਼ਾਦਿਆਂ ਅਤੇ ਗਿਣਤੀ ਦੇ ਕੁਝ ਸਿੰਘ ਸ਼ਹੀਦੀ ਦਾ ਜਾਮ ਪੀ ਗਏ। ਜਦੋਂ ਸ਼ਾਮ ਨੂੰ ਜੰਗ ਰੁਕੀ ਤਾਂ ਗੜ੍ਹੀ ਵਿਚ ਗੁਰੂ ਗੋਬਿੰਦ ਸਿੰਘ ਜੀ ਅਤੇ ਬਾਕੀ ਸਿੰਘ ਅਗਲੇ ਦਿਨ ਦੀ ਜੰਗ ਬਾਰੇ ਰਣਨੀਤੀ ਤੇ ਵਿਚਾਰ ਕਰ ਰਹੇ ਸਨ। ਗੁਰੂ ਜੀ ਨੇ ਅਗਲੇ ਦਿਨ ਦੀ ਜੰਗ ਵਿਚ ਖ਼ੁਦ ਕਮਾਂਡ ਸੰਭਾਲਦੇ ਹੋਏ ਸ਼ਹੀਦੀ ਪਾਉਣ ਦੀ ਗੱਲ ਆਖੀ। ਸਿੰਘਾਂ ਨੇ ਗੁਰਮਤਾ ਪਾਸ ਕਰਦਿਆਂ ਕਿਹਾ ਕਿ "ਸਾਹਿਬ ਜੀ ਤੁਹਾਡਾ ਸਾਜਿਆ ਖਾਲਸਾ ਅੱਜ ਤੁਹਾਨੂੰ ਗੜ੍ਹੀ ਵਿਚੋਂ ਚਲੇ ਜਾਣ ਦਾ ਹੁਕਮ ਦਿੰਦਾ ਹੈ। ਤੁਸੀਂ ਦੁਸ਼ਮਣਾਂ ਦੇ ਘੇਰੇ 'ਚੋਂ ਨਿਕਲ ਜਾਓ।" ਗੁਰੂ ਗੋਬਿੰਦ ਸਿੰਘ ਜੀ ਨੇ ਜਾਣ ਤੋਂ ਪਹਿਲਾਂ ਰਣਭੂਮੀ ਵਿਚ ਅਜਮਾਏ, ਵੀਰਤਾ ਵਿਚ ਨਿਪੁੰਨ ਅਤੇ ਹਮਸ਼ਕਲ ਭਾਈ ਸੰਗਤ ਸਿੰਘ ਨੂੰ ਆਪਣੇ ਸ਼ਸਤਰ-ਬਸਤਰ ਅਤੇ ਆਪਣੀ ਜਗ੍ਹਾ ਕਲਗੀ ਸਜਾ ਕੇ ਅਤੇ ਆਪਣੀ ਜਗ੍ਹਾ ਬਿਠਾ ਕੇ ਅਗਲੇ ਦਿਨ ਸਾਹਵੇਂ ਮੱਥੇ ਜੂਝ ਕੇ ਸ਼ਹੀਦੀ ਪਾਉਣ ਲਈ ਕਿਹਾ ਅਤੇ ਇਹ ਵੀ ਹੁਕਮ ਕੀਤਾ ਕਿ ਜਿਉਂਦੇ ਜੀਅ ਦੁਸ਼ਮਣ ਦੇ ਹੱਥ ਨਹੀਂ ਆਉਣਾ।

ਅਗਲੇ ਦਿਨ ਭਾਈ ਸੰਗਤ ਸਿੰਘ ਨੇ ਗੜ੍ਹੀ 'ਚੋਂ ਨਿਕਲ ਕੇ ਸੂਰਮਗਤੀ ਨਾਲ ਮੁਕਾਬਲਾ ਕੀਤਾ। ਇਕ ਇਤਿਹਾਸਕਾਰ ਨੇ ਭਾਈ ਸੰਗਤ ਸਿੰਘ ਜੀ ਦੀ ਸੂਰਮਗਤੀ ਦਾ ਜ਼ਿਕਰ ਕਰਦਿਅ ਕਿਹਾ ਕਿ ਵੈਰੀ ਟਿੱਡੀ ਦਲ ਫੌਜਾਂ ਨਾਲ ਜੂਝ ਰਹੇ ਸਨ ਜਿਵੇਂ ਇਹ ਸਮੁੰਦਰ ਵਿਚ ਉਛਲਦੀਆਂ ਤੂਫ਼ਾਨੀ ਲਹਿਰਾਂ ਨਾਲ ਕੋਈ ਛੋਟਾ ਜਹਾਜ਼ ਘਿਰਿਆ ਹੋਵੇ। ਅੰਤ ਵਿਚ ਹਜ਼ਾਰਾਂ ਫੱਟ ਖਾ ਕੇ ਭਾਈ ਸੰਗਤ ਸਿੰਘ ਜੀ ਚਮਕੌਰ ਦੀ ਰਣਭੂਮੀ ਵਿਚ ਸ਼ਹੀਦੀ ਦਾ ਜਾਪ ਪੀ ਗਏ। ਇਥੇ ਇਹ ਗੱਲ ਵਿਸ਼ੇਸ਼ ਤੌਰ 'ਤੇ ਦੱਸਣਯੋਗ ਹੈ ਕਿ ਜਿਵੇਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸੀਸ ਦਾ ਸ੍ਰੀ ਅਨੰਦਪੁਰ ਸਾਹਿਬ ਦਿੱਲੀ ਵਿਖੇ ਸਸਕਾਰ ਹੋਇਆ ਅਤੇ ਧੜ ਦਾ ਦਿੱਲੀ ਵਿਖੇ ਸਸਕਾਰ ਹੋਇਆ, ਉਸੇ ਤਰ੍ਹਾਂ ਸ਼ਹੀਦ ਭਾਈ ਸੰਗਤ ਸਿੰਘ ਜੀ ਦੇ ਸੀਸ ਦਾ ਸਰਹੰਦ ਵਿਖੇ ਅਤੇ ਧੜ ਦਾ ਚਮਕੌਰ ਸਾਹਿਬ ਵਿਖੇ ਸਸਕਾਰ ਹੋਇਆ। ਸ਼ਹੀਦ ਭਾਈ ਸੰਗਤ ਸਿੰਘ ਜੀ ਦੀ ਲਾਸਾਨੀ ਕੁਰਬਾਨੀ ਨੂੰ ਯਾਦ ਕਰਦਿਆਂ ਵਿਸ਼ਵ ਰਾਮਦਾਸੀਆ ਸਿੱਖ ਵੈਲਫੇਅਰ ਕੌਂਸਲ ਹੁਸ਼ਿਆਰਪੁਰ, ਸ਼ਹੀਦ ਭਾਈ ਸੰਗਤ ਸਿੰਘ ਯਾਦਗਾਰੀ ਟਰੱਸਟ ਅਤੇ ਸ਼ਹੀਦ ਭਾਈ ਸੰਗਤ ਸਿੰਘ ਦਲ ਪੰਜਾਬ ਵਲੋਂ ਬੜੇ ਉਤਸ਼ਾਹ ਨਾਲ ਸਮੁੱਚੇ ਭਾਰਤ ਅਤੇ ਵਿਦੇਸ਼ਾਂ ਵਿਚ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾਂਦਾ ਹੈ।



ਲਖਵੀਰ ਸਿੰਘ ਖਾਲਸਾ
ਕੌਮੀ ਪ੍ਰਧਾਨ ਵਿਸ਼ਵ ਰਾਮਦਾਸੀਆ
ਸਿੱਖ ਵੈਲਵੇਅਰ ਕੌਂਸਲ (ਰਜਿ.)
98140-25430

# ਗੁਰੂ ਤੇਗ ਬਹਾਦਰ ਹੌਸਲੇ ਤੇ ਤਾਕਤ ਦੀ ਮਿਸਾਲ: ਨਰਿੰਦਰ ਮੋਦੀ

*ਪ੍ਰਧਾਨ ਮੰਤਰੀ ਨੇ ਸਿੱਖਾਂ ਦੇ ਨੌਵੇਂ ਗੁਰੂ ਦੀ ਸ਼ਹਾਦਤ 'ਤੇ ਸ਼ਰਧਾਂਜਲੀ ਭੇਟ ਕੀਤੀ*



ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਿੱਖ ਗੁਰੂ ਤੇਗ ਬਹਾਦਰ ਜੀ ਨੂੰ ਉਨ੍ਹਾਂ ਦੀ ਸ਼ਹਾਦਤ ਨੂੰ ਯਾਦ ਕਰਦਿਆਂ ਸ਼ਰਧਾਂਜਲੀ ਭੇਟ ਕੀਤੀ ਅਤੇ ਕਿਹਾ ਕਿ ਗੁਰੂ ਸਾਹਿਬ ਦੀਆਂ ਸਿੱਖਿਆਵਾਂ, ਏਕਤਾ ਅਤੇ ਸਚਾਈ 'ਤੇ ਜ਼ੋਰ ਦਿੰਦੀਆਂ ਹਨ ਅਤੇ ਭਾਈਚਾਰਕ ਸਾਂਝ ਤੇ ਸ਼ਾਂਤੀ ਦੀ ਪ੍ਰਾਪਤੀ ਲਈ "ਸਾਡਾ ਰਾਹ ਰੁਸ਼ਨਾਉਂਦੀਆਂ ਹਨ। ਨੌਵੇਂ ਸਿੱਖ ਗੁਰੂ, ਗੁਰੂ ਤੇਗ ਬਹਾਦਰ ਜੀ ਨੂੰ ਮੁਗਲ ਸ਼ਾਸਕ ਔਰੰਗਜ਼ੇਬ ਦੇ ਹੁਕਮਾਂ 'ਤੇ ਸ਼ਹੀਦ ਕੀਤਾ ਗਿਆ ਸੀ। ਐਕਸ 'ਤੇ ਪੋਸਟ ਵਿੱਚ, ਮੋਦੀ ਨੇ ਕਿਹਾ, "ਅੱਜ ਅਸੀਂ ਹੌਸਲੇ ਅਤੇ ਤਾਕਤ ਦੇ ਪ੍ਰਤੀਕ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਯਾਦ ਕਰਦੇ ਹਾਂ। ਆਜ਼ਾਦੀ ਅਤੇ ਮਨੁੱਖੀ ਸਨਮਾਨ ਲਈ ਉਨ੍ਹਾਂ ਦੀ ਬੇਮਿਸਾਲ ਸ਼ਹਾਦਤ ਸਮੇਂ ਦੇ ਨਾਲ ਗੂੰਜਦੀ ਹੈ। ਮਨੁੱਖਤਾ ਨੂੰ ਏਕਤਾ ਅਤੇ ਦਇਆ ਨਾਲ ਰਹਿਣ ਲਈ ਪ੍ਰੇਰਿਤ ਕਰਦੀ ਹੈ।"

# ਮੇਰੇ ਤੀਜੇ ਕਾਰਜਕਾਲ 'ਚ ਭਾਰਤ ਤੀਜਾ ਸਭ ਤੋਂ ਵੱਡਾ ਅਰਥਚਾਰਾ ਬਣੇਗਾ: ਮੋਦੀ

*ਸੂਰਤ 'ਚ ਡਾਇਮੰਡ ਬੋਰਸ ਦਾ ਉਦਘਾਟਨ; 67 ਲੱਖ ਵਰਗ ਫੁੱਟ 'ਚ ਬਣੀ ਵਿਸ਼ਵ ਦੀ ਸਭ ਤੋਂ ਵੱਡੀ ਦਫ਼ਤਰੀ ਇਮਾਰਤ*

ਸੂਰਤ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਕਿਹਾ ਕਿ ਉਨ੍ਹਾਂ ਦੇ ਤੀਜੇ ਕਾਰਜਕਾਲ ਵਿੱਚ ਭਾਰਤ ਵਿਸ਼ਵ ਦਾ ਤੀਜਾ ਸਭ ਤੋਂ ਵੱਡਾ ਅਰਥਚਾਰਾ ਬਣੇਗਾ। ਸ੍ਰੀ ਮੋਦੀ ਨੇ ਕਿਹਾ ਕਿ ਕੌਮਾਂਤਰੀ ਹੀਰਾ ਤੇ ਗਹਿਣਿਆਂ ਦੇ ਕਾਰੋਬਾਰ ਲਈ ਵਿਸ਼ਵ ਦਾ ਸਭ ਤੋਂ ਵੱਡਾ ਤੇ ਆਧੁਨਿਕ ਸੂਰਤ ਡਾਇਮੰਡ ਬੋਰਸ (ਹੱਬ) 'ਨਵੇਂ ਭਾਰਤ ਦੀ ਤਾਕਤ ਤੇ ਸੰਕਲਪ ਦਾ ਪ੍ਰਤੀਕ' ਹੈ। ਪ੍ਰਧਾਨ ਮੰਤਰੀ 'ਸੂਰਤ ਡਾਇਮੰਡ ਬੋਰਸ' ਦੇ ਉਦਘਾਟਨ ਮਗਰੋਂ ਇਕੱਠ ਨੂੰ ਸੰਬੋਧਨ ਕਰ ਰਹੇ ਸਨ। ਸ੍ਰੀ ਮੋਦੀ ਨੇ ਕਿਹਾ ਕਿ ਸੂਰਤ ਦੀ ਹੀਰਾ ਸਨਅਤ ਨੇ 8 ਲੱਖ ਲੋਕਾਂ ਨੂੰ ਰੁਜ਼ਗਾਰ ਦਿੱਤਾ ਹੈ ਜਦੋਂਕਿ ਨਵੇਂ ਬੋਰਸ ਕਰਕੇ ਡੇਢ ਲੱਖ ਹੋਰ ਨੌਕਰੀਆਂ ਪੈਦਾ ਹੋਣਗੀਆਂ। ਸੂਰਤ ਸ਼ਹਿਰ ਨੇੜੇ ਖਾਜੋੜ ਪਿੰਡ ਵਿੱਚ 67 ਲੱਖ ਵਰਗ ਫੁੱਟ ਵਿੱਚ ਬਣੀ ਸੂਰਤ ਡਾਇਮੰਡ ਬੋਰਸ (ਐੱਸਡੀਬੀ) ਦੀ ਇਮਾਰਤ ਵਿਸ਼ਵ ਦਾ ਸਭ ਤੋਂ ਵੱਡਾ ਦਫ਼ਤਰੀ ਕੰਪਲੈਕਸ ਹੈ। ਇਮਾਰਤ ਵਿੱਚ ਕਰੀਬ 4500 ਡਾਇਮੰਡ ਟਰੇਡਿੰਗ ਦਫ਼ਤਰ ਹਨ। ਸ੍ਰੀ ਮੋਦੀ ਨੇ ਕਿਹਾ, "ਸੂਰਤ ਦੀ ਸ਼ਾਨ ਵਿੱਚ ਅੱਜ ਇਕ ਹੋਰ ਹੀਰਾ ਵਧ ਗਿਆ ਹੈ। ਇਹ ਹੀਰਾ ਛੋਟਾ ਨਹੀਂ ਬਲਕਿ



ਵਿਸ਼ਵ ਦਾ ਸਭ ਤੋਂ ਸਰਵੋਤਮ ਹੈ। ਵਿਸ਼ਵ ਦੀਆਂ ਸਭ ਤੋਂ ਵੱਡੀਆਂ ਇਮਾਰਤਾਂ ਵੀ ਇਸ ਹੀਰੇ ਦੀ ਚਮਕ ਅੱਗੇ ਫਿੱਕੀਆਂ ਹਨ। ਜਦੋਂ ਕਦੇ ਵੀ ਵਿਸ਼ਵ ਵਿਚ ਇਸ ਡਾਇਮੰਡ ਬੋਰਸ ਦੀ ਗੱਲ ਹੋਵੇਗੀ, ਸੂਰਤ ਤੇ ਭਾਰਤ ਦਾ ਜ਼ਿਕਰ ਆਏਗਾ।" ਉਨ੍ਹਾਂ ਕਿਹਾ ਕਿ ਸੂਰਤ ਡਾਇਮੰਡ ਬੋਰਸ ਭਾਰਤੀ ਡਿਜ਼ਾਈਨ, ਡਿਜ਼ਾਈਨਰਾਂ, ਮਟੀਰੀਅਲ ਤੇ ਸੰਕਲਪ ਦੀ ਯੋਗਤਾ ਨੂੰ ਦਰਸਾਉਂਦਾ ਹੈ।

# ਨਰਿੰਦਰ ਮੋਦੀ ਨੇ ਵਿਕਸ਼ਿਤ ਭਾਰਤ ਸੰਕਲਪ ਯਾਤਰਾ ਦੌਰਾਨ ਵਿਦਿਆਰਥੀਆਂ ਨਾਲ ਕੀਤੀ ਗੱਲਬਾਤ



ਵਾਰਾਣਸੀ: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਨੂੰ ਵਾਰਾਣਸੀ ਦੇ ਕਟਿੰਗ ਮੈਮੋਰੀਅਲ ਇੰਟਰ ਕਾਲਜ ਵਿਖੇ ਵਿਕਸ਼ਿਤ ਭਾਰਤ ਸੰਕਲਪ ਯਾਤਰਾ ਪ੍ਰਦਰਸ਼ਨੀ ਦੇ ਦੌਰੇ ਦੌਰਾਨ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ।



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਕਸ਼ਿਤ ਭਾਰਤ ਸੰਕਲਪ ਯਾਤਰਾ ਪ੍ਰਦਰਸ਼ਨੀ ਦਾ ਦੌਰਾ ਕਰਦੇ ਹੋਏ

# ਮੋਦੀ ਨੇ ਵਾਰਾਨਸੀ 'ਚ ਦੁਨੀਆ ਦੇ ਸਭ ਤੋਂ ਵੱਡੇ ਧਿਆਨ ਕੇਂਦਰ ਸਵਰਵੇਦ ਮਹਾਮੰਦਰ ਦਾ ਉਦਘਾਟਨ ਕੀਤਾ

ਵਾਰਾਨਸੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਇਥੇ ਦੁਨੀਆ ਦੇ ਸਭ ਤੋਂ ਵੱਡੇ ਧਿਆਨ ਕੇਂਦਰ 'ਸਵਰਵੇਦ ਮਹਾਮੰਦਰ' ਦਾ ਉਦਘਾਟਨ ਕੀਤਾ। ਉਦਘਾਟਨ ਤੋਂ ਬਾਅਦ ਪ੍ਰਧਾਨ ਮੰਤਰੀ ਨੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਦੇ ਨਾਲ ਕੇਂਦਰ ਦਾ ਦੌਰਾ ਕੀਤਾ। ਇੱਥੇ 20,000 ਤੋਂ ਵੱਧ ਲੋਕ ਇਕੱਠੇ ਬੈਠ ਕੇ ਧਿਆਨ ਲਗਾ ਸਕਦੇ ਹਨ। ਇਸ ਸੱਤ ਮੰਜ਼ਿਲਾ ਵਿਸ਼ਾਲ ਮੰਦਰ ਦੀਆਂ ਕੰਧਾਂ ਉੱਤੇ ਸਵਰਵੇਦ ਦੇ ਛੰਦ ਉੱਕਰੇ ਹਨ। ਸਵਰਵੇਦ ਮਹਾਮੰਦਰ ਪ੍ਰਾਚੀਨ ਦਰਸ਼ਨ, ਅਧਿਆਤਮਿਕਤਾ ਅਤੇ ਆਧੁਨਿਕ ਆਰਕੀਟੈਕਚਰ ਦਾ ਸੁਮੇਲ ਹੈ।







ਅੱਜ, ਹਥਿਆਰਬੰਦ ਸੈਨਾ ਝੰਡਾ ਦਿਵਸ 'ਤੇ ਅਸੀਂ ਆਪਣੇ ਬਹਾਦਰ ਸੈਨਿਕਾਂ ਦੇ ਸਾਹਸ, ਵਚਨਬੱਧਤਾ ਅਤੇ ਕੁਰਬਾਨੀਆਂ ਦਾ ਸਨਮਾਨ ਕਰਦੇ ਹਾਂ। ਸਾਡੇ ਦੇਸ਼ ਦੀ ਰੱਖਿਆ ਵਿੱਚ ਉਨ੍ਹਾਂ ਦਾ ਸਮਰਪਣ ਬੇਮਿਸਾਲ ਹੈ। ਮੈਂ ਤੁਹਾਨੂੰ ਸਾਰਿਆਂ ਨੂੰ ਆਰਮਡ ਫੋਰਸਿਜ਼ ਫਲੈਗ ਡੇਅ ਫੰਡ ਵਿੱਚ ਯੋਗਦਾਨ ਪਾਉਣ ਦੀ ਵੀ ਅਪੀਲ ਕਰਦਾ ਹਾਂ।- ਨਰਿੰਦਰ ਮੋਦੀ

# ਸੀ.ਐਮ.ਡੀ.ਐਚ.ਪੀ. ਸਿੰਘ ਨੇ ਹਥਿਆਰਬੰਦ ਸੈਨਾ ਝੰਡਾ ਦਿਵਸ 'ਤੇ ਰਾਜਨਾਥ ਸਿੰਘ 'ਤੇ ਝੰਡਾ ਲਹਿਰਾਇਆ



ਨਵੀਂ ਦਿੱਲੀ: ਕੇਂਦਰੀ ਸੈਨਿਕ ਬੋਰਡ ਦੇ ਸਕੱਤਰ ਕਾਮਰੇਡ ਐਚ.ਪੀ. ਸਿੰਘ ਨੇ ਨਵੀਂ ਦਿੱਲੀ 'ਚ ਹਥਿਆਰਬੰਦ ਸੈਨਾ ਝੰਡਾ ਦਿਵਸ ਦੇ ਮੌਕੇ 'ਤੇ ਰੱਖਿਆ ਮੰਤਰੀ ਰਾਜਨਾਥ ਸਿੰਘ 'ਤੇ ਝੰਡਾ ਲਹਿਰਾਇਆ

# ਅਮਿਤ ਸ਼ਾਹ ਨੇ ਹਥਿਆਰਬੰਦ ਸੈਨਾ ਝੰਡਾ ਦਿਵਸ 2023 'ਤੇ ਹਥਿਆਰਬੰਦ ਸੈਨਾ ਝੰਡਾ ਦਿਵਸ ਫੰਡ ਵਿੱਚ ਯੋਗਦਾਨ ਪਾਇਆ

ਨਵੀਂ ਦਿੱਲੀ: ਕੇਂਦਰੀ ਗ੍ਰਿਹ ਮੰਤਰੀ ਅਮਿਤ ਸ਼ਾਹ ਨੇ ਕੇਂਦਰੀ ਸੈਨਿਕ ਬੋਰਡ ਸਕੱਤਰੇਤ ਦੇ ਡੈਲੀਗੇਟਾਂ ਨਾਲ ਮੀਟਿੰਗ ਦੌਰਾਨ ਹਥਿਆਰਬੰਦ ਸੈਨਾ ਝੰਡਾ ਦਿਵਸ 2023 'ਤੇ ਹਥਿਆਰਬੰਦ ਸੈਨਾ ਝੰਡਾ ਦਿਵਸ ਫੰਡ ਵਿਚ ਯੋਗਦਾਨ ਪਾਇਆ, ਕੇਂਦਰੀ ਸੈਨਿਕ ਬੋਰਡ ਦੇ ਸਕੱਤਰ ਸੀ.ਐਮ.ਡੀ. ਐਚ.ਪੀ. ਸਿੰਘ ਨਵੀਂ ਦਿੱਲੀ ਵਿੱਚ ਨਜ਼ਰ ਆ ਰਹੇ ਹਨ।



## ਗਾਰਡ ਆਫ਼ ਆਨਰ ਦੌਰਾਨ ਭਾਰਤੀ ਫ਼ੌਜ ਦੀ ਸਿੱਖ ਰੈਜੀਮੈਂਟ



ਨਵੀਂ ਦਿੱਲੀ, ਭਾਰਤੀ ਫੌਜ ਦੀ ਸਿੱਖ ਰੈਜੀਮੈਂਟ ਨੇ ਸੋਮਵਾਰ ਨੂੰ ਨਵੀਂ ਦਿੱਲੀ ਵਿਖੇ ਸ਼੍ਰੀਲੰਕਾਈ ਫੌਜ ਦੇ ਕਮਾਂਡਰ ਲੈਫਟੀਨੈਂਟ ਜਨਰਲ ਵਿਕ੍ਰਮ ਲਿਆਨਾਗੇ ਦੇ ਗਾਰਡ ਆਫ ਆਨਰ ਦੌਰਾਨ

## ਉੱਤਰਾਖੰਡ ਖੇਡ ਮਹਾਕੁੰਭ ਦੌਰਾਨ ਪਰੰਪਰਾਗਤ ਪਹਿਰਾਵੇ ਵਿੱਚ ਸਜੇ ਕਲਾਕਾਰਾਂ ਕੀਤਾ ਪ੍ਰਦਰਸ਼ਨ



ਦੇਹਰਾਦੂਨ : ਦੇਹਰਾਦੂਨ ਦੇ ਮਹਾਰਾਣਾ ਪ੍ਰਤਾਪ ਸਪੋਰਟਸ ਕਾਲਜ ਵਿਚ ਮੰਗਲਵਾਰ ਨੂੰ ਉੱਤਰਾਖੰਡ ਖੇਡ ਮਹਾਕੁੰਭ 2023 ਦੇ ਰਾਜ ਪੱਧਰੀ ਮੁਕਾਬਲੇ ਦੌਰਾਨ ਰਵਾਇਤੀ ਪਹਿਰਾਵੇ ਵਿਚ ਸਜੇ ਕਲਾਕਾਰਾਂ ਨੇ ਪ੍ਰਦਰਸ਼ਨ ਕੀਤਾ।

# ਨੌਵੇਂ ਸਿੱਖ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 348ਵੇਂ ਸ਼ਹੀਦੀ ਦਿਵਸ ਨੂੰ ਸਮਰਪਿਤ ਨਗਰ ਕੀਰਤਨ ਸਜਾਇਆ




ਪਟਿਆਲਾ : ਨੌਵੇਂ ਸਿੱਖ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 348ਵੇਂ ਸ਼ਹੀਦੀ ਦਿਵਸ (ਸ਼ਹੀਦੀ ਦਿਵਸ) ਦੀ ਪੂਰਵ ਸੰਧਿਆ ਮੌਕੇ 'ਪੰਜ ਪਿਆਰਿਆਂ' ਦੀ ਅਗਵਾਈ ਵਿੱਚ ਸਜਾਏ ਗਏ 'ਨਗਰ ਕੀਰਤਨ' ਵੱਡੀ ਗਿਣਤੀ ਵਿੱਚ ਸੰਗਤਾਂ ਨੇ ਭਾਗ ਲਿਆ।

## ਗੋਦਰੇਜ ਵਿਖਰੋਲੀ ਕੁਸੀਨਾ ਦੁਆਰਾ ਕ੍ਰਿਸਮਸ ਦੇ ਜਸ਼ਨ ਦਾ ਆਯੋਜਨ



ਮੁੰਬਈ : ਗੋਦਰੇਜ ਗਰੁੱਪ, ਕਾਰਜਕਾਰੀ ਨਿਰਦੇਸ਼ਕ, ਤਾਨਿਆ ਦੁਬਾਸ਼ ਅਤੇ ਅਭੈ ਪਾਰਨੇਰਕਰ, ਸੀਈਓ, ਗੋਦਰੇਜ ਟਾਇਸਨ ਫੂਡਜ਼ ਲਿਮਟਿਡ, ਗੋਦਰੇਜ ਵਨ, ਵਿਖਰੋਲੀ ਵਿਖੇ ਗੋਦਰੇਜ ਵਿਖਰੋਲੀ ਕੁਸੀਨਾ ਦੁਆਰਾ ਆਯੋਜਿਤ ਕ੍ਰਿਸਮਸ ਦੇ ਜਸ਼ਨਾਂ ਦੌਰਾਨ ਵਰਸ਼ਾ ਨਗਰ ਐਮਪੀਐਸ ਸਕੂਲ ਦੇ ਵਿਦਿਆਰਥੀਆਂ ਨਾਲ ਇੱਕ ਸਮੂਹ ਤਸਵੀਰ ਵਿੱਚ।

## ਹੈਦਰਾਬਾਦ ਪਬਲਿਕ ਸਕੂਲ ਦੇ ਸ਼ਤਾਬਦੀ ਸਮਾਗਮ ਕਰਵਾਇਆ



ਹੈਦਰਾਬਾਦ : ਹੈਦਰਾਬਾਦ ਵਿੱਚ ਮੰਗਲਵਾਰ ਨੂੰ ਹੈਦਰਾਬਾਦ ਪਬਲਿਕ ਸਕੂਲ ਦੇ ਸ਼ਤਾਬਦੀ ਸਮਾਰੋਹ ਦੌਰਾਨ ਰਵਾਇਤੀ ਪਹਿਰਾਵੇ ਵਿੱਚ ਸਜੇ ਬੱਚੇ ਇੱਕ ਸਮੂਹ ਤਸਵੀਰ ਲਈ ਪੋਜ਼ ਦਿੰਦੇ ਹੋਏ।

# ਸਰਕਾਰੀ ਸਕੂਲਾਂ ਵਿੱਚ ਪ੍ਰਤਿਭਾ ਦੀ ਘਾਟ ਨਹੀਂ: ਭਗਵੰਤ ਮਾਨ

## ਮੁੱਖ ਮੰਤਰੀ ਵੱਲੋਂ ਮੋਰਿੰਡਾ ਦੇ ਸਕੂਲ ਆਫ ਐਮੀਨੈਂਸ ਦਾ ਦੌਰਾ

ਮੋਰਿੰਡਾ : ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਮੋਰਿੰਡਾ ਦੇ ਸਕੂਲ ਆਫ ਐਮੀਨੈਂਸ ਦਾ ਦੌਰਾ ਕੀਤਾ। ਇਸ ਮੌਕੇ ਉਨ੍ਹਾਂ ਅਧਿਆਪਕਾਂ ਅਤੇ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਜ਼ਿੰਦਗੀ ਵਿੱਚ ਕਾਮਯਾਬ ਹੋਣ ਲਈ ਹੌਸਲੇ ਬੁਲੰਦ ਹੋਣੇ ਲਾਜ਼ਮੀ ਹਨ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਪ੍ਰਤਿਭਾ ਦੀ ਕੋਈ ਘਾਟ ਨਹੀਂ ਹੈ ਸਿਰਫ ਇਸ ਨੂੰ ਨਿਖਾਰਨ ਦੀ ਲੋੜ ਹੈ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਹ ਸਕੂਲ ਵਿੱਚ ਛਾਪਾ ਮਾਰਨ ਜਾਂ ਕਿਸੇ ਅਧਿਆਪਕ ਨੂੰ ਮੁਅੱਤਲ ਕਰਨ ਨਹੀਂ ਆਏ ਸਗੋਂ ਸਕੂਲ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਦਰਪੇਸ਼ ਸਮੱਸਿਆਵਾਂ ਜਾਨਣ ਲਈ ਇੱਥੇ ਪਹੁੰਚੇ ਹਨ। ਉਨ੍ਹਾਂ ਨੇ ਸੂਬੇ ਦੇ ਸਾਰੇ ਐਮੀਨੈਂਸ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਸਕੂਲ ਲਿਆਉਣ ਅਤੇ ਪਿੰਡ ਛੱਡਣ ਲਈ ਜੀਪੀਐੱਸ ਸਿਸਟਮ ਵਾਲੀ ਟਰਾਂਸਪੋਰਟ ਸਹੂਲਤ ਦੇਣ ਦਾ ਐਲਾਨ ਕੀਤਾ।





ਮੁੱਖ ਮੰਤਰੀ ਨੇ ਕੁੱਝ ਵਿਦਿਆਰਥੀਆਂ ਵੱਲੋਂ ਨਿੱਜੀ ਸਕੂਲਾਂ ਨੂੰ ਛੱਡ ਕੇ ਇਸ ਸਕੂਲ ਵਿੱਚ ਦਾਖ਼ਲ ਹੋਣ 'ਤੇ ਖ਼ੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਵਿੱਚ ਦਿੱਤੀਆਂ ਜਾ ਰਹੀਆਂ ਸਹੂਲਤਾਂ ਕਾਰਨ ਹੀ ਵਿਦਿਆਰਥੀ ਨਿੱਜੀ ਸਕੂਲਾਂ ਨੂੰ ਛੱਡ ਕੇ ਸਰਕਾਰੀ ਸਕੂਲਾਂ ਵਿੱਚ ਦਾਖ਼ਲ ਹੋਣ ਲੱਗੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਪ੍ਰਿੰਸੀਪਲਾਂ, ਅਧਿਆਪਕਾਂ ਅਤੇ ਨਾਨ-ਟੀਚਿੰਗ ਸਟਾਫ ਦੀਆਂ ਖਾਲੀ ਅਸਾਮੀਆਂ ਨੂੰ ਅਗਲੇ ਵਿਦਿਅਕ ਸੈਸ਼ਨ ਤੋਂ ਪਹਿਲਾਂ ਭਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਕੂਲੀ ਅਧਿਆਪਕਾਂ ਤੋਂ ਭਵਿੱਖ ਵਿੱਚ ਕੋਈ ਵੀ ਗੈਰਵਿਦਿਅਕ ਕੰਮ ਨਹੀਂ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਸਾਰੇ ਸਰਕਾਰੀ ਸਕੂਲਾਂ ਨੂੰ ਦੇਸ਼ ਭਰ ਦੇ ਸਕੂਲਾਂ 'ਚੋਂ ਅੱਵਲ ਬਣਾਇਆ ਜਾਵੇਗਾ। ਇਸ ਮੌਕੇ ਪੱਤਰਕਾਰਾਂ ਨੇ ਸਰਕਾਰੀ ਹਸਪਤਾਲ ਮੋਰਿੰਡਾ ਦੀ ਤਰਸਯੋਗ ਹਾਲਤ ਨੂੰ ਮੁੱਖ ਮੰਤਰੀ ਦੇ ਧਿਆਨ ਵਿੱਚ ਲਿਆਂਦਾ ਪਰ ਉਨ੍ਹਾਂ ਇਸ ਦਾ ਕੋਈ ਜਵਾਬ ਨਹੀਂ ਦਿੱਤਾ।

# ਵਿਸ਼ਵ ਪ੍ਰਸਿੱਧ ਫਰਮ ਸੋਨਾਲੀਕਾ ਦੇ ਪਰਿਵਾਰਕ ਮੈਂਬਰਾਂ ਦੀ ਇੰਟਰਵਿਊ ਕਰਨ ਵਾਲੇ ਸਹਾਇਕ ਪ੍ਰੋ. ਸੰਜੀਵ ਸ਼ਰਮਾ

## 100 ਤੋਂ ਵੱਧ ਵੱਖ ਵੱਖ ਵਿਸ਼ਿਆਂ ਤੇ ਸਕੂਲਾਂ ਤੇ ਕਾਲਜਾਂ ਵਿੱਚ ਲੈਕਚਰ ਦੇ ਚੁੱਕੇ ਹਨ ਸੰਜੀਵ ਕੁਮਾਰ ਸ਼ਰਮਾ










ਅਸੀ ਸਮਾਜ ਵਿੱਚ ਅਕਸਰ ਦੇਖਦੇ ਹਾਂ ਕਿ ਜਦੋਂ ਕੋਈ ਬੱਚਾ ਵਧੀਆ ਪਰਿਵਾਰਿਕ ਮਾਹੌਲ ਵਿੱਚ ਜਨਮ ਲੈਂਦਾ ਹੈ ਤਾਂ ਕੁਦਰਤੀ ਤੌਰ ਤੇ ਉਸਦਾ ਚੌਗਿਰਦਾ ਦੋਸਤ ਮਿੱਤਰ ਵੀ ਸਾਰੇ ਵਧੀਆ ਮਿਲ ਜਾਂਦੇ ਹਨ ਪਾਲਣ ਪੋਸ਼ਣ ਵੀ ਵਧੀਆ ਢੰਗ ਨਾਲ ਹੁੰਦਾ ਹੈ ਤੇ 'ਸੋਨੇ ਤੇ ਸੁਹਾਗੇ' ਵਾਲੀ ਗੱਲ ਉਸ ਸਮੇਂ ਬਣਦੀ ਹੈ ਜਦੋਂ ਉਹੀ ਬੱਚਾ ਆਪਣੇ ਪਰਿਵਾਰ ਵਿਚੋਂ ਮਿਲੇ ਸੰਸਕਾਰਾਂ ਤੋਂ ਸਿੱਖਿਆ ਲੈਂਦਾ ਹੋਇਆ ਆਪਣੇ ਜੀਵਨ ਨੂੰ ਜਿੱਥੇ ਆਪਣੇ ਮਾਤਾ ਪਿਤਾ, ਪਰਿਵਾਰ, ਬੱਚਿਆਂ ਲਈ ਸਮਰਪਿਤ ਕਰਦਾ ਹੈ ਉਥੇ ਉਹ ਸਮਾਜ ਲਈ ਵੀ ਕੁਝ ਕਰਨ ਲਈ ਹਮੇਸ਼ਾਂ ਤੱਤਪਰ ਰਹਿੰਦੇ ਹੈ।

ਸੋ ਅੱਜ ਦੇ ਇਸ ਲੇਖ ਵਿੱਚ ਵੀ ਮੈਂ ਅਮਰੀਕਾ ਦੇ ਸ਼ਹਿਰ ਕੈਲੇਫੋਰਨੀਆ ਤੋਂ ਛਪਦੇ ਹਫਤਾਵਾਰੀ ਅਖਬਾਰ 'ਸਾਡੇ ਲੋਕ' ਦੇ ਪਾਠਕਾਂ ਲਈ ਇਸੇ ਤਰ੍ਹਾਂ ਦੀ ਸ਼ਖ਼ਸੀਅਤ ਦੇ ਬਾਰੇ ਸ਼ਬਦਾਂ ਦੇ ਰੂਪ ਵਿੱਚ ਪੇਸ਼ ਕਰਨ ਦਾ ਉਪਰਾਲਾ ਕਰ ਰਿਹਾ ਹਾਂ।

ਜੀ ਹਾਂ ਉਹ ਸ਼ਖ਼ਸੀਅਤ ਹੈ ਦੂਰਦਰਸ਼ਨ ਦੇ ਐਂਕਰ, ਸਿੱਖਿਆ ਸ਼ਾਸਤਰੀ, ਸਮਾਜ ਸੇਵਕ ਤੇ ਮੌਜੂਦਾ ਸਮੇਂ ਵਿੱਚ ਸਹਾਇਕ ਪ੍ਰੋਫੈਸਰ ਸੰਜੀਵ ਕੁਮਾਰ ਸ਼ਰਮਾ ਜਿਨ੍ਹਾਂ ਦਾ ਜਨਮ ਜ਼ਿਲ੍ਹਾ ਹੁਸ਼ਿਆਰਪੁਰ ਦੇ ਕਸਬਾ ਦਸੂਹਾ ਵਿਖੇ 19 ਅਕਤੂਬਰ 1976 ਨੂੰ ਪਿਤਾ ਸਵਰਗੀ ਮਨੋਹਰ ਲਾਲ ਸ਼ਰਮਾ ਤੇ ਮਾਤਾ ਸ਼੍ਰੀਮਤੀ ਕੈਲਾਸ਼ ਰਾਣੀ ਸੇਵਾ ਮੁਕਤ ਸਿਹਤ ਵਿਭਾਗ ਹੋਰਾਂ ਦੇ ਘਰ ਹੋਇਆ ਮੁੱਢਲੀ ਪੜ੍ਹਾਈ। ਉਨ੍ਹਾਂ ਦਸੂਹਾ ਤੋਂ ਕੀਤੀ ਉਚੇਰੀ ਸਿੱਖਿਆ ਵੱਖ-ਵੱਖ ਵਿਦਿਅਕ ਅਦਾਰਿਆਂ ਤੋਂ ਪ੍ਰਾਪਤ ਕੀਤੀ। ਜਿਸ ਵਿਚ ਐਮਏ ਪੌਲੀਟੀਕਲ ਸਾਇੰਸ, ਬੀਐਡ, ਯੂਜੀਸੀ ਪੌਲੀਟੀਕਲ ਸਾਇੰਸ ਸ਼ਾਮਲ ਹੈ। ਇਸੇ ਦੌਰਾਨ ਇਨ੍ਹਾਂ ਦੀ ਸ਼ਾਦੀ ਮੈਡਮ ਪ੍ਰਵੀਨ ਸ਼ਰਮਾ ਜੀ ਨਾਲ ਹੋਈ ਜਿਹੜੇ ਸਰਕਾਰੀ ਅਧਿਆਪਕ ਹਨ ਇਨ੍ਹਾਂ ਦੇ ਘਰ ਬੇਟੇ ਅਕਾਂਕਸ਼ ਸ਼ਰਮਾ ਨੇ ਜਨਮ ਲਿਆ ਜੋ ਕਿ ਪੜ੍ਹ ਰਿਹਾ ਹੈ।

ਸੰਜੀਵ ਕੁਮਾਰ ਸ਼ਰਮਾ ਹੋਰਾਂ ਨੇ ਆਪਣਾ ਕੈਰੀਅਰ ਦਸੂਹਾ ਦੇ ਜੇ ਸੀਡੀਏਵੀ ਕਾਲਜ ਤੋਂ ਬਤੌਰ ਸਹਾਇਕ ਪ੍ਰੋਫੈਸਰ ਸ਼ੁਰੂ ਕੀਤਾ ਤੇ ਕਾਫੀ ਸਮਾਂ ਬੱਚਿਆ ਨੂੰ ਆਪਣੇ ਸਬਜੈਕਟ ਦੀ ਸਿੱਖਿਆ ਦਿੱਤੀ ਉਪਰੰਤ ਡੀਏਵੀ ਕਾਲਜ ਜਲੰਧਰ ਵਿਖੇ ਵੀ ਬਤੌਰ ਸਹਾਇਕ ਪ੍ਰੋਫੈਸਰ ਵਜੋਂ ਆਪਣੀਆਂ ਸੇਵਾਵਾਂ ਦਿੱਤੀਆਂ ਤੇ ਨੌਕਰੀ ਦੌਰਾਨ ਹੀ ਦੂਰਦਰਸ਼ਨ ਜਲੰਧਰ ਵਿਖੇ ਪੀਟੀਸੀ/ਐਂਕਰ ਵਜੋ ਸੇਵਾਵਾਂ ਦੇਣੀਆਂ ਸ਼ੁਰੂ ਕੀਤੀਆਂ। ਸਿੱਖਿਆ ਸ਼ਾਸਤਰੀ ਵਜੋਂ ਕਾਲਜ ਤੇ ਐਂਕਰ ਵਜੋਂ ਦੂਰਦਰਸ਼ਨ 'ਤੇ ਸੇਵਾਵਾਂ ਦਿੰਦਿਆਂ ਉਨ੍ਹਾਂ ਦਸੂਹਾ ਵਿਖੇ ਜ਼ਰੂਰਤਮੰਦ ਲੋਕਾਂ ਦੀ ਸੇਵਾ ਲਈ ਏ ਫ਼ੋਰ ਸੀ ਨਾਮ ਦੀ ਐਨਜੀਓ ਸ਼ੁਰੂ ਕੀਤੀ ਜਿਸ ਦਾ ਮੁੱਖ ਉਦੇਸ਼ ਸੀ ਸਿੱਖਿਆ, ਸਿਹਤ ਤੇ ਜ਼ਰੂਰਤਮੰਦ ਲੋਕਾਂ ਦੀ ਸਹਾਇਤਾ ਕਰਨਾ ਤੇ ਮੌਜੂਦਾ ਸਮੇਂ ਵਿੱਚ ਸਹਾਇਕ ਪ੍ਰੋਫੈਸਰ ਸੰਜੀਵ ਕੁਮਾਰ ਸ਼ਰਮਾ ਇਨ੍ਹਾਂ ਤਿੰਨਾਂ ਕਾਰਜਾਂ ਨੂੰ ਨਿਰੰਤਰ ਕਰ ਰਹੇ ਹਨ।

ਹੁਣ ਗੱਲ ਕਰੀਏ ਉਨ੍ਹਾਂ ਦੇ ਦੂਰਦਰਸ਼ਨ ਦੇ ਐਂਕਰ ਵਜੋ ਕੀਤੀਆਂ ਗਈਆਂ ਇੰਟਰਵਿਊਆਂ ਵਿੱਚ ਗਵਰਨਰ ਵੀ ਪੀ ਸਿੰਘ ਬਦਨੌਰ, ਗਵਰਨਰ ਹਰਿਆਣਾ ਭੰਡਾਰੂ ਦਤਾਤਰੇ, ਗਵਰਨਰ ਗੁਜਰਾਤ ਅਚਾਰੀਆ ਦੇ ਵਰਤ, ਸਿਆਸੀ ਸ਼ਖਸੀਅਤਾਂ ਵਿੱਚ ਮਰਹੂਮ ਸਾਬਕਾ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ, ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ। ਇਨ੍ਹਾਂ ਦੇ ਕਾਰਜਕਾਲ ਦੌਰਾਨ ਹੀ ਇੰਟਰਵਿਊ ਕੀਤੀ






ਨਵਜੋਤ ਸਿੰਘ ਸਿੱਧੂ, ਸੁਖਜਿੰਦਰ ਸਿੰਘ ਰੰਧਾਵਾ, ਪ੍ਰਤਾਪ ਸਿੰਘ ਬਾਜਵਾ, ਪ੍ਰਗਟ ਸਿੰਘ, ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਮੈਡਮ ਕਿਰਨ ਬੇਦੀ ਪਹਿਲੀ ਮਹਿਲਾ ਆਈ ਪੀ ਐਸ, ਪੁਲਿਸ ਅਧਿਕਾਰੀ ਡੀਜੀਪੀ ਸੁਰੇਸ਼ ਅਰੋੜਾ, ਡੀਜੀਪੀ ਚੰਡੀਗੜ੍ਹ ਸੰਜੇ ਬੈਨੀਪਾਲ, ਸਮੇਂ-ਸਮੇਂ ਤੇ ਪੰਜਾਬ ਦੇ ਸਮੂਹ ਡਿਪਟੀ ਕਮਿਸ਼ਨਰ ਤੇ ਸਮੂਹ ਐਸਐਸਪੀ ਸਾਹਿਬਾਨ ਆਦਿ ਸ਼ਾਮਿਲ ਹਨ।

ਦਲਜੀਤ ਸਿੰਘ ਅਜਨੋਹਾ
ਬਿਊਰੋ ਚੀਫ਼
98721-83601



ਬਿਜਨੈਸਮੈਨ ਟਰਾਈਡੈਂਟ ਗਰੁੱਪ ਦੇ ਚੇਅਰਮੈਨ ਰਾਜਿੰਦਰ ਗੁਪਤਾ, ਸੋਨਾਲੀਕਾ ਆਈਟੀਐਲ ਗਰੁੱਪ ਦੇ ਚੇਅਰਮੈਨ ਸ਼੍ਰੀ ਲਕਸ਼ਮੀ ਦਾਸ ਮਿੱਤਲ (ਐਲ ਡੀ ਮਿੱਤਲ) ਉਨ੍ਹਾਂ ਦੇ ਬੇਟੇ ਅੰਮ੍ਰਿਤ ਸਾਗਰ ਮਿੱਤਲ, ਮੈਡਮ ਸੰਗੀਤਾ ਮਿੱਤਲ, ਦੀਪਕ ਮਿੱਤਲ ਤੇ ਉਨ੍ਹਾਂ ਦਾ ਬੇਟਾ ਰਮਨ ਮਿੱਤਲ ਸ਼ਾਮਲ ਹਨ। ਇਥੇ ਇਹ ਜ਼ਿਕਰਯੋਗ ਹੈ ਕਿ ਸੋਨਾਲੀਕਾ ਆਈਟੀਐਲ ਗਰੁੱਪ ਦੇ ਸਮੂਹ ਪਰਿਵਾਰਕ ਮੈਂਬਰਾਂ ਨਾਲ ਇੰਟਰਵਿਊ ਕਰਨ ਦਾ ਸੁਭਾਗ ਸਹਾਇਕ ਪ੍ਰੋਫੈਸਰ ਸੰਜੀਵ ਕੁਮਾਰ ਸ਼ਰਮਾ ਦੇ ਖਾਤੇ ਵਿੱਚ ਹੀ ਪਿਆ ਹੈ।

ਸਹਾਇਕ ਪ੍ਰੋਫੈਸਰ ਸੰਜੀਵ ਕੁਮਾਰ ਸ਼ਰਮਾ ਵਲੋਂ ਕਾਲਜਾਂ ਤੇ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਸਮੇਂ ਦੇ ਹਾਣੀ ਬਣਾਉਣ ਤੇ ਮੌਜੂਦਾ ਹਾਲਾਤਾਂ ਤੋਂ ਜਾਗਰੂਕ ਕਰਨ ਤੇ ਹੋਰ ਕਈ ਅਹਿਮ ਵੱਖ-ਵੱਖ ਵਿਸ਼ਿਆਂ 'ਤੇ ਸੈਮੀਨਾਰ ਲਗਾ ਕੇ ਨੈਸ਼ਨਲ ਪੱਧਰ 'ਤੇ ਸਟੇਟ ਪੱਧਰ ਦੇ 100 ਤੋਂ ਵੱਧ ਲੈਕਚਰ ਦਿੱਤੇ ਜਾ ਚੁੱਕੇ ਹਨ ਤੇ ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਹਮੇਸ਼ਾ ਇਹ ਕੋਸਿਸ ਰਹਿੰਦੀ ਹੈ ਕਿ ਆਪਣੇ ਨਿੱਜੀ ਕੰਮਾਂ ਦੇ ਨਾਲ ਨਾਲ ਜਨ ਹਿੱਤ ਦੇ ਕੰਮ ਵੀ ਕੀਤੇ ਜਾਣ। ਇਸੇ ਉਦੇਸ਼ ਨੂੰ ਲੈ ਸ਼੍ਰੀ ਸ਼ਰਮਾ ਹਮੇਸ਼ਾ ਕੋਈ ਨਾ ਕੋਈ ਵਧੀਆ ਤੇ ਜਨ ਹਿੱਤ ਦਾ ਕੰਟੈਂਟ ਲੈ ਕੇ ਅਧਿਕਾਰੀਆਂ ਤੇ ਮੰਤਰੀ ਸਾਹਿਬਾਨ ਨਾਲ ਗੱਲਬਾਤ ਕਰਦੇ ਰਹਿੰਦੇ ਹਨ ਤਾਂ ਕਿ ਪਬਲਿਕ ਨੂੰ ਪੇਸ਼ ਆਉਣ ਵਾਲੀਆਂ ਮੁਸ਼ਕਲਾਂ ਤੋਂ ਉਨ੍ਹਾਂ ਨੂੰ ਜਾਣੂ ਕਰਵਾਇਆ ਜਾ ਸਕੇ ਉਨ੍ਹਾਂ ਬਹੁਤ ਹੀ ਉਤਸਾਹ ਤੇ ਖੁਸ਼ੀ ਨਾਲ ਦੱਸਿਆ ਕਿ ਜਦੋਂ ਉਨ੍ਹਾਂ ਵਲੋਂ ਕੀਤੀ ਗਈ ਇੰਟਰਵਿਊ ਦੌਰਾਨ ਉਨ੍ਹਾਂ ਦਾ ਕੋਈ ਸਵਾਲ ਜੋ ਲੋਕਾਂ ਦੀਆਂ ਮੁਸ਼ਕਲਾਂ ਸਬੰਧੀ ਹੋਵੇ, ਬੇਰੁਜ਼ਗਾਰੀ ਜਾਂ ਫਿਰ ਕੋਈ ਹੋਰ ਜਦੋਂ ਹੱਲ ਹੁੰਦਾ ਹੈ ਤਾਂ ਉਨ੍ਹਾਂ ਨੂੰ ਬਹੁਤ ਖੁਸ਼ੀ, ਸਕੂਨ ਤੇ ਆਤਮਿਕ ਸ਼ਾਂਤੀ ਮਿਲਦੀ ਹੈ।

ਮੌਜੂਦਾ ਸਮੇਂ ਦੌਰਾਨ ਸਹਾਇਕ ਪ੍ਰੋਫੈਸਰ ਸੰਜੀਵ ਕੁਮਾਰ ਸ਼ਰਮਾ ਵੱਖ-ਵੱਖ ਸਰਕਾਰੀ, ਗੈਰ ਸਰਕਾਰੀ, ਸਮਾਜ ਸੇਵੀ ਤੇ ਧਾਰਮਿਕ ਜਥੇਬੰਦੀਆਂ ਵਿੱਚ ਵੀ ਆਪਣੀਆਂ ਸੇਵਾਵਾਂ ਦੇ ਰਹੇ ਹਨ ਜਿਨ੍ਹਾਂ ਵਿੱਚ ਮੈਂਬਰ ਜ਼ਿਲਾ ਪਲਿਊਸ਼ਨ ਬੋਰਡ, ਜ਼ਿਲ੍ਹਾ ਜਨਰਲ ਸਕੱਤਰ ਵਰਲਡ ਹਿਊਮਨ ਰਾਇਟਸ ਪ੍ਰੋਟੈਕਸ਼ਨ ਕੌਂਸਲ ਆਦਿ ਸ਼ਾਮਲ ਹਨ।

ਸਹਾਇਕ ਪ੍ਰੋ. ਸੰਜੀਵ ਕੁਮਾਰ ਸ਼ਰਮਾ ਹੋਰਾਂ ਬਾਰੇ ਇਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਜਿਥੇ ਇਹ ਸਿੱਖਿਆ ਸ਼ਾਸਤਰੀ, ਐਂਕਰ, ਸਮਾਜ ਸੇਵੀ ਹਨ ਉਥੇ ਇਕ ਕਲਾਕਾਰ ਵੀ ਹਨ ਜਿਨ੍ਹਾਂ ਨੇ 2011 ਬਤੌਰ ਐਕਟਰ ਪੰਜਾਬੀ ਫਿਲਮ ਖੁਸ਼ੀਆਂ ਵਿੱਚ ਕੰਮ ਕੀਤਾ ਇਸ ਫਿਲਮ ਵਿੱਚ ਐਕਟਰ ਦੇ ਨਾਲ ਨਾਲ ਕਾਸਟਿੰਗ ਡਾਇਰੈਕਟਰ ਵਜੋਂ ਵੀ ਕੰਮ ਕੀਤਾ ਇਸ ਫਿਲਮ ਦੇ ਹੋਰ ਕਲਕਰ ਕੁਲਭੂਸ਼ਨ ਖਰਬੰਦਾ, ਰਮਾ ਵਿਜ ਸਨ ਤੇ ਹੋਰ ਪੰਜਾਬੀ ਕਲਾਕਾਰ ਸ਼ਾਮਲ ਹਨ।

# ਤਾਮਿਲਨਾਡੂ 'ਚ ਮੀਂਹ ਦੇ ਕਹਿਰ 'ਚ 3 ਮੌਤਾਂ, ਫੌਜ, ਹਵਾਈ ਸੈਨਾ ਰਾਹਤ ਅਤੇ ਬਚਾਅ ਕਾਰਜ 'ਚ ਸ਼ਾਮਲ





ਥੂਥੂਕੁੜੀ : ਬੇਮਿਸਾਲ ਭਾਰੀ ਬਾਰਸ਼ ਨੇ ਤਾਮਿਲਨਾਡੂ ਦੇ ਜ਼ਿਲ੍ਹਿਆਂ ਨੂੰ ਪ੍ਰਭਾਵਿਤ ਕੀਤਾ ਅਤੇ ਰਾਜ ਦੇ ਦੱਖਣੀ ਜ਼ਿਲ੍ਹਿਆਂ ਵਿੱਚ ਵੱਡੇ ਹੜ੍ਹਾਂ ਤੋਂ ਬਾਅਦ ਨਿਯਮਤ ਜਨਜੀਵਨ ਠੱਪ ਹੋ ਗਿਆ ਹੈ। ਭਾਰਤੀ ਹਵਾਈ ਸੈਨਾ, ਸੈਨਾ ਅਤੇ ਹੋਰ ਬਚਾਅ ਦਲ ਰਾਹਤ ਕਾਰਜ ਚਲਾ ਰਹੇ ਹਨ। ਇਸ ਦੌਰਾਨ, ਭਾਰਤੀ ਮੌਸਮ ਵਿਭਾਗ ਨੇ ਰਾਜ ਵਿੱਚ ਹਲਕੀ ਤੋਂ ਦਰਮਿਆਨੀ ਬਾਰਿਸ਼ ਦੀ ਭਵਿੱਖਬਾਣੀ ਕੀਤੀ ਹੈ। ਸੂਬੇ ਵਿੱਚ ਮੀਂਹ ਨਾਲ ਸਬੰਧਤ ਘਟਨਾਵਾਂ ਵਿੱਚ ਤਿੰਨ ਲੋਕਾਂ ਦੀ ਮੌਤ ਹੋ ਗਈ ਹੈ।

ਤੂਤੀਕੋਰਿਨ ਜ਼ਿਲੇ ਦੇ ਸ਼੍ਰੀਵੈਕੁੰਟਮ ਰੇਲਵੇ ਸਟੇਸ਼ਨ 'ਤੇ ਪਿਛਲੇ 24 ਘੰਟਿਆਂ ਤੋਂ ਲਗਭਗ 500 ਯਾਤਰੀ ਫਸੇ ਹੋਏ ਹਨ ਕਿਉਂਕਿ ਭਾਰੀ ਮੀਂਹ ਕਾਰਨ ਸਟੇਸ਼ਨ 'ਤੇ ਪਾਣੀ ਭਰ ਗਿਆ ਹੈ ਅਤੇ ਰੇਲ ਪਟੜੀਆਂ ਨੂੰ ਨੁਕਸਾਨ ਪਹੁੰਚਿਆ ਹੈ। ਭਾਰਤੀ ਹਵਾਈ ਸੈਨਾ ਨੇ ਫਸੇ ਰੇਲ ਯਾਤਰੀਆਂ ਲਈ ਰਾਹਤ ਸਮੱਗਰੀ ਨੂੰ ਹਵਾਈ-ਛੱਡਣਾ ਸ਼ੁਰੂ ਕਰ ਦਿੱਤਾ ਹੈ ਅਤੇ ਬੀਮਾਰ ਯਾਤਰੀਆਂ ਨੂੰ 916 ਹੈਲੀਕਾਪਟਰਾਂ ਦੁਆਰਾ ਏਅਰਲਿਫਟ ਕੀਤਾ ਜਾਵੇਗਾ। 13 ਬੱਸਾਂ ਫਸੇ ਹੋਏ ਯਾਤਰੀਆਂ ਨੂੰ ਸੁਰੱਖਿਅਤ ਥਾਂ 'ਤੇ ਲਿਜਾਣ ਲਈ ਤਿਆਰ ਹਨ।

ਮਿੱਟੀ ਦੇ ਕਟੌਤੀ ਦੇ ਕਾਰਨ, ਸ਼੍ਰੀਵੈਕੁੰਟਮ ਵਿੱਚ ਰੇਲਵੇ ਟਰੈਕ ਜਿਸ 'ਤੇ ਬੈਲੇਸਟ ਲਗਾਇਆ ਗਿਆ ਸੀ, ਧੋ ਦਿੱਤਾ ਗਿਆ ਸੀ ਅਤੇ ਸਿਰਫ ਸਹਾਇਕ ਸੀਮਿੰਟ ਦੀਆਂ ਸਲੈਬਾਂ ਵਾਲੇ ਲੋਹੇ ਦੀਆਂ ਪਟੜੀਆਂ ਨੂੰ ਅਚਨਚੇਤ ਲਟਕਦੇ ਦੇਖਿਆ ਗਿਆ ਸੀ। ਅਧਿਕਾਰੀਆਂ ਨੇ ਦੱਸਿਆ ਕਿ ਦੋ ਨੈਸ਼ਨਲ ਡਿਜ਼ਾਸਟਰ ਰਿਸਪਾਂਸ ਫੋਰਸ (ਐਨਡੀਆਰਐਫ) ਗੰਭੀਰ ਹੜ੍ਹਾਂ ਕਾਰਨ ਫਸੇ ਯਾਤਰੀਆਂ ਤੱਕ ਪਹੁੰਚਣ ਲਈ ਸੰਘਰਸ਼ ਕਰ ਰਹੇ ਹਨ, ਉਨ੍ਹਾਂ ਤੱਕ ਪਹੁੰਚਣ ਦੀਆਂ ਕੋਸ਼ਿਸ਼ਾਂ ਜਾਰੀ ਹਨ।

ਮਨੀਯਾਚੀ ਸਟੇਸ਼ਨ 'ਤੇ ਇੱਕ ਵਿਸ਼ੇਸ਼ ਰੇਲਗੱਡੀ ਫਸੇ ਹੋਏ ਯਾਤਰੀਆਂ ਨੂੰ ਚੇਨਈ ਲਿਆਏਗੀ, ਜਦੋਂ ਕਿ ਤੂਤੀਕੋਰਿਨ ਵਿੱਚ ਹੜ੍ਹ ਜਾਰੀ ਹੈ। ਹਾਲਾਂਕਿ ਦੱਖਣੀ ਤਾਮਿਲਨਾਡੂ ਦੇ ਜ਼ਿਆਦਾਤਰ ਹਿੱਸਿਆਂ ਵਿੱਚ ਬਾਰਸ਼ ਦੀ ਗਤੀਵਿਧੀ ਲਗਭਗ ਰੁਕ ਗਈ ਹੈ, ਫਿਰ ਵੀ ਪਾਣੀ ਭਰਿਆ ਹੋਇਆ ਹੈ, ਜੋ ਆਮ ਸਥਿਤੀ ਨੂੰ ਪ੍ਰਭਾਵਤ ਕਰਨਾ ਜਾਰੀ ਰੱਖਦਾ ਹੈ।






# ਛੋਟੇ ਸ਼ਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਨੂੰ ਕੋਟਿ-ਕੋਟਿ ਪ੍ਰਣਾਮ







ਧੰਨਵਾਦ ਸਹਿਤ : ਸਮੂਹ ਸੰਗਤ ਕੈਲੀਫੋਰਨੀਆ, ਇਲਾਕਾ ਨਿਵਾਸੀ ਸੰਗਤਾਂ ਫਤਹਿਗੜ੍ਹ ਸਾਹਿਬ ਅਤੇ

## ਬਾਬਾ ਜ਼ੋਰਾਵਰ ਸਿੰਘ ਬਾਬਾ ਫਤਹਿ ਸਿੰਘ ਸੇਵਾ ਸੁਸਾਇਟੀ

# ਸਾਂਝੀਵਾਲਤਾ ਦਾ ਪ੍ਰਤੀਕ ਕ੍ਰਿਸਮਿਸ



ਵਿਸ਼ਵ ਭਰ ਵਿਚ ਧੂਮ-ਧਾਮ ਅਤੇ ਸ਼ਰਧਾਪੂਰਵਕ ਵਿਸ਼ਵਾਸ ਨਾਲ ਮਨਾਇਆ ਜਾਂਦਾ ਹੈ ਕ੍ਰਿਸਮਿਸ ਉਤਸਵ। ਕ੍ਰਿਸਮਿਸ ਇਕ ਸਾਲਾਨਾ ਪਰੰਪਵਾਦੀ ਉਤਸਵ ਹੈ ਜੋ ਯਿਸੂ ਮਸੀਹ ਦੇ ਜਨਮ ਦੇ ਉਪਲਕਸ਼ ਵਿਚ ਮਨਾਇਆ ਜਾਂਦਾ ਹੈ। ਦੁਨੀਆਂ ਭਰ ਦੇ ਅਰਬਾਂ ਲੋਕਾਂ ਦੇ ਵਿਚ ਇਕ ਧਾਰਮਿਕ ਆਸਥਾ ਪੂਰਵਕ, ਸਾਂਝੀਵਾਲਤਾ ਦਾ ਸਨੇਹੀ ਅਤੇ ਪ੍ਰੰਪਰਾਗਤ ਸਭਿਆਚਾਰਕ ਉਤਸਵ ਦੇ ਰੂਪ ਵਿਚ ਮਨਾਇਆ ਜਾਂਦਾ ਹੈ। ਇਸਾਈ ਭਾਈਚਾਰੇ ਦੇ ਲਈ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਈਸ਼ਵਰ ਮਾਨਵ ਦੇ ਰੂਪ ਵਿਚ ਆਏ, ਮਾਨਵਤਾ ਦੇ ਪਾਪਾਂ ਨੂੰ ਬਖ਼ਸ਼ਣ ਦੇ ਲਈ, ਯਿਸੂ ਦਾ ਸਹੀ ਜਨਮ ਤਾਰੀਖ਼ ਜਾਨਣ ਦੀ ਬਜਾਏ ਕ੍ਰਿਸਮਿਸ ਮਨਾਉਣ ਦਾ ਇਕ ਖ਼ੂਬਸੂਰਤ ਮਾਨਵਤਾਵਾਦੀ ਪ੍ਰਾਥਮਿਕ ਉਦੇਸ਼ ਮੰਨਿਆ ਜਾਂਦਾ ਹੈ। ਮੁੱਖ ਰੂਪ ਵਿਚ 25 ਦਸੰਬਰ ਨੂੰ ਮਨਾਇਆ ਜਾਂਦਾ ਹੈ। ਇਸਾਈ ਭਾਈਚਾਰੇ ਵਿਚ ਇਕ ਧਾਰਮਿਕ ਸਾਲ ਲਈ ਇਕੱਠ ਭੋਜਨ ਦਾ ਉਤਸਵ ਵੀ ਹੁੰਦਾ ਹੈ। ਭਰ ਸਰਦੀਆਂ ਦੇ ਮੌਸਮ ਵਿਚ ਸੰਯੁਕਤ ਭਾਈਚਾਰੇ ਦਾ ਇਕ ਅੰਤਰ ਦ੍ਰਿਸ਼ਟੀ ਅਤੇ ਅਲੌਕਿਕ ਸੰਦੇਸ਼ ਮਿਲਦਾ ਹੈ। ਕਰਾਈਸਟ ਮਾਸਟਾਈਡ ਦੇ ਮੌਸਮ ਦੀ ਸ਼ੁਰੂਆਤ ਕਰਦਾ ਹੈ। ਜੋ ਇਤਿਹਾਸਕ ਰੂਪ ਵਿਚ ਪੱਛਮ ਵਿਚ ਬਾਰ੍ਹਾਂ ਦਿਨਾਂ ਤਕ ਚਲਦਾ ਹੈ ਅਤੇ ਬਾਹਰਵੀਂ ਰਾਤ ਨੂੰ ਸਮਾਪਤ ਹੁੰਦਾ ਹੈ। ਕ੍ਰਿਸਮਿਸ ਦਿਵਸ ਕਈ ਦੇਸ਼ਾਂ ਵਿਚ ਸਮੂਹਿਕ ਛੁੱਟੀ ਅਵਕਾਸ ਦਾ ਪ੍ਰਤੀਕ ਵੀ ਹੈ। ਬਹੁਤਾਤ ਰੂਪ ਵਿਚ ਇਸਾਈ ਭਾਈਚਾਰੇ ਦੁਆਰਾ ਧਾਰਮਿਕ ਰੂਪ ਵਿਚ ਮਨਾਇਆ ਜਾਂਦਾ ਹੈ। ਇਹ ਉਤਸਵ ਗ਼ੈਰ ਇਸਾਈ ਭਾਈਚਾਰੇ ਤੋਂ ਇਲਾਵਾ ਛੁੱਟੀਆਂ ਦਾ ਆਨੰਦ ਮਾਨਣ ਲਈ ਹੋਰ ਧਰਮਾਂ ਦੇ ਲੋਕ ਵੀ ਮਨੋਰੰਜ਼ਨ ਅਤੇ ਦੋਸਤਾਨਾਂ ਸੰਬੰਧਾਂ ਵਿਚ ਮਿਠਾਸ, ਅਪਣਾਮਨ, ਆਤਮ ਸਜਗਤਾ, ਸਾਮਾਲਿਕ ਚੇਤਨਾ, ਵਿਸ਼ਵ ਮਾਨਤਾਵਾਦੀ ਮਾਨਵ ਪ੍ਰਤੀ ਅਟੁੱਟ ਆਸਥਾ ਦੇ ਨਾਲ-ਨਾਲ ਬੱਚਿਆਂ ਸਮੇਤ ਅਨੇਕ ਮਨੋਰੰਜ਼ਨ ਦੀਆਂ ਕਿਰਿਆਵਾਂ ਵਿਚ ਖ਼ੁਸ਼ੀ, ਉਮੰਗ, ਸ਼ਰਧਾ ਤੇ ਸਹਾਨਭੂਤੀ ਪਰਿਪਕਤਾ ਭਰਦੇ ਹੋਏ ਮਨਾਉਂਦੇ ਹਨ। ਪ੍ਰਭੂ ਈਸਾ ਮਸੀਹ ਨੂੰ ਯਾਦ ਕਰੀਏ ਤਾਂ ਇਸਾਈ ਭਾਈਚਾਰਾ ਉਨ੍ਹਾਂ ਨੂੰ ਈਸ਼ਵਰ ਦਾ ਪੁੱਤਰ ਮੰਨਦੇ ਹਨ। ਕ੍ਰਿਸਮਿਸ ਦਾ ਨਾਂਅ ਮਾਸ ਆਫ ਕਰਾਈਸਟ (ਜਾਂ ਜੀਸਸ) ਤੋਂ ਆਇਆ ਹੈ। ਇਸਾਈ ਭਾਈਚਾਰੇ ਦੀ ਠੋਸ ਪਰੰਪਰਾ ਅਤੇ ਵਿਸ਼ਵਾਸ ਹੈ ਕਿ ਯਿਸੂ ਸਾਡੇ ਲਈ ਮਰੇ ਅਤੇ ਫਿਰ ਜੀਵਿਤ ਹੋ ਗਏ। ਪਰੰਪਰਾ ਹੈ ਕਿ ਸੂਰਜ ਡੁਬਣ ਅਤੇ ਅਗਲੇ ਦਿਨ ਸੂਰਜ ਚੜ੍ਹਣ ਤੋਂ ਪਹਿਲਾਂ ਦੇ ਆਗਮਨ ਨੂੰ ਮੱਧ ਰਾਤਰੀ ਨੂੰ ਜੀਵਨ ਰੱਖਣ ਲਈ ਕਰਾਈਸਟ ਮਾਸ ਦਾ ਨਾਮ ਮਿਲਦਾ ਹੈ। ਜਿਸ ਨੂੰ ਛੋਟਾ ਕਰਕੇ ਕ੍ਰਿਸਮਿਸ ਦਾ ਰੂਪ ਕਰ ਦਿੱਤਾ ਗਿਆ। ਕ੍ਰਿਸਮਿਸ ਅਜ ਕਲ ਦੁਨੀਆਂ ਭਰ ਦੇ ਲੋਕਾਂ ਵਿਚ ਮਨਾਇਆ


ਬਲਵਿੰਦਰ 'ਬਾਲਮ'
ਓਂਕਾਰ ਨਗਰ,
ਗੁਰਦਾਸਪੁਰ (ਪੰਜਾਬ)
ਮੋ: 98156-25409




ਜਾਂਦਾ ਹੈ, ਚਾਹੇ ਕੋਈ ਇਸਾਈ ਹੈ ਜਾਂ ਨਹੀਂ। ਇਸ ਸਮੇਂ ਪਰਿਵਾਰ ਅਤੇ ਦੋਸਤ ਪਰਿਵਾਰ ਨਾਲ ਮਿਲ ਕੇ ਸੰਯੁਕਤ ਭੋਜਨ ਇਸ ਵਿਚ ਤਰ੍ਹਾਂ-ਤਰ੍ਹਾਂ ਦੇ ਪਕਵਾਣ, ਮਿਸ਼ਠਾਣ ਅਤੇ ਤੋਹਫਿਆਂ ਦਾ ਆਦਾਨ-ਪ੍ਰਦਾਨ ਖ਼ੁਸ਼ੀ ਪੂਰਵਕ ਹੁੰਦਾ ਹੈ। ਭਾਵ ਕਿ ਇਸ ਪਰੰਪਰਾ ਦਾ ਸੰਦੇਸ਼ ਹੈ, ਖ਼ੂਬਸੂਰਤ ਆਦਾਨ-ਪ੍ਰਦਾਨ ਹੀ ਸੁਚੱਜਾ ਸੰਸਾਰ ਸਿਰਜ ਸਕਦਾ ਹੈ। ਲੋਕਾਂ ਵਿਚ ਸਰਦੀਆਂ ਦੇ ਹਨੇਰੇ ਵਿਚ ਸੂਰਜ ਦੀ ਜਿੱਤ ਦਾ ਜਸ਼ਨ-ਉਤਸਵ ਹਰਸ਼ੋਉਲਾਸ ਨਾਲ ਮਨਾਇਆ ਜਾਂਦਾ ਹੈ। ਇਹ ਇਕ ਮੱਧ ਸਰਦੀਆਂ ਦਾ ਸਾਂਝੀਵਾਲਤਾ ਨਾਲ ਉਤਪ੍ਰੋਤ ਇਨਸਾਨੀ ਕਦਰਾਂ ਕੀਮਤਾਂ ਦਾ ਤਿਉਹਾਰ ਹੈ। ਇਸਾਈ ਭਾਈਚਾਰੇ ਦਾ ਵਿਸ਼ਵਾਸ ਹੈ ਕਿ ਯਿਸੂ ਹੀ ਜਗਤ ਦਾ ਪ੍ਰਕਾਸ਼ ਹੈ। ਵੇਖਿਆ ਜਾਂ ਪੜ੍ਹਣ ਮੰਥਣ ਕੀਤਾ ਜਾਵੇ ਤਾਂ ਕ੍ਰਿਸਮਿਸ ਪਰੰਪਰਾਵਾਂ ਦੀਆਂ ਖ਼ੂਬਸੂਰਤ ਗੂੜਤਾਵਾਂ ਵਿਚ ਡੁੱਬਿਆ ਹੋਇਆ ਇਨਸਾਨੀ ਕਦਰਾਂ ਕੀਮਤਾਂ ਵਾਲਾ ਇਕ ਲੰਬਾ ਇਤਿਹਾਸ ਹੈ। ਅੱਜ ਕਲ ਇਸ ਉਤਸਵ ਨੂੰ ਮੁੱਖ ਰੂਪ ਵਿਚ ਲਾਲ ਰੰਗ ਦੇ ਹੱਸ ਮੁੱਖ ਵਿਅਕਤੀ ਤੇ ਰੂਪ ਵਿਚ ਅਲੰਕਾਰਿਤ ਕੀਤਾ ਜਾਂਦਾ ਹੈ, ਜੋ ਕ੍ਰਿਸਮਿਸ ਦੀ ਪੂਰਵ ਸੰਧਿਆ ਤੋਂ ਲੜਕੇ ਅਤੇ ਲੜਕੀਆਂ ਲਈ ਖਿਡੌਣੇ ਲੈ ਕੇ ਆਉਂਦਾ ਹੈ। ਜਦੋਂ ਸੰਤ ਨਿਕੋਲਸ ਧਰਤੀ ਉਪਰ ਚੱਲੇ ਅਤੇ ਉਨ੍ਹਾਂ ਦੀ ਹਿਫ਼ਾਜਿਤ ਲਈ ਸੰਤ ਬਣੇ। ਇਸ ਲਈ ਅਜ ਵੀ ਬੱਚਿਆਂ ਦੇ ਮਹਾਨ ਰਕਸ਼ਕ ਸੰਤ ਜੋ ਸਾਂਤਾ ਦੇ ਰੂਪ ਵੀ ਨਜ਼ਰ ਆਉਂਦੇ ਹਨ। ਫਿਰ ਸਾਂਤਾ ਮਹਾਂਪੁਰਸ਼ ਇਕ ਕਾਲਪ ਨਿਕ ਪ੍ਰਾਣੀ ਜਿੰਨ੍ਹਾਂ ਦੇ ਬਾਰੇ ਸੋਚਿਆ ਜਾਂਦਾ ਹੈ ਕਿ ਉਹ ਕ੍ਰਿਸਮਿਸ ਦੇ ਉਤਸਵ ਦੇ ਸਮੇਂ ਬੱਚਿਆਂ ਲਈ ਉਪਹਾਰ ਲਿਆਉਂਦੇ ਹਨ। ਬੱਚੇ ਉਮੰਗ ਤਰੰਗ ਅਤੇ ਮਨੋਰੰਜ਼ਨ ਦੀ ਭਾਵਨਾ ਨਾਲ ਉਨ੍ਹਾਂ ਦੇ ਨਾਲ ਫ਼ੋਟੋ ਖਿਚਵਾ ਕੇ ਖ਼ੁਸ਼ੀ ਮਹਿਸੂਸ ਕਰਦੇ ਹਨ। ਅਨੇਕਾਂ ਬੱਚੇ ਹਰ ਸਾਲ ਕ੍ਰਿਸਮਿਸ ਦੀ ਉਡੀਕ ਵਿਚ ਲਾਲਾਇਕ ਅਤੇ ਉਤਸੁਕਤਾ ਪੂਰਵਕ ਜਗਿਆਸਾ ਨਾਲ ਕ੍ਰਿਸਮਿਸ ਦੀ ਪੂਰਵ ਸੰਧਿਆ ਦਾ ਇੰਤਜ਼ਾਰ ਕਰਦੇ ਹਨ। ਇਸ ਉਤਸਵ ਦੇ ਸੰਦਰਭ ਵਿਚ ਵੱਖ-ਵੱਖ ਜਥੇਬੰਦੀਆਂ, ਸਭਾਵਾਂ, ਕਲਾਕਾਰ, ਗਾਇਕ, ਆਰਟਿਸਟ, ਡਿਜ਼ਾਈਨਰ, ਖੇਡ ਜਥੇਬੰਦੀਆਂ, ਖੇਡ ਵਿਭਾਗ ਅਤੇ ਅਨੇਕਾਂ ਹੀ ਸੰਸਥਾਵਾਂ ਸਿਰਜਨਾਤਮਿਕ ਸਸਤੇ ਕਾਰਜ ਤੇ ਕਿਰਿਆਵਾਂ ਕਰਦੇ ਹਨ ਤਾਂ ਜੋ ਲੋਕਾਂ ਦਾ ਵੱਧ ਤੋਂ ਵੱਧ ਮਨੋਰੰਜਨ ਹੋ ਸਕੇ। ਆਤਮ ਤੁਸ਼ਟੀ ਅਤੇ ਭੌਤਿਕ-ਸੰਸਾਰੀ ਰੂਪ ਸੁੱਖਾਂ ਦਾ ਆਨੰਦ ਲੈ ਸਕਣ। ਵੇਖਿਆ ਜਾਵੇ ਤਾਂ ਛੋਟੀਆਂ-ਛੋਟੀਆਂ ਖ਼ੁਸ਼ੀਆਂ ਦਾ ਸੰਗ੍ਰਹਿ ਹੀ ਜੀਵਨ ਹੈ। ਇਸ ਉਤਸਵ ਵਿਚ ਛੋਟੀਆਂ-ਛੋਟੀਆਂ ਖ਼ੁਸ਼ੀਆਂ ਸਿਰੋ ਦਿੱਤੀਆਂ ਜਾਂਦੀਆਂ ਹਨ। ਇਸ ਦਿਨ ਬੱਚਿਆਂ ਲਈ ਤਰ੍ਹਾਂ-ਤਰ੍ਹਾਂ ਦੇ ਪੰਘੂੜੇ, ਬਿਜਲੀ ਉਪਕਰਣ ਖਿਡੌਣੈ, ਝੂਲੇ, ਪੇ-ਟਿੰਗਸ ਮੁਕਾਬਲੇ, ਤਰ੍ਹਾਂ-ਤਰ੍ਹਾਂ ਦੇ ਨ੍ਰਿਤ-ਡਾਂਸ, ਸਾਜ-ਸਜਾਵਟ ਦੇ ਨਾਲ-ਨਾਲ ਇਕ ਅਲੌਕਿਕ ਅਤੇ ਲੌਕਿਕ ਚਮਕਦਾਰ ਰੌਸ਼ਨੀਆਂ ਦੇ ਪ੍ਰਕਾਸ਼ ਦਾ ਗਗਨ ਚੁੰਬੀ ਨਜ਼ਾਰਾ ਕਿਸੇ ਜੰਨਤ ਦਾ ਸਾਰਥਕ ਰੂਪ ਹੋ ਨਿਬੜਦਾ ਹੈ। ਤਰ੍ਹਾਂ-ਤਰ੍ਹਾਂ ਦੀ ਅਦੁਭੁਤ, ਰੰਗੀਨ, ਫਬੀਲੀ ਮਨਮੋਹਿਦੀ, ਸੁੰਦਰਤਾ ਦੀ ਸ਼ੈਲੀ ਅਤੇ ਸ਼ਿਲਪ ਵਿਚ ਲੈਂਡ ਸਕੇਪਿੰਗ ਜੰਨਤ ਦੀ ਪਰਾਏਵਾਚੀ ਹੋ ਜਾਂਦੀ ਹੈ। ਕਣ-ਕਣ ਵਿਚ ਪ੍ਰਭੂ ਯਿਸੂ ਦੀ ਮਹਿਮਾ ਦਾ ਨਜ਼ਾਰਾਂ ਨਜ਼ਰ ਆਉਂਦਾ ਹੈ। ਰੰਗਾਂ, ਢੰਗਾਂ, ਸੰਗਾਂ, ਉਮੰਗਾਂ, ਲਲਕ, ਲਪਕ ਦੇ ਸਮੋਹਿਕ ਦ੍ਰਿਸ਼ਾਂ ਵਿਚ ਚਾਰੇ ਪਾਸੇ ਪ੍ਰਭੂ ਯਿਸੂ ਦਾ ਗੁਣਗਾਣ ਅਤੇ ਉਸਤਿਤ ਵਿਚ ਸਮਾਜਿਕ ਪ੍ਰਭੂਤਾ ਦੇ ਬੋਧ ਵਿਚ ਇਕ ਪਰੰਪਰਾ ਨੂੰ ਸਾਕਾਰ ਰੂਪ ਹੋ ਜਾਂਦਾ ਹੈ। ਆਉ ਰਲ ਮਿਲ ਸਭ ਸਾਂਝੀਵਾਲਤਾ ਵਿਚ ਕ੍ਰਿਸਮਿਸ ਉਤਸਵ ਮਨਾਈਏ।

# ਨਸ਼ੇ ਛੱਡਣ ਲਈ ਇੱਛਾ ਸ਼ਕਤੀ ਚਾਹੀਦੀ



-ਮੋਹਨ ਸ਼ਰਮਾ

ਪੰਜਾਬ ਵਿਚ ਨਸ਼ਾ ਮੁਕਤ ਸਮਾਜ ਸਿਰਜਣ ਦਾ ਜਿੰਨਾ 'ਰਾਮ ਰੌਲਾ' ਪੈ ਰਿਹਾ ਹੈ, ਓਨੇ ਇਸ ਦੇ ਸਾਰਥਕ ਨਤੀਜੇ ਸਾਹਮਣੇ ਨਹੀਂ ਆ ਰਹੇ। ਇਕ ਪਾਸੇ ਸਰਕਾਰੀ ਨਸ਼ਾ ਛੁਡਾਊ ਕੇਂਦਰਾਂ 'ਚ ਜੀਭ 'ਤੇ ਰੱਖਣ ਵਾਲੀ ਗੋਲ਼ੀ (ਬੁਪਰੀਨੌਰਫਿਨ, ਮਿਥਾਡੋਨ ਤੇ ਆਡੋਨਿਕ) ਲੈਣ ਲਈ ਨਸ਼ੇੜੀਆਂ ਦੀਆਂ ਲੰਬੀਆਂ ਕਤਾਰਾਂ ਲੱਗੀਆਂ ਹੋਈਆਂ ਹਨ ਤੇ ਬਹੁਤ ਸਾਰੇ ਨਸ਼ੇੜੀ ਦਾਖ਼ਲ ਕਰ ਕੇ ਉਨ੍ਹਾਂ ਨੂੰ ਵੀ ਇਹ ਗੋਲ਼ੀਆਂ ਦਾ ਪ੍ਰਸ਼ਾਦ ਮੁਫ਼ਤ ਵੰਡਿਆ ਜਾਂਦਾ ਹੈ। ਦੂਜੇ ਪਾਸੇ 'ਹੋਮ ਸਰਵਿਸ' ਦੇਣ ਵਾਲੇ ਪ੍ਰਾਈਵੇਟ ਸੈਂਟਰ ਆਪਣੇ ਲੱਠਮਾਰਾਂ ਨੂੰ ਭੇਜ ਕੇ ਉਨ੍ਹਾਂ ਨੂੰ ਧੱਕੇ ਨਾਲ ਗੱਡੀ 'ਚ ਸੁੱਟ ਲਿਆਉਂਦੇ ਹਨ ਤੇ ਉਨ੍ਹਾਂ ਦੀ 'ਭੁਗਤ ਸੰਵਾਰਨ ਦੀ ਸੇਵਾ' ਉਹ ਰਾਹ 'ਚ ਹੀ ਸ਼ੁਰੂ ਕਰ ਦਿੰਦੇ ਹਨ।

ਪੰਜ-ਛੇ ਮਹੀਨੇ ਉਹ ਅਜਿਹੇ ਤਸੀਹਾ ਕੇਂਦਰਾਂ 'ਚ ਰਹਿ ਕੇ ਨਰਕ ਭਰਿਆ ਜੀਵਨ ਬਤੀਤ ਕਰਦੇ ਹਨ। ਮਾਪੇ ਹਰ ਮਹੀਨੇ ਮੋਟੀ ਰਕਮ ਅਜਿਹੇ ਨਸ਼ਾ ਛੁਡਾਊ ਕੇਂਦਰਾਂ ਦੇ ਮਾਲਕਾਂ ਕੋਲ ਜਮ ?ਹਾ ਕਰਵਾਉਂਦੇ ਹਨ। ਜਦੋਂ ਮਾਪੇ ਆਪਣੇ ਨਸ਼ੇੜੀ ਪੁੱਤ ਨੂੰ ਮਿਲਣ ਲਈ ਕਹਿੰਦੇ ਹਨ ਤਾਂ ਉਨ੍ਹਾਂ ਨੂੰ ਸੀਸੀਟੀਵੀ ਕੈਮਰੇ 'ਚ ਮੁੰਡੇ ਦੀ ਫੋਟੋ ਵਿਖਾਉਂਦਿਆਂ 'ਰਿਕਵਰੀ ਜ਼ੋਨ 'ਚ ਐ' ਕਹਿ ਕੇ ਮਿਲਾਉਣ ਤੋਂ ਪਾਸਾ ਵੱਟ ਲਿਆ ਜਾਂਦਾ ਹੈ। ਦੂਜੇ ਪਾਸੇ ਅਜਿਹੇ ਨਸ਼ਾ ਛੁਡਾਊ ਕੇਂਦਰਾਂ ਵਿਚ ਤਸੀਹੇ ਝੱਲਦਿਆਂ ਨੌਜਵਾਨ ਨਸ਼ੇੜੀ ਮਾਪਿਆਂ ਪ੍ਰਤੀ ਵਿਦਰੋਹੀ ਸੁਰ ਧਾਰਨ ਕਰ ਲੈਂਦਾ ਹੈ। ਅਜਿਹੇ ਸੈਂਟਰ 'ਚ ਕਈ ਮਹੀਨੇ ਲਗਾਉਣ ਤੋਂ ਬਾਅਦ ਕੁੱਟ ਦਾ ਭੰਨਿਆ ਨੌਜਵਾਨ ਘਰ ਆ ਕੇ ਬਾਗ਼ੀ ਸੁਰ 'ਚ ਮਾਪਿਆਂ ਨੂੰ ਕਹਿੰਦਾ ਹੈ, "ਲਾ ਲਓ ਜਿੰਨਾ ਜ਼ੋਰ ਲਾਉਣਾ। ਮੈਂ ਨਹੀਂ ਛੱਡਦਾ ਨਸ਼ਾ"ਅਤੇ ਫਿਰ ਉਹ ਪਹਿਲੇ ਲੱਛਣਾਂ 'ਤੇ ਆ ਜਾਂਦਾ ਹੈ। ਦੂਜੇ ਪਾਸੇ ਸਰਕਾਰੀ ਨਸ਼ਾ ਛੁਡਾਊ ਕੇਂਦਰ ਵਿਚ ਜੋ ਜੀਭ 'ਤੇ ਰੱਖਣ ਵਾਲੀ ਗੋਲ਼ੀ ਦਿੱਤੀ ਜਾਂਦੀ ਹੈ, ਉਸ ਵਿਚ ਮਾਰਫਿਨ ਦਾ ਸਾਲਟ ਹੋਣ ਕਾਰਨ ਨਸ਼ੇੜੀ ਉਸ ਗੋਲ਼ੀ ਦਾ ਪੱਕੇ ਤੌਰ 'ਤੇ ਮੁਰੀਦ ਬਣ ਜਾਂਦਾ ਹੈ ਅਤੇ ਫਿਰ ਇਸ ਤੋਂ ਖਹਿੜਾ ਛੁਡਵਾਉਣ ਲਈ ਦਰ-ਦਰ ਦੇ ਧੱਕੇ ਖਾਂਦਾ ਹੈ। ਉਂਜ ਜ਼ਿਆਦਾ ਸਮਾਂ ਇਹ ਗੋਲ਼ੀ ਖਾਣ ਨਾਲ ਸਰੀਰ 'ਤੇ ਕਈ ਹੋਰ ਮਾਰੂ ਅਸਰ ਵੀ ਪੈਂਦੇ ਹਨ। ਇੰਜ ਨਸ਼ਾ ਮੁਕਤ ਪੰਜਾਬ 'ਕਾਗਜ਼ਾਂ' ਵਿਚ ਪ੍ਰਗਤੀ 'ਤੇ ਹੈ ਪਰ ਅਮਲੀ ਤੌਰ 'ਤੇ ਨਸ਼ਿਆਂ ਦੀ ਓਵਰਡੋਜ਼ ਨਾਲ ਮੌਤਾਂ ਹੋਣ ਦੇ ਦਿਲ ਕੰਬਾਊ ਦ੍ਰਿਸ਼ ਸਾਹਮਣੇ ਆਉਂਦੇ ਹਨ। ਇਕ ਨਸ਼ਾ ਛੁਡਾਊ ਕੇਂਦਰ ਦੇ ਡਾਇਰੈਕਟਰ ਵਜੋਂ ਅੰਦਾਜ਼ਨ 18 ਸਾਲ ਦੀ ਸੇਵਾ ਨਿਭਾਉਂਦਿਆਂ ਮੇਰਾ ਸੈਂਟਰ ਵਿਚ ਸੰਗਰੂਰ ਜ਼ਿਲ੍ਹੇ ਦੇ ਨਾਲ-ਨਾਲ ਪੰਜਾਬ ਦੇ ਬਾਕੀ ਜ਼ਿਲ੍ਹਿਆਂ, ਹਰਿਆਣਾ, ਰਾਜਸਥਾਨ ਅਤੇ ਹਿਮਾਚਲ ਪ੍ਰਦੇਸ਼ ਤੋਂ ਇਲਾਜ ਲਈ ਆਏ ਨਸ਼ੇੜੀਆਂ ਨਾਲ ਵਾਹ ਪਿਆ ਹੈ। ਇਸ ਆਧਾਰ 'ਤੇ ਹੀ ਲਿਖ ਰਿਹਾ ਹਾਂ ਕਿ ਨਸ਼ਾ ਛੁਡਾਊ ਕੇਂਦਰ ਚਲਾਉਣ ਲਈ ਪ੍ਰਤੀਬੱਧਤਾ ਅਤੇ ਲੋਕ-ਹਿੱਤ ਦੀ ਭਾਵਨਾ ਨਾਲ ਲਬਰੇਜ਼ ਸਟਾਫ ਅਤੇ ਮੁਖੀ ਦਾ ਹੋਣਾ ਜ਼ਰੂਰੀ ਹੈ। ਦਵਾਈਆਂ, ਮਹਿੰਗੇ ਟੈਸਟ ਅਤੇ ਭਾਰੀ ਫੀਸਾਂ ਦੀ ਅਦਾਇਗੀ ਕਰਨੀ ਉਨ੍ਹਾਂ ਮਾਪਿਆਂ ਵਾਸਤੇ ਬਹੁਤ ਹੀ ਮੁਸ਼ਕਲ ਹੈ ਜਿਨ੍ਹਾਂ ਦੀ ਆਰਥਿਕ ਹਾਲਤ ਪਹਿਲਾਂ ਹੀ ਕੱਖੋਂ ਹੌਲੀ ਅਤੇ ਪਾਣੀਓਂ ਪਤਲੀ ਹੈ। ਇਸ ਪੱਖ ਨੂੰ ਗੰਭੀਰਤਾ ਨਾਲ ਵਿਚਾਰਨ ਦੀ ਲੋੜ ਹੈ।

ਦੂਜਾ ਅਹਿਮ ਪਹਿਲੂ ਨਸ਼ੇੜੀ ਮਰੀਜ਼ ਦੀ ਦ੍ਰਿੜ੍ਹ ਇੱਛਾ ਸ਼ਕਤੀ 'ਤੇ ਕੇਂਦ੍ਰਿਤ ਹੋਣਾ ਚਾਹੀਦਾ ਹੈ। ਇਸ ਪੱਖ ਤੋਂ ਨਸ਼ਾ ਛੁਡਾਊ ਕੇਂਦਰ ਵਿਚ ਪੀੜਤ ਨਸ਼ੇੜੀਆਂ ਨੂੰ ਧਰਮ, ਸਾਹਿਤ, ਕਿਰਤ ਅਤੇ ਖੇਡਾਂ ਨਾਲ ਜੋੜਨਾ ਬਹੁਤ ਜ਼ਰੂਰੀ ਹੈ। ਇਸ ਸਬੰਧੀ ਉਨ੍ਹਾਂ ਦੇ ਧਰਮ ਅਨੁਸਾਰ ਪਾਠ ਅਤੇ ਧਾਰਮਿਕ ਸਿੱਖਿਆ, ਉਸਾਰੂ ਸਾਹਿਤ, ਨਸ਼ਾ ਛੁਡਾਊ ਕੇਂਦਰ ਵਿਚ ਹੀ ਬਾਗਬਾਨੀ ਅਤੇ ਬੂਟਿਆਂ ਦੀ ਸੰਭਾਲ, ਸਾਫ਼-ਸਫ਼ਾਈ, ਕਿਸੇ ਲਾਹੇਵੰਦ ਕਿੱਤੇ ਦੀ ਟਰੇਨਿੰਗ ਅਤੇ ਖੇਡਾਂ ਲਈ ਯੋਗ ਪ੍ਰਬੰਧ ਕਰਨਾ ਅਤਿਅੰਤ ਜ਼ਰੂਰੀ ਹੈ। ਇਹ ਉਸਾਰੂ ਕਿਰਿਆਵਾਂ ਜਿੱਥੇ ਉਨ੍ਹਾਂ ਅੰਦਰ ਨਵੀਂ ਊਰਜਾ ਭਰਨਗੀਆਂ, ਉੱਥੇ ਹੀ ਜ਼ਿੰਦਗੀ ਜਿਊਣ ਦਾ ਚਾਅ ਵੀ ਪੈਦਾ ਹੋਵੇਗਾ। ਸਮੇਂ-ਸਮੇਂ 'ਤੇ ਪ੍ਰੇਰਨਾਦਾਇਕ ਕਹਾਣੀਆਂ ਸੁਣਾ ਕੇ ਵੀ ਉਨ੍ਹਾਂ ਨੂੰ ਮੁੱਖਧਾਰਾ 'ਚ ਲਿਆਉਣ ਦੀ ਪ੍ਰੇਰਨਾ ਦੇਣੀ ਜ਼ਰੂਰੀ ਹੈ। ਨਸ਼ਾ ਮੁਕਤ ਹੋ ਰਹੇ ਮਰੀਜ਼ਾਂ ਅੰਦਰ ਚੰਗਾ ਪਤੀ, ਚੰਗਾ ਪੁੱਤ, ਚੰਗਾ ਬਾਪ ਅਤੇ ਚੰਗਾ ਨਾਗਰਿਕ ਬਣਨ ਦੀ ਪ੍ਰੇਰਨਾ ਤਦ ਹੀ ਭਰੀ ਜਾ ਸਕੇਗੀ ਜੇ ਇਲਾਜ ਕਰਨ ਵਾਲੇ ਰਹਿਨੁਮਾ ਆਪ ਉਨ੍ਹਾਂ ਲਈ ਰੋਲ ਮਾਡਲ ਦਾ ਫ਼ਰਜ਼ ਨਿਭਾਉਣਗੇ। ਸੰਸਥਾ ਦੇ ਮੁਖੀ ਦੀ ਇਸ ਸਮੇਂ ਰੋਲ ਮਾਡਲ ਵਾਲੀ ਭੂਮਿਕਾ ਬਹੁਤ ਹੀ ਅਹਿਮੀਅਤ ਰੱਖਦੀ ਹੈ। ਦੁਆ ਤੇ ਦਵਾਈ ਦੇ ਸੁਮੇਲ ਨਾਲ ਸਾਰਥਕ ਨਤੀਜੇ ਜ਼ਰੂਰ ਸਾਹਮਣੇ ਆਉਂਦੇ ਨੇ।

ਇਸ ਗੱਲ ਵੱਲ ਖ਼ਾਸ ਧਿਆਨ ਦਿੱਤਾ ਜਾਵੇ ਕਿ ਉਹ ਜ਼ਿੰਦਗੀ ਦੇ ਖਲਨਾਇਕ ਨਹੀਂ, ਪੀੜਤ ਹਨ। ਉਨ੍ਹਾਂ ਲਈ ਪਿਆਰ, ਹਮਦਰਦੀ, ਸੁਚੱਜਾ ਵਰਤਾਅ ਤੇ ਸਹੀ ਦੇਖਭਾਲ ਅਤਿਅੰਤ ਜ਼ਰੂਰੀ ਹੈ। ਇਹ ਸਭ ਕੁਝ ਉਨ੍ਹਾਂ ਨੂੰ ਨਸ਼ਾ ਮੁਕਤ ਕਰਨ ਵਿਚ ਸਹਾਈ ਹੋਵੇਗਾ। ਕਈ ਵਾਰ ਨਸ਼ੇੜੀ ਮਰੀਜ਼ ਨੂੰ ਬਾਹਰਲੇ ਜਾਂ ਪਰਿਵਾਰਕ ਮਾਹੌਲ 'ਚੋਂ ਹੀ ਅਜਿਹੀ ਮਾਨਸਿਕ ਸੱਟ ਵੱਜਦੀ ਹੈ ਕਿ ਉਹ ਆਪ ਹੀ ਨਸ਼ਾ ਮੁਕਤ ਹੋਣ ਲਈ ਦਿ ?ਰੜ੍ਹ ਸੰਕਲਪ ਕਰ ਲੈਂਦਾ ਹੈ। ਅਜਿਹੇ ਵਿਅਕਤੀ ਦਾ ਰਹਿਨੁਮਾ ਬਣ ਕੇ ਉਸ ਨੂੰ ਆਸਾਨੀ ਨਾਲ ਨਸ਼ਾ ਮੁਕਤ ਕੀਤਾ ਜਾ ਸਕਦਾ ਹੈ। ਇਕ 70 ਕੁ ਵਰ੍ਹਿਆਂ ਦਾ ਬਜ਼ੁਰਗ ਨਸ਼ਾ ਛੱਡਣ ਲਈ ਸੈਂਟਰ 'ਚ ਦਾਖ਼ਲ ਹੋ ਗਿਆ। ਦਾਖ਼ਲ ਕਰਵਾਉਣ ਲਈ ਉਸ ਦਾ ਨੌਜਵਾਨ ਇਕਲੌਤਾ ਪੁੱਤਰ ਨਾਲ ਆਇਆ ਸੀ। ਬਜ਼ੁਰਗ ਦੀ ਰਜ਼ਾਮੰਦੀ ਉਪਰੰਤ ਉਸ ਨੂੰ ਦਾਖ਼ਲ ਕਰ ਲਿਆ ਗਿਆ। ਦਾਖ਼ਲ ਕਰਨ ਵੇਲੇ ਇਹ ਖ਼ਿਆਲ ਜ਼ਰੂਰ ਆਇਆ ਕਿ ਇਸ ਬਜ਼ੁਰਗ ਨੇ ਆਪਣੀ ਉਮਰ ਦਾ ਵੱਡਾ ਹਿੱਸਾ ਨਸ਼ਿਆਂ ਦੇ ਲੇਖੇ ਲਾ ਦਿੱਤਾ। ਇਸ ਉਮਰ 'ਚ ਨਸ਼ਾ ਛੱਡਣ ਦਾ ਉਸ ਨੇ ਇਰਾਦਾ ਕਿਉਂ ਕੀਤਾ? ਦੋ-ਤਿੰਨ ਦਿਨਾਂ ਪਿੱਛੋਂ ਜਦੋਂ ਸ਼ਾਮ ਨੂੰ ਨਸ਼ੇੜੀ ਮਰੀਜ਼ਾਂ ਨੂੰ ਯੋਗਾ, ਮੈਡੀਟੇਸ਼ਨ ਤੇ ਕੌਂਸਲਿੰਗ ਕਰਨ ਲਈ ਉਨ੍ਹਾਂ ਦੇ ਵਾਰਡ 'ਚ ਗਿਆ ਤਾਂ ਯੋਗ ਕਿਰਿਆਵਾਂ ਕਰਵਾਉਣ ਉਪਰੰਤ ਮੈਂ ਬੜੀ ਅਪਣੱਤ ਨਾਲ ਬਜ਼ੁਰਗ ਦਾ ਹੱਥ ਫੜਦਿਆਂ ਕਿਹਾ, "ਪ੍ਰੀਤਮ ਸਿਆਂ, ਤੁਹਾਨੂੰ ਇਸ ਉਮਰ ਵਿਚ ਨਸ਼ਾ ਛੱਡਣ ਦਾ ਖ਼ਿਆਲ ਕਿਵੇਂ ਆਇਆ।

ਮੇਰੇ ਸਵਾਲ 'ਤੇ ਬਜ਼ੁਰਗ ਗੰਭੀਰ ਹੋ ਗਿਆ। ਉਸ ਨੇ ਗੱਚ ਭਰ ਕੇ ਕਿਹਾ, "ਥੋਡੇ ਕੋਲੋਂ ਕਾਹਦਾ ਲੁਕੋ ਐ ਜੀ। ਇਸ ਉਮਰ ਵਿਚ ਮੈਂ ਆਟੇ ਵਾਲੀ ਮਸ਼ੀਨ 'ਤੇ ਰਾਤ ਦੀ ਚੌਕੀਦਾਰੀ ਕਰਦਾ ਸੀ। ਜਿਹੜੇ ਪੈਸੇ ਉੱਥੋਂ ਮਿਲਦੇ, ਉਨ੍ਹਾਂ ਦਾ ਨਸ਼ਾ ਡੱਫ ਲੈਂਦਾ। ਮੁੰਡਾ ਵਿਆਹਿਆ-ਵਰ੍ਹਿਆ ਹੈ। ਉਹ ਕਬੀਲਦਾਰੀ ਦਾ ਖ਼ਰਚ ਤੋਰੀ ਜਾਂਦਾ ਸੀ। ਹੁਣ ਇਕ ਤਾਂ ਨਸ਼ੇ ਮਹਿੰਗੇ ਹੋ ਗਏ ਅਤੇ ਦੂਜਾ ਮਿਲਾਵਟ ਵੀ ਹੋਣ ਲੱਗ ਗਈ। ਇਸੇ ਕਰਕੇ ਮੇਰੀ ਚੌਕੀਦਾਰ ਵਾਲੀ ਤਨਖ਼ਾਹ ਨਾਲ ਨਸ਼ਾ ਨਹੀਂ ਚੱਲਦਾ। ਇਕ ਦਿਨ ਜਦੋਂ ਮੈਂ ਨਸ਼ੇ ਵਾਸਤੇ ਆਪਣੇ ਪੁੱਤ ਮੂਹਰੇ ਹੱਥ ਟੱਡੇ ਤਾਂ ਉਸ ਨੇ ਤਾਂ ਕੁਝ ਨਹੀਂ ਕਿਹਾ ਪਰ ਮੇਰੀ ਨੂੰਹ ਮੇਰੇ ਗਲ ਪੈ ਗਈ। ਉਹਨੇ ਗਰਜ ਕੇ ਕਿਹਾ, "ਬਾਪੂ, ਅਸੀਂ ਆਪਣਾ ਘਰ ਵੀ ਤੋਰਨੈ। ਥੋਡੇ ਨਸ਼ੇ ਵਾਸਤੇ ਕਿੱਥੋਂ ਲਿਆਈਏ ਰੋਕੜੀ? ਆਪ ਤੁਸੀਂ ਕਦੇ ਵੀਹ ਰੁਪਏ ਦੀ ਸਬਜ਼ੀ ਵੀ ਘਰ ਨਹੀਂ ਲਿਆਏ।" ਉਦੋਂ ਜੀ ਮੈਨੂੰ ਬਹੁਤ ਨਮੋਸ਼ੀ ਹੋਈ। ਜੀਅ ਕਰੇ ਬਈ ਇਹਦੇ ਨਾਲੋਂ ਤਾਂ...। ਉਸ ਤੋਂ ਪਹਿਲਾਂ ਇਕ ਦਿਨ ਨਜ਼ਦੀਕੀ ਰਿਸ਼ਤੇਦਾਰੀ 'ਚ ਜਾਣਾ ਪਿਆ। ਉਨ੍ਹਾਂ ਦੇ ਕਮਰੇ 'ਚ ਬੈਠਿਆਂ ਮੈਨੂੰ ਦੂਜੇ ਕਮਰੇ ਵਿੱਚੋਂ ਆਪਣੇ ਰਿਸ਼ਤੇਦਾਰ ਦੀ ਆਵਾਜ਼ ਸੁਣੀ। ਉਹ ਆਪਣੇ ਪੁੱਤਰਾਂ ਨੂੰ ਕਹਿ ਰਿਹਾ ਸੀ, "ਆਪਣੇ ਬਟੂਏ ਸਾਂਭ ਲਓ ਚੰਗੀ ਤਰ੍ਹਾਂ। ਕਿਤੇ ਪ੍ਰੀਤਮ ਅਮਲੀ ਆਪਾਂ ਨੂੰ ਥੁੱਕ ਨਾ ਲਾ ਜੇ।" ਇਹ ਹੱਡਬੀਤੀਆਂ ਸੁਣਾ ਕੇ ਉਹਨੇ ਡਾਢੀ ਹੀ ਮਿੰਨਤ ਨਾਲ ਕਿਹਾ, "ਹੁਣ ਥੋਡੀ ਸ਼ਰਨ 'ਚ ਆਇਆਂ। ਮੈਨੂੰ ਕੱਢੋ ਇਸ ਦਲਦਲ ਵਿੱਚੋਂ।"

ਉਸ ਬਜ਼ੁਰਗ ਦੇ ਚਿਹਰੇ 'ਤੇ ਨਸ਼ਾ ਮੁਕਤ ਹੋਣ ਦਾ ਦ੍ਰਿੜ੍ਹ ਸੰਕਲਪ ਪ੍ਰਤੱਖ ਵਿਖਾਈ ਦੇ ਰਿਹਾ ਸੀ। ਉਹ ਹੋਰ ਦਾਖ਼ਲ ਮਰੀਜ਼ਾਂ ਲਈ ਵੀ ਪ੍ਰੇਰਨਾ ਸਰੋਤ ਬਣਿਆ। ਇਕ ਆਸ਼ਾਵਾਦੀ ਮਾਹੌਲ ਸਿਰਜਣ 'ਚ ਵੀ ਉਸ ਨੇ ਅਹਿਮ ਭੂਮਿਕਾ ਨਿਭਾਈ। ਡੇਢ ਕੁ ਮਹੀਨੇ 'ਚ ਪੂਰੀ ਤਰ੍ਹਾਂ ਨਸ਼ਾ ਮੁਕਤ ਹੋਣ ਉਪਰੰਤ ਉਸ ਨੂੰ ਵਿਦਾ ਕਰਨ ਵੇਲੇ ਇਕ ਸੰਖੇਪ ਪਰ ਭਾਵਪੂਰਨ ਸਮਾਗਮ ਕੀਤਾ ਗਿਆ। ਪਤਵੰਤੇ ਵੀ ਬੁਲਾਏ ਗਏ।

ਉਸ ਨੂੰ ਘਰ ਲੈ ਕੇ ਜਾਣ ਲਈ ਉਸ ਦਾ ਪੁੱਤ ਤੇ ਨੂੰਹ ਵੀ ਆਏ। ਨਸ਼ਾ ਮੁਕਤ ਹੋਏ ਪ੍ਰੀਤਮ ਸਿੰਘ ਨੂੰ ਜਦੋਂ ਆਪਣੇ ਅਨੁਭਵ ਦੱਸਣ ਲਈ ਕਿਹਾ ਗਿਆ ਤਾਂ ਉਹ ਪੂਰੇ ਵਿਸ਼ਵਾਸ ਨਾਲ ਉੱਠਿਆ। ਚਿਹਰੇ 'ਤੇ ਇਕ ਜੇਤੂ ਮੁਸਕਰਾਹਟ ਲਿਆਉਂਦਿਆਂ ਉਸ ਨੇ ਕਿਹਾ, "ਸੱਚਮੁੱਚ ਨਸ਼ਿਆਂ ਦੇ ਜੰਜਾਲ 'ਚੋਂ ਨਿਕਲ ਕੇ ਮੇਰਾ ਨਵਾਂ ਜਨਮ ਹੋਇਆ ਹੈ। ਸੱਚ ਮੰਨਿਓ, ਹੁਣ ਤੱਕ ਮੈਂ ਨੇ ?ਹਰਾ ਹੀ ਢੋਂਦਾ ਰਿਹਾ ਹਾਂ। ਨਸ਼ਾ ਛੱਡਣ ਦੀ ਕੋਈ ਉਮਰ ਨਹੀਂ ਹੁੰਦੀ। ਬਸ, ਜਦੋਂ ਜਾਗੋ, ਓਦੋਂ ਹੀ ਸਵੇਰਾ।" ਉਸ ਵੇਲੇ ਮਾਹੌਲ ਬਹੁਤ ਹੀ ਭਾਵੁਕ ਹੋ ਗਿਆ ਜਦੋਂ ਇਕ ਪਤਵੰਤੇ ਨੇ ਪੰਜ-ਪੰਜ ਸੌ ਦੇ ਦੋ ਨੋਟ ਉਹਦੀ ਤਲੀ 'ਤੇ ਰੱਖਦਿਆਂ ਕਿਹਾ, "ਜ਼ਿੰਦਗੀ ਜ਼ਿੰਦਾਬਾਦ। ਇਹ ਮੇਰੇ ਵੱਲੋਂ ਇਨਾਮ ਹੈ ਤੈਨੂੰ।" ਪ੍ਰੀਤਮ ਸਿੰਘ ਨੇ ਉਹ ਨੋਟ ਧੰਨਵਾਦੀ ਸ਼ਬਦਾਂ ਨਾਲ ਫੜ ਕੇ ਆਪਣੀ ਨੂੰਹ ਨੂੰ ਦਿੰਦਿਆਂ ਕਿਹਾ, "ਲੈ ਧੀਏ, ਮੇਰੇ ਵੱਲੋਂ ਸ਼ਗਨ।" ਨੂੰਹ ਨੇ ਉਹ ਨੋਟ ਫੜਕੇ ਪਹਿਲਾਂ ਆਪਣੇ ਮੱਥੇ ਨਾਲ ਲਾਏ। ਫਿਰ ਪ੍ਰੀਤਮ ਸਿੰਘ ਦੇ ਪੈਰੀਂ ਹੱਥ ਲਾਉਂਦਿਆਂ ਕਿਹਾ, "ਬਾਪੂ ਜੀ, ਅੱਜ ਭਾਗਾਂ ਵਾਲਾ ਦਿਨ ਹੈ। ਮੇਰੇ ਵਿਆਹ ਨੂੰ ਦਸ ਸਾਲ ਹੋ ਗਏ। ਦਸ ਸਾਲਾਂ 'ਚ ਪਹਿਲੀ ਵਾਰ ਤੁਸੀਂ ਇਹ ਸ਼ਗਨ ਦਿੱਤੈ।" ਪੁੱਤ ਅਤੇ ਨੂੰਹ ਮੰਦ-ਮੰਦ ਮੁਸਕਰਾ ਰਹੇ ਸਨ। ਜੇਤੂ ਅੰਦਾਜ਼ ਵਿਚ ਬਜ਼ੁਰਗ ਪ੍ਰੀਤਮ ਸਿੰਘ ਆਪਣੀ ਨੂੰਹ-ਪੁੱਤ ਨਾਲ ਘਰ ਜਾ ਰਿਹਾ ਸੀ।

# ਧੁਮੱਕੜਸ਼ਾਹੀ ਕੈਲੰਡਰ ਦੀਆਂ ਬਕਤਰਾਂ



ਸਰਵਜੀਤ ਸਿੰਘ
ਸੈਕਰਾਮੈਂਟੋ
lsarbjits@gmail.com

ਸਾਕਾ ਚਮਕੌਰ ਸਾਹਿਬ ਅਤੇ ਸਾਕਾ ਸਰਹਿੰਦ ਦੇ ਨਾਮ ਨਾਲ ਜਾਣੇ ਜਾਂਦੇ ਦੋ ਇਤਿਹਾਸਕ ਦਿਹਾੜੇ, ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜਿਆਂ ਵਜੋਂ ਮਨਾਏ ਜਾਂਦੇ ਹਨ। ਸ਼ ?ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਨਾਨਕਸ਼ਾਹੀ ਦੇ ਨਾਮ ਹੇਠ ਛਾਪੇ ਗਏ ਪਿਛਲੇ ਇਕ ਦਹਾਕੇ ਦੇ ਕੈਲੰਡਰਾਂ, ਜਿਸ ਨੂੰ ਦੋ ਮੈਂਬਰੀ ਕੈਲੰਡਰ ਵਿਗਾੜੂ ਕਮੇਟੀ ਦੇ ਨਾਮ ਨਾਲ 'ਧੁਮੱਕੜਸ਼ਾਹੀ ਕੈਲੰਡਰ' ਵਜੋਂ ਯਾਦ ਕੀਤਾ ਜਾਂਦਾ ਹੈ, ਦੀ ਜਦੋਂ ਪੜਤਾਲ ਕੀਤੀ ਤਾਂ, ਪਿਛਲੇ 9 ਸਾਲਾਂ ਵਿੱਚ ਇਹ ਦਿਹਾੜੇ 8 ਪੋਹ ਅਤੇ 13 ਪੋਹ ਦੇ ਹੀ ਦਰਜ ਹਨ। ਸੰਮਤ 546 ਵਿਚ ਇਹ ਦਿਹਾੜੇ 6 ਪੋਹ ਅਤੇ 11 ਪੋਹ ਦੇ ਦਰਜ ਹਨ। ਇਸ ਦਾ ਕਾਰਨ ਇਹ ਹੈ ਕਿ ਇਸ ਸਾਲ ਸ਼ ?ਰੋਮਣੀ ਕਮੇਟੀ ਨੇ ਆਪਣੇ ਕੈਲੰਡਰ ਵਿੱਚ ਇਹ ਦਿਹਾੜੇ 21 ਦਸੰਬਰ ਅਤੇ 26 ਦਸੰਬਰ ਦੇ ਦਰਜ ਕੀਤੇ ਹਨ। 8 ਪੋਹ ( 21 ਦਸੰਬਰ) ਅਤੇ 13 ਪੋਹ ( 26 ਦਸੰਬਰ) ਇਹ ਨਾਨਕਸ਼ਾਹੀ ਕੈਲੰਡਰ ਮੁਤਾਬਕ ਹਨ। ਕਮੇਟੀ ਨੇ ਤਾਰੀਖ ਤਾਂ ਨਾਨਕਸ਼ਾਹੀ ਕੈਲੰਡਰ ਵਾਲੀ ਦਰਜ ਕਰ ਦਿੱਤੀ ਪਰ ਪੋਹ ਦੀ ਸੰਗਰਾਂਦ ਬਿਕ੍ਰਮੀ ਕੈਲੰਡਰ ਮੁਤਾਬਕ 16 ਦਸੰਬਰ ਦੀ ਕਰ ਦਿੱਤੀ, ਜਿਸ ਕਾਰਨ ਦੋ ਦਿਨਾਂ ਦਾ ਫਰਕ ਪੈ ਗਿਆ। ਯਾਦ ਰਹੇ ਨਾਨਕਸ਼ਾਹੀ ਕੈਲੰਡਰ ਮੁਤਾਬਕ ਪੋਹ ਮਹੀਨੇ ਦਾ ਆਰੰਭ ਹਰ ਸਾਲ 14 ਦਸੰਬਰ ਨੂੰ ਹੁੰਦਾ ਹੈ। ਖੈਰ ! ਇਹ ਸਪੱਸ਼ਟ ਹੈ ਕਿ ਸ਼ ?ਰੋਮਣੀ ਕਮੇਟੀ ਵੱਲੋਂ ਇਹ ਦੋਵੇਂ ਦਿਹਾੜੇ, ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ 8 ਪੋਹ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ 13 ਪੋਹ ਨੂੰ ਹੀ ਮਨਾਏ ਜਾਂਦੇ ਹਨ ਅਤੇ ਨਾਨਕਸ਼ਾਹੀ ਕੈਲੰਡਰ ਵਿੱਚ ਵੀ ਇਹ ਦੋਵੇਂ ਦਿਹਾੜੇ 8 ਪੋਹ (21 ਦਸੰਬਰ) ਅਤੇ 13 ਪੋਹ (26 ਦਸੰਬਰ) ਦੇ ਦਰਜ ਹਨ।

ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੀ ਤਾਰੀਖ ਬਾਰੇ ਵੀ ਕੋਈ ਮੱਤ ਭੇਦ ਨਹੀਂ ਹੈ। ਉਸ ਵੇਲੇ ਆਪਣੇ ਖਿੱਤੇ ਵਿੱਚ ਪ੍ਰਚੱਲਤ ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ (ਸੂਰਜੀ ਸਿਧਾਂਤ, 365.2587 ਦਿਨ) ਮੁਤਾਬਕ, ਗੁਰੂ ਜੀ ਦੀ ਸ਼ਹੀਦੀ 11 ਮੱਘਰ, ਮੱਘਰ ਸੁਦੀ ਪੰਜਵੀਂ ਸੰਮਤ 1732 ਬਿਕ੍ਰਮੀ, ਦਿਨ ਵੀਰਵਾਰ ਨੂੰ ਹੋਈ ਸੀ। ਅੰਗਰੇਜਾਂ ਦੇ ਆਉਣ ਤੋਂ ਪਿਛੋਂ ਜਦੋਂ ਅੰਗਰੇਜੀ ਤਾਰੀਖਾਂ ਲਿਖਣ ਦਾ ਰਿਵਾਜ ਪਿਆ ਤਾਂ ਇਹ 11 ਨਵੰਬਰ 1675 ਈ: (ਜੂਲੀਅਨ) ਲਿਖੀ ਗਈ। ਦਮਦਮੀ ਟਕਸਾਲ ਦੀ ਵੱਡ ਅਕਾਰੀ ਕਿਤਾਬ, 'ਗੁਰਬਾਣੀ ਪਾਠ ਦਰਪਣ' ਵਿੱਚ ਹੋਰ ਕਈ ਤਾਰੀਖਾਂ ਵਾਂਗ, ਇਹ ਤਾਰੀਖ ਵੀ ਗਲਤ (19 ਦਸੰਬਰ 1675 ਈ:) ਲਿਖੀ ਹੋਈ ਹੈ।


ਜਦੋਂ ਸ਼ ?ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਨਾਨਕਸ਼ਾਹੀ ਕੈਲੰਡਰ ਦੇ ਨਾਲ ਹੇਠ ਛਾਪੇ ਜਾਂਦੇ 'ਧੁਮੱਕੜਸ਼ਾਹੀ ਕੈਲੰਡਰ ਨੂੰ ਵੇਖਦੇ ਹਾਂ ਤਾਂ, ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ ਦਾ ਪ੍ਰਵਿਸ਼ਟਾ (ਤਾਰੀਖ) ਹਰ ਸਾਲ ਬਦਲ ਜਾਂਦਾ ਹੈ। ਜਦੋਂ ਕਿ ਕੈਲੰਡਰ ਦਾ ਆਰੰਭ ਹਰ ਸਾਲ 1 ਚੇਤ ਤੋਂ ਹੀ ਹੁੰਦਾ ਹੈ। ਕਿੰਨੀ ਹੈਰਾਨੀ ਦੀ ਗੱਲ ਹੈ ਕਿ ਨਾਨਕਸ਼ਾਹੀ ਕੈਲੰਡਰ ਦੇ ਵਿਰੋਧੀਆਂ ਨੂੰ, ਸ਼ ?ਰੋਮਣੀ ਕਮੇਟੀ ਵੱਲੋਂ ਇਤਿਹਾਸ ਨੂੰ ਵਿਗਾੜਨ ਦੀ ਇਹ ਕਾਰਵਾਈ ਕਦੇਂ ਨਜ਼ਰ ਨਹੀਂ।

ਨਾਨਕਸ਼ਾਹੀ ਕੈਲੰਡਰ ਵਿੱਚ ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ 8 ਪੋਹ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ 13 ਪੋਹ ਦਰਜ ਹੈ। ਗੁਰੂ ਤੇਗ ਬਹਾਰ ਜੀ ਦੇ ਸ਼ਹੀਦੀ ਦਿਹਾੜੇ ਦਾ ਅਸਲ ਪ੍ਰਵਿਸ਼ਟਾ 11 ਮੱਘਰ (24 ਨਵੰਬਰ) ਦਰਜ ਹੈ। ਹੁਣ ਇਸ ਸਵਾਲ ਦਾ ਜਵਾਬ ਕੌਣ ਦੇਵੇਗਾ, ਕਿ ਜੇ ਵੱਡੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ ਹਰ ਸਾਲ 8 ਪੋਹ ਅਤੇ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ 13 ਪੋਹ ਨੂੰ ਮਨਾਉਣ ਨਾਲ ਇਤਿਹਾਸ, ਇਤਿਹਾਸ ਹੀ ਰਹਿੰਦਾ ਹੈ ਤਾਂ, ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ ਹਰ ਸਾਲ 11 ਮੱਘਰ ਨੂੰ ਮਨਾਉਣ ਨਾਲ ਇਤਿਹਾਸ, ਮਿਥਿਹਾਸ ਕਿਵੇਂ ਬਣ ਜਾਵੇਗਾ ?

| ਸੰਮਤ | ਧੁਮੱਕੜਸ਼ਾਹੀ ਕੈਲੰਡਰ | | | ਨਾਨਕਸ਼ਾਹੀ ਕੈਲੰਡਰ | | |
|---|---|---|---|---|---|---|
| | ਸ਼ਹੀਦੀ ਦਿਹਾੜਾ ਵੱਡੇ ਸਾਹਿਬਜ਼ਾਦੇ | ਸ਼ਹੀਦੀ ਦਿਹਾੜਾ ਛੋਟੇ ਸਾਹਿਬਜ਼ਾਦੇ | ਸ਼ਹੀਦੀ ਦਿਹਾੜਾ ਪਾਤਸ਼ਾਹੀ ਨੌਵੀਂ | ਸ਼ਹੀਦੀ ਦਿਹਾੜਾ ਵੱਡੇ ਸਾਹਿਬਜ਼ਾਦੇ | ਸ਼ਹੀਦੀ ਦਿਹਾੜਾ ਛੋਟੇ ਸਾਹਿਬਜ਼ਾਦੇ | ਸ਼ਹੀਦੀ ਦਿਹਾੜਾ ਪਾਤਸ਼ਾਹੀ ਨੌਵੀਂ |
| 546 | 6 ਪੋਹ | 11 ਪੋਹ | 9 ਮੱਘਰ | 8 ਪੋਹ | 13 ਪੋਹ | 11 ਮੱਘਰ |
| 547 | 8 ਪੋਹ | 13 ਪੋਹ | 1 ਪੋਹ | 8 ਪੋਹ | 13 ਪੋਹ | 11 ਮੱਘਰ |
| 548 | 8 ਪੋਹ | 13 ਪੋਹ | 20 ਮੱਘਰ | 8 ਪੋਹ | 13 ਪੋਹ | 11 ਮੱਘਰ |
| 549 | 8 ਪੋਹ | 13 ਪੋਹ | 8 ਮੱਘਰ | 8 ਪੋਹ | 13 ਪੋਹ | 11 ਮੱਘਰ |
| 550 | 8 ਪੋਹ | 13 ਪੋਹ | 27 ਮੱਘਰ | 8 ਪੋਹ | 13 ਪੋਹ | 11 ਮੱਘਰ |
| 551 | 8 ਪੋਹ | 13 ਪੋਹ | 16 ਮੱਘਰ | 8 ਪੋਹ | 13 ਪੋਹ | 11 ਮੱਘਰ |
| 552 | 8 ਪੋਹ | 13 ਪੋਹ | 5 ਪੋਹ | 8 ਪੋਹ | 13 ਪੋਹ | 11 ਮੱਘਰ |
| 553 | 8 ਪੋਹ | 13 ਪੋਹ | 23 ਮੱਘਰ | 8 ਪੋਹ | 13 ਪੋਹ | 11 ਮੱਘਰ |
| 554 | 8 ਪੋਹ | 13 ਪੋਹ | 13 ਮੱਘਰ | 8 ਪੋਹ | 13 ਪੋਹ | 11 ਮੱਘਰ |
| 555 | 8 ਪੋਹ | 13 ਪੋਹ | 2 ਪੋਹ | 8 ਪੋਹ | 13 ਪੋਹ | 11 ਮੱਘਰ |

# ਵਿਰੋਧੀ ਧਿਰ ਦਾ ਏਕਾ ਹੋ ਰਿਹਾ ਹੈ ਡਾਵਾਂਡੋਲ

-ਏ. ਸੂਰੀਆਪ੍ਰਕਾਸ਼



ਪੀਐੱਮ ਨਰਿੰਦਰ ਮੋਦੀ ਨੂੰ ਕਿਸੇ ਵੀ ਸੂਰਤ ਵਿਚ ਕੇਂਦਰ ਦੀ ਸੱਤਾ ਤੋਂ ਹਟਾਉਣ ਲਈ ਇਕਜੁੱਟ ਹੋਈਆਂ ਵਿਰੋਧੀ ਪਾਰਟੀਆਂ ਦੇ ਮੋਰਚੇ ਆਈਐੱਨਡੀਆਈਏ ਦੀਆਂ ਸੰਭਾਵਨਾਵਾਂ ਹਿੰਦੀ ਪੱਟੀ ਦੇ ਤਿੰਨ ਸੂਬਿਆਂ ਵਿਚ ਭਾਜਪਾ ਦੀ ਵੱਡੀ ਜਿੱਤ ਤੋਂ ਬਾਅਦ ਬਹੁਤ ਮੱਠੀਆਂ ਪੈ ਗਈਆਂ ਲੱਗਦੀਆਂ ਹਨ। ਇਨ੍ਹਾਂ ਪਾਰਟੀਆਂ ਵਿਚਾਲੇ ਕਾਟੋ-ਕਲੇਸ਼ ਦੇ ਸੰਕੇਤ ਤਾਂ ਵਿਧਾਨ ਸਭਾ ਚੋਣਾਂ ਦੌਰਾਨ ਹੀ ਮਿਲ ਗਏ ਸਨ।

ਮੱਧ ਪ੍ਰਦੇਸ਼ ਵਿਚ ਕਾਂਗਰਸ ਅਤੇ ਸਪਾ ਵਿਚਾਲੇ ਤਿੱਖੀ ਜ਼ੁਬਾਨੀ ਜੰਗ ਦੇਖਣ ਨੂੰ ਮਿਲੀ ਸੀ। ਸਪਾ ਦੇ ਇਕ ਬੁਲਾਰੇ ਨੇ ਤਾਂ ਕਾਂਗਰਸ ਨੂੰ ਝੂਠਿਆਂ ਅਤੇ ਧੋਖੇਬਾਜ਼ਾਂ ਦੀ ਪਾਰਟੀ ਕਰਾਰ ਦੇ ਦਿੱਤਾ ਸੀ। ਸਪਾ ਮੱਧ ਪ੍ਰਦੇਸ਼ ਵਿਚ ਕਾਂਗਰਸ ਤੋਂ ਚਾਰ ਸੀਟਾਂ ਮੰਗ ਰਹੀ ਸੀ। ਇਸ ਵਾਸਤੇ ਕਈ ਗੇੜ ਦੀਆਂ ਵਾਰਤਾਵਾਂ ਵੀ ਹੋਈਆਂ ਪਰ ਅੰਤ ਵਿਚ ਕਾਂਗਰਸ ਨੇ ਸਪਾ ਲਈ ਕੁਝ ਨਹੀਂ ਛੱਡਿਆ। ਇਸ 'ਤੇ ਕਾਂਗਰਸ ਦੇ ਇਕ ਸੀਨੀਅਰ ਨੇਤਾ ਨੇ ਅਖਿਲੇਸ਼ ਯਾਦਵ ਨੂੰ ਲੈ ਕੇ ਅਪਮਾਨਜਨਕ ਟਿੱਪਣੀਆਂ ਕੀਤੀਆਂ। ਕਾਂਗਰਸ ਨੂੰ ਲੈ ਕੇ ਜੇਡੀਯੂ ਦੇ ਤੇਵਰ ਵੀ ਨਰਮ ਨਹੀਂ ਸਨ। ਉਸ ਦੇ ਬੁਲਾਰੇ ਨੇ ਹੋਰ ਪਾਰਟੀਆਂ ਦੇ ਨੇਤਾਵਾਂ ਪ੍ਰਤੀ ਕਾਂਗਰਸੀਆਂ ਦੀਆਂ ਅਪਮਾਨਜਨਕ ਟਿੱਪਣੀਆਂ 'ਤੇ ਗੁੱਸਾ ਜ਼ਾਹਰ ਕੀਤਾ। ਅਜਿਹੇ ਵਿਚ ਕੋਈ ਹੈਰਾਨੀ ਨਹੀਂ ਕਿ ਸਪਾ ਅਤੇ ਆਈਐੱਨਡੀਆਈਏ ਵਿਚ ਸ਼ਾਮਲ ਹੋਰ ਪਾਰਟੀਆਂ ਨੇ ਨਤੀਜੇ ਆਉਣ ਤੋਂ ਬਾਅਦ ਕਾਂਗਰਸ 'ਤੇ ਨਿਸ਼ਾਨਾ ਸੇਧਣ ਵਿਚ ਦੇਰੀ ਨਹੀਂ ਕੀਤੀ। ਕੁਝ ਨੇਤਾਵਾਂ ਨੇ ਕਿਹਾ ਕਿ ਕਰਨਾਟਕ ਵਿਚ ਜਿੱਤ ਤੋਂ ਬਾਅਦ ਕਾਂਗਰਸ ਵਿਚ ਹੰਕਾਰ ਆ ਗਿਆ ਹੈ। ਸ਼ਿਵ ਸੈਨਾ-ਊਧਵ ਧੜੇ ਨੇ ਕਿਹਾ ਕਿ ਕਾਂਗਰਸ ਉਦਾਰਤਾ ਦਿਖਾਉਂਦੇ ਹੋਏ ਸਾਰਿਆਂ ਨੂੰ ਨਾਲ ਲੈ ਕੇ ਚੱਲ ਸਕਦੀ ਸੀ।

ਤ੍ਰਿਣਮੂਲ ਕਾਂਗਰਸ ਨੇ ਵੀ ਇਸ ਘਟਨਾਚੱਕਰ ਨੂੰ ਲੈ ਕੇ ਆਪਣੀ ਚਿੰਤਾ ਦਾ ਪ੍ਰਗਟਾਵਾ ਕੀਤਾ। ਨੈਸ਼ਨਲ ਕਾਨਫਰੰਸ ਦੇ ਉਮਰ ਅਬਦੁੱਲਾ ਨੇ ਕਿਹਾ ਕਿ ਜੇ ਕਾਂਗਰਸ ਮੱਧ ਪ੍ਰਦੇਸ਼ ਵਿਚ ਸਪਾ ਨੂੰ ਚਾਰ-ਪੰਜ ਸੀਟਾਂ ਦੇ ਦਿੰਦੀ ਤਾਂ ਉਸ ਦੀ ਕੀ ਚਲਾ ਜਾਂਦਾ। ਤਿੰਨ ਦਸੰਬਰ ਨੂੰ ਆਏ ਚੋਣ ਨਤੀਜਿਆਂ ਤੋਂ ਬਾਅਦ ਆਈਐੱਨਡੀਆਈਏ ਦਾ ਕਿਲ੍ਹਾ ਮਜ਼ਬੂਤ ਕਰਨ ਵਾਸਤੇ ਕਾਂਗਰਸ ਨੇ ਛੇ ਦਸੰਬਰ ਨੂੰ ਮੋਰਚੇ ਦੀ ਬੈਠਕ ਸੱਦੀ ਸੀ ਪਰ ਸਹਿਯੋਗੀ ਪਾਰਟੀਆਂ ਦੇ ਨੇਤਾਵਾਂ ਨੇ ਇਸ ਤੋਂ ਦੂਰੀ ਬਣਾਉਣੀ ਹੀ ਮੁਨਾਸਬ ਸਮਝੀ। ਇਸ ਦੇ ਪਿੱਛੇ ਇਕ ਕਾਰਨ ਚੋਣਾਂ ਦੌਰਾਨ ਕਾਂਗਰਸ ਦਾ ਹਮਲਾਵਰ ਰਵੱਈਆ ਮੰਨਿਆ ਗਿਆ। ਬੈਠਕ ਤੋਂ ਕਿਨਾਰਾ ਕਰਨ ਵਾਲੇ ਅਖਿਲੇਸ਼ ਯਾਦਵ, ਮਮਤਾ ਬੈਨਰਜੀ ਅਤੇ ਐੱਮਕੇ ਸਟਾਲਿਨ ਉਨ੍ਹਾਂ ਸੂਬਿਆਂ ਦੇ ਤਾਕਤਵਰ ਨੇਤਾ ਹਨ ਜਿੱਥੇ ਲੋਕ ਸਭਾ ਦੀਆਂ 161 ਸੀਟਾਂ ਹਨ। ਉਕਤ ਬੈਠਕ ਦੇ ਮੁਲਤਵੀ ਹੋਣ ਤੋਂ ਬਾਅਦ ਕਾਂਗਰਸ ਦੇ ਪ੍ਰਧਾਨ ਮੱਲਿਕਾਰਜੁਨ ਖੜਗੇ ਦੇ ਆਵਾਸ 'ਤੇ ਰਾਤਰੀ ਭੋਜ ਦਾ ਆਯੋਜਨ ਹੋਇਆ ਜਿਸ ਵਿਚ ਆਈਐੱਨਡੀਆਈਏ ਦੀਆਂ 26 ਪਾਰਟੀਆਂ 'ਚੋਂ 17 ਦੇ ਪ੍ਰਤੀਨਿਧ ਸ਼ਾਮਲ ਹੋਏ। ਜੁਲਾਈ ਵਿਚ ਹੋਂਦ ਵਿਚ ਆਉਣ ਤੋਂ ਬਾਅਦ ਤੋਂ ਹੀ ਆਈਐੱਨਡੀਆਈਏ ਦਾ ਰਾਹ ਬੜਾ ਮੁਸ਼ਕਲਾਂ ਨਾਲ ਭਰਿਆ ਹੋਇਆ ਦਿਸ ਰਿਹਾ ਹੈ। ਉਸ ਨੇ ਖ਼ੁਦ ਨੂੰ ਕਿਸੇ ਕੇਂਦਰੀ ਵਿਚਾਰਧਾਰਾ ਨਾਲ ਨਹੀਂ ਜੋੜਿਆ। ਉਸ ਦੀ ਸਿਰਫ਼ ਇਕ ਹੀ ਸੋਚ ਦਿਸਦੀ ਹੈ ਅਤੇ ਉਹ ਹੈ ਪ੍ਰਧਾਨ ਮੰਤਰੀ ਮੋਦੀ ਪ੍ਰਤੀ ਨਫ਼ਰਤ। ਆਈਐੱਨਡੀਆਈਏ ਵਿਚ ਸ਼ਾਮਲ ਪਾਰਟੀਆਂ ਕਿਸੇ ਵੀ ਕੀਮਤ 'ਤੇ ਮੋਦੀ ਦੀ ਸੱਤਾ ਤੋਂ ਵਿਦਾਈ ਚਾਹੁੰਦੀਆਂ ਹਨ ਪਰ ਸਿਰਫ਼ ਇਹੀ ਪਹਿਲੂ ਜਨਤਾ ਨੂੰ ਲੁਭਾਉਣ ਲਈ ਕਾਫ਼ੀ ਨਹੀਂ। ਆਈਐੱਨਡੀਆਈਏ ਦੀਆਂ ਸ਼ੁਰੂਆਤੀ ਤਿੰਨ ਬੈਠਕਾਂ ਮਗਰੋਂ ਇਹ ਗੱਠਜੋੜ ਕਿਸੇ ਸਾਰਥਕ ਦਿਸ਼ਾ ਵਿਚ ਅੱਗੇ ਨਹੀਂ ਵਧ ਸਕਿਆ ਹੈ ਕਿਉਂਕਿ ਕਾਂਗਰਸ ਦਾ ਪੂਰਾ ਜ਼ੋਰ ਵਿਧਾਨ ਸਭਾ ਚੋਣਾਂ 'ਤੇ ਸੀ। ਉਸ ਨੂੰ ਉਮੀਦ ਸੀ ਕਿ ਛੱਤੀਸਗੜ੍ਹ ਵਿਚ ਉਸ ਦੀ ਵਾਪਸੀ ਪੱਕੀ ਹੈ ਅਤੇ ਮੱਧ ਪ੍ਰਦੇਸ਼ ਵਿਚ ਉਹ ਭਾਜਪਾ ਨੂੰ ਝਟਕਾ ਦੇਣ ਦੇ ਨਾਲ ਹੀ ਸਹਿਯੋਗੀ ਪਾਰਟੀਆਂ ਨਾਲ ਬਿਹਤਰ ਸਿਆਸੀ ਸੌਦੇਬਾਜ਼ੀ ਕਰਨ ਵਿਚ ਸਮਰੱਥ ਹੋ ਸਕੇਗੀ। ਕਾਂਗਰਸ ਦੀ ਇਹ ਯੋਜਨਾ ਨਾ ਸਿਰਫ਼ ਢਹਿ-ਢੇਰੀ ਹੋ ਗਈ ਬਲਕਿ ਉਸ ਦੀਆਂ ਸਹਿਯੋਗੀ ਪਾਰਟੀਆਂ ਵੀ ਉਸ ਦੀ ਇਸ ਤਿਕੜਮ ਨੂੰ ਭਲੀਭਾਂਤ ਸਮਝ ਗਈਆਂ।

ਆਈਐੱਨਡੀਆਈਏ ਨੂੰ ਆਕਾਰ ਦੇਣ ਲਈ ਜਦ 26 ਪਾਰਟੀਆਂ ਇਕ ਮੰਚ 'ਤੇ ਆਈਆਂ ਤਾਂ ਉਨ੍ਹਾਂ ਨੇ ਕਿਹਾ ਕਿ ਇਸ ਦੇ ਪਿੱਛੇ ਉਨ੍ਹਾਂ ਦਾ ਮਕਸਦ 'ਸੰਵਿਧਾਨ ਵਿਚ ਦਰਜ ਭਾਰਤ ਦੇ ਵਿਚਾਰ ਦੀ ਰੱਖਿਆ' ਕਰਨਾ ਹੈ। ਉਨ੍ਹਾਂ ਵੱਲੋਂ ਇਹ ਵੀ ਕਿਹਾ ਗਿਆ ਕਿ ਲੋਕਤੰਤਰ ਤੇ ਸੰਵਿਧਾਨ ਦੀ ਰੱਖਿਆ ਲਈ ਉਹ ਆਮ ਚੋਣਾਂ ਤੋਂ ਪਹਿਲਾਂ ਇਕ ਸਾਂਝੇ ਮੰਚ 'ਤੇ ਇਕੱਠੀਆਂ ਆਈਆਂ ਹਨ।

ਭਾਜਪਾ ਦੇ ਰਾਸ਼ਟਰਵਾਦ ਦੀ ਕਾਟ ਲਈ ਗੱਠਜੋੜ ਦੇ ਕਰਤਿਆਂ-ਧਰਤਿਆਂ ਨੇ ਆਈਐੱਨਡੀਆਈਏ ਯਾਨੀ 'ਇੰਡੀਆ' ਵਰਗਾ ਨਾਮ ਚੁਣਿਆ। ਅਜਿਹਾ ਮੰਦਭਾਵਨਾ ਤਹਿਤ ਹੀ ਕੀਤਾ ਗਿਆ ਤਾਂ ਜੋ ਜਨਤਾ ਨੂੰ ਮੁਲਕ ਦੇ ਨਾਂ 'ਤੇ ਭਰਮ ਵਿਚ ਪਾ ਕੇ ਆਪਣਾ ਉੱਲੂ ਸਿੱਧਾ ਕੀਤਾ ਜਾ ਸਕੇ। ਪਰ ਜਨਤਾ ਬੜੀ ਸਮਝਦਾਰ ਹੈ ਤੇ ਅਜਿਹੇ ਹੱਥਕੰਡਿਆਂ ਸਹਾਰੇ ਉਸ ਨੂੰ ਕੁਰਾਹੇ ਨਹੀਂ ਪਾਇਆ ਜਾ ਸਕਦਾ। ਜੇ ਇਸ ਗੱਠਜੋੜ ਵਿਚ ਕਾਂਗਰਸ ਦੇ ਵਤੀਰੇ ਅਤੇ ਉਸ ਦੇ ਉਲਟ ਭਾਜਪਾ ਦੀ ਅਗਵਾਈ ਵਾਲੇ ਐੱਨਡੀਏ ਵਿਚ ਭਾਜਪਾ ਦੇ ਰਵੱਈਏ ਨਾਲ ਤੁਲਨਾ ਕਰੀਏ ਤਾਂ ਵੱਡਾ ਫ਼ਰਕ ਦੇਖਣ ਨੂੰ ਮਿਲੇਗਾ। ਮਿਸਾਲ ਦੇ ਤੌਰ 'ਤੇ ਭਾਜਪਾ ਉੱਤਰ ਪ੍ਰਦੇਸ਼ ਵਰਗੇ ਵੱਡੇ ਸੂਬੇ ਵਿਚ ਆਪਣੇ ਛੋਟੇ-ਮੋਟੇ ਸਹਿਯੋਗੀਆਂ ਨੂੰ ਵੀ ਢੁੱਕਵਾਂ ਮਾਣ-ਤਾਣ ਦਿੰਦੀ ਹੈ ਜਦਕਿ ਕੇਂਦਰ ਅਤੇ ਰਾਜ ਵਿਚ ਆਪਣੀ ਸਰਕਾਰ ਲਈ ਪਾਰਟੀ ਉਨ੍ਹਾਂ ਦੇ ਸਮਰਥਨ 'ਤੇ ਨਿਰਭਰ ਵੀ ਨਹੀਂ ਹੈ।

ਜੇ ਕਾਂਗਰਸ ਆਈਐੱਨਡੀਆਈਏ ਦੀਆਂ ਸੰਭਾਵਨਾਵਾਂ ਨੂੰ ਬਿਹਤਰ ਬਣਾਉਣਾ ਚਾਹੁੰਦੀ ਹੈ ਤਾਂ ਉਸ ਨੂੰ ਆਪਣੀਆਂ ਸਹਿਯੋਗੀ ਪਾਰਟੀਆਂ ਦੇ ਉਸ ਫਾਰਮੂਲੇ ਨੂੰ ਸਵੀਕਾਰ ਕਰਨਾ ਹੋਵੇਗਾ ਜਿਸ ਵਿਚ ਉਨ੍ਹਾਂ ਦਾ ਕਹਿਣਾ ਹੈ ਕਿ ਕਾਂਗਰਸ ਸਿਰਫ਼ ਉਨ੍ਹਾਂ ਸੀਟਾਂ 'ਤੇ ਹੀ ਚੋਣ ਲੜੇ ਜਿੱਥੇ ਭਾਜਪਾ ਨਾਲ ਉਸ ਦੀ ਸਿੱਧੀ ਟੱਕਰ ਹੁੰਦੀ ਹੈ।

ਇਸ ਹਿਸਾਬ ਨਾਲ ਕਾਂਗਰਸ ਨੂੰ ਲਗਪਗ 150 ਸੀਟਾਂ 'ਤੇ ਹੀ ਚੋਣ ਲੜਨੀ ਹੋਵੇਗੀ ਅਤੇ ਲਗਪਗ 400 ਸੀਟਾਂ ਸਹਿਯੋਗੀ ਪਾਰਟੀਆਂ ਲਈ ਛੱਡਣੀਆਂ ਹੋਣਗੀਆਂ। ਭਾਵੇਂ ਹੀ ਇਸ ਵਿਚਾਰ ਦਾ ਕੁਝ ਠੋਸ ਆਧਾਰ ਦਿਸਦਾ ਹੋਵੇ ਪਰ ਕਾਂਗਰਸ ਇਸ ਨੂੰ ਆਪਣਾ ਅਪਮਾਨ ਸਮਝਦੇ ਹੋਏ ਖ਼ਾਰਜ ਹੀ ਕਰੇਗੀ। ਉਦਾਹਰਨ ਦੇ ਤੌਰ 'ਤੇ ਉੱਤਰ ਪ੍ਰਦੇਸ਼ ਵਰਗੇ ਮੁੱਖ ਸੂਬੇ ਵਿਚ ਅਮੇਠੀ ਤੇ ਰਾਇਬਰੇਲੀ ਤੋਂ ਪਰੇ ਕਾਂਗਰਸ ਦਾ ਵਜੂਦ ਨਾ ਦੇ ਬਰਾਬਰ ਬਚਿਆ ਹੈ ਪਰ ਕਾਂਗਰਸ ਲੀਡਰਸ਼ਿਪ ਇਸ ਹਕੀਕਤ ਨੂੰ ਸ਼ਾਇਦ ਹੀ ਸਵੀਕਾਰ ਕਰੇ। ਜੇ ਉਹ ਹਕੀਕਤ ਸਵੀਕਾਰ ਕਰੇਗੀ ਤਾਂ ਉਸ ਨੂੰ ਵੱਡਾ ਸਿਆਸੀ ਨੁਕਸਾਨ ਹੋ ਸਕਦਾ ਹੈ। ਇਸ ਨੁਕਸਾਨ ਤੋਂ ਬਚਣ ਲਈ ਹੀ ਕਾਂਗਰਸ ਆਈਐੱਨਡੀਆਈਏ ਗੱਠਜੋੜ ਵਿਚ ਸ਼ਾਮਲ ਹੋਰ ਪਾਰਟੀਆਂ ਦੀਆਂ ਮੰਗਾਂ ਦੀ ਅਣਦੇਖੀ ਕਰ ਰਹੀ ਹੈ। ਬੰਗਾਲ, ਤਾਮਿਲਨਾਡੂ ਅਤੇ ਬਿਹਾਰ ਵਿਚ ਵੀ ਕਾਂਗਰਸ ਦੀ ਇਹੋ ਹਾਲਤ ਹੈ ਪਰ ਇਸ ਦੇ ਬਾਵਜੂਦ ਉਹ ਸਹਿਯੋਗੀਆਂ 'ਤੇ ਜ਼ਿਆਦਾ ਸੀਟਾਂ ਲਈ ਦਬਾਅ ਪਾਵੇਗੀ।

ਬੰਗਾਲ ਵਿਚ ਕਾਂਗਰਸ ਤੇ ਖੱਬੇ-ਪੱਖੀ ਪਾਰਟੀਆਂ ਨੂੰ ਕਿਨਾਰੇ ਰੱਖਣ ਵਾਲੀ ਤ੍ਰਿਣਮੂਲ ਨੇ ਇਹ ਪ੍ਰਸਤਾਵ ਵੀ ਰੱਖਿਆ ਹੈ ਕਿ ਜੋ ਪਾਰਟੀ ਜਿਸ ਸੂਬੇ ਵਿਚ ਮਜ਼ਬੂਤ ਹੋਵੇ, ਉੱਥੇ ਦੀਆਂ ਸੀਟਾਂ ਉਸੇ ਪਾਰਟੀ ਲਈ ਛੱਡ ਦਿੱਤੀਆਂ ਜਾਣ। ਬੰਗਾਲ ਵਿਚ ਫ਼ਿਲਹਾਲ ਕਾਂਗਰਸ ਦੇ ਦੋ ਲੋਕ ਸਭਾ ਮੈਂਬਰ ਹਨ। ਅਜਿਹੇ ਵਿਚ ਤ੍ਰਿਣਮੂਲ ਸੁਭਾਵਿਕ ਤੌਰ 'ਤੇ ਕਾਂਗਰਸ ਨੂੰ ਨਾਲ ਨਹੀਂ ਰੱਖਣਾ ਚਾਹੇਗੀ। ਪੰਜਾਬ ਅਤੇ ਦਿੱਲੀ ਵਿਚ ਵੀ ਇਹੀ ਹਾਲਤ ਹੈ ਜਿੱਥੇ ਆਮ ਆਦਮੀ ਪਾਰਟੀ ਅਰਥਾਤ 'ਆਪ' ਖ਼ਾਸੀ ਮਜ਼ਬੂਤ ਹੈ। ਇੱਥੇ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਦਾ ਸਫ਼ਾਇਆ ਜਿਹਾ ਹੋ ਚੁੱਕਾ ਹੈ। ਆਪੋ-ਆਪਣੇ ਸੂਬਿਆਂ ਵਿਚ ਸ਼ਕਤੀਸ਼ਾਲੀ ਖੇਤਰੀ ਪਾਰਟੀਆਂ ਕਾਂਗਰਸ 'ਤੇ ਦਬਾਅ ਪਾ ਰਹੀਆਂ ਹਨ ਕਿ ਜੇ ਮੋਦੀ ਨੂੰ ਟੱਕਰ ਦੇਣੀ ਹੈ ਤਾਂ ਉਸ ਨੂੰ ਉਨ੍ਹਾਂ ਦੇ ਹਿਸਾਬ ਨਾਲ ਚੱਲਣਾ ਹੋਵੇਗਾ। ਜਿੱਥੇ ਇਨ੍ਹਾਂ ਪਾਰਟੀਆਂ ਦਾ ਇਹ ਮੰਨਣਾ ਹੈ ਕਿ ਜੇ ਉਹ ਆਪਣੇ ਸੂਬਿਆਂ ਵਿਚ ਕਾਂਗਰਸ ਲਈ ਕੁਝ ਸੀਟਾਂ ਛੱਡ ਵੀ ਦੇਣ ਤਾਂ ਵਿਚਾਰਧਾਰਕ ਭਰਮ ਅਤੇ ਸੰਗਠਨਾਤਮਕ ਨਾਕਾਬਲੀਅਤ ਕਾਰਨ ਉਹ ਭਾਜਪਾ ਦਾ ਮੁਕਾਬਲਾ ਨਹੀਂ ਕਰ ਸਕੇਗੀ, ਓਥੇ ਹੀ ਕਾਂਗਰਸ ਸਹਿਯੋਗੀ ਪਾਰਟੀਆਂ ਦੇ ਇਸ ਪ੍ਰਸਤਾਵ ਨੂੰ ਆਪਣਾ ਅਪਮਾਨ ਸਮਝ ਰਹੀ ਹੈ। ਉਸ ਦਾ ਇਹੋ ਵਤੀਰਾ ਉਸ ਦੀਆਂ ਸਹਿਯੋਗੀ ਪਾਰਟੀਆਂ ਨੂੰ ਉਸ ਤੋਂ ਦੂਰ ਕਰਦਾ ਜਾ ਰਿਹਾ ਹੈ। ਜੇ ਆਈਐੱਨਡੀਆਈਏ ਆਮ ਚੋਣਾਂ ਵਿਚ ਮੋਦੀ ਨੂੰ ਟੱਕਰ ਦੇਣੀ ਚਾਹੁੰਦਾ ਹੈ ਤਾਂ ਉਸ 'ਚ ਸ਼ਾਮਲ ਸਭ ਪਾਰਟੀਆਂ ਨੂੰ ਆਪਣੇ ਮੱਤਭੇਦ ਜਲਦ ਤੋਂ ਜਲਦ ਦੂਰ ਕਰਨੇ ਹੋਣਗੇ।

# ਪੰਥ ਤੇ ਪੰਜਾਬ ਦੇ ਹਿਤਾਂ ਦੀ ਰਾਖੀ ਲਈ ਜ਼ਰੂਰੀ ਹੈ ਅਕਾਲੀ ਦਲ ਦਾ ਮਜ਼ਬੂਤ ਹੋਣਾ

*ਸ਼੍ਰੋਮਣੀ ਅਕਾਲੀ ਦਲ ਦੇ ਜਥੇਬੰਦਕ ਵਿਧਾਨ ਦੀ ਸਿਰਜਣਾ ਦੇ ਮੁੱਖ ਮੰਤਵ, ਗੁਰਦੁਆਰਿਆਂ ਦਾ ਪਾਰਦਰਸ਼ੀ ਸੰਗਤੀ ਪ੍ਰਬੰਧ ਕਾਇਮ ਕਰਨਾ, ਸਿੱਖ ਧਰਮ ਦਾ ਪ੍ਰਚਾਰ-ਪ੍ਰਸਾਰ ਅਤੇ ਅਨਮਤ ਦੇ ਹਮਲਿਆਂ ਨੂੰ ਰੋਕਣਾ, ਸ੍ਰੀ ਗੁਰੂ ਨਾਨਕ ਦੇਵ ਜੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਥਾਪਿਤ ਨਿਆਰੇ ਤੇ ਸੁਤੰਤਰ ਕੌਮੀ ਹਸਤੀ ਵਾਲੇ ਪੰਥ ਲਈ ਦੇਸ਼ ਵਿਚ ਖ਼ੁਦਮੁਖਤਿਆਰ ਰਾਜਸੀ ਰੁਤਬੇ ਦੀ ਪ੍ਰਾਪਤੀ ਕਰਨਾ ਆਦਿ ਸਨ। ਜਦੋਂ ਗੁਰਦੁਆਰੇ ਭ੍ਰਿਸ਼ਟ ਮਹੰਤਾਂ ਕੋਲੋਂ ਆਜ਼ਾਦ ਕਰਵਾਉਣ ਲਈ ਅਕਾਲੀ ਦਲ ਦੇ ਸੰਘਰਸ਼ ਨੇ ਤੇਜ਼ੀ ਫੜੀ ਤਾਂ ਰਾਜਨੀਤਿਕ ਖੇਤਰ 'ਚ ਤਰਥੱਲੀ ਮਚ ਗਈ।*

**ਤਲਵਿੰਦਰ ਸਿੰਘ ਬੁੱਟਰ**



ਜਥੇਦਾਰ ਸੁਖਮੁਖ ਸਿੰਘ ਝਬਾਲ



ਪ੍ਰਕਾਸ਼ ਸਿੰਘ ਬਾਦਲ

20ਵੀਂ ਸਦੀ ਦੇ ਆਰੰਭ 'ਚ ਗੁਰਦੁਆਰਾ ਸੁਧਾਰ ਲਹਿਰ ਦੌਰਾਨ ਹੋਂਦ 'ਚ ਆਉਣ ਵਾਲਾ ਸ਼੍ਰੋਮਣੀ ਅਕਾਲੀ ਦਲ ਦੇਸ਼ ਦੀ ਦੂਜੀ ਸਭ ਤੋਂ ਪੁਰਾਣੀ ਸਿਆਸੀ ਜਥੇਬੰਦੀ ਹੈ। ਖ਼ਾਲਸਾ ਰਾਜ ਦੇ ਪਤਨ ਤੋਂ ਬਾਅਦ ਸਿੱਖ ਕੌਮ ਵਿਚ ਛਾਈ ਨਿਰਾਸ਼ਾ ਅਤੇ ਆਈ ਸਿਧਾਂਤਕ ਗਿਰਾਵਟ ਨੂੰ ਦੂਰ ਕਰਨ ਲਈ ਜਿਹੜੀ ਜਾਗ੍ਰਿਤੀ ਸਿੰਘ ਸਭਾ ਲਹਿਰ ਨੇ ਲਿਆਂਦੀ ਸੀ, ਉਸ ਦੇ ਫ਼ਲਸਰੂਪ 15 ਨਵੰਬਰ 1920 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਗਠਨ ਹੋਇਆ। ਸ਼ ?ੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਗਠਨ ਤੋਂ ਬਾਅਦ ਗੁਰਦੁਆਰਿਆਂ ਦਾ ਪ੍ਰਬੰਧ ਮੁਕੰਮਲ ਰੂਪ 'ਚ ਮਹੰਤਾਂ ਕੋਲੋਂ ਛੁਡਾ ਕੇ ਸਿੱਖ ਸੰਸਥਾ ਦੇ ਹਵਾਲੇ ਕਰਨ ਲਈ ਸਿਲਸਿਲੇਵਾਰ ਸਿੱਖ ਜਥੇ ਭੇਜਣ ਤੇ ਸਾਰੇ ਖੇਤਰੀ ਜਥਿਆਂ 'ਚ ਤਾਲਮੇਲ ਸਥਾਪਿਤ ਕਰਨ ਲਈ ਕੇਂਦਰੀ ਜਥੇਬੰਦੀ ਦੀ ਲੋੜ ਮਹਿਸੂਸ ਹੋਣ ਲੱਗੀ। ਵੱਖ-ਵੱਖ ਸੁਝਾਵਾਂ 'ਤੇ ਵਿਚਾਰ ਕਰਨ ਲਈ ਮੁਖੀ ਸਿੱਖਾਂ ਦੀ 14 ਦਸੰਬਰ 1920 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁਖ ਹੋਈ ਇਕੱਤਰਤਾ ਦੌਰਾਨ ਇਹ ਪ੍ਰਵਾਨ ਹੋਇਆ ਕਿ ਗੁਰਦੁਆਰਾ ਸੁਧਾਰ ਲਹਿਰ ਵਿਚ ਹਿੱਸਾ ਲੈਣ ਵਾਲਿਆਂ ਨੂੰ 'ਅਕਾਲੀ' ਆਖਿਆ ਜਾਂਦਾ ਹੈ, ਜਿਸ ਕਰਕੇ ਸਿੱਖਾਂ ਦੀ ਕੇਂਦਰੀ ਜਥੇਬੰਦੀ ਦਾ ਨਾਂਅ 'ਅਕਾਲੀ ਦਲ' ਰੱਖਿਆ ਜਾਵੇ। ਸ. ਸਰਮੁਖ ਸਿੰਘ ਝਬਾਲ ਨੂੰ ਇਸ ਦਾ ਪਹਿਲਾ ਪ੍ਰਧਾਨ ਥਾਪਿਆ ਗਿਆ। ਅਕਾਲੀ ਦਲ ਨਾਲ 'ਸ਼੍ਰੋਮਣੀ' ਸ਼ਬਦ 29 ਮਾਰਚ 1922 ਨੂੰ ਜਥੇਬੰਦੀ ਦੇ ਛੇਵੇਂ ਮਤੇ ਰਾਹੀਂ ਜੋੜ ਦਿੱਤਾ ਗਿਆ।

ਸ਼੍ਰੋਮਣੀ ਅਕਾਲੀ ਦਲ ਦੇ ਜਥੇਬੰਦਕ ਵਿਧਾਨ ਦੀ ਸਿਰਜਣਾ ਦੇ ਮੁੱਖ ਮੰਤਵ, ਗੁਰਦੁਆਰਿਆਂ ਦਾ ਪਾਰਦਰਸ਼ੀ ਸੰਗਤੀ ਪ੍ਰਬੰਧ ਕਾਇਮ ਕਰਨਾ, ਸਿੱਖ ਧਰਮ ਦਾ ਪ੍ਰਚਾਰ-ਪ੍ਰਸਾਰ ਅਤੇ ਅਨਮਤ ਦੇ ਹਮਲਿਆਂ ਨੂੰ ਰੋਕਣਾ, ਸ੍ਰੀ ਗੁਰੂ ਨਾਨਕ ਦੇਵ ਜੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਥਾਪਿਤ ਨਿਆਰੇ ਤੇ ਸੁਤੰਤਰ ਕੌਮੀ ਹਸਤੀ ਵਾਲੇ ਪੰਥ ਲਈ ਦੇਸ਼ ਵਿਚ ਖ਼ੁਦਮੁਖਤਿਆਰ ਰਾਜਸੀ ਰੁਤਬੇ ਦੀ ਪ੍ਰਾਪਤੀ ਕਰਨਾ ਆਦਿ ਸਨ। ਜਦੋਂ ਗੁਰਦੁਆਰੇ ਭ੍ਰਿਸ਼ਟ ਮਹੰਤਾਂ ਕੋਲੋਂ ਆਜ਼ਾਦ ਕਰਵਾਉਣ ਲਈ ਅਕਾਲੀ ਦਲ ਦੇ ਸੰਘਰਸ਼ ਨੇ ਤੇਜ਼ੀ ਫੜੀ ਤਾਂ ਰਾਜਨੀਤਿਕ ਖੇਤਰ 'ਚ ਤਰਥੱਲੀ ਮਚ ਗਈ। ਇਸੇ ਕਰਕੇ 'ਕੁੰਜੀਆਂ ਦਾ ਮੋਰਚਾ' ਜਿੱਤਣ 'ਤੇ ਮਹਾਤਮਾ ਗਾਂਧੀ ਨੇ ਇਸ ਨੂੰ 'ਆਜ਼ਾਦੀ ਦੀ ਲੜਾਈ ਦੀ ਪਹਿਲੀ ਜਿੱਤ' ਕਰਾਰ ਦਿੰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਤਤਕਾਲੀ ਪ੍ਰਧਾਨ ਬਾਬਾ ਖੜਕ ਸਿੰਘ ਨੂੰ ਵਧਾਈ ਦੀ ਤਾਰ ਭੇਜੀ ਸੀ। ਗੁਰਦੁਆਰਾ ਸੁਧਾਰ ਲਹਿਰ ਦੇ ਨਾਲ ਦੇਸ਼ ਦੀ ਆਜ਼ਾਦੀ ਦੀ ਅੰਤਰ-ਭਾਵਨਾ ਵੀ ਜੁੜੀ ਹੋਣ ਕਾਰਨ ਸ਼੍ਰੋਮਣੀ ਅਕਾਲੀ ਦਲ ਨੇ ਆਜ਼ਾਦੀ ਦੇ ਘੋਲ 'ਚ ਵੀ ਬੇਮਿਸਾਲ ਭੂਮਿਕਾ ਨਿਭਾਈ। ਅਕਾਲੀ ਲਹਿਰ ਦੌਰਾਨ 500 ਦੇ ਕਰੀਬ ਸਿੱਖ ਸ਼ਹੀਦ ਹੋਏ, ਹਜ਼ਾਰਾਂ ਅੰਗਾਂ-ਪੈਰਾਂ ਤੋਂ ਨਕਾਰਾ ਹੋ ਗਏ, 30 ਹਜ਼ਾਰ ਨੇ ਕਾਲ-ਕੋਠੜੀਆਂ ਦੀਆਂ ਮੁਸ਼ੱਕਤ ਭਰੀਆਂ ਕੈਦਾਂ ਝੱਲੀਆਂ। ਉਸ ਸਮੇਂ ਦੌਰਾਨ ਅਕਾਲੀਆਂ ਨੇ ਪੰਥ ਦੀ ਸੇਵਾ ਵਾਸਤੇ 15 ਲੱਖ ਰੁਪਏ ਦੇ ਜੁਰਮਾਨੇ ਭਰੇ ਅਤੇ ਹਜ਼ਾਰਾਂ ਸਿੱਖਾਂ ਨੂੰ ਸਰਕਾਰੀ ਅਹੁਦਿਆਂ ਤੋਂ ਮਿਲਦੀਆਂ ਪੈਨਸ਼ਨਾਂ ਤੋਂ ਹੱਥ ਧੋਣੇ ਪਏ। ਅੰਗਰੇਜ਼ ਹਕੂਮਤ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼ ?ੋਮਣੀ ਅਕਾਲੀ ਦਲ ਨੂੰ 12 ਅਕਤੂਬਰ 1923 ਨੂੰ ਗ਼ੈਰ-ਕਾਨੂੰਨੀ ਕਰਾਰ ਦੇ ਦਿੱਤਾ ਅਤੇ ਫਿਰ 13 ਸਤੰਬਰ 1926 ਨੂੰ ਇਹ ਪਾਬੰਦੀ ਖ਼ਤਮ ਹੋਈ। ਸਾਲ 1929 ਵਿਚ ਪੂਰਨ ਸਵਰਾਜ ਦੀ ਮੰਗ ਦਾ ਮਤਾ ਪੇਸ਼ ਕਰਨ ਵਾਲੇ ਕਾਂਗਰਸ ਦੇ ਇਜਲਾਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਬਾਬਾ ਖੜਕ ਸਿੰਘ ਨੂੰ ਮਹਾਤਮਾ ਗਾਂਧੀ ਤੇ ਪੰਡਤ ਨਹਿਰੂ ਨੇ ਭਰੋਸਾ ਦਿੱਤਾ ਕਿ ਆਜ਼ਾਦੀ ਮਿਲਣ 'ਤੇ ਦੇਸ਼ ਵਿਚ ਕੋਈ ਵੀ ਅਜਿਹਾ ਸੰਵਿਧਾਨ ਨਹੀਂ ਬਣੇਗਾ, ਜੋ ਸਿੱਖਾਂ ਨੂੰ ਪ੍ਰਵਾਨ ਨਾ ਹੋਵੇ। ਇਸ ਦੇ ਉਲਟ ਆਜ਼ਾਦੀ ਤੋਂ ਬਾਅਦ ਜਦੋਂ ਸੰਵਿਧਾਨ ਬਣਿਆ ਤਾਂ ਸਿੱਖਾਂ ਨਾਲ ਕੀਤੇ ਸਾਰੇ ਵਾਅਦੇ ਭੁਲਾਏ ਹੀ ਨਹੀਂ ਗਏ, ਸਗੋਂ 10 ਅਕਤੂਬਰ 1948 ਨੂੰ ਕੇਂਦਰੀ ਗ੍ਰਹਿ ਮੰਤਰੀ ਸਰਦਾਰ ਪਟੇਲ ਨੇ ਦੇਸ਼ ਭਰ ਦੇ ਜ਼ਿਲ੍ਹਾ ਕੁਲੈਕਟਰਾਂ ਨੂੰ ਇਕ ਸਰਕੂਲਰ ਜਾਰੀ ਕਰ ਦਿੱਤਾ ਕਿ, ਸਿੱਖ ਇਕ ਜ਼ਰਾਇਮ ਪੇਸ਼ਾ ਕੌਮ ਹਨ। ਨਵੰਬਰ 1949 ਵਿਚ ਸੰਵਿਧਾਨ-ਘੜਨੀ ਕਮੇਟੀ ਦੀ ਆਖ਼ਰੀ ਬੈਠਕ ਦੌਰਾਨ ਸ਼ ?ੋਮਣੀ ਅਕਾਲੀ ਦਲ ਵਲੋਂ ਸਿੱਖਾਂ ਦੀ ਨੁਮਾਇੰਦਗੀ ਕਰਦਿਆਂ ਸ. ਹੁਕਮ ਸਿੰਘ ਅਤੇ ਸ. ਭੁਪਿੰਦਰ ਸਿੰਘ ਮਾਨ ਨੇ ਸੰਵਿਧਾਨ ਦੇ ਖਰੜੇ 'ਤੇ ਦਸਤਖ਼ਤ ਕਰਨ ਤੋਂ ਇਹ ਆਖ ਕੇ ਨਾਂਹ ਕਰ ਦਿੱਤੀ ਸੀ ਕਿ, 'ਸਿੱਖਾਂ ਨੂੰ ਇਹ ਸੰਵਿਧਾਨ ਪ੍ਰਵਾਨ ਨਹੀਂ।'

ਇਸ ਤਰ੍ਹਾਂ ਆਜ਼ਾਦ ਦੇਸ਼ ਅੰਦਰ ਵੀ ਸਿੱਖਾਂ ਨੂੰ ਅਣਗੌਲਿਆਂ ਕਰਨ ਵਿਰੁੱਧ ਰੋਸ ਤੇ ਰੋਹ ਵਧਣਾ ਸ਼ੁਰੂ ਹੋ ਗਿਆ ਸੀ। ਸ਼੍ਰੋਮਣੀ ਅਕਾਲੀ ਦਲ ਦੇ ਤੀਜੇ ਪ੍ਰਧਾਨ ਮਾਸਟਰ ਤਾਰਾ ਸਿੰਘ ਨੇ ਦਿੱਲੀ ਵਿਚ ਵਿਰੋਧ ਰੈਲੀ ਕਰਨ ਦਾ ਫ਼ੈਸਲਾ ਕੀਤਾ ਪਰ ਉਨ੍ਹਾਂ ਨੂੰ ਦਿੱਲੀ ਪੁੱਜਣ ਤੋਂ ਪਹਿਲਾਂ ਹੀ ਨਰੇਲਾ ਰੇਲਵੇ ਸਟੇਸ਼ਨ 'ਤੇ ਗ੍ਰਿਫ਼ਤਾਰ ਕਰਕੇ ਅਲਮੋੜਾ ਜੇਲ੍ਹ ਭੇਜ ਦਿੱਤਾ ਗਿਆ। ਮਾਸਟਰ ਤਾਰਾ ਸਿੰਘ ਆਜ਼ਾਦ ਭਾਰਤ ਦੇ ਪਹਿਲੇ ਸਿਆਸੀ ਕੈਦੀ ਬਣੇ। ਸੂਬਿਆਂ ਦੇ ਭਾਸ਼ਾਈ ਆਧਾਰ 'ਤੇ ਪੁਨਰਗਠਨ ਵੇਲੇ ਵੀ ਪੰਜਾਬ ਨੂੰ ਵਿਚਾਰਿਆ ਨਾ ਗਿਆ ਤਾਂ ਸ਼ ?ੋਮਣੀ ਅਕਾਲੀ ਦਲ ਵਲੋਂ ਪੰਜਾਬੀ ਸੂਬਾ ਬਣਾਉਣ ਲਈ ਪਹਿਲਾਂ ਸੰਨ 1955 ਤੇ ਫਿਰ 1960 ਵਿਚ ਲਗਾਏ ਮੋਰਚਿਆਂ ਵਿਚ ਹਜ਼ਾਰਾਂ ਸਿੱਖਾਂ ਨੇ ਗ੍ਰਿਫ਼ਤਾਰੀ ਦਿੱਤੀ ਤੇ ਅਨੇਕਾਂ ਸ਼ਹੀਦ ਹੋ ਗਏ। ਅਖ਼ੀਰ 'ਚ ਸੰਨ 1966 ਵਿਚ ਪੰਜਾਬੀ ਸੂਬਾ ਬਣਾਇਆ ਗਿਆ ਪਰ ਉਹ ਵੀ ਅੱਧ-ਅਧੂਰਾ ਅਤੇ ਰਾਜਧਾਨੀ ਚੰਡੀਗੜ੍ਹ ਅਤੇ ਅਨੇਕਾਂ ਪੰਜਾਬੀ ਬੋਲਦੇ ਇਲਾਕਿਆਂ ਨੂੰ ਪੰਜਾਬ ਤੋਂ ਬਾਹਰ ਕਰਨ ਵਾਲਾ। ਦਰਿਆਈ ਪਾਣੀ, ਡੈਮਾਂ ਦਾ ਪ੍ਰਬੰਧ ਅਤੇ ਯੂਨੀਵਰਸਿਟੀ ਵਰਗੇ ਮਾਮਲਿਆਂ ਨਵੇਂ ਪੰਜਾਬ ਨੂੰ ਬਣਦੇ ਹੱਕ ਤੇ ਅਧਿਕਾਰ ਨਹੀਂ ਦਿੱਤੇ ਗਏ। 1975 'ਚ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵਲੋਂ ਦੇਸ਼ 'ਚ ਲਗਾਈ ਐਮਰਜੈਂਸੀ ਦੇ ਵਿਰੁੱਧ ਪੂਰੇ ਦੇਸ਼ ਵਿਚ ਸਭ ਤੋਂ ਪਹਿਲਾਂ ਆਵਾਜ਼ ਉਠਾਉਣ ਵਾਲਾ ਸ਼੍ਰੋਮਣੀ ਅਕਾਲੀ ਦਲ ਹੀ ਸੀ ਅਤੇ ਇਸ ਦੌਰਾਨ ਅਕਾਲੀਆਂ ਨੇ ਬੜੇ ਤਸ਼ੱਦਦ ਝੱਲੇ ਤੇ ਜੇਲ੍ਹਾਂ ਵੀ ਕੱਟੀਆਂ।

ਦੇਸ਼ ਵਿਚ ਸੰਘੀ ਢਾਂਚੇ ਦਾ ਨਿਰਮਾਣ ਕਰਕੇ ਪੰਜਾਬ ਨੂੰ ਖ਼ੁਦਮੁਖਤਿਆਰੀ ਦੇਣ, ਦਰਿਆਈ ਪਾਣੀਆਂ, ਰਾਜਧਾਨੀ ਚੰਡੀਗੜ੍ਹ, ਪੰਜਾਬੀ ਬੋਲਦੇ ਇਲਾਕੇ ਪੰਜਾਬ ਹਵਾਲੇ ਕਰਨ ਸਮੇਤ ਹੋਰ ਅਨੇਕਾਂ ਪੰਜਾਬ ਦੇ ਹੱਕਾਂ ਦੀ ਪ੍ਰਾਪਤੀ ਲਈ ਸ਼੍ਰੋਮਣੀ ਅਕਾਲੀ ਦਲ ਨੇ 4 ਅਗਸਤ 1982 ਵਿਚ ਧਰਮ ਯੁੱਧ ਮੋਰਚਾ ਲਗਾਇਆ। ਸ਼੍ਰੋਮਣੀ ਅਕਾਲੀ ਦਲ ਨੇ ਸਿੱਖ ਕੌਮ ਦੀ ਭਾਰਤ ਅੰਦਰ ਵੱਖਰੀ ਕੌਮੀਅਤ ਅਤੇ ਪਛਾਣ ਨੂੰ ਮੰਨਣ ਤੋਂ ਇਨਕਾਰ ਕਰਨ ਵਾਲੀ 'ਸੰਵਿਧਾਨ ਦੀ ਧਾਰਾ-25-ਬੀ' ਦਾ ਵੀ ਡੱਟਵਾਂ ਵਿਰੋਧ ਕੀਤਾ। ਸ਼ ?ੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਅਗਵਾਈ 'ਚ ਢਾਈ ਲੱਖ ਦੇ ਕਰੀਬ ਸਿੱਖਾਂ ਨੇ ਗ੍ਰਿਫ਼ਤਾਰੀਆਂ ਦਿੱਤੀਆਂ ਅਤੇ ਅਸਹਿ-ਅਕਹਿ ਤਸ਼ੱਦਦ ਝੱਲੇ। ਗ੍ਰਿਫ਼ਤਾਰੀਆਂ ਦੇਣ ਲਈ ਸਭ ਤੋਂ ਪਹਿਲਾ ਜਥਾ ਸ. ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ 'ਚ ਗਿਆ ਸੀ। ਕੇਂਦਰ ਦੀ ਕਾਂਗਰਸ ਸਰਕਾਰ ਨੇ ਸਿੱਖਾਂ ਨੂੰ ਹੱਕ ਦੇਣ ਦੀ ਥਾਂ ਇਸ ਮੋਰਚੇ ਨੂੰ ਕੁਚਲਣ ਲਈ ਜੂਨ 1984 ਵਿਚ ਸ੍ਰੀ ਦਰਬਾਰ ਸਾਹਿਬ 'ਤੇ ਫ਼ੌਜੀ ਹਮਲਾ ਕਰ ਦਿੱਤਾ। ਇਸ ਤੋਂ ਬਾਅਦ ਪੰਜਾਬ 'ਚ ਹਿੰਸਾ ਦੀ ਬੇਰੋਕ ਜਵਾਲਾ ਭੜਕ ਪਈ ਹਾਲਾਤ ਨੂੰ ਸੁਖਾਵਾਂ ਮੋੜ ਦੇਣ ਲਈ 1985 'ਚ ਸ਼ ?ੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਤਤਕਾਲੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨਾਲ ਇਕ ਸਮਝੌਤਾ ਵੀ ਸਹੀਬੱਧ ਕੀਤਾ, ਜਿਸ ਤਹਿਤ ਪੰਜਾਬ ਦੇ ਮਸਲਿਆਂ ਨੂੰ ਹੱਲ ਕੀਤਾ ਜਾਣਾ ਸੀ ਪਰ ਇਹ ਸਮਝੌਤਾ ਵੀ ਸਿਰੇ ਨਾ ਚੜ੍ਹ ਸਕਿਆ ਤੇ ਪੰਜਾਬ 1995 ਤੱਕ ਅੱਗ ਦੀ ਭੱਠੀ ਬਣਿਆ ਰਿਹਾ।

ਬੇਸ਼ੱਕ ਪੰਜਾਬੀ ਸੂਬੇ ਦੀ ਸਥਾਪਤੀ ਪਿੱਛੋਂ ਅਕਾਲੀ ਦਲ ਸੂਬੇ ਦੀ ਸ਼ਕਤੀਸ਼ਾਲੀ ਰਾਜਸੀ ਪਾਰਟੀ ਬਣ ਕੇ ਉੱਭਰਿਆ ਸੀ ਤੇ 1967, 1969, 1977 ਅਤੇ 1985 ਵਿਚ ਇਸ ਦੀਆਂ ਸਰਕਾਰਾਂ ਬਣਦੀਆਂ ਰਹੀਆਂ ਪਰ 1997 ਵਿਚ ਇਸ ਦੀ ਪਹਿਲੀ ਸਰਕਾਰ ਹੀ ਸੀ, ਜੋ ਪੂਰੇ ਪੰਜ ਸਾਲ ਚੱਲ ਸਕੀ। ਪੰਜਾਬ 'ਚ ਖਾੜਕੂਵਾਦ ਦੇ ਖ਼ਾਤਮੇ ਦੇ ਨਾਂਅ 'ਤੇ ਪੁਲਿਸ ਦੁਆਰਾ ਕੀਤੇ ਗਏ ਮਨੁੱਖੀ ਅਧਿਕਾਰਾਂ ਦੇ ਘਾਣ ਦੇ ਇਕ ਦਿਲ ਕੰਬਾਊ ਦੌਰ ਤੋਂ ਬਾਅਦ ਭਾਈਚਾਰਕ ਏਕਤਾ ਅਤੇ ਅਮਨ-ਸ਼ਾਂਤੀ ਲਈ 1997 ਦੀਆਂ ਵਿਧਾਨ ਸਭਾ ਚੋਣਾਂ 'ਚ ਪੰਜਾਬ ਦੇ ਲੋਕਾਂ ਨੇ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਗੱਠਜੋੜ ਨੂੰ ਰਿਕਾਰਡ ਬਹੁਮਤ ਨਾਲ 93 ਸੀਟਾਂ ਜਿੱਤਾ ਕੇ ਸੱਤਾ 'ਚ ਲਿਆਂਦਾ, ਜਿਸ 'ਚ 75 ਸੀਟਾਂ ਸ਼੍ਰੋਮਣੀ ਅਕਾਲੀ ਦਲ ਨੇ ਅਤੇ 18 ਸੀਟਾਂ ਭਾਰਤੀ ਜਨਤਾ ਪਾਰਟੀ ਨੇ ਹਾਸਿਲ ਕੀਤੀਆਂ ਸਨ। ਅਕਾਲੀ ਦਲ ਨੇ ਭਾਰਤੀ ਜਨਤਾ ਪਾਰਟੀ ਦੀ ਭਾਈਵਾਲੀ ਨਾਲ ਸਰਕਾਰ ਬਣਾਈ ਅਤੇ ਇਸ ਸਰਕਾਰ ਨੇ ਪਹਿਲੀ ਹੀ ਕੈਬਨਿਟ ਮੀਟਿੰਗ ਵਿਚ ਪੰਜ ਏਕੜ ਤੱਕ ਦੀਆਂ ਜ਼ਮੀਨਾਂ ਦੇ ਮਾਲਕਾਂ 'ਤੇ ਲੱਗੇ ਲਗਾਨ ਨੂੰ ਮੁਆਫ਼ ਕਰ ਕੇ ਅਤੇ ਕਿਸਾਨਾਂ ਨੂੰ ਟਿਊਬਵੈੱਲਾਂ ਲਈ ਮੁਫ਼ਤ ਬਿਜਲੀ ਦੇਣ ਦਾ ਫ਼ੈਸਲਾ ਕਰ ਕੇ ਕਿਸਾਨਾਂ ਦੇ ਦਿਲ ਜਿੱਤ ਲਏ। ਇਸ ਸਰਕਾਰ ਦੌਰਾਨ ਖ਼ਾਲਸਾ ਪੰਥ ਦੇ 300 ਸਾਲਾ ਸਾਜਨਾ ਦਿਵਸ ਦੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਕੌਮਾਂਤਰੀ ਪੱਧਰ 'ਤੇ ਹੋਏ ਸਮਾਗਮ ਇਤਿਹਾਸ ਦਾ ਹਿੱਸਾ ਹੋ ਨਿੱਬੜੇ, ਜਿਸ ਦੌਰਾਨ ਕੇਂਦਰ ਵਿਚ ਆਪਣੀ ਭਾਈਵਾਲ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਤੋਂ ਅਕਾਲੀ ਦਲ ਨੇ ਬਹੁਕਰੋੜੀ ਪ੍ਰਾਜੈਕਟ ਖ਼ਾਲਸਾ ਪੰਥ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਲਈ ਲਿਆਂਦੇ। ਸੰਨ 2007 ਤੋਂ 2017 ਤੱਕ ਲਗਾਤਾਰ ਦੋ ਵਾਰ ਅਕਾਲੀ ਦਲ, ਭਾਰਤੀ ਜਨਤਾ ਪਾਰਟੀ ਦੇ ਗੱਠਜੋੜ ਨਾਲ ਪੰਜਾਬ ਦੀ ਸੱਤਾ 'ਚ ਆਇਆ, ਜਿਸ ਦੌਰਾਨ ਪੰਜਾਬ ਅੰਦਰ ਸੜਕਾਂ, ਪੁਲਾਂ ਅਤੇ ਹੋਰ ਬੁਨਿਆਦੀ ਢਾਂਚੇ ਨਾਲ ਸੰਬੰਧਿਤ ਬੇਤਹਾਸ਼ਾ ਵਿਕਾਸ ਹੋਇਆ। ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਅਤੇ ਉੱਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਕਰੋੜਾਂ ਰੁਪਏ ਖਰਚ ਕੇ ਮੁਗ਼ਲ ਕਾਲ ਦੇ ਸਿੱਖ ਘੱਲੂਘਾਰਿਆਂ ਅਤੇ ਦੇਸ਼ ਦੀ ਆਜ਼ਾਦੀ ਨਾਲ ਜੁੜੇ ਸਾਕਿਆਂ ਨੂੰ ਚੇਤੇ ਰੱਖਣ ਲਈ ਯਾਦਗਾਰਾਂ ਉਸਾਰੀਆਂ ਗਈਆਂ। ਸਿਹਤ ਤੇ ਸਿੱਖਿਆ ਦੇ ਖੇਤਰ 'ਚ ਵੀ ਢਾਂਚਾਗਤ ਵਿਕਾਸ ਕੀਤਾ ਗਿਆ ਪਰ ਇਸ ਸਭ ਕਾਸੇ ਦੌਰਾਨ ਸ਼੍ਰੋਮਣੀ ਅਕਾਲੀ ਦਲ ਨੂੰ ਲਗਾਤਾਰ ਦਸ ਸਾਲ ਸੱਤਾ 'ਚ ਰਹਿਣ ਕਾਰਨ ਸੱਤਾ ਵਿਰੋਧੀ ਰੁਝਾਨ, ਆਪਣੀ ਬੁਨਿਆਦੀ ਸਿਧਾਂਤਿਕ ਵਿਚਾਰਧਾਰਾ ਅਤੇ ਧਰਮ ਨਿਰਪੱਖਤਾ ਦੇ ਏਜੰਡੇ ਵਿਚ ਤਵਾਜ਼ਨ ਬਣਾਉਣ 'ਚ ਅਸਮਰੱਥ ਰਹਿਣ ਕਾਰਨ 2017 ਅਤੇ 2022 ਦੀਆਂ ਚੋਣਾਂ 'ਚ ਹਾਰ ਦਾ ਮੂੰਹ ਵੇਖਣਾ ਪਿਆ। ਬੇਸ਼ੱਕ ਪਿਛਲੀਆਂ ਦੋ ਸੂਬਾਈ ਚੋਣਾਂ 'ਚ ਅਕਾਲੀ ਦਲ ਦੇ ਮਾੜੇ ਪ੍ਰਦਰਸ਼ਨ ਅਤੇ ਸੱਤਾ 'ਚੋਂ ਬਾਹਰ ਰਹਿਣ ਲਈ ਪਾਰਟੀ ਦੀ ਲੀਡਰਸ਼ਿਪ ਦੀਆਂ ਗ਼ਲਤੀਆਂ ਵੀ ਜ਼ਿੰਮੇਵਾਰ ਹਨ ਪਰ ਇਸ ਪਿੱਛੇ ਸਿੱਖਾਂ ਦੀ ਰਾਜਸੀ ਸ਼ਕਤੀ ਨੂੰ ਖੀਣ ਕਰਨ ਦੀਆਂ ਸੂਖ਼ਮ ਨੀਤੀਆਂ ਤਹਿਤ ਸਿਰਜੇ ਗਏ ਬਿਰਤਾਂਤ ਵੀ ਅਜਿਹਾ ਮਾਹੌਲ ਬਣਾਉਣ 'ਚ ਕਾਮਯਾਬ ਰਹੇ, ਜਿਸ ਨਾਲ ਅਕਾਲੀ ਦਲ ਨੂੰ ਪੰਥ ਦੀ ਨਾਰਾਜ਼ਗੀ ਦਾ ਸਾਹਮਣਾ ਕਰਨਾ ਪਿਆ। ਜੋ ਵੀ ਹੋਵੇ, ਪਿਛਲੇ ਸਮੇਂ ਦੌਰਾਨ ਜਿਸ ਤਰੀਕੇ ਨਾਲ ਭਾਰਤ ਅੰਦਰ ਫ਼ਿਰਕਾਪ੍ਰਸਤੀ, ਘੱਟ-ਗਿਣਤੀਆਂ ਨਾਲ ਵਧੀਕੀਆਂ ਅਤੇ ਉਨ੍ਹਾਂ ਦੇ ਧਾਰਮਿਕ ਅਸਥਾਨਾਂ 'ਤੇ ਹਮਲੇ, ਰਾਜਸੀ ਅਧਿਕਾਰਾਂ ਦੇ ਕੇਂਦਰੀਕਰਨ ਅਤੇ ਸੂਬਿਆਂ, ਖ਼ਿੱਤਿਆਂ, ਸੱਭਿਆਚਾਰਾਂ ਤੇ ਬੋਲੀਆਂ ਦੀ ਵੰਨ-ਸੁਵੰਨਤਾ ਨੂੰ ਖ਼ਤਮ ਕਰ ਕੇ ਸਾਰੇ ਦੇਸ਼ 'ਚ ਇਕ ਬੋਲੀ, ਇਕ ਸਭਿਆਚਾਰ ਤੇ ਇਕ ਮਜ਼੍ਹਬ ਨੂੰ ਪ੍ਰਫ਼ੁਲਿਤ ਕਰਨ ਦੀਆਂ ਸਰਗਰਮੀਆਂ ਚੱਲ ਰਹੀਆਂ ਹਨ, ਉਸ ਅਜੋਕੇ ਕੌਮੀ ਪ੍ਰਸੰਗ 'ਚ ਸਿੱਖਾਂ ਅਤੇ ਪੰਜਾਬ ਦੇ ਸਰਬਪੱਖੀ ਹਿਤਾਂ ਦੀ ਦੇਸ਼ ਅੰਦਰ ਸੁਰੱਖਿਆ ਅਤੇ ਪ੍ਰਤੀਨਿਧਤਾ ਲਈ ਸ਼੍ਰੋਮਣੀ ਅਕਾਲੀ ਦਲ ਦੀ ਸ਼ਕਤੀਸ਼ਾਲੀ ਮੌਜੂਦਗੀ ਬਹੁਤ ਜ਼ਰੂਰੀ ਹੈ। ਦੇਸ਼ ਦੀ ਖੇਤਰੀ, ਭਾਸ਼ਾਈ, ਸਭਿਆਚਾਰਕ ਅਤੇ ਧਾਰਮਿਕ ਵੰਨ-ਸੁਵੰਨਤਾ ਅਤੇ ਸੂਬਿਆਂ ਦੇ ਰਾਜਸੀ ਅਧਿਕਾਰਾਂ ਦੀ ਰਖਵਾਲੀ ਲਈ ਵੀ ਖੇਤਰੀ ਰਾਜਨੀਤੀ ਨੂੰ ਉਭਾਰਨ ਦੀ ਇਸ ਵੇਲੇ ਬੇਹੱਦ ਲੋੜ ਹੈ ਅਤੇ ਇਸ ਪ੍ਰਸੰਗ 'ਚ ਸ਼੍ਰੋਮਣੀ ਅਕਾਲੀ ਦਲ ਹੀ ਇਕੋ-ਇਕ ਪਾਰਟੀ ਹੈ, ਜੋ ਆਪਣੇ ਸ਼ਾਨਾਂਮੱਤੇ ਇਤਿਹਾਸ, ਵਿਚਾਰਧਾਰਾ ਅਤੇ ਪਰੰਪਰਾ ਤੋਂ ਸੇਧ ਲੈ ਕੇ ਅਗਵਾਈ ਕਰ ਸਕਦਾ ਹੈ।

# ਖਜੂਰ ਖਾਓ- ਠੰਢ ਭਜਾਓ




ਹੈਲਥ ਮੀਡੀਆ ਕੈਨੇਡਾ : ਸੀਤ ਲਹਿਰ 'ਤੇ ਧੁੰਦ ਸ਼ੁਰੂ ਹੋ ਜਾਣ ਨਾਲ ਬਚਿਆਂ ਤੋਂ ਲੈ ਕੇ ਬਜ਼ੁਰਗਾਂ ਦਾ ਘਰੋਂ ਬਾਹਰ ਨਿਕਲਨਾ ਮੁਸ਼ਕਲ ਹੋ ਗਿਆ ਹੈ। ਕੰਮ-ਧੰਦਿਆਂ 'ਤੇ ਵੀ ਠੰਢ 'ਤੇ ਧੁੰਦ ਦਾ ਮਾੜਾ ਅਸਰ ਦੇਖਿਆ ਜਾ ਰਿਹਾ ਹੈ। ਸਰੀਰ-ਮਨ ਦੀਆਂ ਆਮ ਸ਼ਿਕਾਇਤਾਂ ਯਾਨਿ ਚਮੜੀ ਜ਼ਿਆਦਾ ਖੁਸ਼ਕ ਹੋ ਜਾਣਾ, ਅਗਜ਼ੀਮਾ, ਖਾਰਿਸ਼, ਸੋਰਾਇਸਿਸ, ਖੰਘ-ਜ਼ੁਕਾਮ-ਫਲੂ ਅਤੇ ਸਟ੍ਰੈਸ ਵਗੈਰਾ ਵੱਧ ਜਾਂਦਾ ਹੈ। ਠੰਢ ਦੌਰਾਨ ਸਰੀਰ-ਮਨ ਦੇ ਰੋਗਾਂ ਨਾਲ ਲੜਨ ਲਈ 'ਤੇ ਤਾਕਤ ਵਧਾਉਣ ਲਈ ਪੌਸ਼ਟਿਕ ਖ਼ੁਰਾਕ ਦੀ ਲੋੜ ਹੁੰਦੀ ਹੈ। ਸਰੀਰ ਮਨ ਦੇ ਅੰਦਰ ਦੀ ਗਰਮੀ ਹਾਸਿਲ ਕਰਨ ਲਈ ਖਜੂਰ ਖਾ ਸਕਦੇ ਹੋ। ਵਿਸ਼ਵ ਭਰ ਵਿਚ ਠੰਡ ਦੇ ਮੌਸਮ ਵਿੱਚ ਸਰੀਰ ਅੰਦਰ ਗਰਮੀ ਮਹਿਸੂਸ ਕਰਨ ਲਈ ਸੁਆਦੀ ਫਲ ਖਜੂਰ ਦੀ ਆਪਣੀ ਹੀ ਮਹੱਤਾ ਹੈ। ਹਜ਼ਾਰਾਂ ਸਾਲਾਂ ਤੋਂ ਮੱਧ ਪੂਰਬ ਅਤੇ ਸਿੰਧ ਘਾਟੀ ਵਿਚ ਖਜੂਰ ਭੋਜਨ ਦਾ ਖਾਸ ਹਿੱਸਾ ਰਹੀ ਹੈ। ਮੱਧ ਪੂਰਬ 'ਤੇ ਉੱਤਰੀ ਅਫਰੀਕਾ ਦੇ ਦੇਸ਼ ਮੁੱਖ ਉਤਪਾਦਕ ਰਹੇ ਹਨ। ਸਲਾਨਾ ਵਿਸ਼ਵ ਉਤਪਾਦਨ 8.5 ਮਿਲੀਅਨ ਮੀਟ੍ਰਿਕ ਦੇ ਬਰਾਬਰ ਹੈ। ਇਰਾਕ, ਈਰਾਨ, ਅਰਬ, ਉੱਤਰੀ



ਅਨਿਲ ਧੀਰ
ਕਾਲਮਨਿਸਟ
healthmedia1@hotmail.com

ਅਫਰੀਕਾ ਪੱਛਮ ਤੋਂ ਮੋਰਾਕੋ ਤੱਕ ਅਤੇ ਖਜੂਰ ਮੇਡਜੂਲ, ਡੇਗਲਟ ਨੌਰ ਅਮਰੀਕਾ ਤੇ ਦੱਖਣੀ ਕੈਲੀਫੋਰਨੀਆ, ਐਰੀਜ਼ੋਨਾ, ਦੱਖਣੀ ਫਲੋਰਿਡਾ ਵਿਚ ਅਤੇ ਮੈਕਸੀਕੋ ਵਿਚ ਸਨੌਰਾ ਤੇ ਬਾਜਾ ਕੈਲੀਫੋਰਨੀਆ ਵਿਚ ਕਾਸ਼ਤ ਜਾ ਰਹੀ ਹੈ। ਸਾਲਾਂ ਤੋਂ ਇਸਦਾ ਇਸਤੇਮਾਲ ਘਰੇਲੂ ਰਸੋਈ, ਮਿਠਾਈਆਂ ਤੇ ਬੇਕਰੀ ਪ੍ਰਾਡਕਟਸ ਵਿੱਚ ਕੀਤਾ ਜਾ ਰਿਹਾ ਹੈ।

100 ਗ੍ਰਾਮ ਫੱਲ ਖਜੂਰ ਵਿਚ ਕੈਲੋਰੀਜ਼-277, ਕਾਰਬਜ਼-75 ਗ੍ਰਾਮ, ਫਾਈਬਰ-7 ਗ੍ਰਾਮ, ਪ੍ਰੋਟੀਨ-2 ਗ੍ਰਾਮ, ਪੋਟਾਸ਼ਿਅਮ-20%, ਮੈਗਨੀਸ਼ੀਅਮ-14%, ਕੌਪਰ-18%, ਮੈਂਗਨੀਜ਼-15%, ਆਇਰਨ-5% ਅਤੇ ਵਿਟਾਮਿਨ ਬੀ-6 12%, ਬੋਰਾਨ, ਕੋਬਾਲਟ, ਫਲੋਰਾਈਨ, ਸੇਲੇਨੀਅਮ, ਜ਼ਿੰਕ ਵਗੈਰਾ ਮਿਲਦਾ ਹੈ। ਖਜੂਰ ਅੰਦਰ ਐਂਟੀ-ਆਕਸੀਡੈਂਟ, ਯਾਨਿ ਜੋ ਆਕਸੀਕਰਨ ਦੀ ਪ੍ਰਕਿਰਿਆ ਰੋਕ ਕੇ ਸਰੀਰ ਅੰਦਰ ਸੈੱਲਾਂ ਨੂੰ ਸੇਫ ਕਰਕੇ ਖਤਰਨਾਕ ਰੇਡੀਕਲਸ ਨੂੰ ਘੱਟ ਕਰਦਾ ਹੈ।

ਸਰੀਰਕ 'ਤੇ ਮਾਨਸਿਕ ਕਮਜੌਰੀ ਦੂਰ ਕਰਨ ਲਈ ਬੱਚੇ, ਔਰਤਾਂ, ਨੌਜਵਾਨ ਤੇ ਸੀਨਿਅਰਜ ਤੰਦਰੁਸਤੀ ਲਈ ਇਸਦਾ ਫਾਇਦਾ ਲੈ ਸਕਦੇ ਹਨ। ਖਜੂਰ ਅੰਦਰ ਮੌਜੂਦ ਤੱਤ ਇਮੀਉਨਿਟੀ ਦੇ ਨਾਲ ਸ਼ਰੀਰਕ ਤੇ ਮਾਨਸਿਕ ਤਾਕਤ ਦਿੰਦੇ ਹਨ।

ਸ਼ਾਦੀ-ਸ਼ੁਦਾ ਜੋੜਿਆਂ ਦੀ ਆਮ ਸਮੱਸਿਆ ਬਾਂਝਪਨ, ਜਿਸਦਾ ਕਾਰਨ ਤੰਬਾਕੂਨੋਸ਼ੀ, ਅਲਕੋਹਲ ਦਾ ਵੱਧ ਸੇਵਨ, ਰੇਡੀਏਸ਼ਨ ਦੇ ਵੱਧ ਐਕਸਪੋਜਰ ਵਗੈਰਾ ਮਨਿਆ ਜਾ ਰਿਹਾ ਹੈ। ਤੰਦਰੁਸਤ ਬੱਚੇ ਲਈ ਔਰਤ-ਮਰਦ ਰੋਜਾਨਾਂ 5-5 ਦਾਨੇ ਗਰਮ ਦੁੱਧ ਨਾਲ ਇਸਤੇਮਾਲ ਕਰ ਸਕਦੇ ਹਨ।

ਕਮਜੌਰੀ ਕਾਰਨ ਚੱਕਰ ਆਓਣ ਦੀ ਹਾਲਤ ਵਿੱਚ ਸਰਦੀ ਦੇ ਮੌਸਮ ਵਿੱਚ 5-7 ਬਿਨਾ ਗੁਠਲੀ ਖਜੂਰ ਦੇ ਦਾਨੇ ਦੁੱਧ ਵਿੱਚ ਉਬਾਲ ਕੇ ਜਾਂ ਗਰਮ ਦੁੱਧ ਨਾਲ ਲਗਾਤਾਰ ਸੇਵਨ ਕਰੋ।

ਪਿੱਠ ਦਰਦ ਦੀ ਹਾਲਤ ਵਿੱਚ 1 ਕੱਪ ਪਾਣੀ ਵਿੱਚ 5 ਦਾਨੇ ਬਿਨਾ ਗੁਠਲੀ ਖਜੂਰ ਦੇ, 1 ਚਮਚ ਮੇਥੀ ਪਾਉਡਰ ਮਿਕਸ ਕਰਕੇ ਉਬਾਲੋ। ਪਾਣੀ ਅੱਧਾ ਰਹਿ ਜਾਣ ਤੇ ਕੁਨਕੁਨਾ ਕਰਕੇ ਸਵੇਰੇ ਸ਼ਾਮ ਲਗਾਤਾਰ ਪੀਓ।



ਕਬਜ ਦੀ ਹਾਲਤ ਵਿੱਚ ਰਾਤ ਨੂੰ ਸੌਣ ਵੇਲੇ ਬਿਨਾ ਗੁਠਲੀ ਖਜੂਰ ਦੇ 6 ਦਾਨੇ 1 ਕੱਪ ਪਾਣੀ ਵਿੱਚ ਰਾਤ ਭਰ ਭੇਂ ਕੇ ਰੱਖੋ। ਸਵੇਰੇ ਹਾਗਦੇ ਹੀ ਬਿਨਾ ਬ੍ਰਸ਼ ਕੀਤੇ ਇਹ ਪਾਣੀ ਪੀਣ ਤੇ ਨਾਲ ਚਮਚੇ ਨਾਲ ਖਜੂਰ ਦੇ ਦਾਨੇ ਵੀ ਖਾ ਲੈਣ ਨਾਲ ਰਾਹਤ ਮਿਲਦੀ ਹੈ।

ਕਮਜੋਰ ਪਾਚਨ ਸ਼ਕਤੀ ਵਾਲੇ ਅੱਧਾ ਚਮਚ ਅਜਵੈਨ 1 ਕੱਪ ਪਾਣੀ ਵਿੱਚ ਉਬਾਲੋ। ਇਸ ਪਾਣੀ ਦੇ ਨਾਲ ਸਵੇਰੇ ਸ਼ਾਮ 3-4 ਦਾਨੇ ਖਜੂਰ ਦੇ ਸੇਵਨ ਕਰੋ।

ਗਠਿਆ ਤੌਂ ਪ੍ਰੇਸ਼ਾਨ ਬਿਨਾ ਗੁਠਲੀ 5 ਦਾਨੇ ਖਜੂਰ ਦੇ ਅੱਧਾ ਚਮਚ ਗਰਮ ਦੇਸੀ ਘਿਓ ਵਿੱਚ ਮਿਕਸ ਕਰਕੇ ਸੁਆਦ ਮੁਤਾਬਕ ਨਮਕ ਮਿਕਸ ਕਰਕੇ ਸਵੇਰੇ ਸ਼ਾਮ ਲਗਾਤਾਰ ਸਿਤੇਮਾਲ ਕਰੋ।


ਖਜੂਰ ਅੰਦਰ ਮੌਜੂਦ ਤੱਤ ਬੀਟਾ ਡੀ-ਗਲੁਕਨ ਖਤਰਨਾਕ ਬਿਮਾਰੀ ਕੈਂਸਰ ਵਿਚ ਸਰੀਰ ਅੰਦਰ ਟਿਉਮਰ ਦੇ ਵੱਧਣ ਦੀ ਪ੍ਰਕਿਰਿਆ ਨੂੰ ਘੱਟ ਕਰਦਾ ਹੈ।

ਚਲ ਰਹੀ ਖੋਜ ਅਨੁਸਾਰ ਖਜੂਰ ਸਰੀਰ ਅੰਦਰ ਇਨਸੁਲਿਨ ਦੇ ਉਤਪਾਦਨ ਨੂੰ ਵਧਾਉਂਦੀ ਹੈ ਜੋ ਗਲੂਕੋਜ਼ ਦੇ ਲੈਵਲ ਨੂੰ ਘੱਟ ਕਰਨ ਵਿਚ ਮਦਦ ਕਰ ਸਕਦੀ ਹੈ। ਫੱਲ ਖਜੂਰ ਡਾਇਬਟੀਜ਼ ਦੀਆਂ ਮੌਜੂਦ ਸਿੰਥੈਟਿਕ ਦਵਾਈਆਂ ਦਾ ਬਦਲ ਬਣ ਸਕਦਾ ਹੈ।

ਝੱੜਦੇ ਵਾਲਾਂ ਨੂੰ ਰੋਕਣ ਲਈ ਖਜੂਰ ਅੰਦਰ ਮੌਜੂਦ ਤੱਤਾਂ 'ਤੇ ਰਿਸਰਚ ਕੀਤੀ ਜਾ ਰਹੀ ਹੈ। ਖਜੂਰ ਵਿਚ ਮੌਜੂਦ ਆਇਰਨ ਆਦਿ ਤੱਤਾਂ ਕਾਰਨ ਬਲੱਡ ਸਰਕੂਲੇਸ਼ਨ ਵਧਾ ਕੇ ਖੋਪੜੀ ਨੂੰ ਪੋਸ਼ਣ ਮਿਲਦਾ ਹੈ।

ਨੋਟ: ਡਾਇਬਟੀਜ਼ ਦੇ ਰੌਗੀ 'ਤੇ ਇਨਸੂਲਿਨ ਦੀ ਵਰਤੋਂ ਕਰਨ ਵਾਲੇ ਅਤੇ ਗਰਭਵਤੀ ਔਰਤਾਂ ਖਜੂਰ ਦਾ ਇਸਤੇਮਾਲ ਆਪਣੇ ਫੈਮਿਲੀ ਡਾਕਟਰ ਦੀ ਸਲਾਹ ਨਾਲ ਹੀ ਕਰਨ।

# ਸਰਦੀਆਂ 'ਚ ਜੋੜਾਂ ਦਾ ਦਰਦ



-ਡਾ. ਮਾਜਿਦ ਅਲੀਮ

ਜੋ ਲੋਕ ਜੋੜਾਂ ਦੇ ਦਰਦ ਤੋਂ ਪੀੜਤ ਹੁੰਦੇ ਹਨ, ਸਰਦੀਆਂ ਉਨ੍ਹਾਂ 'ਚ ਡਰ ਪੈਦਾ ਕਰਦੀਆਂ ਹਨ ਕਿਉਂਕਿ ਠੰਢ ਆਉਂਦਿਆਂ ਹੀ ਜੋੜਾਂ ਦਾ ਦਰਦ ਵਧ ਜਾਂਦਾ ਹੈ। ਇਸ ਦਾ ਕਾਰਨ ਹੁੰਦਾ ਹੈ ਵਧਿਆ ਹੋਇਆ ਯੂਰਿਕ ਐਸਿਡ। ਇਸ ਲਈ ਜਿਨ੍ਹਾਂ ਲੋਕਾਂ ਨੂੰ ਵਧੇ ਹੋਏ ਯੂਰਿਕ ਐਸਿਡ ਦੀ ਸ਼ਿਕਾਇਤ ਹੁੰਦੀ ਹੈ, ਉਨ੍ਹਾਂ ਨੂੰ ਸਰਦੀਆਂ 'ਚ ਕੁਝ ਵਿਸ਼ੇਸ਼ ਤਰ੍ਹਾਂ ਦੀਆਂ ਸਾਵਧਾਨੀਆਂ ਵਰਤਣੀਆਂ ਚਾਹੀਦੀਆਂ ਹਨ, ਤਾਂ ਕਿ ਇਹ ਮੌਸਮ ਉਨ੍ਹਾਂ ਲਈ ਪ੍ਰੇਸ਼ਾਨੀ ਦੀ ਵਜ ?ਹਾ ਨਾ ਬਣ ਸਕੇ।

ਗਰਮ ਪਾਣੀ ਦੀ ਵਰਤੋਂ ਕਰੋ : ਜਿਨ੍ਹਾਂ ਲੋਕਾਂ ਨੂੰ ਵਧੇ ਹੋਏ ਯੂਰਿਕ ਐਸਿਡ ਦੀ ਸ਼ਿਕਾਇਤ ਰਹਿੰਦੀ ਹੈ, ਉਨ੍ਹਾਂ ਨੂੰ ਠੰਢ ਦੇ ਮੌਸਮ 'ਚ ਲਗਾਤਾਰ ਗਰਮ (ਕੋਸਾ) ਪਾਣੀ ਪੀਣਾ ਚਾਹੀਦਾ ਹੈ। ਇਸ ਨਾਲ ਹੱਡੀਆਂ ਅਤੇ ਜੋੜਾਂ 'ਚ ਜਮ੍ਹਾਂ ਹੋਇਆ ਯੂਰੇਟ ਕ੍ਰਿਸਟਲ ਹੌਲੀ-ਹੌਲੀ ਪਿਘਲ ਕੇ ਪਿਸ਼ਾਬ ਰਾਹੀਂ ਸਰੀਰ 'ਚੋਂ ਬਾਹਰ ਨਿਕਲ ਜਾਂਦਾ ਹੈ। ਅਜਿਹੇ ਲੋਕਾਂ ਨੂੰ ਪੂਰੀ ਸਿਆਲ ਰੁੱਤ 'ਚ ਕੋਸਾ ਪਾਣੀ ਪੀਣਾ ਚਾਹੀਦਾ ਹੈ ਅਤੇ ਸਰਦੀਆਂ 'ਚ ਘੱਟ ਪਾਣੀ ਪੀਣ ਦੀ ਕਦੇ ਵੀ ਭੁੱਲ ਨਹੀਂ ਕਰਨੀ ਚਾਹੀਦੀ ਕਿਉਂਕਿ ਜੇਕਰ ਸਰਦੀਆਂ 'ਚ ਘੱਟ ਪਾਣੀ ਪੀਓਗੇ ਤਾਂ ਯੂਰਿਕ ਐਸਿਡ ਹੋਰ ਜ਼ਿਆਦਾ ਪ੍ਰੇਸ਼ਾਨ ਕਰੇਗਾ।

ਕਰੋ ਖੱਟੇ ਫਲ਼ਾਂ ਦੀ ਵਰਤੋਂ : ਖੱਟੇ ਫਲ਼ ਜਿਵੇਂ ਨਿੰਬੂ, ਸੰਤਰਾ, ਅਨਾਨਾਸ, ਚੈਰੀ, ਸਟਰਾਬੇਰੀ ਅਤੇ ਪਪੀਤਾ ਆਦਿ ਕੁਦਰਤੀ ਰੂਪ 'ਚ ਵਿਟਾਮਿਨ 'ਸੀ' ਨਾਲ ਭਰਪੂਰ ਹੁੰਦੇ ਹਨ। ਇਸ ਲਈ ਇਹ ਸਾਰੇ ਫਲ਼ ਕੁਦਰਤੀ ਰੂਪ ਵਿਚ ਯੂਰਿਕ ਐਸਿਡ ਨੂੰ ਘੱਟ ਕਰਨ 'ਚ ਮਦਦਗਾਰ ਸਾਬਤ ਹੁੰਦੇ ਹਨ। ਸਰਦੀਆਂ ਵਿਚ ਇਨ੍ਹਾਂ ਖੱਟੇ ਫਲ਼ਾਂ ਦਾ ਹਰ ਰੋਜ਼ ਸੇਵਨ ਕਰਨਾ ਚਾਹੀਦਾ ਹੈ। ਖਾਸ ਕਰਕੇ ਜਿਨ੍ਹਾਂ ਲੋਕਾਂ ਨੂੰ ਹੱਡੀਆਂ ਅਤੇ ਜੋੜਾਂ 'ਚ ਦਰਦ ਦੀ ਸ਼ਿਕਾਇਤ ਰਹਿੰਦੀ ਹੈ ਅਤੇ ਜਿਨ੍ਹਾਂ ਦਾ ਯੂਰਿਕ ਐਸਿਡ ਵਧਦਾ ਹੈ। ਉਨ੍ਹਾਂ ਨੂੰ ਜ਼ਰੂਰ ਇਨ੍ਹਾਂ ਫਲ਼ਾਂ ਨੂੰ ਆਪਣੀ ਖੁਰਾਕ ਵਿਚ ਹਰ ਰੋਜ਼ ਸ਼ਾਮਿਲ ਕਰਨਾ ਚਾਹੀਦਾ ਹੈ। ਇਨ੍ਹਾਂ 'ਚੋਂ ਸਭ ਤੋਂ ਜ਼ਿਆਦਾ ਫਾਇਦੇਮੰਦ ਹੈ ਆਂਵਲਾ। ਆਂਵਲੇ 'ਚ ਸਭ ਤੋਂ ਜ਼ਿਆਦਾ ਵਿਟਾਮਿਨ 'ਸੀ' ਹੁੰਦਾ ਹੈ।

ਇਹ ਸਬਜ਼ੀਆਂ ਖਾਓ : ਕਈ ਸਬਜ਼ੀਆਂ ਵੀ ਯੂਰਿਕ ਐਸਿਡ ਨੂੰ ਕਾਬੂ ਕਰਨ ਵਿਚ ਸਹਾਇਕ ਹੁੰਦੀਆਂ ਹਨ। ਇਨ੍ਹਾਂ 'ਚ ਕੱਦੂ, ਟਮਾਟਰ, ਖੀਰਾ, ਖੁੰਬਾਂ, ਪਰਵਲ, ਵਿਸ਼ੇਸ਼ ਰੂਪ 'ਚ ਫ਼ਾਇਦੇਮੰਦ ਸਬਜ਼ੀਆਂ ਹਨ। ਕੱਦੂ 'ਚ ਵਿਟਾਮਿਨ 'ਸੀ' ਅਤੇ ਬੀਟਾ ਕੈਰੋਟਿਨ ਅਤੇ ਲਿਊਟਿਨ ਵਰਗੇ ਐਂਟੀਆਕਸੀਡੈਂਟ ਤੱਤ ਹੁੰਦੇ ਹਨ। ਇਹ ਸਰੀਰ 'ਚ ਸੋਜ਼ ਅਤੇ ਆਕਸੀਡੇਟਿਵ ਸਟ ?ਰੈੱਸ ਨੂੰ ਘੱਟ ਕਰਦੇ ਹਨ, ਜਿਸ ਨਾਲ ਯੂਰਿਕ ਐਸਿਡ ਦਾ ਪੱਧਰ ਘੱਟ ਹੋ ਜਾਂਦਾ ਹੈ। ਇਸ ਦੇ ਨਾਲ ਹੀ ਕੱਦੂ 'ਚ ਮੌਜੂਦ ਫਾਈਬਰ ਮੈਟਾਬੋਲਿਜ਼ਮ ਨੂੰ ਸਰਗਰਮ ਕਰਦਾ ਹੈ, ਜਿਸ ਨਾਲ ਪਾਚਣ ਸ਼ਕਤੀ ਬਿਹਤਰ ਰਹਿੰਦੀ ਹੈ, ਇਸ ਨਾਲ ਯੂਰਿਕ ਐਸਿਡ ਕਾਬੂ ਰਹਿੰਦਾ ਹੈ। ਟਮਾਟਰ ਵੀ ਵਿਟਾਮਿਨ 'ਸੀ' ਦਾ ਭੰਡਾਰ ਹੈ, ਜਦੋਂ ਕਿ ਖੀਰਾ ਫਾਈਬਰ ਦਾ ਭੰਡਾਰ ਹੋਣ ਦੇ ਨਾਲ-ਨਾਲ ਪਾਣੀ ਨਾਲ ਵੀ ਭਰਪੂਰ ਹੁੰਦਾ ਹੈ।

ਫ਼ਾਇਦੇਮੰਦ ਮਸਾਲੇ : ਜਿਨ੍ਹਾਂ ਮਸਾਲਿਆਂ ਨਾਲ ਯੂਰਿਕ ਐਸਿਡ ਦੀ ਸਮੱਸਿਆ 'ਚ ਫ਼ਾਇਦਾ ਹੁੰਦਾ ਹੈ ਉਹ ਹਨ : ਹਲਦੀ, ਅਦਰਕ, ਅਜਵਾਇਨ, ਸੇਬ ਦਾ ਸਿਰਕਾ, ਅਲਸੀ ਅਤੇ ਸੀ ਫੂਡ। ਅਜਵਾਇਣ ਇਨ੍ਹਾਂ 'ਚੋਂ ਸਭ ਤੋਂ ਜ਼ਿਆਦਾ ਫ਼ਾਇਦੇਮੰਦ ਹੁੰਦੀ ਹੈ। ਸਰਦੀਆਂ ਦੇ ਦਿਨਾਂ 'ਚ ਇਨ੍ਹਾਂ ਦੀ ਵਰਤੋਂ ਬੜੀ ਲਾਭਦਾਇਕ ਹੁੰਦੀ ਹੈ ਕਿਉਂਕਿ ਇਸ ਦੀ ਤਾਸੀਰ ਗਰਮ ਹੁੰਦੀ ਹੈ, ਜਿਸ ਨਾਲ ਇਹ ਜੋੜਾਂ ਦੇ ਦਰਦ ਨੂੰ ਘੱਟ ਕਰਦੀ ਹੈ।



# ਸੀਬੀਐਸਈ, ਆਈਸੀਐਸਈ ਅਤੇ ਸਟੇਟ ਬੋਰਡ ਦੀਆਂ ਪ੍ਰੀਖਿਆਵਾਂ ਦੀਆਂ ਤਰੀਕਾਂ ਦੇ ਐਲਾਨ ਨੂੰ ਲੈ ਕੇ ਵਿਦਿਆਰਥੀਆਂ ਤੇ ਤਣਾਅ ਵਧਣਾ ਸ਼ੁਰੂ

ਦਸੰਬਰ ਵਿੱਚ ਸੀਬੀਐਸਈ, ਆਈਸੀਐਸਈ ਅਤੇ ਸਟੇਟ ਬੋਰਡ ਦੀਆਂ ਪ੍ਰੀਖਿਆਵਾਂ ਦੀਆਂ ਤਰੀਕਾਂ ਦੇ ਐਲਾਨ ਨੇ ਬਹੁਤ ਸਾਰੇ ਉਮੀਦਵਾਰਾਂ ਦੀ ਨੀਂਦ ਉਡਾ ਦਿੱਤੀ ਹੋਵੇਗੀ। ਬੇਸ਼ੱਕ ਸਰਕਾਰ ਵੱਲੋਂ ਅਜਿਹੇ ਕਈ ਉਪਰਾਲੇ ਕੀਤੇ ਗਏ ਹਨ ਤਾਂ ਜੋ ਉਮੀਦਵਾਰਾਂ ਵਿੱਚ ਤਣਾਅ ਦਾ ਪੱਧਰ ਘੱਟ ਤੋਂ ਘੱਟ ਰਹੇ ਪਰ ਫੇਲ੍ਹ ਹੋਣ ਦਾ ਡਰ ਅਤੇ ਵੱਧ ਅੰਕ ਲੈਣ ਦਾ ਦਬਾਅ ਬੱਚਿਆਂ ਨੂੰ ਪ੍ਰੇਸ਼ਾਨ ਕਰ ਸਕਦਾ ਹੈ। ਮਾਪੇ ਵੀ ਆਪਣੇ ਬੱਚਿਆਂ ਦੇ ਇਮਤਿਹਾਨ ਦੇ ਨਤੀਜਿਆਂ ਨੂੰ ਉਨ੍ਹਾਂ ਦੇ ਸਮਾਜਿਕ ਵੱਕਾਰ ਨਾਲ ਜੋੜ ਕੇ ਦੇਖਦੇ ਹਨ, ਜਿਸ ਕਾਰਨ ਉਮੀਦਵਾਰ ਪ੍ਰਭਾਵਿਤ ਹੁੰਦੇ ਹਨ। ਵਾਧੂ ਬੋਝ ਹੈ। ਇਮਤਿਹਾਨਾਂ ਵਿੱਚ ਤਣਾਅ ਆਮ ਗੱਲ ਹੈ, ਪਰ ਇਹ ਸਕਾਰਾਤਮਕ ਹੋਣੀ ਚਾਹੀਦੀ ਹੈ, ਯਾਨੀ 'ਯੂਸਟਰੈਸ'। ਨਕਾਰਾਤਮਕ ਤਣਾਅ, ਯਾਨੀ 'ਦੁਖ' ਹਮੇਸ਼ਾ ਸਿਹਤ ਨੂੰ ਨੁਕਸਾਨ ਪਹੁੰਚਾਉਂਦਾ ਹੈ। ਇਸ ਲਈ, ਉਮੀਦਵਾਰਾਂ ਅਤੇ ਮਾਪਿਆਂ ਦੋਵਾਂ ਨੂੰ ਖੁਸ਼ੀ ਨਾਲ ਇਹ ਸਿੱਖਣਾ ਚਾਹੀਦਾ ਹੈ ਕਿ ਪ੍ਰੀਖਿਆ ਦੀ ਤਿਆਰੀ ਕਿਵੇਂ ਕਰਨੀ ਹੈ। ਸਵਾਲ ਇਹ ਹੈ ਕਿ ਉਮੀਦਵਾਰ 'ਐਗਜ਼ਾਮ ਸਿੰਡਰੋਮ' ਤੋਂ ਕਿਵੇਂ ਬਚ ਸਕਦੇ ਹਨ? ਇਸ ਦੇ ਲਈ ਕੁਝ ਉਪਾਅ ਕੀਤੇ ਜਾ ਸਕਦੇ ਹਨ। ਸਭ ਤੋਂ ਪਹਿਲਾਂ ਸਾਨੂੰ ਇਹ ਸਮਝਣਾ ਹੋਵੇਗਾ ਕਿ ਮਾਨਸਿਕ ਤਣਾਅ ਦਾ ਸਿੱਧਾ ਸਬੰਧ ਸਾਡੇ ਪੇਟ ਨਾਲ ਹੈ। ਤਣਾਅ ਕਾਰਨ ਪੇਟ ਦੀ ਸਿਹਤ ਵਿਗੜਣ ਲੱਗਦੀ ਹੈ। ਅੰਤੜੀ ਕਿਉਂਕਿ ਸਾਡੇ ਇਹ 'ਦੂਜਾ ਦਿਮਾਗ' ਹੈ, ਇਸ ਲਈ ਇਸ ਨੂੰ ਠੀਕ ਰੱਖਣ ਲਈ ਲੋੜੀਂਦੇ ਪੌਸ਼ਟਿਕ ਤੱਤਾਂ ਦੇ ਸੇਵਨ ਦੇ ਨਾਲ-ਨਾਲ ਰੋਜ਼ਾਨਾ ਦੀ ਰੁਟੀਨ ਨੂੰ ਸੁਧਾਰਨਾ ਜ਼ਰੂਰੀ ਹੈ। ਤਣਾਅ ਦੇ ਸਮੇਂ 'ਚ 'ਐਡਰੇਨਲਿਨ ਹਾਰਮੋਨ' ਦਾ ਵੀ ਵਧ ਜਾਂਦਾ ਹੈ, ਜਿਸ ਕਾਰਨ ਸਾਡੇ ਦਿਲ ਦੀ ਧੜਕਣ ਵਧ ਜਾਂਦੀ ਹੈ ਅਤੇ ਮਾਸਪੇਸ਼ੀਆਂ 'ਚ ਤਣਾਅ ਹੋ ਜਾਂਦਾ ਹੈ। ਇਸ ਨੂੰ ਸੰਭਾਲਣ ਦਾ ਇੱਕ ਆਸਾਨ ਤਰੀਕਾ ਹੈ ਆਪਣੇ ਸਾਹ ਨੂੰ ਕੰਟਰੋਲ ਕਰਨਾ। ਇਸ ਦੇ ਲਈ ਪ੍ਰਾਣਾਯਾਮ ਦੀ '4-7-8 ਤਕਨੀਕ' ਦਾ ਅਭਿਆਸ ਕੀਤਾ ਜਾ



ਵਿਜੈ ਗਰਗ ਸਾਬਕਾ
ਪੀ.ਈ..ਐਸ. - 1
ਸੇਵਾਮੁਕਤ ਪ੍ਰਿੰਸਪਲ

ਸਕਦਾ ਹੈ। ਇਸ ਵਿੱਚ ਤੁਹਾਡੇ ਸਾਹ ਨੂੰ ਚਾਰ ਗਿਣਤੀਆਂ ਲਈ ਸਾਹ ਲੈਣਾ, ਫਿਰ ਇਸਨੂੰ ਸੱਤ ਗਿਣਤੀਆਂ ਲਈ ਫੜਨਾ ਅਤੇ ਅਗਲੀਆਂ ਅੱਠ ਗਿਣਤੀਆਂ ਲਈ ਹੌਲੀ ਹੌਲੀ ਛੱਡਣਾ ਸ਼ਾਮਲ ਹੈ ਕਾਰਵਾਈ ਕੀਤੀ ਜਾਵੇ। ਇਸ ਨਾਲ ਦਿਲ ਦੀ ਧੜਕਣ ਨਾਰਮਲ ਹੋ ਜਾਂਦੀ ਹੈ ਅਤੇ ਸਰੀਰ ਦਾ ਤਣਾਅ ਘੱਟ ਹੋਣ ਲੱਗਦਾ ਹੈ। ਇਮਤਿਹਾਨ ਦੇ ਸਮੇਂ ਦੌਰਾਨ ਬੱਚਿਆਂ ਦੇ ਅਨਿਯਮਿਤ ਖਾਣ-ਪੀਣ ਦੀਆਂ ਆਦਤਾਂ ਹੋਣ ਦੀ ਸੰਭਾਵਨਾ ਵੀ ਵੱਧ ਜਾਂਦੀ ਹੈ। ਪਰ ਸਹੀ ਪਾਚਨ ਨੂੰ ਬਣਾਈ ਰੱਖਣ ਲਈ 'ਚੰਗੇ ਬੈਕਟੀਰੀਆ' ਜ਼ਰੂਰੀ ਹਨ। ਇਸ ਦੇ ਲਈ ਬਜ਼ਾਰ 'ਚ ਕਈ 'ਪ੍ਰੋਬਾਇਓਟਿਕਸ' ਉਪਲਬਧ ਹਨ, ਪਰ ਘਰ 'ਚ ਇਕ ਵਧੀਆ ਵਿਕਲਪ ਤਾਜ਼ੇ ਦਹੀਂ ਜਾਂ ਤਾਜ਼ੇ ਮੱਖਣ ਦੇ ਨਾਲ ਖੰਡ ਦਾ ਸੇਵਨ ਕਰਨਾ ਹੈ। ਅੱਜ-ਕੱਲ੍ਹ ਮੋਬਾਈਲ ਅਤੇ ਇੰਟਰਨੈੱਟ 'ਤੇ ਨਿਰਭਰਤਾ ਵੀ ਬੱਚਿਆਂ ਵਿੱਚ ਤਣਾਅ ਵਧਾਉਣ ਦਾ ਇੱਕ ਕਾਰਨ ਹੈ। ਹੁਣ ਜਦੋਂ ਇਹ ਚੀਜ਼ਾਂ ਲਾਜ਼ਮੀ ਹੋ ਗਈਆਂ ਹਨ, ਬੱਚਿਆਂ ਲਈ 'ਸਕ੍ਰੀਨ ਟਾਈਮ' ਨੂੰ ਸੀਮਤ ਕਰਨਾ ਜ਼ਰੂਰੀ ਹੈ। ਸਰੀਰਕ ਗਤੀਵਿਧੀਆਂ ਨੂੰ ਵਧਾਉਣਾ ਮਹੱਤਵਪੂਰਨ ਹੈ. ਸਿਹਤਮੰਦ ਸਰੀਰ ਅਤੇ ਸਿਹਤਮੰਦ ਮਨ ਦਾ ਸੰਤੁਲਨ ਬਣਾਈ ਰੱਖਣ ਲਈ ਸਾਨੂੰ ਚਾਰ ਥੰਮ੍ਹਾਂ ਨੂੰ ਯਾਦ ਰੱਖਣਾ ਚਾਹੀਦਾ ਹੈ- ਪਹਿਲਾਂ ਘੱਟੋ-ਘੱਟ 40 ਮਿੰਟ ਕਸਰਤ ਕਰੋ। ਇਸ ਕਾਰਨ 'ਹੈਪੀ ਹਾਰਮੋਨ' ਸੈਕ੍ਰੇਟ ਹੁੰਦਾ ਹੈ। ਬੱਚਿਆਂ ਦੀ ਰੋਜ਼ਾਨਾ ਰੁਟੀਨ ਦੇ ਅਨੁਸਾਰ, ਅਭਿਆਸਾਂ ਨੂੰ ਦੋ (20-20 ਮਿੰਟ) ਜਾਂ ਤਿੰਨ (15-15 ਮਿੰਟ) ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ। ਦੂਜਾ, ਛੇ ਤੋਂ ਸੱਤ ਘੰਟੇ ਦੀ ਲੋੜੀਂਦੀ ਨੀਂਦ। ਇਹ ਬਿੱਟ ਅਤੇ ਟੁਕੜਿਆਂ ਵਿੱਚ ਵੀ ਪੂਰਾ ਕੀਤਾ ਜਾ ਸਕਦਾ ਹੈ, ਪਰ ਰਾਤ 11 ਵਜੇ ਤੋਂ ਸਵੇਰੇ 3 ਵਜੇ ਤੱਕ ਸੌਣਾ ਬਹੁਤ ਜ਼ਰੂਰੀ ਹੈ, ਕਿਉਂਕਿ ਇਸ ਸਮੇਂ ਸਾਡੇ ਸਰੀਰਦਾ ਇਲਾਜ ਖੁਦ ਕਰ ਰਹੀ ਹੈ। ਤੀਜਾ, ਸਕਾਰਾਤਮਕ ਸੋਚ। ਇਸ ਦੇ ਲਈ ਬੱਚੇ ਸੰਗੀਤ ਸੁਣਨ ਜਾਂ ਚੰਗੀਆਂ ਕਿਤਾਬਾਂ ਪੜ੍ਹਨ ਵਰਗੀਆਂ ਰੁਚੀਆਂ ਦੀ ਮਦਦ ਲੈ ਸਕਦੇ ਹਨ। ਇਸ ਸਮੇਂ ਮਾਤਾ-ਪਿਤਾ ਨੂੰ ਵੀ ਗੱਲ ਕਰਦੇ ਸਮੇਂ ਸਕਾਰਾਤਮਕ ਸ਼ਬਦਾਂ ਦੀ ਚੋਣ ਕਰਨੀ ਚਾਹੀਦੀ ਹੈ। ਉਹਨਾਂ ਕੰਮਾਂ ਬਾਰੇ ਗੱਲ ਕਰਨ ਦੀ ਬਜਾਏ ਜੋ ਤੁਸੀਂ ਆਪਣੇ ਬੱਚਿਆਂ ਨੂੰ ਕਰਨ ਤੋਂ ਰੋਕਣਾ ਚਾਹੁੰਦੇ ਹੋ, ਉਹਨਾਂ ਨੂੰ



ਸ਼ਾਬਦਿਕ ਤੌਰ 'ਤੇ ਉਹਨਾਂ ਵਿਕਲਪਾਂ ਲਈ ਵਰਤੋ ਜੋ ਤੁਸੀਂ ਉਹਨਾਂ ਨੂੰ ਕਰਨਾ ਚਾਹੁੰਦੇ ਹੋ। ਉਦਾਹਰਨ ਲਈ, ਟੀਵੀ ਨਾ ਦੇਖਣ ਦੀ ਸਲਾਹ ਦੇਣ ਦੀ ਬਜਾਏ, ਕਿਸੇ ਖਾਸ ਵਿਸ਼ੇ ਨੂੰ ਪੜ੍ਹਨ ਲਈ ਕਹਿਣਾ। ਚੌਥਾ ਥੰਮ੍ਹ ਪੌਸ਼ਟਿਕ ਤੱਤ ਹੈ। ਇਸ ਦੇ ਲਈ ਸੰਤੁਲਿਤ ਖੁਰਾਕ ਜ਼ਰੂਰੀ ਹੈ। ਸਮੇਂ ਸਿਰ ਖਾਓ ਅਤੇ ਭੁੱਖੇ ਰਹੋ ਘੱਟ ਮਾਤਰਾ 'ਚ ਇਸ ਦਾ ਸੇਵਨ ਇਕਾਗਰਤਾ ਵਧਾਉਣ 'ਚ ਮਦਦਗਾਰ ਹੁੰਦਾ ਹੈ। ਇਸ ਸਮੇਂ ਦੌਰਾਨ, ਤਰਲ ਪਦਾਰਥਾਂ ਨੂੰ ਵੀ ਬਰਾਬਰ ਮਹੱਤਵ ਦਿੱਤਾ ਜਾਣਾ ਚਾਹੀਦਾ ਹੈ. ਇਹ ਸਮਝਣਾ ਪਵੇਗਾ ਕਿ ਅਸੀਂ ਕੇਵਲ ਜੈਵਿਕ ਹੀ ਨਹੀਂ, ਸਗੋਂ ਬੌਧਿਕ ਅਤੇ ਅਧਿਆਤਮਿਕ ਇਕਾਈਆਂ ਵੀ ਹਾਂ। ਸਿਰਫ਼ ਇੱਕ ਇਮਤਿਹਾਨ ਸਾਡੇ ਜੀਵਨ ਦਾ ਅੰਤਮ ਟੀਚਾ ਨਹੀਂ ਹੈ, ਇਸ ਲਈ ਸਾਡੀ ਜ਼ਿੰਦਗੀ ਇਸ ਵਿੱਚ ਸਫਲਤਾ ਜਾਂ ਅਸਫਲਤਾ 'ਤੇ ਨਿਰਭਰ ਨਹੀਂ ਕਰਦੀ ਹੈ। ਚੰਗੀ ਗੱਲ ਇਹ ਹੈ ਕਿ ਸੀਬੀਐਸਈ ਬੋਰਡ ਨੇ ਇਸ ਵਾਰ ਕਈ ਬਦਲਾਅ ਕੀਤੇ ਹਨ। ਕਿਉਂਕਿ ਪ੍ਰੀਖਿਆ ਦਾ ਪੈਟਰਨ ਅਜਿਹਾ ਬਣਾਇਆ ਗਿਆ ਹੈ ਕਿ 70 ਫੀਸਦੀ ਪ੍ਰਸ਼ਨ ਪ੍ਰੈਕਟੀਕਲ ਪਹਿਲੂ ਤੋਂ ਹੋਣਗੇ, ਇਸ ਲਈ ਉਮੀਦ ਕੀਤੀ ਜਾਂਦੀ ਹੈ ਕਿ ਬੱਚੇ ਰੱਟ ਸਿੱਖਣ ਦੀ ਮਾਨਸਿਕਤਾ ਤੋਂ ਉੱਪਰ ਉੱਠ ਕੇ ਵਿਸ਼ਿਆਂ ਦਾ ਅਧਿਐਨ ਕਰਨਗੇ ਦੇ ਵਿਹਾਰਕ ਪਹਿਲੂਆਂ ਨੂੰ ਸਮਝਣ ਦੀ ਕੋਸ਼ਿਸ਼ ਕਰੇਗਾ। ਇਸ ਨਾਲ ਉਨ੍ਹਾਂ ਦੇ ਹੁਨਰ ਅਤੇ ਕੁਸ਼ਲਤਾ ਵਿੱਚ ਵੀ ਵਾਧਾ ਹੋਵੇਗਾ।

# ਪੰਜਾਬ ਦੀਆਂ ਜੇਲਾਂ ਦੇ ਹੈਰਾਨ ਕਰਨ ਵਾਲੇ ਕਾਰਨਾਮੇ

## 15 ਹਜ਼ਾਰ ਵਿੱਚ ਰੱਜ ਕੇ ਸ਼ਰਾਬ ਤੇ 55 ਹਜ਼ਾਰ ਵਿੱਚ ਮੋਬਾਇਲ ਲਵੋ

ਪੰਜਾਬ ਵਿੱਚ ਜੁਰਮ ਅਪਰਾਧ ਦੀ ਦਰ ਹੌਲੀ ਹੌਲੀ ਵਧਦੀ ਵਧਦੀ ਉੱਥੇ ਪੁੱਜ ਗਈ ਹੈ ਜਿਥੋਂ ਹੁਣ ਵਾਪਸ ਮੁੜਨੀ ਮੁਸ਼ਕਿਲ ਹੈ। ਇਸ ਵੇਲੇ ਸਮੁੱਚੇ ਪੰਜਾਬ ਦੀਆਂ ਜੇਲਾਂ ਦੇ ਵਿੱਚ ਹਵਾਲਾਤੀਆਂ ਕੈਦੀਆਂ ਆਦਿ ਦੀ ਗਿਣਤੀ ਦੇ ਅਨੁਪਾਤ ਅਨੁਸਾਰ ਜੇਲਾਂ ਸਮਰੱਥਾ ਤੋਂ ਵੱਧ ਤੁੰਨ ਕੇ ਭਰੀਆਂ ਹੋਈਆਂ ਹਨ। ਇਥੋਂ ਸਹਿਜੇ ਹੀ ਅੰਦਾਜ਼ਾ ਲੱਗ ਸਕਦਾ ਹੈ ਕਿ ਪੰਜਾਬ ਵਿੱਚ ਹਰ ਪਾਸੇ ਹੀ ਅਪਰਾਧੀ ਕਿਸਮ ਦੇ ਲੋਕਾਂ ਦਾ ਬੋਲ ਬਾਲਾ ਬਹੁਤ ਜਿਆਦਾ ਹੈ ਇਸ ਦੇ ਨਾਲ ਹੀ ਜਿੱਥੇ ਨਸ਼ਿਆਂ ਦੇ ਨਾਲ ਸੰਬੰਧਿਤ ਵਿਅਕਤੀ ਜੇਲਾਂ ਵਿੱਚ ਦਿਨ ਬ ਦਿਨ ਬਹੁਗਿਣਤੀ ਵਿੱਚ ਜਾ ਰਹੇ ਹਨ ਉਥੇ ਹੀ ਗੈਂਗਸਟਰਾਂ ਦੀ ਗਿਣਤੀ ਵੀ ਜੇਲਾਂ ਦੇ ਵਿੱਚ ਬਹੁਤ ਜਲਦੀ ਬਹੁਤ ਜਿਆਦਾ ਵਧ ਰਹੀ ਹੈ। ਆਮ ਤੌਰ ਤੇ ਦੇਖਣ ਸੁਣਨ ਵਿੱਚ ਆਉਂਦਾ ਹੈ ਕਿ ਪੰਜਾਬ ਦੇ ਵਿੱਚ ਲੁੱਟਾਂ ਖੋਹਾਂ ਨਸ਼ਿਆਂ ਗੈਂਗਸਟਰਾਂ ਤੇ ਹੋਰ ਅਪਰਾਧੀਆਂ ਦਾ ਪੂਰਾ ਜ਼ੋਰ ਹੈ ਤੇ ਉਹ ਕਿਸੇ ਨੂੰ ਵੀ ਲੁੱਟ ਮਾਰ ਕਰਨ ਲਈ ਉਤਾਵਲੇ ਹੋ ਜਾਂਦੇ ਹਨ ਇਸ ਤੋਂ ਬਾਅਦ ਇਹੀ ਅਪਰਾਧੀ ਕਿਸਮ ਦੇ ਲੋਕ ਜਦੋਂ ਪੁਲਿਸ ਦੇ ਕਾਬੂ ਆਉਂਦੇ ਹਨ ਤਾਂ ਇਹਨਾਂ ਦਾ ਟਿਕਾਣਾ ਜੇਲ ਵਿੱਚ ਬਣਦਾ ਹੈ ਤਾਂ ਹੀ ਤਾਂ ਇਹ ਜਾ ਰਿਹਾ ਹੈ ਕਿ ਜੇਕਰ ਕੋਈ ਵਿਅਕਤੀ ਕਿਸੇ ਕਿਸਮ ਦਾ ਵੱਡਾ ਛੋਟਾ ਜੁਰਮ ਅਪਰਾਧ ਕਰਦਾ ਹੈ ਤਾਂ ਉਸ ਨੂੰ ਜੇਲ ਵਿੱਚ ਭੇਜਿਆ ਜਾਂਦਾ ਹੈ ਜਿਸ ਦਾ ਨਾਮ ਸੁਧਾਰ ਘਰ ਹੈ ਪਰ ਅੱਜ ਕੱਲ ਇਹਨਾਂ ਸੁਧਾਰ ਘਰਾਂ ਵਿੱਚ ਗਿਆ ਵਿਅਕਤੀ ਇੱਥੋਂ ਸੁਧਰ ਕੇ ਨਹੀਂ ਆਉਂਦਾ ਸਗੋਂ ਹੋਰ ਵੀ ਜਿਆਦਾ ਵਿਗੜ ਕੇ ਆਉਂਦਾ ਹੈ।

ਪਿਛਲੇ ਸਮੇਂ ਤੋਂ ਜਦੋਂ ਦਾ ਪੰਜਾਬੀ ਗਾਇਕ ਸਿੱਧੂ ਮੂਸੇਵਾਲੇ ਦਾ ਕਤਲ ਹੋਇਆ ਹੈ ਤਾਂ ਉਸ ਵੇਲੇ ਤੋਂ ਜੇਲ ਦੇ ਵਿੱਚੋਂ ਗੈਂਗਸਟਰਾਂ ਦੀਆਂ ਬਹੁਤ ਗੱਲਾਂ ਬਾਤਾਂ ਸਾਹਮਣੇ ਆਉਂਦੀਆਂ ਰਹੀਆਂ ਹਨ ਇੱਥੋਂ ਤੱਕ ਕਿ ਜੇਲਾਂ ਦੇ ਵਿੱਚ ਆਪਸੀ ਗਰੁੱਪਾਂ ਵਿੱਚ ਲੜਾਈ ਹੁੰਦੀ ਹੈ ਤੇ ਕਈ ਵਿਅਕਤੀ ਮੌਤ ਦੇ ਮੂੰਹ ਵਿੱਚ ਵੀ ਚਲੇ ਗਏ ਇਹਨਾਂ ਜੇਲਾਂ ਦੇ ਵਿੱਚੋਂ ਕਿਸੇ ਵੀ ਜੇਲ ਦੀ ਤਲਾਸ਼ੀ ਹੋਵੇ ਮੋਬਾਈਲ ਤੇ ਨਸ਼ਾ ਮਿਲਣਾ ਆਮ ਜਿਹੀ ਗੱਲ ਹੋ ਗਿਆ ਹੈ। ਸੋ ਇੱਥੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਪੰਜਾਬ ਦੀਆਂ ਜੇਲਾਂ ਵਿੱਚ ਕਿਹੋ ਜਿਹੇ ਖਤਰਨਾਕ ਕੈਦੀ ਚਾਹੇ ਉਹ ਨਸ਼ਾ ਸਮਗਲਰ ਹੋਣ ਗੈਂਗਸਟਰ ਜਾਂ ਹੋਰ ਕੋਈ ਕਾਤਲ ਹੋਣ ਜਿੱਥੇ ਇਹੋ ਜਿਹੇ ਅੱਤ ਸ਼ਾਤਰ ਤੇ ਗਲਤ ਸੋਚ ਵਾਲੇ ਲੋਕ ਜਿੱਥੇ ਹੋਣਗੇ ਉੱਥੋਂ ਭਲੇ ਦੀ ਆਸ ਕਿਵੇਂ ਰੱਖੀ ਜਾ ਸਕਦੀ ਹੈ। ਜੇਲਾਂ ਦੇ ਵਿੱਚੋਂ ਅਨੇਕਾਂ ਕੈਦੀ



ਬਲਬੀਰ ਸਿੰਘ ਬੱਬੀ
7009107300

ਫਰਾਰ ਹੁੰਦੇ ਹਨ ਤਰੀਕ ਭੁਗਤਣ ਆਏ ਅਦਾਲਤ ਵਿੱਚੋਂ ਖਿਸਕ ਜਾਂਦੇ ਹਨ ਇਥੋਂ ਤੱਕ ਕਿ ਹੁਸ਼ਿਆਰਪੁਰ ਦੇ ਵਿੱਚ ਇੱਕ ਕੈਦੀ ਜੇਲ ਵਿੱਚੋਂ ਆਪਣੇ ਪਿਤਾ ਦੀ ਅੰਤਿਮ ਅਰਦਾਸ ਵਿੱਚ ਸ਼ਾਮਿਲ ਹੋਣ ਲਈ ਆਇਆ ਤੇ ਫਰਾਰ ਹੋ ਗਿਆ ਇਹਨਾਂ ਬਹੁਤੇ ਕੇਸਾਂ ਦੇ ਵਿੱਚ ਪੁਲਿਸ ਮੁਲਾਜ਼ਮਾਂ ਜੇਲ ਪੁਲਿਸ ਆਦਿ ਦੀ ਮਿਲੀ ਭੁਗਤ ਸਾਹਮਣੇ ਆਉਂਦੀ ਹੈ।

ਪਰ ਮੌਜੂਦਾ ਸਮੇਂ ਜੇਕਰ ਪੰਜਾਬ ਦੀਆਂ ਹੋਰ ਜੇਲਾਂ ਵਾਂਗ ਕੇਂਦਰੀ ਜੇਲ ਲੁਧਿਆਣਾ ਦੀ ਗੱਲ ਕਰੀਏ ਤਾਂ ਇਥੋਂ ਬੜੇ ਹੈਰਾਨੀਜਨਕ ਖੁਲਾਸੇ ਸਾਹਮਣੇ ਆਏ ਹਨ। ਲੁਧਿਆਣਾ ਜੇਲ ਵਿੱਚ ਬੰਦ ਸਾਹਨੇਵਾਲ ਨਾਲ ਸੰਬੰਧਿਤ ਇੱਕ ਕਾਂਗਰਸੀ ਆਗੂ ਦੀ ਜੇਲ ਵਿੱਚੋਂ ਮਿਲੀ ਭੁਗਤ ਨਾਲ ਡਾਕਟਰੀ ਮੁਆਇਨੇ ਅਧੀਨ ਜਾ ਕੇ ਇੱਕ ਵਿਆਹ ਸਮਾਗਮ ਵਿੱਚ ਅਨੰਦ ਮਾਣਦਾ ਹੈ। ਇਹ ਕੈਦੀ ਲੋਕਾਂ ਤੇ ਪੁਲਿਸ ਦੀ ਨਜਰੀ ਚੜਿਆ ਹੈ ਵੀਡੀਓ ਤਾਂ ਇਸ ਨੇ ਆਪਣੇ ਆਪ ਦੀ ਟੌਹਰ ਲਈ ਬਣਾਈ ਸੀ ਪਰ ਉਹੀ ਵੀਡੀਓ ਇਸ ਨੂੰ ਪੁੱਠੀ ਪੈ ਗਈ ਭਲਾ ਹੋਵੇ ਪੁਲਿਸ ਕਮਿਸ਼ਨਰ ਲੁਧਿਆਣਾ ਕੁਲਦੀਪ ਸਿੰਘ ਚਾਹਲ ਦਾ ਜਿਨਾਂ ਨੇ ਸਖਤ ਨੋਟਿਸ ਲੈ ਕੇ ਉਸ ਵਿਰੁੱਧ ਕਾਰਵਾਈ ਕੀਤੀ। ਹਾਲੇ ਇਸ ਖਬਰ ਦੀ ਸਿਆਹੀ ਵੀ ਨਹੀਂ ਸੁੱਕੀ ਸੀ ਕਿ ਲੁਧਿਆਣਾ ਦੀ ਜੇਲ ਵਿੱਚੋਂ ਇੱਕ ਹੋਰ ਕਾਰਾ ਸਾਹਮਣੇ ਆਇਆ ਲੁਧਿਆਣਾ ਜੇਲ ਦੇ ਵਿੱਚੋਂ ਤਾਰੀਖ ਉੱਤੇ ਪੇਸ਼ੀ ਲਈ ਜਿਲਾ ਕਚਹਿਰੀਆਂ ਦੇ ਵਿੱਚ ਗੈਂਗਸਟਰ ਗਰੁੱਪਾਂ ਨੂੰ ਪੇਸ਼ੀ ਲਈ ਲਿਆਂਦਾ ਗਿਆ ਇੱਕ ਬਿਲਕੁਲ ਨਵੀਂ ਉਮਰ ਦਾ ਪੇਸ਼ੀ ਭੁਗਤਣ ਆਇਆ ਹਵਾਲਾਤੀ ਪੁਲਿਸ ਨੂੰ ਸਿਰਫ 15 ਹਜ਼ਾਰ ਵਿੱਚ ਖਰੀਦ ਕੇ ਆਪ ਸ਼ਰਾਬ ਦੇ ਨਸ਼ੇ ਵਿੱਚ ਧੁੱਤ ਹੋ ਕੇ ਆਪਣੀ ਬਿਆਨਬਾਜੀ ਕਰ ਰਿਹਾ ਹੈ ਉਹ ਸ਼ਰੇਆਮ ਕਹਿ ਰਿਹਾ ਹੈ ਕਿ ਮੈਂ ਸ਼ਰਾਬ ਪੀਣ ਲਈ ਪੁਲਿਸ ਵਾਲਿਆਂ ਨੂੰ 15000 ਦਿੱਤੇ ਹਨ। ਪਰ ਜਦੋਂ ਉਸ ਨੂੰ ਜੇਲ ਵਿੱਚ ਲੈ ਕੇ ਗਏ ਤਾਂ ਜੇਲ ਸਟਾਫ ਨੇ ਉਸ ਨੂੰ ਸ਼ਰਾਬੀ ਹਾਲਤ ਵਿੱਚ ਦੇਖਿਆ ਤੇ ਮੈਡੀਕਲ ਲਈ ਵਾਪਸ ਮੋੜ ਦਿੱਤਾ ਤਾਂ ਇਹ ਸਾਰਾ ਘਟਨਾ ਕਰਮ ਬਾਹਰ ਆਇਆ। ਜੇਕਰ ਜੇਲ ਵਾਲੇ ਇਸ ਨੂੰ ਸ਼ਰਾਬੀ ਹਾਲਤ ਵਿੱਚ ਹੀ ਅੰਦਰ ਲੈ ਜਾਂਦੇ ਤਾਂ ਸ਼ਾਇਦ ਇਹ ਗੱਲ ਬਾਹਰ ਨਾ ਨਿਕਲਦੀ। ਇਹ ਕੈਦੀ ਜੋ ਲੁਧਿਆਣਾ ਜੇਲ ਵਿੱਚ ਬੰਦ ਹੈ ਪੇਸ਼ੀ ਭੁਗਤਣ ਸਮੇਂ ਕਹਿ ਰਿਹਾ ਹੈ ਕਿ 15 ਹਜਾਰ ਨਾਲ ਰੱਜ ਕੇ ਸ਼ਰਾਬ ਪੀਤੀ ਹੈ ਤੇ 55 ਹਜਾਰ ਦੇ ਕੇ ਅੰਦਰ ਮੋਬਾਇਲ ਵੀ ਮਿਲਦਾ ਹੈ। ਮੋਬਾਇਲ ਮਿਲਣ ਵਾਲੀ ਕੋਈ ਨਵੀਂ ਗੱਲ ਨਹੀਂ ਜਦੋਂ ਪੰਜਾਬ ਦੀ ਜੇਲ ਵਿੱਚੋਂ ਖਤਰਨਾਕ ਤੋਂ ਖਤਰਨਾਕ ਗੈਂਗਸਟਰ ਮੋਬਾਇਲ ਰਾਹੀਂ ਲਾਈਵ ਹੁੰਦੇ ਹਨ ਜੇਲ ਵਿੱਚੋਂ ਵੀਡੀਓ ਬਣਾ ਕੇ ਪੁਲਿਸ ਨੂੰ ਤੇ ਸਰਕਾਰ ਨੂੰ ਵੰਗਾਰ ਰਹੇ ਹੁੰਦੇ ਹਨ। ਪਿਛਲੀਆਂ ਸਰਕਾਰਾਂ ਉੱਤੇ ਦੋਸ਼ ਲੱਗਦੇ ਸਨ ਕਿ ਉਹਨਾਂ ਨੇ ਜੇਲਾਂ ਵਿੱਚ ਕੁਝ ਨਹੀਂ ਕੀਤਾ ਪਰ ਹੁਣ ਦੀ ਮੌਜੂਦਾ ਪੰਜਾਬ ਸਰਕਾਰ ਦੇ ਸਾਹਮਣੇ ਤਾਂ ਬਹੁਤ ਕੁਝ ਆ ਗਿਆ ਹੈ ਉਹ ਕੁਝ ਕਿਉਂ ਨਹੀਂ ਕਰ ਰਹੀ। ਇਹੀ ਕਾਰਨ ਹੈ ਕਿ ਗੈਂਗਸਟਰ ਜਿਨ੍ਹਾਂ ਵੱਲੋ ਲੋਕਾਂ ਨੂੰ ਧਮਕੀਆਂ ਦੇ ਕੇ ਫਿਰੌਤੀਆਂ ਆਦਿ ਵਸੂਲਦੇ ਹਨ ਤੇ ਆਪ ਜੇਲ



ਦੇ ਅੰਦਰ ਹੀ ਇਹਨਾਂ ਪੈਸਿਆਂ ਦੇ ਨਾਲ ਐਸ਼ ਦੀ ਜ਼ਿੰਦਗੀ ਜਿਉਂਦੇ ਹਨ। ਇਹ ਪੈਸੇ ਉਹਨਾਂ ਦੇ ਕਹਿਣ ਅਨੁਸਾਰ ਪੁਲਿਸ ਨੂੰ ਦੇ ਕੇ ਹਰ ਸਹੂਲਤ ਪ੍ਰਾਪਤ ਕੀਤੀ ਜਾ ਸਕਦੀ ਹੈ ਸੋ ਹੈ ਤਾਂ ਹੋਰ ਵੀ ਬਹੁਤ ਕੁਝ ਹੋ ਰਿਹਾ ਪਰ ਇਹ ਘਟਨਾ ਮੈਂ ਹੀ ਕਾਫੀ ਹਨ ਪੰਜਾਬ ਦੀਆਂ ਜੇਲਾਂ ਦਾ ਹੈਰਾਨੀਜਨਕ ਹਾਲ ਦੱਸਣ ਲਈ...।



# ਲਿਵ-ਇਨ ਰਿਲੇਸ਼ਨਸ਼ਿਪ ਸਮਾਜ ਨੂੰ ਪ੍ਰਭਾਵਿਤ ਕਰਨ ਵਾਲੀ ਬੁਰਾਈ



ਲਿਵ-ਇਨ ਰਿਲੇਸ਼ਨਸ਼ਿਪ ਜਾਂ 'ਸਹਿਮਤੀ ਸਬੰਧ' ਇਕ ਅਜਿਹੀ ਵਿਵਸਥਾ ਹੈ, ਜਿਸ 'ਚ ਔਰਤ ਅਤੇ ਮਰਦ ਬਿਨਾਂ ਵਿਆਹ ਕੀਤੇ ਪਤੀ-ਪਤਨੀ ਵਾਂਗ ਰਹਿਣ ਦੇ ਨਾਲ-ਨਾਲ ਆਪਸ 'ਚ ਸਰੀਰਕ ਸਬੰਧ ਵੀ ਬਣਾਉਂਦੇ ਹਨ। ਕਈ ਜੋੜੇ ਤਾਂ ਬੱਚੇ ਪੈਦਾ ਕਰ ਲੈਂਦੇ ਹਨ। ਆਪਸੀ ਸਹਿਮਤੀ ਨਾਲ ਕਾਇਮ ਇਹ ਸਬੰਧ ਪੱਛਮੀ ਦੇਸ਼ਾਂ 'ਚ ਆਮ ਗੱਲ ਹੈ ਅਤੇ ਉਨ੍ਹਾਂ ਦੀ ਦੇਖਾਦੇਖੀ ਭਾਰਤ ਵਰਗੇ ਦੇਸ਼ਾਂ 'ਚ ਵੀ ਇਹ ਜੀਵਨ-ਸ਼ੈਲੀ ਪੈਰ ਪਸਾਰਨ ਲੱਗੀ ਹੈ।

ਖਾਸ ਕਰ ਕੇ ਮੈਟਰੋਪੋਲਿਟਨ ਸ਼ਹਿਰਾਂ 'ਚ ਘਰਾਂ ਤੋਂ ਦੂਰ ਰਹਿਣ ਵਾਲੇ ਨੌਜਵਾਨ ਕੰਮਕਾਜੀ ਜੋੜਿਆਂ 'ਚ ਇਹ ਰੁਝਾਨ ਦੇਖਣ ਨੂੰ ਮਿਲ ਰਿਹਾ ਹੈ। ਆਮ ਲੋਕਾਂ ਦੇ ਨਾਲ-ਨਾਲ ਕਈ ਮੰਨੀਆਂ-ਪ੍ਰਮੰਨੀਆਂ ਹਸਤੀਆਂ ਵੀ ਲਿਵ-ਇਨ ਰਿਲੇਸ਼ਨਸ਼ਿਪ 'ਚ ਰਹਿਣ ਲੱਗੀਆਂ ਹਨ।

ਭਾਰਤੀ ਸਿਨੇ ਜਗਤ 'ਚ ਵੀ ਲਿਵ-ਇਨ ਰਿਲੇਸ਼ਨਸ਼ਿਪ ਦੀਆਂ ਕਈ ਉਦਾਹਰਣਾਂ ਮੌਜੂਦ ਹਨ, ਜਿਨ੍ਹਾਂ 'ਚੋਂ ਕੁਝ ਦੀ ਜੋੜੀ ਟੁੱਟ ਗਈ ਅਤੇ ਕੁਝ ਦਾ ਅੰਜਾਮ ਵਿਆਹ ਤੱਕ ਪੁੱਜਿਆ।

ਮਾਇਆ ਨਗਰੀ 'ਚ ਲਿਵ-ਇਨ ਰਿਲੇਸ਼ਨਸ਼ਿਪ 'ਚ ਰਹਿਣ ਵਾਲੇ ਜੋੜਿਆਂ 'ਚ ਜਾਨ ਅਬ੍ਰਾਹਮ-ਬਿਪਾਸ਼ਾ ਬਸੂ, ਸੈਫ ਅਲੀ ਖਾਨ-ਰੋਜ਼ਾ ਕੈਟਲੀਨੋ, ਵਿਕਰਮ ਭੱਟ-ਅਮੀਸ਼ਾ ਪਟੇਲ, ਸੁਸ਼ਾਂਤ ਸਿੰਘ ਰਾਜਪੂਤ ਤੇ ਅੰਕਿਤਾ ਲੋਖੰਡੇ ਆਦਿ ਸ਼ਾਮਲ ਹਨ, ਜਿਨ੍ਹਾਂ ਦੇ ਸਬੰਧ ਕਿਸੇ ਅੰਜਾਮ ਤੱਕ ਨਹੀਂ ਪੁੱਜ ਸਕੇ।

ਅੰਕਿਤਾ ਲੋਖੰਡੇ ਤੋਂ ਬ੍ਰੇਕਅਪ ਤੋਂ ਬਾਅਦ ਸੁਸ਼ਾਂਤ ਸਿੰਘ ਦਾ ਲਿਵ-ਇਨ ਰਿਲੇਸ਼ਨਸ਼ਿਪ ਰੀਆ ਚੱਕਰਵਰਤੀ ਨਾਲ ਵੀ ਹੋਇਆ ਸੀ ਜਿਸ 'ਤੇ ਸੁਸ਼ਾਂਤ ਸਿੰਘ ਰਾਜਪੂਤ ਨੂੰ ਮਾਨਸਿਕ ਤਣਾਅ ਪਹੁੰਚਾਉਣ ਅਤੇ ਖੁਦਕੁਸ਼ੀ ਲਈ ਉਕਸਾਉਣ ਦਾ ਦੋਸ਼ ਲਾਇਆ ਗਿਆ ਅਤੇ ਇਸ ਬਾਰੇ ਪੁਲਸ ਰੀਆ ਕੋਲੋਂ ਪੁੱਛਗਿੱਛ ਵੀ ਕਰ ਚੁੱਕੀ ਹੈ।

ਦੂਜੇ ਪਾਸੇ ਲਿਵ-ਇਨ ਰਿਲੇਸ਼ਨਸ਼ਿਪ 'ਚ ਰਹਿਣ ਵਾਲੀਆਂ ਸਫਲ ਜੋੜੀਆਂ 'ਚ ਸੈਫ ਅਲੀ ਖਾਨ ਅਤੇ ਕਰੀਨਾ ਕਪੂਰ ਦਾ ਨਾਂ ਸਭ ਤੋਂ ਉਪਰ ਹੈ, ਜਿਨ੍ਹਾਂ ਨੇ ਪੰਜ ਸਾਲ ਤੱਕ ਲਿਵ-ਇਨ ਰਿਲੇਸ਼ਨਸਿਪ 'ਚ ਰਹਿਣ ਪਿੱਛੋਂ ਵਿਆਹ ਰਚਾ ਲਿਆ। ਭਾਰਤ 'ਚ 1978 'ਚ ਸੁਪਰੀਮ ਕੋਰਟ ਨੇ ਪਹਿਲੀ ਵਾਰ ਲਿਵ-ਇਨ ਰਿਲੇਸ਼ਨਸ਼ਿਪ ਨੂੰ ਮਾਨਤਾ ਦਿੱਤੀ ਸੀ। 'ਲਿਵ-ਇਨ' ਰਿਲੇਸ਼ਨਸ਼ਿਪ 'ਚ ਤਲਾਕ ਵਰਗੇ ਝੰਜਟ ਦੀ ਨੌਬਤ ਤਾਂ ਨਹੀਂ ਆਉਂਦੀ ਪਰ ਇਸ 'ਚ ਕਿਸੇ ਇਕ ਸਾਥੀ ਵੱਲੋਂ ਧੋਖਾ ਦੇਣ ਦੇ ਕਾਰਨ ਦੂਜੇ ਸਾਥੀ ਦੀ ਜ਼ਿੰਦਗੀ ਨਰਕ ਜ਼ਰੂਰ ਬਣ ਜਾਂਦੀ ਹੈ।

ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ ਨੇ ਵੀ ਕਿਹਾ ਹੈ ਕਿ ਦੇਸ਼ 'ਚ ਪਿਛਲੇ 5 ਸਾਲਾਂ ਦੌਰਾਨ ਪ੍ਰੇਮ, ਅਸਫਲ ਪ੍ਰੇਮ, ਧੋਖਾ ਅਤੇ ਨਾਜਾਇਜ਼ ਸਬੰਧਾਂ ਨੂੰ ਲੈ ਕੇ ਹੋਣ ਵਾਲੀਆਂ ਖੁਦਕੁਸ਼ੀਆਂ 'ਚ ਕਾਫੀ ਵਾਧਾ ਹੋਇਆ ਹੈ।

ਦਿੱਲੀ 'ਚ 18 ਮਈ, 2022 ਨੂੰ ਸ਼ਰਧਾ ਵਾਲਕਰ ਦਾ ਉਸ ਨਾਲ ਲਿਵ-ਇਨ 'ਚ ਰਹਿਣ ਵਾਲੇ ਆਫਤਾਬ ਪੂਨਾਵਾਲਾ ਵੱਲੋਂ ਕਤਲ ਤੋਂ ਪਹਿਲਾਂ ਅਤੇ ਉਸ ਦੇ ਬਾਅਦ ਵੀ ਦੇਸ਼ 'ਚ ਕਈ ਅਜਿਹੀਆਂ ਹੱਤਿਆਵਾਂ ਹੋਈਆਂ ਹਨ, ਜਿਨ੍ਹਾਂ 'ਚ ਪ੍ਰੇਮਿਕਾਵਾਂ ਜਾਂ ਪ੍ਰੇਮੀਆਂ ਨੇ ਆਪਣੇ ਸਾਥੀ ਨਾਲ ਗੈਰ-ਮਨੁੱਖੀ ਵਿਹਾਰ ਕੀਤਾ ਅਤੇ ਉਸ ਦੀ ਲਾਸ਼ ਦੇ ਟੁਕੜੇ-ਟੁਕੜੇ ਕਰ ਕੇ ਸੁੱਟ ਦਿੱਤੇ, ਨਾਲੇ 'ਚ ਰੋੜ੍ਹ ਦਿੱਤੇ ਜਾਂ ਸਾੜ ਦਿੱਤੇ। ਦੱਸਿਆ ਜਾਂਦਾ ਹੈ ਕਿ ਆਫਤਾਬ ਪੂਨਾਵਾਲਾ ਨੇ ਸ਼ਰਧਾ ਵਾਲਕਰ ਦੀ ਲਾਸ਼ ਦੇ 35 ਟੁਕੜੇ ਕੀਤੇ ਸਨ।

ਅਜੇ 13 ਦਸੰਬਰ ਨੂੰ ਹੀ ਇੰਦੌਰ 'ਚ ਲਿਵ-ਇਨ 'ਚ ਰਹਿਣ ਵਾਲੀ 20 ਸਾਲਾ ਕੁੜੀ ਵੱਲੋਂ ਸੈਕਸ ਤੋਂ ਇਨਕਾਰ ਕਰਨ 'ਤੇ ਉਸ ਦੇ ਸਾਥੀ ਨੇ ਹੱਤਿਆ ਕਰ ਦਿੱਤੀ।

ਲਿਵ-ਇਨ ਸਬੰਧਾਂ 'ਚ ਨਿਹਿਤ ਇਸੇ ਤਰ੍ਹਾਂ ਦੇ ਖਤਰਿਆਂ ਨੂੰ ਦੇਖਦੇ ਹੋਏ ਹੀ ਹਰਿਆਣਾ ਦੇ ਭਿਵਾਨੀ-ਮਹਿੰਦਰਗੜ੍ਹ ਤੋਂ ਭਾਜਪਾ ਦੇ ਲੋਕ ਸਭਾ ਮੈਂਬਰ ਧਰਮਵੀਰ ਸਿੰਘ ਨੇ 7 ਦਸੰਬਰ ਨੂੰ ਲੋਕ ਸਭਾ 'ਚ 'ਲਿਵ ਇਨ' ਸਬੰਧਾਂ ਨੂੰ ਸਮਾਜ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਨ ਵਾਲੀ ਇਕ ਖਤਰਨਾਕ ਅਤੇ ਹਾਨੀਕਾਰਕ ਬੁਰਾਈ ਕਰਾਰ ਦਿੰਦੇ ਹੋਏ ਸਰਕਾਰ ਕੋਲੋਂ ਇਸ 'ਤੇ ਰੋਕ ਲਾਉਣ ਲਈ ਕਾਨੂੰਨ ਬਣਾਉਣ ਦੀ ਮੰਗ ਕੀਤੀ।

ਧਰਮਵੀਰ ਸਿੰਘ ਨੇ ਕਿਹਾ ਕਿ "ਪ੍ਰੇਮ ਵਿਆਹਾਂ 'ਚ ਲੜਕੇ-ਲੜਕੀ ਦੇ ਮਾਤਾ-ਪਿਤਾ ਦੀ ਸਹਿਮਤੀ ਲਾਜ਼ਮੀ ਕੀਤੀ ਜਾਣੀ ਚਾਹੀਦੀ ਹੈ। ਜਿੱਥੇ ਦੇਸ਼ 'ਚ ਪ੍ਰੇਮ ਵਿਆਹ ਵਧਣ ਨਾਲ ਤਲਾਕ ਦੇ ਮਾਮਲੇ ਵੀ ਵਧ ਗਏ ਹਨ, ਉੱਥੇ ਹੀ 'ਲਿਵ-ਇਨ' ਸਬੰਧਾਂ ਕਾਰਨ ਦੇਸ਼ ਦਾ ਸੱਭਿਆਚਾਰ ਬਰਬਾਦ ਹੋ ਰਿਹਾ ਹੈ। ਇਸ ਲਈ ਭਾਰਤੀ ਸੱਭਿਆਚਾਰ ਨੂੰ ਪੱਛਮੀ ਸੱਭਿਆਚਾਰ ਵਾਂਗ ਬਣਨ ਤੋਂ ਬਚਾਉਣ ਲਈ ਇਕ ਕਾਨੂੰਨ ਬਣਾਉਣ ਦੀ ਲੋੜ ਹੈ।" ਸ਼ਰਧਾ ਵਾਲਕਰ ਦੀ ਉਦਾਹਰਣ ਦਿੰਦੇ ਹੋਏ ਉਨ੍ਹਾਂ ਕਿਹਾ, "ਭਾਰਤੀ ਸਮਾਜ 'ਚ ਰਵਾਇਤੀ ਤੌਰ 'ਤੇ ਵਿਆਹ ਪਰਿਵਾਰਾਂ ਵੱਲੋਂ ਤੈਅ ਕੀਤੇ ਜਾਂਦੇ ਹਨ, ਜਿਨ੍ਹਾਂ 'ਚ ਲੜਕੇ ਅਤੇ ਲੜਕੀ ਦੀ ਵੀ ਸਹਿਮਤੀ ਹੁੰਦੀ ਹੈ। ਅਜਿਹੇ ਸਬੰਧਾਂ 'ਚ ਪਰਿਵਾਰਾਂ ਦੇ ਪਿਛੋਕੜ ਨੂੰ ਵੀ ਪਹਿਲ ਦਿੱਤੀ ਜਾਂਦੀ ਹੈ ਅਤੇ ਵਿਆਹ ਨੂੰ ਸੱਤ ਜਨਮਾਂ ਦਾ ਪਵਿੱਤਰ ਬੰਧਨ ਮੰਨਿਆ ਜਾਂਦਾ ਹੈ।"

"ਭਾਰਤ 'ਚ ਤਲਾਕ ਦੀ ਦਰ 1.1 ਫੀਸਦੀ ਹੈ, ਜਦਕਿ ਅਮਰੀਕਾ 'ਚ ਇਹ 40 ਫੀਸਦੀ ਤੱਕ ਪਹੁੰਚ ਗਈ ਹੈ, ਜਿਸ ਦਾ ਇਕ ਮਹੱਤਵਪੂਰਨ ਕਾਰਨ ਪ੍ਰੇਮ ਵਿਆਹ ਹੈ।"

ਉੱਚ ਪ੍ਰਾਚੀਨ ਭਾਰਤੀ ਸੱਭਿਆਚਾਰ ਨੂੰ ਦੇਖਦੇ ਹੋਏ ਸੰਸਦ ਮੈਂਬਰ ਧਰਮਵੀਰ ਸਿੰਘ ਦਾ ਕਥਨ ਸਹੀ ਹੈ। ਇਸ ਲਈ ਸਰਕਾਰ ਨੂੰ ਇਸ ਸਬੰਧ 'ਚ ਕੋਈ ਕਾਨੂੰਨ ਜ਼ਰੂਰ ਬਣਾਉਣਾ ਚਾਹੀਦਾ ਹੈ ਤਾਂ ਕਿ ਇਸ ਨਵੇਂ ਰੁਝਾਨ ਤੋਂ ਮੁਕਤੀ ਮਿਲ ਸਕੇ, ਜਿਸ 'ਚ ਲਾਭ ਘੱਟ ਅਤੇ ਖਤਰੇ ਜ਼ਿਆਦਾ ਹਨ।


Metrimonial

Suitable match for Parminder Singh Josan Sikh boy, trucking business in Canada, age 29 years, Height 5'-7". Contact 913-256-9498





CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us



CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com





R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
Open 7 Days
Weekends/Evenings
(Year Round Service)
Resonable Rates
Call for Appointment
e-file



Uscipp Insurance Services
1050 N Carpenter RD STE C, Modesto, CA 95351





TRUCK INSURANCE
TRUCK TAX
IFTA





Amarjit S Bir
amarjit@uscipp.org
Lic#0I15593CA
Ph: (925)318-1247

## ਗਲਤੀਆਂ ਕਿ ਬੱਜਰ ਗੁਨਾਹ

ਕਰਦਾ 'ਨਾਟਕ' ਨਵੇਂ ਅੱਖੀਂ ਘੱਟਾ ਪਾਉਣ ਵਾਲੇ
ਲੋਕ-ਮਨਾਂ ਵਿੱਚੋਂ ਦੇਖੋ ਦਿਨੋ ਦਿਨ ਲਹੀ ਜਾਂਦਾ।
ਢੀਠਾਂ ਤੇ ਮੱਕਾਰਾਂ ਵਾਂਗ ਕਰੇ ਨਿੱਤ ਬਿਆਨਬਾਜ਼ੀ
'ਕਿਲਾ' ਹੰਕਾਰ ਵਾਲਾ ਭਾਵੇਂ ਸਾਹਵੇਂ ਢਹੀ ਜਾਂਦਾ।
'ਕੱਖੋਂ ਹੌਲਾ' ਕਰ ਜਿਵੇਂ ਬਾਪ ਤਾਈਂ 'ਤੋਰਿਆ' ਸੀ
ਓਦਾਂ ਹੁਣ ਪਾਰਟੀ ਦੀ ਫੇਰੀ 'ਯਹੀ-ਤਹੀ' ਜਾਂਦਾ।
ਆਉਂਦੀਆਂ ਅਵਾਜ਼ਾਂ ਅਸਤੀਫੇ ਦੀਆਂ ਸੁਣਦਾ ਨਾ
ਸ਼੍ਰੋਮਣੀ ਕਮੇਟੀ ਦਿਆਂ 'ਮੋਢਿਆਂ' 'ਤੇ ਬਹੀ ਜਾਂਦਾ।
ਮੰਨਦਾ ਵਿਰੋਧੀ ਦਿਲੋਂ 'ਦਲ' ਦੇ ਹਮਾਇਤੀਆਂ ਨੂੰ
'ਜੀ-ਹਜ਼ੂਰੀਆਂ' ਦੀ ਦਿੱਤੀ ਚੁੱਕ ਮੰਨੀ ਸਹੀ ਜਾਂਦਾ।
'ਰਾਜ-ਭਾਗ' ਵੇਲੇ ਕੀਤੇ 'ਬੱਜਰ ਗੁਨਾਹਾਂ' ਤਾਈਂ
'ਜਾਣੇ ਅਣਜਾਣੇ' ਹੋਈ 'ਗਲ਼ਤੀ' ਹੀ ਕਹੀ ਜਾਂਦਾ!



-ਤਰਲੋਚਨ ਸਿੰਘ 'ਦੁਪਾਲਪੁਰ'
78146-92724

## ਸੁਣੋ ਬੀਬੀਓ...

ਸੁਣੋ ਬੀਬੀਓ ਕਰੋ ...
ਗੱਲਾਂ ਥੋੜੀਆਂ,
ਅਜੀਤ ਤੇ ਜੁਝਾਰ ਦੀਆਂ ...
ਗਾਈਏ ਘੋੜੀਆਂ...

ਚਾਵਾਂ ਨਾਲ ਗੁੰਦੀਏ...
ਸਿਹਰਿਆਂ ਦੇ ਹਾਰ ਨੂੰ,
ਹਰ ਲੜੀ ਗੁੰਦੀਏ...
ਭੈਣਾਂ ਦੇ ਪਿਆਰ ਨੂੰ,
ਕਲਗੀਆਂ ਲਾਈਏ ...
ਮੋਤੀਆਂ ਨਾਲ ਜੋੜੀਆਂ...
ਅਜੀਤ ਤੇ ਜੁਝਾਰ ਦੀਆਂ...
ਗਾਈਏ ਘੋੜੀਆਂ...

ਗੁੱਟਾਂ ਉੱਤੇ ਬੰਨੋ ਗਾਨੇ...
ਸੂਹੇ ਲਾਲ ਰੰਗ ਦੇ,
ਚੱਲੇ ਨੇ ਵਿਆਹੁਣ ਵੀਰੇ...
ਮੌਤ ਲਾੜੀ ਚੰਨ ਜੇਹ,
ਕਹਿਣਗੇ ਭੈਣਾਂ ਹਾਲੇ ਤੱਕ...
ਨਾ ਬੋਹੜੀਆਂ...
ਅਜੀਤ ਤੇ ਜੁਝਾਰ ਦੀਆਂ...
ਗਾਈਏ ਘੋੜੀਆਂ...

ਚਾਰ ਮਾਵਾਂ ਦੇ ਉਹ ...
ਲਾਡਲੇ ਪੁੱਤ ਸੀ,
ਉੱਚੇ ਲੰਮੇ ਗੱਭਰੂ ...
ਮੁੱਛ ਫੁੱਟ ਸੀ,
ਘੋੜੀ ਮੌਤ ਵਾਲੀ ਚੜੇ....
ਕਰ ਛਾਤੀਆਂ ਚੌੜੀਆਂ,
ਅਜੀਤ ਤੇ ਜੁਝਾਰ ਦੀਆਂ...
ਗਾਈਏ ਘੋੜੀਆਂ...

ਪਿਤਾ ਗੋਬਿੰਦ...
ਲਾਲਾ ਨੂੰ ਸ਼ਿੰਗਾਰਦੇ,
ਰੱਜ ਰੱਜ ਸੋਹਣੇ ...
ਮੁੱਖਾਂ ਨੂੰ ਨਿਹਾਰਦੇ,
ਇਹੋ ਜਿਹੀਆਂ ਜੱਗ ਤੇ ...
ਕੁਰਬਾਨੀਆਂ ਥੋੜੀਆਂ
ਅਜੀਤ ਤੇ ਜੁਝਾਰ ਦੀਆਂ...
ਗਾਈਏ ਘੋੜੀਆਂ...

ਜੰਗ ਵਿੱਚ ਕੁੱਦਿਆ ...
ਪਹਿਲਾ ਅਜੀਤ ਸੀ,
ਸ਼ਹੀਦੀਆਂ ਦੀ ਇਹ ..
ਕਿਹੋ ਜੇਹੀ ਰੀਤ ਸੀ,
ਗੋਬਿੰਦ ਸਿੰਘ ਅਨੋਖੀਆਂ...
ਸਿੱਖੀ ਰੀਤਾਂ ਤੋਰੀਆਂ,
ਅਜੀਤ ਤੇ ਜੁਝਾਰ ਦੀਆਂ ...
ਗਾਈਏ ਘੋੜੀਆਂ...

ਵੱਡੇ ਵੀਰ ਦੇ ...
ਜੰਗੀ ਜੌਹਰ ਦੇਖ ਕੇ,
ਫੁੱਲੇ ਨੱਥੁਨੇ ਦੇਖੋ ...
ਜੁਝਾਰ ਸਿੰਘ ਸ਼ੇਰ ਦੇ,
ਗੋਬਿੰਦ ਸਿੰਘ ਦੇ ਪੁੱਤਰਾਂ ਨੂੰ
ਵਿਆਹੁਣ ਲਈ ,
ਚਮਕੌਰ ਦੀ ਗੜ੍ਹੀ...
ਲਾੜੀ ਮੌਤਾਂ ਬੋਹੜੀਆਂ,

ਅਜੀਤ ਤੇ ਜੁਝਾਰ ਦੀਆਂ...
ਗਾਈਏ ਘੋੜੀਆਂ...ਹਾ



ਡਾ ਲਵਪ੍ਰੀਤ ਕੌਰ ਜਵੰਧਾ

## ਇਤਿਹਾਸ-ਏ-ਚਮਕੌਰ

ਉਹ ਖਜੂਰਾਂ ਦੇ ਰੁੱਖ,
ਵਹਿੰਦਾ ਨਹਿਰ ਦਾ ਪਾਣੀ,
ਵੱਜੇ ਢੋਲ ਦਾ ਨਾਦ,
ਢੋਲੀ ਮੇਰਾ ਹੈ ਹਾਣੀ,
ਜਿੱਥੇ ਬਹਿ ਕੇ ਮੈਂ ਲਿਖਾਂ,
ਨਿੱਤ ਨਵੀਂ ਕਹਾਣੀ,
ਇਹ ਸ਼ਹੀਦਾਂ ਦੀ ਧਰਤੀ,
ਕੱਚੀ ਗੜ੍ਹੀ ਪੁਰਾਣੀ,
ਕਹਿਰ ਜ਼ੁਲਮ ਦਾ ਢਾਹਿਆ,
ਦਸ ਲੱਖ ਫੌਜ ਮੁਗ਼ਲਾਨੀ,
ਜਾਮ ਸ਼ਹਾਦਤ ਦੇ ਪੀਤੇ,
'ਅਜੀਤ', 'ਜੁਝਾਰ' ਜਵਾਨੀ,
ਬੱਜੀ ਗੋਬਿੰਦ ਦੀ ਤਾੜੀ,
ਗੁਰੂ ਘਰ ਨਿਸ਼ਾਨੀ,
ਸੁਣ ਰਣਜੀਤ ਨਗਾਰਾ,
ਭੱਜੀ ਫੌਜ ਤੁਰਕਾਨੀਂ,
ਝੰਡੇ ਝੁੱਲਣ ਹਵਾ ਵਿੱਚ,
ਖੰਡੇ ਚਮਕਣ ਅਸਮਾਨੀ,
ਭਰੇ ਸ਼ਹੀਦੀ ਜੋੜ ਮੇਲਾ,
ਯਾਦ ਆਉਂਦੀ ਕੁਰਬਾਨੀ,
ਸ਼ੀਸ਼ ਦੁਨੀਆ ਝੁਕਾਵੇ,
ਚੁੰਮ ਚੁੰਮ ਮਿੱਟੀ ਮੈਦਾਨੀ,
ਹੋਈ ਆਮਦ ਸ਼ਾਇਰਾਨਾ,
ਉਹਦੀ ਮੇਹਰਬਾਨੀ,
'ਜੱਸੀ' ਸ਼ਾਇਰ ਤਾਂ ਲਿਖੇ,
ਇਹ ਕੁਰਬਾਨੀ ਲਾਸਾਨੀ,
ਇਹ ਇਤਿਹਾਸ-ਏ-ਚਮਕੌਰ,
ਸੁਣ ਲਓ ਸਾਰੇ ਜ਼ੁਬਾਨੀ,



ਜੇ.ਐਸ. ਮਹਿਰਾ
9592430420

## ਸਿੱਜਦਾ ਸ਼ਹਾਦਤ ਨੂੰ

ਗੋਬਿੰਦ ਦੇ ਦੋ ਲਾਡਲੇ, ਅੰਸ਼ ਗੁਰੂ ਦੇ ਲਾਲ
ਸਿਰੜੀ ਯੋਧੇ ਧੰਨ ਓਹ, ਧੰਨ ਓਹ ਸਾਹਿਬ ਕਮਾਲ

ਜਬਰ ਜੁਲਮ ਦੀ ਹੱਦ ਨਾ, ਸ਼ਾਹੀ ਹਉਮੈ ਹੱਠ
ਧਰਤੀ ਇਹ ਸਰਹਿੰਦ ਦੀ, ਕਾਤਲਗਾਹੀ ਮੱਠ
ਪੰਛੀ ਫ਼ਰ ਨਾ ਮਾਰਦੇ, ਰਹਿਮ ਗਿਆ ਹੈ ਨੱਠ
ਕੋਹਲੂ ਪੀੜਨ ਆਦਮੀ, ਦਿੱਲੀ ਦੀ ਹੈ ਲੱਠ
ਕਬਰਾਂ ਕੰਬਣ ਸਹਿਮ ਕੇ, ਕੰਬੇ ਅਕਾਸ਼ ਪਤਾਲ
ਗੋਬਿੰਦ ਦੇ ਦੋ ਲਾਡਲੇ ....

ਮਾਂ ਨਾਂਹ ਸਿਆਣੇ ਪੁੱਤ ਨੂੰ, ਰੋ ਨਾ ਮਾਰੇ ਧਾਅ
ਅੱਖ ਹਕੂਮਤ ਜਦ ਕਰੇ, ਧੌਣਾਂ ਦਿੰਦੇ ਲਾਹ
ਕੀਲੇ ਸ਼ਰੀਅਤ ਟੰਗ ਕੇ, ਕਾਜ਼ੀ ਦੇਣ ਸਲਾਹ
ਬੁੱਚੜ ਅੰਦਰ ਕਚਿਹਰੀ, ਕਰਦੇ ਵਾਹ-ਵਾਹ ਵਾਹ
ਭੈਅ ਖੁਦਾ ਦਾ ਲੱਥਿਆ, ਯਾਦ ਰਿਹਾ ਨਾ ਕਾਲ
ਗੋਬਿੰਦ ਦੇ ਦੋ ਲਾਡਲੇ...

ਤੇਗ਼ ਬਹਾਦਰ ਮਿਸ਼ਨ ਦਾ, ਆਇਆ ਚੱਲ ਨਿਸ਼ਾਨ
ਮਾਤ-ਪਿਤਾ ਤੋਂ ਵਿਛੜੇ, ਛਾਨਣ ਬੀਆ-ਵਾਨ
ਪੋਹ ਦਾ ਕੋਰਾ ਪੈ ਰਿਹੈ, ਸ਼ੀਤ ਹਵਾਵਾਂ ਤੇਜ਼
ਕਿਣਮਿਣ ਵਰਸੇ ਮੇਘ ਦੀ, ਮੁੱਖ ਤੇ ਸੂਹੇ ਤੇਜ਼
ਬਾਲ ਮੁਸਾਫ਼ਰ ਘਿਰ ਗਏ, ਦਾਦੀ ਮਾਂ ਦੇ ਨਾਲ
ਗੋਬਿੰਦ ਦੇ ਦੋ ਲਾਡਲੇ....

ਗੰਗੂ ਬੇ-ਇਮਾਨ ਨੇ, ਆ ਕੇ ਲਾਲਚ ਵੱਸ
ਖੁਦ ਜਾਹ ਕੀਤੀ ਮੁਕਬਰੀ, ਥਾਣੇ ਦਿੱਤਾ ਦੱਸ
ਮਾਸੂਮ ਹਵਾਲਾਤ ਵਿਚ, ਰੱਖੇ ਸਾਰੀ ਰਾਤ
ਅਗਲੇ ਦਿਨ ਮੋਰਿੰਡਓ, ਚੱਲੀ ਸ਼ਾਹੀ ਜਾਤ
ਦੋ ਜਿੰਦਾਂ ਹੋ ਬੇ-ਘਰੋਂ, ਮਾਂ ਗੁਜਰੀ ਏ ਲਾਲ
ਗੋਬਿੰਦ ਦੇ ਦੋ ਲਾਡਲੇ ...

ਜੰਗ 'ਚ ਹਨ ਦਸਮੇਸ਼ ਵੀ, ਫ਼ੌਜਾਂ ਦਾ ਘਮਸਾਣ
ਗਵਾਹ ਗੜੀ ਚਮਕੌਰ ਦੀ, ਲੱਖ ਸਵਾ, ਇਕ ਜਾਨ
ਲਾਲ ਸ਼ਹਾਦਤ ਪਾ ਗਏ, ਜੂਝੇ ਵੈਰੀ ਸੰਗ
ਮਾਛੀਵਾੜੇ ਵਿੱਚ ਨੇ, ਕੱਲੇ ਪੈਰੋਂ ਨੰਗ
ਵਿਛੜ ਗਿਆ ਪਰਿਵਾਰ ਸਭ, ਜਪਦਾ ਅਕਾਲ ਅਕਾਲ
ਗੋਬਿੰਦ ਦੇ ਦੋ ਲਾਡਲੇ ...

ਮੌਕਾ ਪਸਤੀ ਲੋਭ ਵਿਚ, ਭੁੱਲਿਆ ਦੀਨ-ਈਮਾਨ
ਗੰਗੂ ਗੰਗੂ ਕਰ ਰਿਹੈ, ਮੁਗਲਾਂ ਦਾ ਹਰ ਖਾਨ
ਤਰਸ 'ਚ ਦੁੱਧ ਪਿਲਾ ਰਿਹੈ, ਮਹਿਰਾ ਮੋਤੀ ਮੱਲ
ਕੋਹਲੂ ਵਿਚ ਦੀ ਪੀੜਤਾ, ਟੱਬਰ ਪਕੜ ਅਵੱਲ
ਕੈਦ ਕਰੇ ਵਿਚ ਬੁਰਜ਼ ਦੇ, ਖੋਹ ਕੇ ਖੜਗਾਂ ਢਾਲ
ਗੋਬਿੰਦ ਦੇ ਦੋ ਲਾਡਲੇ....

ਭੁੱਖ਼ਣ ਭਾਣੇ ਕੈਦ ਕਰ, ਤਖ਼ਤ ਦਿਖਾਵੇ ਜ਼ੋਰ
ਆਖਣ ਮੋਮਨ ਹੋਣ ਨੂੰ, ਬਦਲੇ ਖ਼ੋਰੀ ਥੋਹਰ
ਨਾ ਟੁੱਟੇ ਜਦ ਸ਼ਾਹਿਜਾਦੇ, ਹਾਰਿਆ ਸੁੱਚਾ ਨੰਦ
ਚਿਣ ਦਿੱਤੇ ਮਾਸੂਮ ਦੋ, ਕਰਕੇ ਕਾਤਲਾਂ ਕੰਧ
ਜਿਗਰੀ ਖੰਜ਼ਰ ਮਾਰਦੇ, ਓ ਬੋਲਣ ਸੋ ਨਿਹਾਲ
ਗੋਬਿੰਦ ਦੇ ਦੋ ਲਾਡਲੇ...

ਸਾਕਾ ਏ ਸਰਹਿੰਦ ਦਾ, ਬੇ ਦਰਦੀ ਅਤਿ ਅੰਤ
ਪੁੱਟ ਗਿਆ ਜੜ ਰਾਜ ਦੀ, ਮੁਗਲਾਂ ਦਾ ਕਰ ਅੰਤ
ਜਾਮ ਸ਼ਹਾਦਤ ਪੀ ਗਏ, ਨਾ ਕਰੀ ਈਨ ਕਬੂਲ
ਸਰਹਿੰਦ ਵਿਚ ਕਰ ਸਿੱਜਦੇ, ਨਿਸ਼ਾਂਨ ਰਹੇ ਨੇ ਝੂਲ
'ਬਾਲੀ' ਮੇਰੀ ਕੌਮ ਦੇ, ਮਾਂ ਜੀਤੋ ਦੇ ਬਾਲ
ਗੋਬਿੰਦ ਦੇ ਦੋ ਲਾਡਲੇ...

ਬਲਜਿੰਦਰ ਸਿੰਘ 'ਬਾਲੀ ਰੇਤਗੜ੍ਹ'
9465129168

## ਕੱਚੀ ਗੜ੍ਹੀ

ਛੱਡਕੇ ਅਨੰਦਪੁਰੀ ਤੁਰੇ ਸੀ, ਪਏ ਜਦੋਂ ਅਣਗਾਹੇ ਰਾਹ।
ਪਰਿਵਾਰ ਵਿਛੋੜੇ ਪਾਏ ਸੀ, ਸਰਸੇ ਸਿਰ ਪਈ ਸੁਆਹ।
ਛੋਟੇ ਲਾਲ ਤੇ ਮਾਤਾ ਗੁਜਰੀ, ਗੰਗੂ ਮੋਰਿੰਡੇ ਪਹੁੰਚੇ ਜਾਹ।
ਦਸਮੇਸ਼ ਪਿਤਾ ਸੰਗ ਵੱਡੜੇ, ਚਮਕੌਰ ਗੜ੍ਹੀ ਸੰਗ ਵਾਹ।
ਪਿੱਛਾ ਕਰਦੀ ਮੁਗਲ ਫੌਜ,ਪਹਾੜੀ ਰਾਜੇ ਕਰ ਵਾਹੋਦਾਹ।
ਵਿਸਾਹਘਾਤੀ ਹੋਏ ਇਕੱਠੇ, ਸਭ ਝੂਠੀਆਂ ਕਸਮਾਂ ਖਾਹ।
ਦੀਨ ਗੁਆਇਆ ਜ਼ਾਲਮਾਂ, ਇਤਿਹਾਸ ਵੀ ਅੱਜ ਗਵਾਹ।
ਤ੍ਰਿਤਾਲੀ ਜਣੇ ਸਣੇ ਗੁਰੂ ਦੇ, ਲਏ ਦੱਸ ਲੱਖ ਨੇ ਘੇਰੇ ਪਾ।
ਕੱਚੀ ਗੜ੍ਹੀ ਸੀ ਬਣੀ ਕਿਲਾ, ਗੁਰੂ ਜੀ ਬੈਠੇ ਮੱਲ ਕਮਾਨ।
ਵੰਡ ਦਿੱਤੇ ਸਿੰਘ ਸੂਰਮੇ ਫਿਰ, ਜਥਿਆਂ ਨੇ ਤੋੜੇ ਗੁਮਾਨ।
ਗੁਰਾਂ ਛੱਡੇ ਤੀਰ ਅਣਿਆਲੇ ,ਹੋਏ ਜਰਨੈਲ ਲਹੂ ਲੁਹਾਨ।
ਤੋਰਿਆ ਅਜੀਤ ਜੁਝਾਰ ਨੂੰ, ਦਿੱਤਾ ਥਾਪੜਾ ਤੇ ਫੁਰਮਾਨ।
ਪੈਂਤੀ ਸਿੰਘ ਸਣੇ ਸਾਹਿਬਜ਼ਾਦੇ, ਜਦੋਂ ਗਏ ਸ਼ਹੀਦੀਆਂ ਪਾ।
ਗੁਰਮਤਾ ਪਕਾ ਕੇ ਸਿੰਘਾਂ ਨੇ, ਗੁਰਾਂ ਨੂੰ ਦਿੱਤਾ ਹੁਕਮ ਸੁਣਾ।
ਤੁਸੀਂ ਚਾਲੇ ਪਾ ਲਊ ਰਾਤ ਨੂੰ, ਦਿਉ ਸਾਡਾ ਫਿਕਰ ਮੁਕਾ।
ਪੰਥ ਦੀ ਰਹੇਗੀ ਚੜ੍ਹਦੀ ਕਲਾ,ਜੇਕਰ ਗੁਰੂ ਲਈਏ ਬਚਾ।
ਗੜ੍ਹੀਉਂ ਬਾਹਰ ਹੋ ਅੱਧੀ ਰਾਤ, ਗੁਰਾਂ ਕਿਹਾ ਤਾਲੀ ਮਾਰ।
ਔਹ ਜਾਂਦਾ ਈ ਸ਼ੇਰ, ਗਿੱਦੜੋ!, ਦੇਖੋ ਨੀਲੇ ਦਾ ਅਸਵਾਰ।
ਜੇ ਰੋਕ ਸਕਦੇ ਤਾਂ ਰੋਕ ਲਓ, ਜਾ ਰਿਹਾ ਔਹ ਸ਼ਾਹ ਸਵਾਰ।
ਭਾਜੜ ਪਈ ਵਿੱਚ ਦੁਸ਼ਮਣਾਂ, ਉਨ੍ਹਾਂ ਆਪਣੇ ਹੀ ਦਿੱਤੇ ਮਾਰ।
ਹੱਥ ਮਲਦੇ ਵੈਰੀ ਰਹਿ ਗਏ, ਜੋ ਗਿੱਦੜ ਭੱਬਕੀ ਮਾਰਦਾ।
ਵਜ਼ੀਰਾ ਨੱਕ ਡੁਬੋ ਕੇ ਮਰਦਾ,ਝੂਠੇ ਬਹਾਨੇ ਲਾ ਕੇ ਸਾਰਦਾ।
ਔਰੰਗਜ਼ੇਬ ਗਿਆ ਠਠੰਬਰ, ਖਾਲੀ ਹੱਥ ਨਾ ਸਹਾਰਦਾ।
ਸਰਹਿੰਦ ਦਾ ਸੂਬਾ ਡਰਿਆ, ਮੁਗਲ ਉੱਤੋਂ ਝਾੜਾਂ ਮਾਰਦਾ।
ਉਤਾਰਿਆ ਕਰਜ਼ਾ ਖਾਲਸੇ ਦਾ, ਜਾ ਸੁੱਤੇ ਗੁਰੂ ਮਾਛੀਵਾੜੇ।
ਕੰਡਿਆਂ ਦੀ ਸੇਜ ਢੀਮ ਸਰ੍ਹਾਣਾ,ਧਰਮ ਦੇ ਜਿੱਤ ਅਖਾੜੇ।
ਮਿੱਤਰ ਪਿਆਰੇ ਦਾ ਸ਼ੁਕਰਾਨਾ, ਸੱਥਰ ਨੂੰ ਨ ਆਖਣ ਮਾੜੇ।
ਨ ਡਰੋਂ ਅਰ ਸੇ ਜਬ ਜਾਇ ਲਰੋਂ, ਪੀੜਾਂ ਦੁੱਖ ਭੁੰਨਾਏ ਭਾੜੇ।

ਸੇਵਾ ਸਿੰਘ ਨੂਰਪੁਰੀ

## ਦਾਦੀ ਤੇਰੇ ਪੋਤਿਆਂ ਨੇ...

ਦਾਦੀ ਤੇਰੇ ਪੋਤਿਆਂ ਨੇ,
ਮੁੜ ਕੇ ਨਹੀਂ ਆਉਣਾ ਹੁਣ।
ਉਹਨਾਂ ਦੀਆਂ ਜੋੜੀਆਂ ਦੇ,
ਸੁਪਨੇ ਨਾ ਨਵੇਂ ਬੁਣ।
ਦਾਦੀ ਤੇਰੇ....
ਸੂਬੇ ਦੀ ਕਚਹਿਰੀ ਵਿੱਚ,
ਸਿਦਕ ਕਮਾ ਗਏ ਉਹ।
ਮੁਗਲਾਂ ਨੂੰ ਸਿੱਖੀ ਵਾਲੀ,
ਤਾਕਤ ਦਿਖਾ ਗਏ ਉਹ।
ਗੂੰਜਦੇ ਜੈਕਾਰੇ ਉੱਥੇ ਤਾਂ,
ਲਾ ਕੇ ਕੰਨ ਜ਼ਰਾ ਸੁਣ।
ਦਾਦੀ ਤੇਰੇ.....
ਤੇਰੀਆਂ ਸਿਖਾਵਤਾਂ ਨੂੰ,
ਯਾਦ ਉਹਨਾਂ ਰੱਖਿਆ।
ਸ਼ਾਨੋ ਸ਼ੌਕਤ ਦੇ ਵੱਲ ਉਹਨਾਂ,
ਰਤਾਂ ਵੀ ਨਾ ਤੱਕਿਆ।
ਸਾਰਾ ਜੱਗ ਨਿੱਕੇ-ਵੱਡਿਆਂ,
ਦੇ ਗਾਉਂਦਾ ਪਿਆ ਗੁਣ।
ਦਾਦੀ ਤੇਰੇ.....
ਗੋਬਿੰਦ ਜੀ ਨੇ ਸਾਰਾ ਟੱਬਰ,
ਲੇਖੇ ਸੀ ਲਗਾ ਦਿੱਤਾ।
ਬਹਾਦਰੀ ਦਾ ਕੌਮ ਵਿੱਚ,
ਬੂਟਾ ਸੀ ਲਗਾ ਦਿੱਤਾ।
ਖ਼ਾਲਸਾ ਸੀ ਸਾਜਿਆ ਉਹਨਾਂ,
ਪੰਜ ਪਿਆਰਿਆਂ ਨੂੰ ਚੁਣ।
ਦਾਦੀ ਤੇਰੇ.....



ਮਨਜੀਤ ਕੌਰ ਧੀਮਾਨ
ਸੰ:9464633059

## ਸ਼ਹਾਦਤਾਂ ਨੂੰ ਨਮਨ

ਮੋਰਚਿਆਂ ਨੂੰ ਜਿੱਤ ਆਪ ਰਹੇ ਜੀ 'ਅਜੀਤ',
ਜਦੋਂ ਰਣ ਵਿੱਚ ਜੂਝੇ ਸੀ 'ਜੁਝਾਰ' ਬਣ ਕੇ,
'ਜੋਰਾਵਰ' ਬਣ ਕੀਤਾ ਔਕੜਾਂ ਨੂੰ 'ਫਤਿਹ',
ਭਾਵੇਂ ਟੁੱਟੀਆਂ ਸੀ ਢੇਰ ਜਾਂ ਅੰਬਾਰ ਬਣ ਕੇ।
ਚੇਤਿਆਂ 'ਚੋਂ ਗੁਜਰੇ ਨਾ 'ਗੁਜਰੀ' ਕਦੇ ਵੀ,
ਸਦਾ ਸੰਗ ਜਿਵੇਂ ਝੰਡਾ-ਬਰਦਾਰ ਬਣ ਕੇ,
'ਤੇਗ' ਦੀ ਬਹਾਦਰੀ ਵੀ ਦੇਵੇ ਅਗਵਾਈ
ਕਿ ਨਿਤਾਣਿਆਂ ਦੇ ਰਹੀਏ ਪਹਿਰੇਦਾਰ ਬਣ ਕੇ।
ਦੱਸੇ 'ਦਸ਼ਮੇਸ਼' ਬਾਕਮਾਲ ਜਿਹਾ ਗੁਰ,
ਕਿਵੇਂ ਚੱਲਦੀ ਕਲਮ ਹਥਿਆਰ ਬਣ ਕੇ।
ਜ਼ਫ਼ਰਨਾਮਾ ਧਿਆਨ ਧਰ ਰੋਮੀਆਂ ਘੜਾਮੇਂ
ਨਹੀਂ ਤੇ ਕੱਖ ਨਹੀਉਂ ਫਾਇਦਾ ਸਾਹਿਤਕਾਰ ਬਣ ਕੇ।



ਰੋਮੀ ਘੜਾਮੇਂ ਵਾਲਾ
9855281105

## ਭਾਈ ਜੀਵਨ ਸਿੰਘ/ਭਾਈ ਜੈਤਾ

**(ਚਮਕੌਰ ਸਾਹਿਬ ਜੰਗ ਦਾ ਲਾਸਾਨੀ ਯੋਧਾ)**

ਸਦਾ ਨੰਦ ਘਰ ਜੰਮਿਆ ਮਾਂ ਪ੍ਰੇਮੋ ਜਾਇਆ
ਗੁਰੂ ਘਰੇ ਕਰ ਸੇਵਾ ਤੇ ਸੇਵਕ ਅਖਵਾਇਆ
ਗੋਬਿੰਦ ਰਾਏ ਨਾਲ ਖੇਡਦਾ ਖਿਡਾਉਂਦਾ ਆਇਆ
ਸੀਸ ਚੁੱਕ ਕੇ ਗੁਰਾਂ ਦਾ ਦਿੱਲੀਓਂ ਲੈਣ ਆਇਆ
'ਰੰਘਰੇਟੇ ਗੁਰੂ ਕੇ ਬੇਟੇ' ਦਾ ਖਿਤਾਬ ਸੀ ਪਾਇਆ

ਤੀਰ ਅੰਦਾਜ਼ੀ ਪੱਕਾ ਘੋੜ ਸਵਾਰੀ ਪੂਰਾ
ਪੜਨ ਲਿਖਣ ਵਿੱਚ ਵੀ ਲਿਆ ਗਿਆਨ ਗੂੜਾ
ਕੁਰਬਾਨੀ ਤੇ ਸਿਰੜ ਦਾ ਉਸ ਪੜ ਲਿਆ ਊੜਾ
ਮੂੰਹ ਚ ਪਾ ਲਗਾਮਾਂ ਸੀ ਲਲਕਾਰਦਾ ਸੂਰਾ
ਫੜ੍ਹ ਦੋਨੋਂ ਹੱਥ ਤਲਵਾਰਾਂ ਸੀ ਪੱਟ ਦਿੰਦਾ ਧੂੜਾਂ

ਅਜੀਤ ਸਿੰਘ ਨੂੰ ਯੁੱਧ ਦੇ ਦਾਅ ਪੇਚ ਸਿਖਾਏ
ਤੀਰ ਅੰਦਾਜ਼ੀ ਨਿਪੁੰਨ ਤੇ ਘੋੜ ਸਵਾਰ ਬਣਾਏ
ਯੁੱਧ ਨੀਤੀ ਤੇ ਗੱਤਕੇ ਦੇ ਵੀ ਭੇਤ ਸੁਝਾਏ
ਵੈਰੀ ਦੀ ਕੀ ਹਿੰਮਤ ਫਿਰ ਮੂਹਰੇ ਖੜ੍ਹ ਜਾਏ
ਬਾਘਣੀ ਅਤੇ ਨਾਗਣੀ ਦੋਵੇਂ ਹੱਥੀਂ ਚਲਾਏ

14 ਜੰਗਾਂ ਗੁਰੂ ਜੀ ਨਾਲ ਖੜ੍ਹਕੇ ਲੜੀਆਂ
ਵਿਚ ਮੈਦਾਨੇ ਜੰਗ ਕੀਤੀਆਂ ਖਾਟਾਂ ਖੜੀਆਂ
ਸੀਨੇ ਖਾਧੇ ਫੱਟ ਦਿਖਾ ਨੂੰ ਵੈਰੀ ਨੂੰ ਤੜੀਆਂ
ਕਰਨ ਮਖੌਲਾਂ ਮੌਤ ਨੂੰ ਵਿਚ ਬੰਨ੍ਹ ਹੱਥਕੜੀਆਂ
ਫ਼ੌਜਾਂ ਕੰਬ ਜਾਂਦੀਆਂ ਵੈਰੀਆਂ ਦੀਆਂ ਡਰੀਆਂ

ਘੇਰਾ ਰਿਹਾ ਆਨੰਦਪੁਰ ਨੂੰ 8 ਮਹੀਨੇ ਪੂਰੇ
ਭਾਈ ਜੀਵਨ ਸਿੰਘ ਤੇ ਸਾਥੀ ਮਜ਼ਹਬੀ ਸੂਰੇ
ਡਟ ਗਏ ਗੁਰਾਂ ਨਾਲ ਪਾ ਯਾਰਾਨੇ ਗੂੜੇ
ਦੁੱਖ ਤਕਲੀਫਾਂ ਔਕੜਾਂ 'ਚ ਹੋ ਖੜ੍ਹ ਗਏ ਮੂਹਰੇ
ਪਾਉਂਦੇ ਟਿੱਡੀ ਦਲ ਨੂੰ ਭਾਜੜਾਂ ਪੈਂਦੇ ਹੋਹੋ ਦੂਹਰੇ

ਬਚਿੱਤਰ ਸਿੰਘ ਨੇ ਨਾਗਣੀ ਹਾਥੀ ਨੂੰ ਮਾਰੀ
ਪਿੱਛੇ ਮੁੜ ਕੇ ਵੈਰੀਆਂ ਦੀ ਫ਼ੌਜ ਮਾਰਤੀ ਭਾਰੀ
ਗੁਰੂ ਗੋਬਿੰਦ ਸਿੰਘ ਜੈਤੇ ਨਾਲ ਬਹਿ ਗੱਲ ਵਿਚਾਰੀ
ਕਿਲ੍ਹਾ ਅਨੰਦਪੁਰ ਛੱਡਣ ਦੀ ਕਰ ਲਈ ਤਿਆਰੀ
ਕਾਫ਼ਲੇ ਨੂੰ ਪਿੱਛਿਉਂ ਬਚਾਅ ਦੀ ਸੀ ਦਿੱਤੀ ਜ਼ੁੰਮੇਵਾਰੀ

ਅਜੀਤ ਸਿੰਘ ਨੂੰ ਪਾ ਲਿਆ ਵੈਰੀਆਂ ਨੇ ਘੇਰਾ
ਉਦੇ ਸਿੰਘ ਵੀ ਲਾਇਆ ਸੀ ਜ਼ੋਰ ਵਥੇਰਾ
ਜੀਵਨ ਸਿੰਘ ਨੂੰ ਭੇਜਿਆ ਦੇ ਹੱਲਾ-ਸ਼ੇਰਾ
ਬਾਘਣੀ ਨਾਗਣੀ ਲਾ ਦਿੱਤਾ ਲੋਥਾਂ ਦਾ ਢੇਰਾ
ਸਾਹਿਬਜ਼ਾਦੇ ਨੂੰ ਲੈ ਆਇਆ ਦਿਖਾ ਕੇ ਜੇਰਾ

ਪੁੱਤ ਗੁਲਜ਼ਾਰ,ਗੁਰਦਿਆਲ ਸਿੰਘ ਸਰਸਾ ਦੇ ਕੰਢੇ
ਪਤਨੀ ਰਾਜ ਕੌਰ ਤੇ ਮਾਂ ਪ੍ਰੇਮੋ ਗੱਡੇ ਝੰਡੇ
ਅਜੀਤ ਸਿੰਘ ਤੇ ਜੈਤੇ ਨੇ ਟੰਗਤੇ ਜੋ ਵੈਰੀ ਖੰਘੇ
ਫਿਰ ਉਹੀ ਰਸਤਿਓਂ ਲੰਘਿਆ ਜਿੱਥੋਂ ਗੁਰੂ ਜੀ ਲੰਘੇ
ਸ਼ਹੀਦ ਕਰਾ ਪਰਿਵਾਰ ਨੂੰ ਕਹੇ ਮੇਰੇ ਭਾਗ ਨੇ ਚੰਗੇ

ਚਮਕੌਰ ਗੜ੍ਹੀ ਵਿੱਚ ਗੁਰੂ ਜੀ ਲਾਈ ਇਸ਼ਕ ਦੀ ਹੱਟੀ
ਵਣਜ ਸੱਚ ਦੇ ਨਾਲ ਸੀ ਖੱਟ ਲਈ ਖੱਟੀ
ਸੇਵਾ ਸਿੰਘ ਤੇ ਸੁੱਖਾ ਸਿੰਘ ਪੁੱਤ ਪਾਰਸ ਵੱਟੀ
ਸੰਗਤ ਸਿੰਘ ਭਾਈ ਤੇ ਸਹੁਰਾ ਖਜ਼ਾਨ ਸਿੰਘ ਪੱਟੀ
ਦੇ ਕੁਰਬਾਨੀ ਕੋੜਮਾ ਅੱਖੀਓਂ ਹੰਝ ਨਾ ਸੱਟੀ

ਨੌਵੇਂ ਗੁਰਾਂ ਨਾਲ ਸਦਾ ਨੰਦ ਪਿਤਾ ਦਿੱਲੀ ਵਾਰੇ
ਦੋ ਪੁੱਤਰ ਚਮਕੌਰ ਦੀ ਜੰਗ ਵਿੱਚ ਬਣ ਗਏ ਤਾਰੇ
ਸਰਸਾ ਕੰਢੇ ਦੋ ਨੇ ਦੁਸ਼ਮਣ ਲਲਕਾਰੇ
ਪਤਨੀ ਮਾਤਾ ਭਾਈ ਤੇ ਸਹੁਰਾ ਸਾਹਿਬ ਪਿਆਰੇ
ਵਾਰ ਦਿੱਤੇ ਪਰਿਵਾਰ ਦੇ ਜੀਅ ਧਰਮ ਤੋਂ ਸਾਰੇ

ਗੁਰੂ ਸਾਹਿਬ ਦੇ ਮੋਢੇ ਦੇ ਨਾਲ ਮੋਢਾ ਲਾ ਗਿਆ
ਕਲਗੀਆਂ ਵਾਲਾ ਕਲਗੀ ਉਹਦੇ ਸਿਰ ਸਜਾ ਗਿਆ
ਆਖਿਰੀ ਦਮ ਤੱਕ ਲੜਨ ਦਾ ਨਾਲੇ ਹੁਕਮ ਸੁਣਾ ਗਿਆ
ਬਾਘਣੀ ਅਤੇ ਨਾਗਣੀ ਰਾਇਫਲਾਂ ਹੱਥ ਫੜ੍ਹਾ ਗਿਆ
ਬੀਂਬੜ ਵਾਲਿਆ ਸੂਰਮਾ ਧਰਮ ਲੇਖੇ ਜਿੰਦ ਲਾ ਗਿਆ

ਗੁਰੂ ਸਾਹਿਬ ਨਾਲ ਆਖਿਰੀ ਸੀ ਦਮ ਤੱਕ ਖੜਿਆ
ਦੁੱਖ ਤਕਲੀਫਾਂ ਬਿੱਖੜੇ ਰਾਹ ਦਾ ਪਾਂਧੀ ਬਣਿਆ
ਜਿੱਥੇ ਕੀਤਾ ਹੁਕਮ ਗੁਰਾਂ ਉੱਥੇ ਹੀ ਤਣਿਆ
ਹਿੰਮਤ ਹੌਸਲੇ ਦ੍ਰਿੜਤਾ ਸੰਗ ਵੈਰੀਆਂ ਨਾਲ ਲੜਿਆ
ਚਮਕੌਰ ਜੰਗ ਦਾ ਆਖ਼ਰੀ ਸ਼ਹੀਦ ਜੀਵਨ ਸਿੰਘ ਬਣਿਆ

ਇੰਜੀ. ਸਤਨਾਮ ਸਿੰਘ ਮੱਟੂ
ਬੀਂਬੜ੍ਹ, ਸੰਗਰੂਰ
9779708257



# ਵਿਦੇਸ਼ਾਂ ਨੂੰ ਕਿਉਂ ਜਾ ਰਹੇ ਹਨ ਪੰਜਾਬੀ ਨੌਜਵਾਨ ?

**ਗੁਰਤੇਜ ਸਿੰਘ ਖੁਡਾਲ**

ਸਾਡੇ ਪੰਜਾਬੀਆਂ ਵਿਚ ਬਾਹਰ ਜਾਣ ਦਾ ਰੁਝਾਨ ਬਹੁਤ ਜ਼ਿਆਦਾ ਹੋ ਗਿਆ ਹੈ। ਇਸ ਦਾ ਮੁੱਖ ਕਾਰਨ ਹੈ ਕਿ ਬੱਚਿਆਂ ਦੀ ਪੜ੍ਹਾਈ ਜਾਂ ਬੱਚਿਆਂ ਲਈ ਨੌਕਰੀ, ਰੁਜ਼ਗਾਰ ਜਾਂ ਕਮਾਈ ਦੀਆਂ ਇਥੇ ਬਹੁਤੀਆਂ ਸੰਭਾਵਨਾਵਾਂ ਦਾ ਨਾ ਹੋਣਾ। ਜੇਕਰ ਪਿਛਲੇ ਕੁਝ ਸਾਲਾਂ ਦੀ ਗੱਲ ਕਰੀਏ ਤਾਂ ਬਹੁਤ ਜ਼ਿਆਦਾ ਨੌਜਵਾਨਾਂ ਨੇ ਬਾਹਰ ਦਾ ਰੁਖ਼ ਕੀਤਾ ਹੈ। ਜਦੋਂ ਬਾਹਰ ਜਾਣ ਬਾਰੇ ਇਨ੍ਹਾਂ ਨੌਜਵਾਨਾਂ ਜਾਂ ਉਨ੍ਹਾਂ ਦੇ ਮਾਪਿਆਂ ਨਾਲ ਗੱਲ ਕਰਦੇ ਹਾਂ ਤਾਂ ਉਨ੍ਹਾਂ ਦੇ ਅਲੱਗ-ਅਲੱਗ ਵਿਚਾਰ ਹਨ। ਕੁਝ ਲੋਕਾਂ ਦਾ ਕਹਿਣਾ ਹੈ ਕਿ ਇੱਥੇ ਸਾਡੇ ਨੌਜਵਾਨ ਬੱਚਿਆਂ ਨੂੰ ਪੜ੍ਹ-ਲਿਖ ਕੇ ਉਨ੍ਹਾਂ ਦੀ ਕਾਬਲੀਅਤ ਮੁਤਾਬਿਕ ਨੌਕਰੀ ਜਾਂ ਰੁਜ਼ਗਾਰ ਨਹੀਂ ਮਿਲ ਰਿਹਾ। ਇਹ ਗੱਲ ਬਹੁਤ ਹੱਦ ਤੱਕ ਸਹੀ ਵੀ ਹੈ। ਜੇਕਰ ਪਿਛਲੇ ਦਸ-ਪੰਦਰਾਂ ਸਾਲਾਂ ਦੀ ਗੱਲ ਕਰੀਏ ਤਾਂ ਉਸ ਵੇਲੇ ਦੀਆਂ ਸਰਕਾਰਾਂ ਨੇ ਕਾਬਲ ਬੱਚਿਆਂ ਦੇ ਭਵਿੱਖ ਨਾਲ ਬਹੁਤ ਵੱਡਾ ਧੋਖਾ ਕੀਤਾ ਹੈ। ਜਿਨ੍ਹਾਂ ਵੀ ਪਾਰਟੀਆਂ ਦੀਆਂ ਸਰਕਾਰਾਂ ਇਨ੍ਹਾਂ ਪਿਛਲੇ ਪੰਦਰਾਂ ਸਾਲਾਂ ਦੌਰਾਨ ਰਹੀਆਂ ਹਨ, ਉਨ੍ਹਾਂ ਸਰਕਾਰਾਂ ਨੇ ਆਪਣੇ ਹਿਸਾਬ ਨਾਲ ਹੀ ਆਪਣੇ-ਆਪਣੇ ਖ਼ਾਸ ਬੰਦਿਆਂ ਨੂੰ ਨੌਕਰੀਆਂ ਦਿੱਤੀਆਂ। ਕਾਬਲ ਅਤੇ ਮੈਰਿਟ ਵਿਚ ਆਉਣ ਵਾਲੇ ਬੱਚਿਆਂ ਨੂੰ ਇਟਰਵਿਊ ਦੇ ਨਾਂਅ 'ਤੇ ਨੌਕਰੀਆਂ ਤੋਂ ਬਾਹਰ ਕਰ ਦਿੱਤਾ ਜਾਂਦਾ ਸੀ। ਇਹ ਨੌਕਰੀਆਂ ਦੇਣ ਦਾ ਉਨ੍ਹਾਂ ਪਾਰਟੀਆਂ ਦਾ ਆਪਣਾ-ਆਪਣਾ ਤਰੀਕਾ ਰਿਹਾ ਹੈ। ਇਸ ਤਰ੍ਹਾਂ ਕਰਨ ਨਾਲ ਹੋਣਹਾਰ ਅਤੇ ਬਹੁਤ ਹੀ ਕਾਬਲ ਬੱਚਿਆਂ ਦੇ ਮਨ ਨੂੰ ਬਹੁਤ ਵੱਡੀ ਠੇਸ ਪਹੁੰਚੀ। ਇਨ੍ਹਾਂ ਨੌਜਵਾਨ ਬੱਚਿਆਂ ਨੇ ਸਭ ਪਾਸੇ ਤੋਂ ਰੁਜ਼ਗਾਰ ਅਤੇ ਨੌਕਰੀ ਦਾ ਕੁਝ ਨਾ ਬਣਦਾ ਦੇਖ ਕੇ ਵਿਦੇਸ਼ਾਂ ਦਾ ਰੁਖ਼ ਕੀਤਾ। ਉਦੋਂ ਤੋਂ ਹੀ ਬੱਚਿਆਂ ਦੇ ਬਾਹਰ ਜਾਣ ਦੀ ਅਜਿਹੀ ਪਿਰਤ ਪਈ ਜੋ ਅੱਜ ਤੱਕ ਲਗਾਤਾਰ ਜਾਰੀ ਹੈ। ਹਰ ਰੋਜ਼ ਹਜ਼ਾਰਾਂ ਦੀ ਗਿਣਤੀ ਵਿਚ ਸਾਡੇ ਕਾਬਲ ਨੌਜਵਾਨ ਬੱਚਿਆਂ ਦਾ ਵਿਦੇਸ਼ਾਂ ਵਿਚ ਜਾਣਾ ਜਾਰੀ ਹੈ।

ਪਰ ਕੁਝ ਲੋਕਾਂ ਦਾ ਕਹਿਣਾ ਕਿ ਇੱਥੇ ਪੰਜਾਬ ਵਿਚ ਨਸ਼ਿਆਂ ਦਾ ਬਹੁਤ ਜ਼ਿਆਦਾ ਬੋਲਬਾਲਾ ਹੈ। ਇਸ ਨਸ਼ੇ ਦੀ ਦਲਦਲ ਵਿਚ ਬਹੁਤ ਜ਼ਿਆਦਾ ਨੌਜਵਾਨ ਫਸਦੇ ਜਾ ਰਹੇ ਹਨ। ਨਸ਼ਿਆਂ ਦੇ ਜ਼ਿਆਦਾ ਹੋਣਕਰਕੇ ਇੱਥੇ ਮਾਹੌਲ ਕਾਫ਼ੀ ਖ਼ਰਾਬ ਹੁੰਦਾ ਜਾ ਰਿਹਾ ਹੈ। ਰੋਜ਼ਾਨਾ ਲੜਾਈਆਂ, ਲੁੱਟਾਂ-ਖੋਹਾਂ ਅਤੇ ਮਾਰ-ਧਾੜ ਕਰਕੇ ਡਰ ਦਾਮਾਹੌਲ ਬਣਿਆ ਹੋਇਆ ਹੈ। ਇਨ੍ਹਾਂ ਨੌਜਵਾਨਾਂ ਦੇ ਮਾਪਿਆਂ ਦਾ ਕਹਿਣਾ ਹੈ ਕਿ ਅਸੀਂ ਨਸ਼ਿਆਂ ਤੋਂ ਡਰਦੇ ਹੋਏ ਉਨ੍ਹਾਂ ਬੱਚਿਆਂ ਦੇ ਸੁਰੱਖਿਅਤ ਭਵਿੱਖ ਲਈ ਉਨ੍ਹਾਂ ਨੂੰ ਬਾਹਰ ਭੇਜ ਰਹੇ ਹਾਂ।

ਵਿਦੇਸ਼ਾਂ ਵਿਚ ਜਾ ਕੇ ਕੰਮ ਕਰਕੇ ਸਾਡੇ ਬੱਚੇ ਆਪਣਾ ਭਵਿੱਖ ਬਣਾ ਸਕਣ, ਇਸ ਕਰਕੇ ਵੀ ਕਾਫ਼ੀ ਲੋਕਾਂ ਨੇ ਵਿਦੇਸ਼ਾਂ ਦਾ ਰੁਖ਼ ਕੀਤਾ ਹੈ ਪਰ ਕਿਸੇ ਦਾ ਵੀ ਦਿਲ ਨਹੀਂ ਕਰਦਾ ਕਿ ਉਹ ਆਪਣੇ ਪਰਿਵਾਰ ਨੂੰ ਛੱਡ ਕੇ ਵਿਦੇਸ਼ਾਂ ਵਿਚ ਜਾਵੇ। ਦੂਜੇ ਪਾਸੇ ਮਾਪਿਆਂ ਦਾ ਵੀ ਦਿਲ ਨਹੀਂ ਕਰਦਾ ਕਿ ਉਹ ਆਪਣੇ ਬੱਚਿਆਂ ਨੂੰ ਦੂਰ ਭੇਜਣ, ਪਰ ਇਹ ਬੱਚਿਆਂ ਅਤੇ ਮਾਪਿਆਂ ਦੀ ਮਜਬੂਰੀ ਬਣ ਚੁੱਕੀ ਹੈ। ਇਸ ਹਾਲਾਤ ਲਈ ਅਸੀਂ ਸਾਰੇ ਹੀ ਜ਼ਿੰਮੇਵਾਰ ਹਾਂ। ਜੇਕਰ ਅਸੀਂ ਪੰਜਾਬ ਵਿਚ ਕੰਮ ਦੀ ਗੱਲ ਕਰੀਏ ਤਾਂ ਪੰਜਾਬ ਵਿਚ ਕੰਮ ਤਾਂ ਬਹੁਤ ਜ਼ਿਆਦਾ ਹੈ ਪਰ ਨੌਜਵਾਨ ਪੀੜ੍ਹੀ ਪੰਜਾਬ ਵਿਚ ਕੰਮ ਕਰਨ ਨੂੰ ਤਿਆਰ ਨਹੀਂ।

ਪੰਜਾਬ ਵਿਚ ਪੜ੍ਹੇ-ਲਿਖੇ ਨੌਜਵਾਨਾਂ ਨੇ ਹੇਠਲੀ ਪੱਧਰ 'ਤੇ ਕੰਮ ਕਰਨਾ ਛੱਡ ਦਿੱਤਾ ਹੈ। ਇਹ ਬੱਚੇ ਕੰਮ ਕਰਨ ਲੱਗਿਆਂ ਬਹੁਤ ਸ਼ਰਮ ਮੰਨਦੇ ਹਨ। ਅਸੀਂ ਇਨ੍ਹਾਂ ਨੂੰ ਰੋਜ਼ਾਨਾ ਦੇ ਕੋਈ ਕੰਮ ਕਹਿ ਵੀ ਦੇਈਏ ਤਾਂ ਬਹੁਤ ਘੱਟ ਬੱਚੇ ਨੇ, ਜੋ ਕਰਦੇ ਵੀ ਨੇ ਬਹੁਤ ਜ਼ਿਆਦਾ ਸ਼ਰਮ ਮੰਨ ਕੇ ਜਵਾਬ ਦੇ ਦਿੰਦੇ ਹਨ। ਇਹੀ ਨੌਜਵਾਨ ਜਦੋਂ ਵਿਦੇਸ਼ ਦੀ ਧਰਤੀ 'ਤੇ ਪੁੱਜ ਜਾਂਦੇ ਹਨ ਤਾਂ ਉਥੇ ਜਾ ਕੇ ਹਰ ਕੰਮ ਕਰਨ ਲਈ ਤਿਆਰ ਹੋ ਜਾਂਦੇ ਹਨ, ਜਿਵੇਂ ਝਾੜੂ-ਪੋਚਾ, ਸਾਫ਼-ਸਫ਼ਾਈ ਅਤੇ ਲੋਕਾਂ ਦੀਆਂ ਮਿਨਤਾਂ ਕਰਦੇ ਹਨ ਕਿ ਸਾਨੂੰ ਕੰਮ ਦੇ ਦਿਓ। ਜੇਕਰ ਹੁਣ ਅੱਜ ਦੇ ਹਾਲਾਤ ਦੀ ਗੱਲ ਕਰੀਏ ਤਾਂ ਵਿਦੇਸ਼ ਵਿਚ ਵੀ ਜ਼ਿਆਦਾ ਬੱਚੇ ਜਾਣ ਕਰਕੇ ਉਥੇ ਵੀ ਬੱਚਿਆਂ ਦੇ ਬਹੁਤ ਬੁਰੇ ਹਾਲਾਤ ਹਨ। ਇਨ੍ਹਾਂ ਨੌਜਵਾਨਾਂ ਨੂੰ ਵਿਦੇਸ਼ਾਂ ਵਿਚ ਰਹਿਣ-ਸਹਿਣ, ਕੰਮ ਲੱਭਣ ਅਤੇ ਖਾਣ-ਪੀਣ ਲਈ ਬਹੁਤ ਜ਼ਿਆਦਾ ਮੁਸ਼ਕਿਲ ਆ ਰਹੀ ਹੈ। ਇਹ ਨੌਜਵਾਨ ਬੱਚੇ ਕਾਫ਼ੀ ਮਾੜੇ ਹਾਲਾਤ ਦਾ ਸਾਹਮਣਾ ਕਰਨ ਲਈ ਮਜਬੂਰ ਹਨ, ਕਿਉਂਕਿ ਕਈ ਮਾਪਿਆਂ ਨੇ ਆਪਣੇ ਬੱਚਿਆਂ ਨੂੰ ਪੱਚੀ ਤੋਂ ਤੀਹ ਲੱਖ ਰੁਪਏ ਲਾ ਕੇ ਬਾਹਰ ਭੇਜਿਆ ਹੈ। ਮਾਪਿਆਂ ਨੇ ਇਹ ਪੈਸੇ ਜ਼ਮੀਨਾਂ ਵੇਚ ਕੇ ਜਾਂ ਆਪਣੇ ਰਿਸ਼ਤੇਦਾਰਾਂ-ਦੋਸਤਾਂ ਤੋਂ ਵਿਆਜ 'ਤੇ ਪੈਸੇ ਲੈ ਕੇ ਆਪਣੇ ਬੱਚਿਆਂ ਨੂੰ ਵਿਦੇਸ਼ ਭੇਜਿਆ ਹੈ। ਇਸ ਸਾਰੀ ਵਜ ?ਾ ਕਰਕੇ ਬੱਚਿਆਂ ਦੀ ਮਜਬੂਰੀ ਹੋ ਗਈ ਹੈ ਕਿ ਉਨ੍ਹਾਂ ਨੂੰ ਜੋ ਵੀ ਕੰਮ ਮਿਲੇ ਉਸ ਨੂੰ ਕਰਨ ਲਈ ਉਹ ਮਜਬੂਰ ਹਨ। ਹੁਣ ਜੇਕਰ ਪੰਜਾਬ ਵਿਚ ਕੰਮ ਦੀ ਗੱਲ ਕਰੀਏ ਤਾਂ ਪੰਜਾਬ ਵਿਚ ਬਹੁਤ ਜ਼ਿਆਦਾ ਕੰਮ ਹਨ ਪਰ ਕੰਮ ਕਰਨ ਵਾਲੇ ਬਹੁਤ ਘੱਟ ਹਨ। ਪਰ ਸਾਡੇ ਨੌਜਵਾਨ ਕਿਰਤ ਨਾਲ ਜੁੜੇ ਕੰਮ ਕਰਨ ਲਈ ਬਿਲਕੁਲ ਰਾਜ਼ੀ ਨਹੀਂ ਹਨ। ਇੱਥੇ ਸਾਰੇ ਸਰਕਾਰੀ ਨੌਕਰੀ ਲੱਭਦੇ ਹਨ। ਜਾਂ ਫਿਰ ਕੋਈ ਹੋਰ ਕੰਮ ਹੋਵੇ ਜਿਸ ਵਿਚ ਬਹੁਤੀ ਮਿਹਨਤ ਨਾ ਕਰਨੀ ਪਵੇ। ਜੇਕਰ ਅਸੀਂ ਇਕ ਪਿੰਡ ਦੀ ਗੱਲ ਕਰੀਏ ਤਾਂ ਉਸ ਪੂਰੇ ਪਿੰਡ ਵਿਚੋਂ ਦਸ ਤੋਂ ਬਾਰ੍ਹਾਂ ਘਰ ਹੋਣਗੇ, ਜਿਨ੍ਹਾਂ ਵਿਚ ਬਜ਼ੁਰਗ ਅਤੇ ਮੌਜੂਦਾ ਨੌਜਵਾਨ ਪੀੜ੍ਹੀ ਦੋਵੇਂ ਰਲ ਕੇ ਖੇਤੀਬਾੜੀ ਦਾ ਕੰਮ ਕਰਦੇ ਹਨ। ਸਾਡੀ ਨੌਜਵਾਨੀ ਕੰਮ ਤੋਂ ਦੂਰ ਹੁੰਦੀ ਜਾ ਰਹੀ ਹੈ। ਪਰਸਾਡੀ ਪੁਰਾਣੀ ਪੀੜ੍ਹੀ ਇਕੱਲੀ ਕੰਮ ਕਰ ਰਹੀ ਹੈ।



ਸਾਡੀ ਨੌਜਵਾਨੀ ਬਿਲਕੁੱਲ ਕੰਮ ਛੱਡ ਚੁੱਕੀ ਹੈ। ਕਾਫ਼ੀ ਨੌਜਵਾਨਾਂ ਦਾ ਕੰਮ ਤਾਂ ਬਸ ਮਹਿੰਗੇ-ਮਹਿੰਗੇ ਸੂਟ-ਬੂਟ ਅਤੇ ਮਹਿੰਗੇ ਮੋਬਾਈਲ, ਮਹਿੰਗੀਆਂ ਗੱਡੀਆਂ ਲੈ ਕੇ ਬਿਨਾਂ ਕੰਮ ਤੋਂ ਗੇੜੇ ਲਾਉਣੇ ਤੇ ਤੇਲ ਫੂਕਣਾ ਹੈ। ਕੰਮ ਕਰਨ ਵਾਲੇ ਲੋਕ ਇਕ-ਇਕ ਏਕੜ ਵਿਚੋਂ ਲੱਖਾਂ ਰੁਪਏ ਕਮਾ ਰਹੇ ਹਨ। ਬਹੁਤ ਸਾਰੇ ਲੋਕ ਬਹੁਤ ਸਾਰੇ ਸਹਾਇਕ ਧੰਦਿਆਂ ਵਿਚੋਂ ਲੱਖਾਂ ਰੁਪਏ ਕਮਾ ਰਹੇ ਹਨ, ਜਿਨ੍ਹਾਂ ਨੇ ਕੰਮ ਨਹੀਂ ਕਰਨਾ ਉਹ ਕਹਿੰਦੇ ਹਨ ਕਿ ਪੰਜਾਬ ਵਿਚ ਕੰਮ ਨਹੀਂ ਹੈ ਤੁਸੀਂ ਪੰਜਾਬ ਦੀ ਕੋਈ ਵੀ ਸਬਜ਼ੀ ਮੰਡੀ ਵੇਖ ਲਓ, ਚਾਹੇ ਥੋਕ ਦੀ ਹੋਵੇ ਚਾਹੇ ਛੋਟੀ ਸਬਜ਼ੀ ਮੰਡੀ ਹੋਵੇ ਉਥੇ ਤੁਹਾਨੂੰ ਸਾਰੇ ਹੀ ਪ੍ਰਵਾਸੀ ਮਿਲਣਗੇ। ਉਸ ਤੋਂ ਬਾਅਦ ਆਪਣੇ ਮੁਹੱਲਿਆਂ ਵਿਚ ਦੇਖੋ ਜਿੰਨੇ ਵੀ ਸਬਜ਼ੀ ਵੇਚਣ ਵਾਲੇ ਰੇਹੜੀਆਂ ਵਾਲੇਨੇ ਉਹ ਵੀ ਸਾਰੇ ਪ੍ਰਵਾਸੀ ਹਨ। ਉਸ ਤੋਂ ਬਾਅਦ ਆਪਾਂ ਗੱਲ ਕਰਦੇ ਈ-ਰਿਕਸ਼ਾ, ਥ ?ੀ-ਵੀਲਰ ਜਾਂ ਹੋਰ ਵੀ ਸਵਾਰੀਆਂ ਜਾਂ ਸਾਮਾਨ ਢਾਹੁਣ ਵਾਲਿਆਂ ਦੀ ਤਾਂ ਇਹ ਸਾਰੇ ਹੀ ਪ੍ਰਵਾਸੀ ਹਨ। ਕੱਪੜੇ ਧੋਣ, ਪ੍ਰੈੱਸ ਕਰਨ ਵਾਲੇ ਵੀ ਸਾਰੇ ਪ੍ਰਵਾਸੀ ਹਨ। ਸਾਡੇ ਮਕਾਨ ਬਣਾਉਣ ਵਾਲੇ ਠੇਕੇਦਾਰ, ਮਿਸਤਰੀ, ਮਜ਼ਦੂਰ ਸਭ ਪ੍ਰਵਾਸੀ ਹਨ, ਜਿਨ੍ਹਾਂ ਨੇ ਪੰਜਾਬ ਵਿਚ ਮਿਹਨਤ ਕਰਕੇ ਆਪਣੇ ਬਹੁਤ ਵੱਡੇ-ਵੱਡੇ ਮਕਾਨ-ਕੋਠੀਆਂ ਅਤੇ ਜ਼ਮੀਨਾਂ ਪੰਜਾਬ ਵਿਚ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ। ਬਹੁਤ ਵਧੀਆ ਅਤੇ ਵੱਡੇ-ਵੱਡੇ ਸਕੂਲਾਂ ਵਿਚ ਇਨ੍ਹਾਂ ਦੇ ਬੱਚੇ ਪੜ੍ਹ ਰਹੇ ਹਨ। ਜੇਕਰ ਪੰਜਾਬ ਵਿਚ ਕੰਮ ਨਾ ਹੁੰਦਾ ਤਾਂ ਪ੍ਰਵਾਸੀ ਇੱਥੇ ਆ ਕੇ ਕਦੀ ਵੀ ਕਾਮਯਾਬ ਨਾ ਹੁੰਦੇ। ਵਿਦੇਸ਼ ਵਿਚ ਨੌਜਵਾਨਾਂ ਦਾ ਜਾਣਾ ਕੋਈ ਮਾੜੀ ਗੱਲ ਨਹੀਂ, ਪਰ ਜਿਸ ਰਫ਼ਤਾਰ ਨਾਲ ਸਾਡੀ ਨੌਜਵਾਨੀ ਨੇ ਬਾਹਰ ਜਾਣ ਦਾ ਫ਼ੈਸਲਾ ਕੀਤਾ ਹੈ, ਇਹ ਸਾਡੇ ਪੰਜਾਬ ਅਤੇ ਪੰਜਾਬੀਆਂ ਲਈ ਬਹੁਤ ਚਿੰਤਾ ਵਾਲੀ ਗੱਲ ਹੈ। ਜਿਨ੍ਹਾਂ ਪਰਿਵਾਰਾਂ ਦੇ ਬੱਚੇ ਵਿਦੇਸ਼ ਵਿਚ ਜਾ ਕੇ ਪੀ.ਆਰ. ਹੋ ਗਏ ਹਨ, ਹੁਣ ਉਨ੍ਹਾਂ ਮਾਪਿਆਂ ਨੇ ਵੀ ਵਿਦੇਸ਼ ਦਾ ਰੁਖ਼ ਕਰ ਲਿਆ ਹੈ। ਹੌਲੀ-ਹੌਲੀ ਇਹ ਪਰਿਵਾਰ ਪੰਜਾਬ ਛੱਡ ਕੇ ਵਿਦੇਸ਼ਾਂ ਵਿਚ ਹੀ ਪੱਕੇ ਤੌਰ 'ਤੇ ਵਸ ਜਾਣਗੇ। ਜੋ ਪਰਿਵਾਰ ਜਾਂ ਬੱਚਾ ਬਾਹਰ ਗਿਆ ਹੈ ਉਹ ਕਦੀ ਵੀ ਵਾਪਸ ਨਹੀਂ ਆਵੇਗਾ। ਇਹ ਪੰਜਾਬ ਲਈ ਨਾ ਪੂਰਾ ਹੋਣ ਵਾਲਾ ਘਾਟਾ ਹੈ। ਸਾਡੀ ਮੌਜੂਦਾ ਸਰਕਾਰ ਨੂੰ ਬੇਨਤੀ ਹੈ ਕਿ ਉਹ ਪੰਜਾਬ ਦੇ ਨੌਜਵਾਨ ਬੱਚਿਆਂ ਨੂੰ ਪੰਜਾਬ ਵਿਚ ਹੀ ਵੱਧ ਤੋਂ ਵੱਧ ਨੌਕਰੀਆਂ ਅਤੇ ਕੰਮ ਦੇਵੇ। ਜਦੋਂ ਨੌਜਵਾਨ ਬੱਚਿਆਂ ਨੂੰ ਆਪਣੇ ਪੰਜਾਬ ਵਿਚ ਨੌਕਰੀ ਅਤੇ ਰੁਜ਼ਗਾਰ ਮਿਲੇਗਾ, ਫਿਰ ਉਨ੍ਹਾਂ ਵਿਚ ਬਾਹਰ ਜਾਣ ਦੀ ਦੌੜ ਘਟ ਸਕਦੀ ਹੈ।

# ਸੰਭਲ ਕੇ ਚਲਾਓ! ਤੁਹਾਨੂੰ ਕੋਈ ਉਡੀਕ ਰਿਹੈ

**- ਗੁਰਬਿੰਦਰ ਸਿੰਘ ਮਾਣਕ**

ਅਕਸਰ ਹੀ ਇਹ ਕਿਹਾ ਜਾਂਦਾ ਹੈ ਕਿ ਪੰਜਾਬੀ ਦੁਨੀਆ ਦੇ ਮੰਨੇ ਹੋਏ ਡਰਾਈਵਰ ਹਨ। ਆਪਣੇ ਦੇਸ਼ ਵਿਚ ਹੀ ਨਹੀਂ, ਇਨ੍ਹਾਂ ਦੀ ਡਰਾਈਵਰੀ ਦੀਆਂ ਧੁੰਮਾਂ ਵਿਦੇਸ਼ਾਂ ਤੱਕ ਵੀ ਪਈਆਂ ਹੋਈਆਂ ਹਨ। ਹਾਲਾਂਕਿ, ਇਹ ਬਹੁਤ ਜੋਖਮ ਭਰਿਆ ਕੰਮ ਹੈ, ਪਰ ਮਿਹਨਤੀ ਤੇ ਸਿਰੜੀ ਪੰਜਾਬੀਆਂ ਨੇ ਕੈਨੇਡਾ, ਅਮਰੀਕਾ, ਆਸਟ੍ਰੇਲੀਆ ਤੇ ਸੰਸਾਰ ਦੇ ਹੋਰ ਬਹੁਤ ਸਾਰੇ ਦੇਸ਼ਾਂ ਵਿਚ ਟਰਾਲੇ ਤੇ ਹੋਰ ਭਾਰੀ ਵਾਹਨਾਂ ਨੂੰ ਚਲਾਉਣ ਦਾ ਕੰਮ ਸੰਭਾਲਿਆ ਹੋਇਆ ਹੈ। ਪਰ ਇਹ ਬਹੁਤ ਹੈਰਾਨੀਜਨਕ ਗੱਲ ਹੈ ਕਿ ਪੰਜਾਬ ਵਿਚ ਰਹਿੰਦੇ ਬਹੁਤੇ ਨੌਜਵਾਨ ਡਰਾਈਵਿੰਗ ਸਿੱਖਣਾ ਕੋਈ ਜ਼ਰੂਰੀ ਨਹੀਂ ਸਮਝਦੇ। ਸ਼ਾਇਦ ਇਸੇ ਕਾਰਨ ਹੀ ਹਾਦਸੇ ਵੀ ਵੱਡੀ ਗਿਣਤੀ ਵਿਚ ਵਾਪਰਦੇ ਹਨ ਤੇ ਮਨੁੱਖੀ ਜਾਨਾਂ ਵੀ ਹਰ ਸਾਲ ਅਜਾਈਂ ਜਾਂਦੀਆਂ ਹਨ। ਇੱਥੇ ਤਾਂ ਸੱਤਵੀਂ ਅੱਠਵੀਂ ਵਿਚ ਪੜ੍ਹਦੇ ਬੱਚੇ ਨੂੰ ਵੀ ਮਾਪੇ ਦੋ-ਪਹੀਆ ਵਾਹਨ ਚਲਾਉਂਦੇ ਦੇਖ ਕੇ ਫੁੱਲੇ ਨਹੀਂ ਸਮਾਉਂਦੇ। ਮੋਟਰ ਸਾਈਕਲਾਂ ਤੇ ਬੁਲਟਾਂ ਦੇ ਕੰਨ-ਪਾੜਵੇਂ ਸ਼ੋਰ ਨੇ ਅਨੇਕਾਂ ਪੰਜਾਬ ਦੀਆ ਸੜਕਾਂ 'ਤੇ ਆਤੰਕ ਮਚਾਇਆ ਹੁੰਦਾ ਹੈ। ਪਿੰਡਾਂ ਤੇ ਸ਼ਹਿਰਾਂ ਦੇ ਸਕੂਲਾਂ ਵਿਚ ਪੜ੍ਹਦੇ ਬਹੁਤੇ ਬੱਚੇ ਹੁਣ ਬਿਨਾਂ ਕਿਸੇ ਸਿਖਲਾਈ ਤੋਂ ਮੋਟਰ-ਸਾਈਕਲ, ਬੁਲਟ ਤੇ ਐਕਟਿਵਾ ਆਦਿ ਇਸ ਤਰ੍ਹਾਂ ਦੌੜਾਈ ਫਿਰਦੇ ਹਨ, ਜਿਵੇਂ ਜਮਾਂਦਰੂ ਹੀ ਸਿੱਖ ਕੇ ਆਏ ਹੋਣ। ਅਸਲ ਵਿਚ ਇੱਥੇ ਕਿਸੇ ਨਿਯਮ ਕਾਨੂੰਨ ਨੂੰ ਮੰਨਣਾ ਆਪਣੀ ਸ਼ਾਨ ਦੇ ਖ਼ਿਲਾਫ ਮੰਨਿਆ ਜਾਂਦਾ ਹੈ। ਜਦੋਂ ਬੱਚਾ ਦੇਖਦਾ ਹੈ ਕਿ ਵੱਡੇ ਕਿਸੇ ਸੜਕੀ ਨਿਯਮ ਦੀ ਪ੍ਰਵਾਹ ਨਹੀਂ ਕਰਦੇ ਤਾਂ, ਉਹ ਵੀ ਉਸੇ ਰਾਹ ਤੁਰ ਪੈਂਦਾ ਹੈ। ਇਸ ਸਿਰੇ ਦੀ ਅਣਗਹਿਲੀ ਦੇ ਸਿੱਟੇ ਵਜੋਂ ਨਿੱਤ-ਦਿਨ ਅੱਲ੍ਹੜ ਉਮਰ ਦੇ ਬੱਚੇ ਸੜਕਾਂ 'ਤੇ ਤੇਜ਼ ਰਫ਼ਤਾਰ ਤੇ ਲਾਪਰਵਾਹੀ ਨਾਲ ਮੋਟਰ ਸਾਇਕਲ ਚਲਾਉਂਦੇ, ਹਾਦਸਿਆਂ ਦਾ ਸ਼ਿਕਾਰ ਹੋ ਰਹੇ ਹਨ। ਪਰ ਇਸ ਦੇ ਬਾਵਜੂਦ ਨਾ ਤਾਂ ਮਾਪੇ ਸੁਚੇਤ ਹੁੰਦੇ ਹਨ ਤੇ ਨਾ ਹੀ ਪ੍ਰਸ਼ਾਸਨ ਕੋਈ ਸਖ਼ਤੀ ਨਾਲ ਇਸ 'ਤੇ ਰੋਕ ਲਗਾਉਂਦਾ ਹੈ। ਮਾਪੇ ਵੀ ਬੱਚੇ ਦੀ ਜ਼ਿਦ ਅੱਗੇ ਆਪਣੇ ਹਥਿਆਰ ਸੁੱਟ ਕੇ, ਉਸ ਨੂੰ ਇਸ ਸੜਕੀ-ਆਤੰਕ ਦੇ ਰਾਹ ਤੋਰ ਦਿੰਦੇ ਹਨ। ਬੱਚੇ ਬਿਨਾਂ ਡਰਾਈਵਿੰਗ ਲਾਇਸੰਸ ਤੇ ਬਿਨਾਂ ਕਿਸੇ ਟਰੇਨਿੰਗ ਦੇ ਦੋ-ਪਹੀਆ ਵਾਹਨ ਦੌੜਾਈ ਫਿਰਦੇ ਹਨ।

ਇਹ ਗੱਲ ਵੀ ਹੈਰਾਨ ਕਰਨ ਵਾਲੀ ਹੈ ਕਿ ਪੰਜਾਬ ਦੇ ਬਹੁਤ ਸਾਰੇ ਲੋਕ ਦੁਨੀਆ ਦੇ ਅਤਿ ਵਿਕਸਿਤ ਦੇਸ਼ਾਂ ਵਿਚ ਵੀ ਗਏ ਹੋਏ ਹਨ। ਇਨ੍ਹਾਂ ਦੇਸ਼ਾਂ ਵਿਚ ਕੇਵਲ ਸੜਕ 'ਤੇ ਵਾਹਨ ਚਲਾਉਂਦੇ ਸਮੇਂ ਹੀ ਨਹੀਂ, ਸਗੋਂ ਜੀਵਨ ਦੇ ਹਰ ਖੇਤਰ ਵਿਚ ਅਨੁਸ਼ਾਸਨ, ਨਿਯਮਾਂ ਤੇ ਜ਼ਾਬਤਿਆਂ ਦੀ ਪੂਰੀ ਪਾਲਣਾ ਕੀਤੀ ਜਾਂਦੀ ਹੈ। ਇੱਥੋਂ ਉਥੇ ਗਏ ਲੋਕ ਵੀ ਨਿਯਮਾਂ ਤੇ ਕਾਨੂੰਨਾਂ ਦੇ ਅਨੁਸਾਰ ਹੀ ਉਥੇ ਵਿਚਰਦੇ ਹਨ। ਪਰ ਇਹ ਸਾਰਾ ਕੁਝ ਪੰਜਾਬ ਵਿਚ ਪਤਾ ਨਹੀਂ ਕਿਉਂ ਲਾਗੂ ਨਹੀਂ ਹੋ ਰਿਹਾ? ਕਈ ਵਾਰ ਲਗਦਾ ਹੈ ਕਿ ਅਸੀਂ ਸਭ ਤੋਂ ਵੱਧ ਲਾਪਰਵਾਹੀ ਤੇ ਅਨੁਸ਼ਾਸਨਹੀਣਤਾ ਸੜਕ 'ਤੇ ਚੱਲਣ ਦੇ ਨਿਯਮਾਂ ਦੀਆਂ ਧੱਜੀਆਂ ਉਡਾਅ ਕੇ ਹੀ ਦਿਖਾਉਂਦੇ ਹਾਂ ਬਹੁਤਿਆਂ ਨੂੰ ਤਾਂ ਇਹ ਵੀ ਪਤਾ ਨਹੀਂ ਹੁੰਦਾ ਕਿ ਹਾਰਨ ਵਜਾਉਣ ਦਾ ਕੀ ਮੰਤਵ ਹੁੰਦਾ ਹੈ। ਵਿਦੇਸ਼ਾਂ ਵਿਚ ਬਿਨਾਂ ਕਿਸੇ ਕਾਰਨ ਤੋਂ ਹਾਰਨ ਵਜਾਉਣ ਨੂੰ ਗਾਲ੍ਹ ਦੇ ਬਰਾਬਰ ਮੰਨਿਆ ਜਾਂਦਾ ਹੈ। ਭੀੜ-ਭਰੇ ਬਾਜ਼ਾਰਾਂ ਵਿਚ ਤੇ ਪਿੰਡਾਂ ਦੀਆਂ ਸੜਕਾਂ ਉੱਤੇ ਵੀ ਇਹ ਕੱਚ-ਘਰੜ ਵਾਹਨ-ਚਾਲਕ, ਏਨੀ ਤੇਜ਼ ਵਾਹਨ ਚਲਾਉਂਦੇ ਹਨ ਕਿ ਆਪ ਹੀ ਆਪਣਾ ਕੋਈ ਬਚਾਅ ਕਰ ਲਵੇ ਤਾਂ ਠੀਕ ਹੈ, ਪਰ ਇਨ੍ਹਾਂ ਵਲੋਂ ਕੋਈ ਕਸਰ ਨਹੀਂ ਛੱਡੀ ਜਾਂਦੀ। ਨਿੱਤ ਦਿਨ ਦੁਖਦਾਈ ਹਾਦਸਿਆਂ ਦੀਆਂ ਮਨ ਨੂੰ ਵਲੂੰਧਰਨ ਵਾਲੀਆਂ ਖ਼ਬਰਾਂ ਅਖ਼ਬਾਰਾਂ ਦੀਆਂ ਸੁਰਖੀਆਂ ਬਣਦੀਆਂ



ਹਨ। ਪਰ ਸਾਡੇ ਉੱਤੇ ਬਹੁਤਾ ਅਸਰ ਨਹੀਂ ਹੁੰਦਾ। ਸ਼ਹਿਰ ਨੂੰ ਮੋਟਰ-ਸਾਇਕਲ 'ਤੇ ਜਾ ਰਹੇ ਨੌਜਵਾਨ ਪੁੱਤਰ ਨੂੰ ਮਾਪੇ, ਬਥੇਰਾ ਕਹਿੰਦੇ ਹਨ ਕਿ ਪੁੱਤਰ ਹੌਲੀ ਤੇ ਧਿਆਨ ਨਾਲ ਚਲਾਈਂ। ਪਰ ਪੁੱਤਰ ਨੂੰ ਕੋਈ ਪਰਵਾਹ ਹੀ ਨਹੀਂ ਹੁੰਦੀ ਤੇ ਉਹ ਤੇਜ਼ ਰਫ਼ਤਾਰੀ ਵਿਚ ਹਵਾ ਨਾਲ ਗੱਲਾਂ ਕਰਦਾ, ਇਸ ਤਰ੍ਹਾਂ ਜਾਂਦਾ ਹੈ, ਜਿਵੇਂ ਕਿਤੇ ਜਾ ਕੇ ਅੱਗ ਬੁਝਾਉਣੀ ਹੋਵੇ। ਪਰ ਵਾਹਨ 'ਤੇ ਕੰਟਰੋਲ ਨਾ ਰਹਿਣ ਕਾਰਨ ਅਕਸਰ ਹੀ ਹਾਦਸੇ ਵਾਪਰ ਜਾਂਦੇ ਹਨ ਤੇ ਫਿਰ ਵੇਲਾ ਹੱਥ ਨਹੀਂ ਆਉਂਦਾ।

ਪਿੰਡਾਂ ਦੇ ਪਹੁੰਚ-ਮਾਰਗ ਅਕਸਰ ਹੀ ਚੌੜਾਈ ਵਿਚ ਛੋਟੇ ਹੋਣ ਕਾਰਨ, ਇਨ੍ਹਾਂ 'ਤੇ ਬਹੁਤ ਹੌਲੀ ਕਾਰ ਜਾਂ ਕੋਈ ਵਾਹਨ ਚਲਾਉਣ ਦੀ ਲੋੜ ਹੁੰਦੀ ਹੈ, ਤਾਂ ਕਿ ਕਿਸੇ ਹੋਰ ਨੂੰ ਕੋਈ ਔਖ ਨਾ ਹੋਵੇ। ਆਪਣੇ ਪਿੰਡ ਦੀ ਸੜਕ 'ਤੇ ਸਵੇਰੇ-ਸ਼ਾਮ ਸੈਰ ਕਰਦੇ ਸਮੇਂ ਮੈਂ ਕਈ ਸਾਲਾਂ ਤੋਂ ਦੇਖਦਾ ਹਾਂ ਕਿ ਰਫ਼ਤਾਰ ਏਨੀ ਤੇਜ਼ ਹੁੰਦੀ ਹੈ ਕਿ ਵਾਹਨ ਚਲਾਉਣ ਵਾਲੇ ਸ਼ਾਇਦ ਇਹ ਭੁੱਲ ਹੀ ਜਾਂਦੇ ਹਨ ਕਿ ਉਹ ਕਿਸੇ ਹਾਈ-ਵੇਅ 'ਤੇ ਨਹੀਂ ਸਗੋਂ ਪਿੰਡ ਦੀ ਲਿੰਕ ਸੜਕ 'ਤੇ ਜਾ ਰਹੇ ਹਨ। ਬਿਨਾਂ ਵਜ ?ਾ ਘੱਟਾ-ਮਿੱਟੀ ਉਡਾਉਂਦੇ, ਹਾਰਨ ਤੇ ਹਾਰਨ ਵਜਾਉਂਦੇ ਇਹ ਨੌਜਵਾਨ ਏਨੀ ਹਉਮੈ ਦਾ ਸ਼ਿਕਾਰ ਹੋ ਜਾਂਦੇ ਹਨ ਕਿ ਜਿਵੇਂ ਸੜਕ ਕੇਵਲ ਇਨ੍ਹਾਂ ਦੀ ਹੀ ਹੋਵੇ। ਮੈਂ ਤੇ ਮੇਰੇ ਵਰਗੇ ਹੋਰ ਕਈ ਆਪਣੇ ਬਚਾਅ ਲਈ ਸੜਕ ਦੇ ਕੰਢੇ ਤੱਕ ਚਲੇ ਜਾਂਦੇ ਹਨ ਤਾਂ ਕਿ ਕਿਸੇ ਅਣਹੋਣੀ ਤੋਂ ਬਚ ਸਕੀਏ। ਜਦੋਂ ਵੀ ਸਮਾਂ ਲੱਗੇ ਬੱਚੇ ਅਕਸਰ ਹੀ ਤੇਜ਼ ਤੇ ਡਰਾਉਣੇ ਹਾਰਨਾਂ ਦਾ ਸ਼ੋਰ ਮਚਾਉਂਦੇ ਮੋਟਰਸਾਈਕਲਾਂ ਦੇ ਅੜਾਟ ਕੱਢਦੇ ਸੜਕਾਂ 'ਤੇ ਚੱਕਰ ਲਾਉਂਦੇ ਦੇਖੇ ਜਾ ਸਕਦੇ ਹਨ। ਇਹੀ ਆਦਤ ਵੱਡੇ ਹੋਣ ਤੱਕ ਪੱਕ ਜਾਂਦੀ ਹੈ ਤੇ ਕੋਈ ਵੀ ਸੜਕ ਦੇ ਅਨੁਸ਼ਾਸਨ ਨੂੰ ਕਾਇਮ ਰੱਖਣ ਲਈ ਨਿਯਮਾਂ ਤੇ ਕਾਨੂੰਨਾਂ ਦੀ ਪਾਲਣਾ ਨਹੀਂ ਕਰਦਾ।

ਲਾਪਰਵਾਹੀ ਨਾਲ ਵਾਹਨ ਚਲਾਉਣ ਤੇ ਸੜਕ ਦੇ ਨੇਮਾਂ ਦੀ ਉਲੰਘਣਾ ਕਰਨ ਵਿਚ ਕੋਈ ਸ਼ੇਖੀ ਨਹੀਂ ਹੈ। ਬਾਅਦ ਵਿਚ ਰੱਬ ਨੂੰ ਉਲ੍ਹਾਮੇ ਦੇਣ ਨਾਲੋਂ ਬਿਹਤਰ ਹੈ ਕਿ ਮਾਪੇ ਆਪਣੇ ਬੱਚਿਆਂ ਪ੍ਰਤੀ ਗੰਭੀਰਤਾ ਨਾਲ ਸੋਚਣ। ਜਦੋਂ ਤੱਕ ਵੱਡੇ ਸੜਕੀ ਨੇਮਾਂ ਦੀ ਸਹੀ ਰੂਪ ਵਿਚ ਉਹ ਪਾਲਣਾ ਨਹੀਂ ਕਰਦੇ, ਉਦੋਂ ਤੱਕ ਉਨ੍ਹਾਂ ਦੇ ਮਨ 'ਤੇ ਕਿਸੇ ਸਿੱਖਿਆ ਦਾ ਕੋਈ ਅਸਰ ਨਹੀਂ ਹੋਣਾ। ਪਿਛਲੇ ਦਿਨੀਂ ਖ਼ਬਰ ਸੀ ਕਿ ਇੰਗਲੈਂਡ ਦੇ ਪ੍ਰਧਾਨ ਮੰਤਰੀ ਨੂੰ ਵੀ ਸੀਟ-ਬੈਲਟ ਨਾ ਲਾਉਣ ਕਾਰਨ ਪੁਲਿਸ ਨੇ ਜੁਰਮਾਨਾ ਕਰ ਦਿੱਤਾ। ਪ੍ਰਧਾਨ ਮੰਤਰੀ ਨੇ ਨਾ ਕੇਵਲ ਜੁਰਮਾਨਾ ਹੀ ਭਰਿਆ, ਸਗੋਂ ਆਪਣੀ ਗ਼ਲਤੀ ਲਈ ਮੁਆਫ਼ੀ ਵੀ ਮੰਗੀ। ਸਾਡੇ ਦੇਸ਼ ਵਿਚ ਕਿਸੇ ਵਿਧਾਇਕ, ਸੰਸਦ ਮੈਂਬਰ ਜਾਂ ਕਿਸੇ ਮੰਤਰੀ ਸੰਤਰੀ ਬਾਰੇ ਅਜਿਹੀ ਗੱਲ ਸੋਚੀ ਵੀ ਨਹੀਂ ਜਾ ਸਕਦੀ। ਇੱਥੇ ਤਾਂ ਆਮ ਲੋਕ ਵੀ ਚਲਾਨ ਕਰਨ ਵਾਲੇ ਅਧਿਕਾਰੀ ਨੂੰ ਕਈ ਜਵਾਬ-ਸਵਾਲ ਕਰਦੇ ਹਨ ਤੇ ਆਪਣੀ ਗ਼ਲਤੀ ਦੇ ਬਾਵਜੂਦ ਧਮਕੀਆਂ 'ਤੇ ਉੱਤਰ ਆਉਂਦੇ ਹਨ। ਮਤਲਬ ਸਪੱਸ਼ਟ ਹੈ ਕਿ ਅਸੀਂ ਕੋਈ ਨਿਯਮ ਕਾਨੂੰਨ ਨਹੀਂ ਮੰਨਣਾ। ਇਸ ਦੇ ਸਿੱਟੇ ਵਜੋਂ ਹੀ ਸੜਕਾਂ ਤੇ ਟਰੈਫਿਕ ਡਰਾਉਣਾ ਰੂਪ ਧਾਰਨ ਕਰ ਚੁੱਕਾ ਹੈ। ਇਹ ਲਾਪਰਵਾਹੀ ਸਾਨੂੰ ਬਹੁਤ ਭਾਰੀ ਪੈ ਰਹੀ ਹੈ। ਹਰ ਰੋਜ਼ ਹਾਦਸਿਆਂ ਕਾਰਨ ਸੜਕਾਂ ਖ਼ੂਨ ਨਾਲ ਰੰਗੀਆਂ ਜਾ ਰਹੀਆਂ ਹਨ। ਸੜਕ 'ਤੇ ਚੱਲਣ ਵਾਲੇ ਹਰ ਮਨੁੱਖ ਦਾ ਇਹ ਫਰਜ਼ ਹੈ ਕਿ ਉਹ ਸਭ ਨਿਯਮਾਂ ਦੀ ਪਾਲਣਾ ਕਰੇ। ਸੜਕਾਂ 'ਤੇ ਅਕਸਰ ਹੀ ਲਿਖਿਆ ਹੁੰਦਾ ਹੈ, ਬਚਾਅ ਵਿਚ ਹੀ ਬਚਾਅ ਹੈ। ਹੌਲੀ ਚਲੋ, ਤੁਹਾਨੂੰ ਕੋਈ ਉਡੀਕ ਰਿਹਾ ਹੈ। ਜੇ ਇਹ ਗੱਲਾਂ ਮਨ ਵਿਚ ਹਰ ਵਾਹਨ-ਚਾਲਕ ਵਸਾ ਲਵੇ ਤਾਂ ਹਾਦਸਾ ਵਾਪਰਨ ਦੀ ਸੰਭਾਵਨਾ ਬਹੁਤ ਘਟ ਜਾਂਦੀ ਹੈ। ਪੁਲਿਸ ਪ੍ਰਸ਼ਾਸਨ ਨੂੰ ਵੀ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਕਰਾਉਣ ਦੀ ਲੋੜ ਹੈ, ਤਾਂ ਕਿ ਸੜਕ ਉੱਤੇ ਚੱਲਣਾ ਕਿਸੇ ਲਈ ਵੀ ਡਰਾਉਣਾ ਨਾ ਬਣੇ। ਹੁਣ ਤਾਂ ਹਾਲਤ ਇਹ ਹੈ ਕਿ ਘਰੋਂ ਗਿਆ ਬੰਦਾ ਜਦੋਂ ਤੱਕ ਵਾਪਸ ਨਹੀਂ ਪਰਤ ਆਉਂਦਾ, ਪਿਛਲਿਆਂ ਦਾ ਮਨ ਡਰਿਆ ਰਹਿੰਦਾ ਹੈ।

Dosanjh Family AUTO GROUP

Cadillac CHEVROLET INFINITI KIA NISSAN BUICK GMC

CHRYSLER Jeep DODGE RAM TOYOTA Ford ACURA

DUBLIN CHEVOLET

DUBLIN CADILLAC

DUBLIN BUICK GMC

DUBLIN KIA

DUBLIN NISSAN

DUBLIN INFINITI

FREMONT CHEVROLET

FREMONT CADILLAC

FREMONT BUICK GMC

STEVENS CREEK CHEVROLET

STEVENS CREEK CADILLAC

SEASIDE CHRYSLER DODGE JEEP RAM

SEASIDE CADILLAC

SEASIDE VOLKSWAGEN

CONCORD CHEVROLET

ACURA OF CONCORD

CONCORD NISSAN

LIVERMORE TOYOTA

FREMONT FORD